Ad Space
Available
Please Call
847-359-0746





ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ
AMANTEL.COM
$100 'ਚ 126 ਘੰਟੇ
Talk One Minute, Pay For One Minute (7560 ਮਿੰਟ)
Customer Service 24/7 ਟੌਲ ਫਰੀ ਨੰਬਰ 'ਤੇ ਕਾਲ ਕਰੋ
1-888-652-6268, 732-983-4332/4333

Twelfth Year in Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 1, January 1, 2011
20451 N Plum Grove Rd. Palatine, IL 60074
Ph:847-359-0746, Fax:847-705-9388

## ਸਰਕਾਰ ਨੂੰ ਘੁਟਾਲਿਆਂ ਤੋਂ ਵੱਧ ਮਹਿੰਗਾਈ ਦਾ ਡਰ

**ਨਵੀਂ ਦਿੱਲੀ:** ਪਿਆਜ਼, ਲਸਣ ਤੇ ਟਮਾਟਰ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਦਰਮਿਆਨ ਕਾਂਗਰਸ ਵਲੋਂ ਜਾਰੀ ਕਿਤਾਬ ਵਿਚ ਕਿਹਾ ਗਿਆ ਹੈ ਕਿ ਯੂ.ਪੀ.ਏ.-2 ਸਰਕਾਰ ਸਾਹਮਣੇ ਮਹਿੰਗਾਈ ਵੱਡੀ ਸਮੱਸਿਆ ਹੈ।

ਵਿੱਤ ਮੰਤਰੀ ਪ੍ਰਣਬ ਮੁਖਰਜੀ ਇਸ ਕਿਤਾਬ ਦੇ ਮੁੱਖ ਸੰਪਾਦਕ ਹਨ। ਇਸ ਵਿਚ ਕਿਹਾ ਗਿਆ ਹੈ ਕਿ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ 'ਤੇ ਆਧਾਰਿਤ ਮਹਿੰਗਾਈ ਦਰ ਵੱਡੀ ਚੁਣੌਤੀ ਬਣੀ ਹੋਈ ਹੈ। 'ਕਾਂਗਰਸ ਐਂਡ ਦ ਮੇਕਿੰਗ ਆਫ਼ ਇੰਡੀਅਨ ਨੇਸ਼ਨ' ਸਿਰਲੇਖ ਵਾਲੀ ਕਿਤਾਬ ਨੂੰ ਪਾਰਟੀ ਦੇ ਮਹਾਂ ਸੰਮੇਲਨ ਵਿਚ ਜਾਰੀ ਕੀਤਾ ਗਿਆ ਸੀ। ਇਸ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸਥਿਰਤਾ ਤੇ ਈਮਾਨਦਾਰੀ ਵਾਲੇ ਅਕਸ ਕਾਰਨ ਪ੍ਰਸ਼ੰਸਾ ਕੀਤੀ ਗਈ ਹੈ। ਕਿਤਾਬ ਵਿਚ ਕਿਹਾ ਗਿਆ ਹੈ ਕਿ ਮਾਓਵਾਦੀ ਹਿੰਸਾ ਸਭ ਤੋਂ ਵੱਡੀ ਚਿੰਤਾ ਹੈ। ਭਾਰਤ ਦਾ ਰਵਾਇਤੀ ਦੁਸ਼ਮਣ ਪਾਕਿਸਤਾਨ, ਅਫ਼ਗਾਨਿਸਤਾਨ ਵਿਚ ਅਤਿਵਾਦ ਵਿਰੁਧ ਜੰਗ ਵਿਚ ਅਮਰੀਕਾ ਦਾ ਸਹਿਯੋਗੀ ਬਣ ਕੇ ਮਜ਼ਬੂਤ ਹੋਇਆ ਹੈ। ਕਿਤਾਬ

*(ਬਾਕੀ ਸਫਾ 6 'ਤੇ)*



*ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਸਮੇਂ ਨਗਰ ਕੀਰਤਨ ਦਾ ਇਕ ਦ੍ਰਿਸ਼*

# ਜੋੜ ਮੇਲੇ 'ਤੇ ਸਿਆਸੀ ਪਾਰਟੀਆਂ ਵੱਲੋਂ ਅਕਾਲ ਤਖ਼ਤ ਦੀਆਂ ਹਦਾਇਤਾਂ ਦੀ ਉਲੰਘਣਾ

**ਚੰਡੀਗੜ੍ਹ (ਪੰਜਾਬੀ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਸਣੇ ਸਾਰੀਆਂ ਸਿਆਸੀ ਪਾਰਟੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਨੂੰ ਸ਼ਰੇਆਮ ਅੱਖੋਂ ਓਹਲੇ ਕਰਕੇ ਇਕ ਵਾਰ ਫਿਰ ਧਰਮ 'ਤੇ ਸਿਆਸਤ ਦੇ ਭਾਰੂ ਹੋਣ ਦਾ ਸਬੂਤ ਦਿੱਤਾ ਹੈ। ਫਤਹਿਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਜੋੜ ਮੇਲੇ ਮੌਕੇ ਜਿੱਥੇ ਸਾਰੀਆਂ ਪਾਰਟੀਆਂ ਨੇ ਆਪਣਾ-ਆਪਣਾ ਸਿਆਸੀ ਏਜੰਡਾ ਸਪਸ਼ਟ ਕੀਤਾ, ਉਥੇ ਇਕ-ਦੂਜੇ ਖ਼ਿਲਾਫ਼ ਖੁੱਲ੍ਹ ਕੇ ਭੜਾਸ ਕੱਢੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸ ਤੇ ਇਸ ਦੇ 'ਹਮਾਇਤੀਆਂ' 'ਤੇ ਜਨਤਾ ਨੂੰ ਗੁੰਮਰਾਹ ਕਰਕੇ ਗੁਰਧਾਮਾਂ ਉਤੇ ਕਬਜ਼ੇ ਕਰਨ ਦੀਆਂ ਚਾਲਾਂ ਚੱਲਣ ਦਾ ਦੋਸ਼ ਲਾਇਆ। ਦੂਜੇ ਪਾਸੇ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ-ਭਾਜਪਾ ਸਰਕਾਰ 'ਤੇ ਪੰਜਾਬ ਨੂੰ ਆਰਥਿਕ ਪੱਖੋਂ ਤਬਾਹ ਕਰਨ ਦਾ ਦੋਸ਼ ਲਾਇਆ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਕੁਝ ਦੂਜੀਆਂ ਪੰਥਕ ਧਿਰਾਂ ਨੇ ਅਕਾਲੀ ਦਲ (ਬਾਦਲ) ਅਤੇ ਕਾਂਗਰਸ ਨੂੰ ਰਗੜੇ ਲਾਉਂਦਿਆਂ ਸਿੱਖਾਂ ਨੂੰ ਖਾਲਿਸਤਾਨ ਦੀ ਪ੍ਰਾਪਤੀ ਲਈ ਲਾਮਬੱਧ ਹੋਣ ਦਾ ਸੱਦਾ ਦਿੱਤਾ।

ਇਥੇ ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਪੰਥ ਦੇ ਨਾਂ ਸੰਦੇਸ਼ ਜਾਰੀ ਕਰਕੇ ਹਦਾਇਤ ਕੀਤੀ ਗਈ ਸੀ ਕਿ ਸ਼ਹੀਦੀ ਜੋੜ ਮੇਲਿਆਂ ਦੀਆਂ

*(ਬਾਕੀ ਸਫਾ 2 'ਤੇ)*

## ਪਰਵਾਸੀ ਪੰਜਾਬੀਆਂ ਦੇ ਨਿਵੇਸ਼ ਲਈ ਸੁਖਾਵਾਂ ਮਾਹੌਲ ਜਰੂਰੀ-ਖਹਿਰਾ


**ਸ਼ਿਕਾਗੋ:** ਜ਼ਿਲਾ ਕਪੂਰਥਲਾ ਦੇ ਹਲਕਾ ਭੁਲੱਥ ਤੋਂ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਨੇ ਪਰਵਾਸੀ ਪੰਜਾਬੀਆਂ ਵਲੋਂ ਪੰਜਾਬ ਦੀ ਆਰਥਿਕਤਾ ਵਿਚ ਪਾਏ ਗਏ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਆਖਿਆ ਹੈ ਕਿ ਜੇ ਅਜ ਪੰਜਾਬ ਬਚਿਆ ਹੋਇਆ ਹੈ ਤਾਂ ਪ੍ਰਵਾਸੀ ਪੰਜਾਬੀਆਂ ਕਰ ਕੇ ਹੀ ਹੈ। ਦੁਆਬੇ ਦੇ ਬਹੁਤੇ ਹਿੱਸੇ ਅਤੇ ਮਾਝੇ-ਮਾਲਵੇ ਦੇ ਕੁਝ ਹਿੱਸੇ ਵਿਚ ਅਜ ਜੋ ਖੁਸ਼ਹਾਲੀ ਨਜ਼ਰ ਆਉਂਦੀ ਹੈ, ਉਹ ਦੇਸੋਂ ਪਰਦੇਸ ਹੋਏ ਸਾਡੇ ਪੰਜਾਬੀ ਭਰਾਵਾਂ ਦੀ ਬਦੌਲਤ ਹੀ ਹੈ।

ਇਥੇ ਇੰਡੀਆ ਹਾਊਸ, ਸ਼ਾਮਬਰਗ ਵਿਚ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਇਲੀਨਾਏ ਵਲੋਂ ਉਨ੍ਹਾਂ ਦੇ ਮਾਣ ਵਿਚ ਕੀਤੇ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਖਹਿਰਾ ਨੇ ਆਖਿਆ ਕਿ ਵਿਸ਼ਵ ਭਰ ਵਿਚ ਕੋਈ ਪੰਜਾਹ ਲੱਖ ਪਰਵਾਸੀ ਪੰਜਾਬੀ ਵੱਸਦੇ ਹਨ ਜਿਨ੍ਹਾਂ ਵਿਚੋਂ ਘੱਟੋ ਘੱਟ 20% ਅਜਿਹੇ ਹਨ ਜੋ ਆਰਥਿਕ ਪੱਖੋਂ ਕਾਫੀ ਖੁਸ਼ਹਾਲ ਹਨ ਅਤੇ ਪੰਜਾਬ ਦੇ ਵਿਕਾਸ ਵਿਚ ਭਰਵਾਂ ਯੋਗਦਾਨ ਪਾ ਸਕਦੇ ਹਨ ਪਰ ਉਨ੍ਹਾਂ ਨੂੰ ਪੰਜਾਬ ਦੇ ਵਿਕਾਸ ਵਿਚ ਭਰਵਾਂ ਹਿੱਸਾ ਪਾਉਣ ਲਈ ਰਾਜੀ ਕਰਨ ਵਾਸਤੇ ਉਨ੍ਹਾਂ ਲਈ ਪੰਜਾਬ ਵਿਚ ਸੁਰੱਖਿਅਤ ਮਾਹੌਲ ਮੁਹੱਈਆ ਕਰਨਾ ਲਾਜ਼ਮੀ ਹੈ।

ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਕਾਫੀ ਕਰੀਬ ਸਮਝੇ ਜਾਂਦੇ ਸ. ਖਹਿਰਾ ਨੇ ਇਸ ਗੱਲ 'ਤੇ ਅਫਸੋਸ ਪ੍ਰਗਟ ਕੀਤਾ ਕਿ ਵਰਤਮਾਨ ਅਕਾਲੀ ਸਰਕਾਰ ਨੇ ਪਰਵਾਸੀ ਪੰਜਾਬੀਆਂ ਲਈ ਕਾਨਫਰੰਸਾਂ ਵੀ ਕੀਤੀਆਂ ਅਤੇ ਵੱਖਰੇ ਥਾਣੇ ਬਣਾਉਣ ਤੇ ਉਨ੍ਹਾਂ ਲਈ ਫਾਸਟਟ੍ਰੈਕ ਅਦਾਲਤਾਂ ਬਣਾਉਣ ਦੇ ਦਮਗਜੇ ਵੀ ਮਾਰੇ ਪਰ ਹਾਲਾਤ ਅੱਜ ਵੀ ਇਹ ਹੈ ਕਿ ਕੋਈ

*(ਬਾਕੀ ਸਫਾ 3 'ਤੇ)*

ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸਾਲ 2011 ਬਹੁਤ ਬਹੁਤ ਮੁਬਾਰਕ

Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਡੀਜ਼ਲ ਅਤੇ ਰੋਡ ਸਰਵਿਸ
ਪੰਜਾਬੀ ਢਾਬਾ

New & Used Tires Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

Sonu Insurance Company

ਇੰਸ਼ੋਰੈਂਸ ਅਤੇ ਟੈਕਸ ਸੇਵਾਵਾਂ

Auto, Home, Business, Construction liability and Worker's comp.
Ask for Master Mohinder Singh
Ph: 718-847-1878, 718-847-1885
Fax:718-847-1879, Cell: 646-523-5092
e-mail:sonuinsurance@yahoo.com
116-19 101st Avenue (Above Sabzi Mandi)
S. Richmond Hill, NY 11419

# ਸ਼ਹੀਦ ਊਧਮ ਸਿੰਘ ਦਾ ਜਨਮ ਦਿਨ ਸ਼ਰਧਾ ਨਾਲ ਮਨਾਇਆ

**ਨਿਊ ਯਾਰਕ:** ਜਲਿਆਂਵਾਲੇ ਬਾਗ ਦੇ ਸਾਕੇ ਦਾ ਬਦਲਾ 21 ਸਾਲ ਬਾਅਦ ਲੰਡਨ ਵਿਚ ਜਾ ਕੇ ਜਨਰਲ ਓਡਵਾਇਰ ਦਾ ਕਤਲ ਕਰ ਕੇ ਲੈਣ ਵਾਲੇ ਕੌਮੀ ਸ਼ਹੀਦ ਊਧਮ ਸਿੰਘ ਦਾ ਜਨਮ ਦਿਨ ਸ਼ਹੀਦ ਊਧਮ ਸਿੰਘ ਸੁਸਾਇਟੀ ਵਲੋਂ ਲੰਘੀ 26 ਦਸੰਬਰ ਨੂੰ ਇਥੇ ਬਰੌਡਿਕ ਐਵਨਿਊ ਉਪਰ ਸੈਫਰਨ ਰੈਸਟੋਰੈਂਟ ਵਿਚ ਮਨਾਇਆ ਗਿਆ, ਜਿਸ ਵਿਚ ਈਸਟ ਕੋਸਟ ਦੇ ਕਾਫੀ ਪਰਿਵਾਰਾਂ ਨੇ ਬਰਫਾਨੀ ਤੁਫਾਨ ਦੀ ਪ੍ਰਵਾਹ ਨਾ ਕਰਦਿਆਂ ਸ਼ਿਰਕਤ ਕੀਤੀ।

ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਸ. ਜਸਵੰਤ ਸਿੰਘ ਜੱਸਾ ਨੇ ਆਖਿਆ ਕਿ ਇਹ ਠੀਕ ਹੈ ਕਿ ਬਹੁਤ ਸਾਰੇ ਸੱਜਣ ਚਾਹੁਣ ਦੇ ਬਾਵਜੂਦ ਖਰਾਬ ਮੌਸਮ ਕਰ ਕੇ ਇਸ ਸਮਾਗਮ ਆਪਣੀ ਹਾਜਰੀ ਨਹੀਂ ਲਵਾ ਸਕੇ, ਸਾਡਾ ਸਿਰ ਉਨ੍ਹਾਂ ਸੱਜਣਾਂ ਦੇ ਸਿਰੜ ਅਗੇ ਝੁਕਦਾ ਹੈ, ਜਿਨ੍ਹਾਂ ਤੁਫਾਨ ਦੀ ਪ੍ਰਵਾਹ ਨਾ ਕਰ ਕੇ ਇਸ ਸਮਾਗਮ ਵਿਚ ਹਾਜਰੀ ਭਰੀ ਹੈ। ਸ਼ਾਇਦ ਉਨ੍ਹਾਂ ਦੇ ਮਨ 'ਚ ਇਹ ਹੋਵੇ ਕਿ ਜੇ ਸ਼ਹੀਦ ਊਧਮ ਸਿੰਘ ਨੇ 21 ਸਾਲ ਲੱਖ ਦੁਸ਼ਵਾਰੀਆਂ ਦੇ ਬਾਵਜੂਦ ਆਪਣੇ ਮਨ ਵਿਚ ਜਲਿਆਂਵਾਲੇ ਬਾਗ ਦਾ ਬਦਲਾ ਲੈਣ ਦਾ ਤਹੱਈਆ ਸਿਰੇ ਚੜ੍ਹਾ ਸਕਦਾ ਹੈ ਤਾਂ ਅਸੀਂ ਬਰਫਾਨੀ ਤੁਫਾਨ ਨੂੰ ਉਲੰਘ ਕੇ ਇਸ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਕੱਠੇ ਨਹੀਂ ਹੋ ਸਕਦੇ!







ਸਭਾ ਦੇ ਚੇਅਰਮੈਨ ਸ. ਸਵਿੰਦਰ ਸਿੰਘ ਜੋਸਨ ਨੇ ਸ਼ਹੀਦ ਊਧਮ ਸਿੰਘ ਦੀ ਜੀਵਨੀ ਉਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਦੇਸ਼ ਕੌਮ ਖਾਤਰ ਜੋ ਲੋਕ ਕੁਝ ਕਰ ਜਾਂਦੇ ਹਨ, ਉਹ ਇਤਿਹਾਸ ਦੇ ਪੰਨਿਆਂ ਤੇ ਹਮੇਸ਼ਾ ਚਮਕਦੇ ਰਹਿੰਦੇ ਹਨ।

ਇਥੇ ਜ਼ਿਕਰਯੋਗ ਹੈ ਕਿ ਅੱਜ ਤੋ ਕੋਈ ਸੱਤਰ ਸਾਲ ਪਹਿਲਾਂ 31 ਜੁਲਾਈ 1940 ਨੂੰ ਹੱਸ ਕੇ ਫਾਂਸੀ ਦਾ ਰੱਸਾ ਆਪਣੇ ਗੱਲ ਵਿਚ ਆਪ ਪਾ ਕੇ ਸ਼ਹਾਦਤ ਦਾ ਜ਼ਾਮ ਪੀਣ ਵਾਲੇ ਮਹਾਨ ਸੂਰਮੇ ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਈ. ਨੂੰ ਮਾਤਾ ਹਰਨਾਮ ਕੌਰ ਅਤੇ ਪਿਤਾ ਟਹਿਲ ਸਿੰਘ ਦੇ ਘਰ ਸੁਨਾਮ ਵਿਚ ਹੋਇਆ। ਬਚਪਨ ਵਿਚ ਹੀ ਉਨ੍ਹਾਂ ਦੇ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ ਅਤੇ ਸ. ਊਧਮ ਸਿੰਘ ਦਾ ਬਚਪਨ ਨਾਨਕਿਆਂ ਦੇ ਘਰ ਬੀਤਿਆ। ਸ. ਊਧਮ ਸਿੰਘ ਦੇ ਜੀਵਨ ਦੀ ਅਸਲ ਕਹਾਣੀ 13 ਅਪਰੈਲ 1919 ਨੂੰ ਜਲ੍ਹਿਆਂਵਾਲੇ ਬਾਗ ਵਿਚ ਵਾਪਰੇ ਖੂਨੀ ਸਾਕੇ ਨਾਲ ਸ਼ੁਰੂ ਹੋਈ ਸੀ। ਇਸੇ ਦਿਨ ਇਕ ਜਲਸੇ ਲਈ ਇਕੱਠੇ ਹੋਏ ਦੇਸ਼ ਭਗਤਾਂ ਨੂੰ ਸਬਕ ਸਿਖਾਉਣ ਲਈ ਜਨਰਲ ਡਾਇਰ ਨੇ ਲੋਕਾਂ ਉਤੇ ਗੋਲੀਆਂ ਚਲਾਉਣ ਦਾ ਹੁਕਮ ਦੇ ਦਿੱਤਾ। ਜਦੋਂ ਇਹ ਖੂਨੀ ਕਹਿਰ ਵਾਪਰਿਆ ਸ. ਊਧਮ ਸਿੰਘ ਵੀ ਆਪਣੇ ਦੋਸਤਾਂ ਨਾਲ ਇਸ ਜਲਸੇ ਵਿਚ ਸ਼ਾਮਲ ਸੀ। ਉਸ ਨੇ ਅੱਖੀਂ ਦੇਖਿਆ ਕਿ ਕਿਵੇਂ ਨਿਰਦੋਸ਼ ਲੋਕਾਂ ਨੂੰ ਇੱਕ ਗੋਰੇ ਜਰਨਲ ਦੇ ਹੁਕਮ ਨਾਲ ਦਾਣਿਆਂ ਵਾਂਗ ਭੁੰਨ ਦਿੱਤਾ ਗਿਆ। ਸ. ਊਧਮ ਸਿੰਘ ਨੇ ਇਸ ਕਤਲੇਆਮ ਦਾ ਬਦਲਾ ਲੈਣ ਦਾ ਪ੍ਰਣ ਕਰ ਲਿਆ ਅਤੇ ਅਖੀਰ ਜਰਨਲ ਓਡਵਾਇਰ ਨੂੰ 12 ਮਾਰਚ 1940 ਨੂੰ ਲੰਡਨ ਵਿਚ ਇਕ ਕਾਨਫਰੰਸ ਵਿਚ ਆਪਣੇ ਪਿਸਤੌਲ ਨਾਲ ਤਿੰਨ ਗੋਲੀਆਂ ਮਾਰ ਕੇ ਆਪਣੀ ਕੌਮ ਤੇ ਕੀਤੇ ਅਤਿਆਚਾਰ ਦਾ ਬਦਲਾ ਲੈ ਲਿਆ।

ਇਸ ਪ੍ਰੋਗਰਾਮ ਦਾ ਪ੍ਰਬੰਧ ਕਰਨ ਵਿਚ ਸਭਾ ਦੇ ਮੀਤ ਪ੍ਰਧਾਨ ਸੁਖਦੇਵ ਸਿੰਘ, ਮੁਖਤਿਆਰ ਸਿੰਘ ਕੰਬੋਜ਼, ਖਜਾਨਚੀ ਪ੍ਰੀਤਮ ਸਿੰਘ ਅਤੇ ਬੋਰਡ ਮੈਂਬਰਾਂ ਬਲਬੀਰ ਸਿੰਘ, ਜਗੀਰ ਸਿੰਘ, ਡਾ. ਦਲਜੀਤ ਸਿੰਘ, ਡਾ ਸੂਰਤ ਸਿੰਘ, ਜਸਬੀਰ ਸਿੰਘ, ਤਾਰੀ ਸਿੰਘ, ਕਰਮ ਸਿੰਘ, ਬਹਾਦੁਰ ਸਿੰਘ, ਕ੍ਰਿਸ਼ਨ ਸਿੰਘ, ਦਲਬੀਰ ਸਿੰਘ, ਅਜੀਤ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ, ਨਿਰਵੈਲ ਸਿੰਘ, ਨਵਜੋਤ ਸਿੰਘ, ਸੁਖਚੈਨ ਸਿੰਘ, ਸਰਬਜੀਤ ਸਿੰਘ ਅਵਤਾਰ ਸਿੰਘ, ਹਰਜਿੰਦਰ ਸਿੰਘ, ਪ੍ਰਿੰਸੀਪਲ ਬਲਬੀਰ ਸਿੰਘ ਅਤੇ ਅਮਨਦੀਪ ਸਿੰਘ ਨੇ ਵੀ ਭਰਵਾਂ ਹਿੱਸਾ ਪਾਇਆ।



## ਫਹਿਤਗੜ੍ਹ ਸਾਹਿਬ ਸ਼ਹੀਦੀ ਜੋੜ ਮੇਲਾ

*(ਸਫਾ ਇਕ ਦੀ ਬਾਕੀ)*

ਸਿਆਸੀ ਕਾਨਫਰੰਸਾਂ ਵਿਚ ਦੂਸ਼ਣਬਾਜ਼ੀ ਕਰਨ ਤੋਂ ਗੁਰੇਜ਼ ਕੀਤਾ ਜਾਵੇ ਪਰ 27 ਦਸੰਬਰ ਨੂੰ ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਦੀ ਯਾਦ 'ਚ ਸ਼ਹੀਦੀ ਜੋੜ ਮੇਲੇ ਵਿਚ ਸ੍ਰੀ ਅਕਾਲ ਤਖ਼ਤ ਦੀ ਇਸ ਹਦਾਇਤ ਦੀ ਕਿਸੇ ਨੇ ਵੀ ਪਰਵਾਹ ਨਹੀਂ ਕੀਤੀ। ਸਿਆਸੀ ਪਾਰਟੀਆਂ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਅਕੀਦਤ ਪੇਸ਼ ਕਰਨ ਦੀ ਥਾਂ ਆਪਣਾ ਸਾਰਾ ਜ਼ੋਰ ਇਕ-ਦੂਜੇ ਉਤੇ ਤੋਹਮਤਬਾਜ਼ੀ ਕਰਨ 'ਤੇ ਲਾਇਆ ਤੇ ਰਾਜਨੀਤਕ ਭਾਸ਼ਨਾਂ ਵਿਚ ਸੰਜੀਦਗੀ ਤੇ ਜ਼ਿੰਮੇਵਾਰਨਾ ਸੁਹਜ ਲਿਆਉਣ ਦਾ ਇਕ ਚੰਗਾ ਮੌਕਾ ਹੱਥੋਂ ਗਵਾ ਦਿੱਤਾ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਦੋ ਵਾਰ ਸੰਦੇਸ਼ ਰੂਪੀ ਹਦਾਇਤ ਜਾਰੀ ਕਰਦਿਆਂ ਕਿਹਾ ਸੀ ਕਿ ਪਵਿੱਤਰ ਇਤਿਹਾਸਕ ਜੋੜ ਮੇਲਿਆਂ 'ਤੇ ਰਾਜਨੀਤਕ ਪਾਰਟੀਆਂ ਇਕ-ਦੂਜੇ ਖ਼ਿਲਾਫ਼ ਦੂਸ਼ਣਬਾਜ਼ੀ ਕਰਨ ਤੇ ਅਪਸ਼ਬਦ ਵਰਤਣ ਤੋਂ ਗੁਰੇਜ਼ ਕਰਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਜਾਰੀ ਸੰਦੇਸ਼ ਵਿਚ ਕਿਹਾ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਹਮੇਸ਼ਾ ਹੀ ਸੁਚੱਜੀ ਤੇ ਸਾਫ-ਸੁਥਰੀ ਰਾਜਨੀਤੀ ਦਾ ਹਾਮੀ ਰਿਹਾ ਹੈ ਪਰ ਕਈ ਇਤਿਹਾਸਕ ਜੋੜ ਮੇਲਿਆਂ 'ਤੇ ਰਾਜਨੀਤਕ ਪਾਰਟੀਆਂ ਇਤਿਹਾਸਕ ਸਥਾਨਾਂ ਦੇ ਸਤਿਕਾਰ ਨੂੰ ਅੱਖੋਂ-ਪਰੋਖੇ ਕਰਕੇ ਇਕ-ਦੂਜੇ ਖ਼ਿਲਾਫ਼ ਦੂਸ਼ਣਬਾਜ਼ੀ ਤੇ ਅਪਸ਼ਬਦ ਵਰਤਦੀਆਂ ਹਨ। ਉਨ੍ਹਾਂ ਕਿਹਾ ਸੀ ਕਿ ਸਭ ਸਿਆਸੀ ਪਾਰਟੀਆਂ ਅਜਿਹੇ ਵਤੀਰੇ ਤੋਂ ਗੁਰੇਜ਼ ਕਰਨ।

ਸ਼੍ਰੋਮਣੀ ਅਕਾਲੀ ਦਲ ਸਣੇ ਕਈ ਸਿਆਸੀ ਧਿਰਾਂ ਨੇ ਇਸ ਦਾ ਸਵਾਗਤ ਕਰਦਿਆਂ ਵਿਸ਼ਵਾਸ ਦਵਾਇਆ ਸੀ ਕਿ ਸ਼ਹੀਦੀ ਕਾਨਫਰੰਸ 'ਚ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਅਕੀਦਤ ਪੇਸ਼ ਕਰਨ ਤੋਂ ਇਲਾਵਾ ਧਰਮ ਦੀ ਗੱਲ ਹੀ ਕੀਤੀ ਜਾਵੇਗੀ ਪਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਸ ਹਦਾਇਤ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਰੋਕ ਨਾਲ ਮੀਰੀ-ਪੀਰੀ ਦੇ ਸਿਧਾਂਤ ਨੂੰ ਢਾਹ ਲੱਗੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਨੇ ਹਮੇਸ਼ਾਂ ਹੀ ਜਾਬਰ ਤੇ ਜ਼ੁਲਮ ਖ਼ਿਲਾਫ਼ ਆਵਾਜ਼ ਉਠਾਈ ਹੈ। ਕਾਨਫਰੰਸਾਂ ਵਿਚ ਪੁਲਿਸ ਵਧੀਕੀਆਂ ਅਤੇ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਦੀ ਗੱਲ ਕਰਨਾ ਕਿਸੇ ਵੀ ਤਰ੍ਹਾਂ ਗਲਤ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜੇ ਸਿਆਸੀ ਆਗੂਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਦਰਜ ਹਨ, ਉਨ੍ਹਾਂ ਬਾਰੇ ਲੋਕਾਂ ਨੂੰ ਜਾਣੂ ਕਰਾਉਣਾ ਕੋਈ ਦੂਸ਼ਣਬਾਜ਼ੀ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਧਾਰਮਿਕ ਆਗੂਆਂ ਨੂੰ ਸਿਆਸੀ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤੇ ਅਜਿਹੀਆਂ ਹਦਾਇਤਾਂ ਪੰਜ ਤਖ਼ਤਾਂ ਦੇ ਜਥੇਦਾਰਾਂ ਦੀ ਇਕੱਤਰਤਾ ਤੋਂ ਬਾਅਦ ਸਰਬਸੰਮਤੀ ਨਾਲ ਹੀ ਜਾਰੀ ਕਰਨੀਆਂ ਚਾਹੀਦੀਆਂ ਹਨ।

ਆਪਣੀ ਸਫਾਈ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਅਸੀਂ ਕਿਸੇ ਵਿਅਕਤੀ ਦੇ ਨਿੱਜ ਉਤੇ ਕੋਈ ਚਿੱਕੜ ਨਹੀਂ ਉਛਾਲਿਆ ਸਗੋਂ ਜਬਰ ਜ਼ੁਲਮ ਕਰਨ ਵਾਲਿਆਂ ਵੱਲ ਉਂਗਲ ਉਠਾਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਤੇ ਦਿੱਲੀ ਸਮੇਤ ਹੋਰ ਥਾਂਵਾਂ 'ਤੇ ਵਾਪਰੇ ਸਿੱਖ ਵਿਰੋਧੀ ਦੰਗਿਆਂ ਬਾਰੇ ਤੇ ਇਸ ਨੂੰ ਕਰਵਾਉਣ ਵਾਲਿਆਂ ਬਾਰੇ ਗੱਲ ਕਰਨਾ ਕਿਸੇ ਖ਼ਿਲਾਫ਼ ਦੂਸ਼ਣਬਾਜ਼ੀ ਨਹੀਂ ਹੈ। ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਇਸ ਹਦਾਇਤ ਨੂੰ ਸਭ ਤੋਂ ਪਹਿਲਾਂ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ 'ਤੇ ਲਾਗੂ ਕਰਵਾਉਣ ਜੋ ਗੁਰੂ ਘਰਾਂ ਨੂੰ ਵੀ ਸਿਆਸੀ ਹਿਤਾਂ ਲਈ ਵਰਤਦਾ ਹੈ।

ਕਾਂਗਰਸ ਦਾ ਇਸ ਬਾਰੇ ਪੱਖ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਦੀ ਇਹ ਹਦਾਇਤ ਉਥੇ ਲਾਗੂ ਹੋਣੀ ਚਾਹੀਦੀ ਹੈ ਜਿਥੇ ਸਿਆਸੀ ਕਾਨਫਰੰਸ ਸਮੇਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਵੇ ਜਾਂ ਫਿਰ ਸਿਆਸੀ ਕਾਨਫਰੰਸ ਕਿਸੇ ਗੁਰਦੁਆਰੇ ਦੇ ਵਿਹੜੇ ਵਿਚ ਹੋ ਰਹੀ ਹੋਵੇ। ਕਾਂਗਰਸ ਨੇ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ 'ਤੇ ਰੋਕ ਲਾਉਣ ਦੀ ਲੋੜ ਹੈ ਕਿਉਂਕਿ ਉਸ ਵੱਲੋਂ ਹੀ ਵਧੇਰੇ ਕਾਨਫਰੰਸਾਂ ਗੁਰਦੁਆਰਿਆਂ ਦੇ ਵਿਹੜੇ ਤੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੀਆਂ ਜਾਂਦੀਆਂ ਹਨ।




**Wholesale Supplies: AFN 908-486-0077/United Cash & Carry 917-682-5604/ P. West 718-272-6383**

**When in Queens, NY tune on your radio to 1620AM to liston Hindi songs 24 Hrs.**

# ਪਰਵਾਸੀ ਪੰਜਾਬੀਆਂ ਨੂੰ ਨਿਵੇਸ਼ ਲਈ ਆਕਰਸ਼ਿਤ ਕਰਨ ਲਈ ਸੁਖਾਵਾਂ ਮਾਹੌਲ ਜਰੂਰੀ-ਖਹਿਰਾ

ਮਾੜਾ-ਧੀੜਾ ਪੁਲਿਸ ਅਫਸਰ ਜਾਂ ਸਿਆਸਤਦਾਨ ਉਨ੍ਹਾਂ ਨੂੰ ਕਿਸੇ ਸੱਤ-ਇਕਵੰਜਾ ਜਾਂ 323 ਦੇ ਮੁਕੱਦਮੇ ਵਿਚ ਉਲਝਾ ਕੇ ਪ੍ਰੇਸ਼ਾਨ ਕਰ ਸਕਦਾ ਹੈ। ਸੰਭਾਵੀ ਕਾਂਗਰਸ ਸਰਕਾਰ ਦੀ ਤਰਫੋਂ ਕੋਈ ਵੱਡੇ ਦਮਗਜੇ ਮਾਰਨ ਤੋਂ ਪਰਹੇਜ ਕਰਦਿਆਂ ਸ. ਖਹਿਰਾ ਨੇ ਆਖਿਆ ਕਿ ਜਿਸ ਤਰ੍ਹਾਂ ਦਾ ਇਸ ਵੇਲੇ ਮਾਹੌਲ ਹੈ, ਉਸ ਵਿਚ ਕੋਈ ਸਿਆਸਤਦਾਨ ਜ਼ਮੀਨ ਅਸਮਾਨ ਦਾ ਅੰਤਰ ਨਹੀਂ ਲਿਆ ਸਕਦਾ, ਪਰ ਫਿਰ ਵੀ ਜੇ ਮੁੱਖ ਮੰਤਰੀ ਸੁਹਿਰਦ ਹੋਵੇ ਤਾਂ ਨਿਸ਼ਚੇ ਹੀ ਹਾਲਾਤ ਨੂੰ ਮੋੜਾ ਦਿੱਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਰੂਪ ਵਿਚ ਅਜਿਹਾ ਮੋੜਾ ਦੇਣ ਦੇ ਸਮਰਥ ਹਨ।

ਜ਼ਿਕਰਯੋਗ ਹੈ ਕਿ ਸ. ਸੁਖਪਾਲ ਸਿੰਘ ਖਹਿਰਾ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਸੱਦੇ ਉਤੇ ਇਨ੍ਹੀਂ ਦਿਨੀਂ ਅਮਰੀਕਾ ਪਹੁੰਚੇ ਹੋਏ ਹਨ। ਪੰਜਾਬ ਦੀ ਵਰਤਮਾਨ ਹਾਲਤ ਦਾ ਜ਼ਿਕਰ ਕਰਦਿਆਂ ਸ. ਖਹਿਰਾ ਨੇ ਆਖਿਆ ਕਿ ਸਿਹਤ ਸੇਵਾਵਾਂ ਦਾ ਬੁਰਾ ਹਾਲ ਹੈ, ਬਿਜਲੀ ਉਤਪਾਦਨ ਲੋੜ ਅਨੁਸਾਰ ਨਾ ਹੋਣ ਕਰ ਕੇ ਲੋਕ ਬਿਜਲੀ ਕਟੌਤੀਆਂ ਤੋਂ ਪਰੇਸ਼ਾਨ ਹਨ, ਬੇਰੁਜ਼ਗਾਰੀ ਵੱਧ ਕੇ ਪਿਛਲੇ ਰਿਕਾਰਡ ਤੋੜ ਰਹੀ ਹੈ ਅਤੇ ਲੋਕ ਸਿਆਸਤਦਾਨਾਂ ਅਤੇ ਸਰਕਾਰੀ ਅਫਸਰਾਂ ਦੇ ਭ੍ਰਿਸ਼ਟਾਚਾਰ ਤੋਂ ਅੱਕੇ ਪਏ ਹਨ। ਪੰਜਾਬ ਸਿਰ 70,000 ਕਰੋੜ ਰੁਪਏ ਤੋਂ ਵੱਧ ਦਾ ਕਰਜਾ ਹੈ ਜਿਸ ਉਪਰ ਸਾਲਾਨਾ ਕੋਈ 8000 ਕਰੋੜ ਰੁਪਏ ਤਾਂ ਬਿਆਜ਼ ਹੀ ਦੇਣਾ ਪੈਂਦਾ ਹੈ। ਪੰਜਾਬ ਦੇ ਕਿਸਾਨਾਂ ਸਿਰ 35,000 ਕਰੋੜ ਰੁਪਏ ਤੋਂ ਵੱਧ ਦਾ ਕਰਜਾ ਹੈ ਅਤੇ ਕਿਸਾਨ ਖੁਦਕੁਸ਼ੀਆਂ ਲਈ ਮਜਬੂਰ ਹਨ। ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਪੰਜਾਬ ਖੇਤੀ ਯੂਨੀਵਰਸਿਟੀ ਵਲੋਂ ਕਰਵਾਏ ਗਏ ਇਕ ਸਰਵੇਖਣ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੱਸਿਆ ਕਿ 'ਕੱਲੇ ਸੰਗਰੂਰ ਅਤੇ ਬਠਿੰਡਾ ਜਿਲੇ ਵਿਚ ਸੰਨ 2000 ਤੋਂ 2009 ਤਕ 2890 ਕਿਸਾਨਾਂ ਨੇ ਕਰਜੇ ਕਰ ਕੇ ਖੁਦਕੁਸ਼ੀ ਕੀਤੀ। ਪੰਜਾਬ ਜੋ ਕਦੀ ਦੇਸ਼ ਵਿਚ ਪਹਿਲੇ ਨੰਬਰ 'ਤੇ ਸੀ, ਹੁਣ ਖਿਸਕ ਕੇ 17ਵੇਂ ਨੰਬਰ ਤੇ ਜਾ ਚੁਕਾ ਹੈ। ਇਹ ਮੰਨਦਿਆਂ ਕਿ ਪੰਜਾਬ ਇਸ ਸਮੇਂ ਨਸ਼ਿਆਂ ਵਿਚ ਗਰਕ ਚੁਕਾ ਹੈ, ਨੌਜਵਾਨ ਕਾਂਗਰਸੀ ਆਗੂ ਨੇ ਆਖਿਆ ਕਿ ਨਸ਼ਿਆਂ ਦਾ ਵਪਾਰ ਅਤੇ ਭ੍ਰਿਸ਼ਟਾਚਾਰ ਸਿਆਸੀ ਆਗੂਆਂ ਦੀ ਸਰਪ੍ਰਸਤੀ ਤੋਂ ਬਿਨਾ ਨਹੀਂ ਚਲਦੀ। ਇਸ ਸਬੰਧੀ ਉਨ੍ਹਾਂ ਮੌਜੂਦਾ ਅਕਾਲੀ ਸਰਕਾਰ ਅਤੇ ਖਾਸ ਕਰ ਕੇ ਉਪ ਮੁਖ ਮੰਤਰੀ ਸੁਖਬੀਰ ਵਲ ਇਸ਼ਾਰਾ ਕਰਦਿਆਂ ਆਖਿਆ ਕਿ ਹੁਕਮਰਾਨਾਂ ਦਾ ਸਾਰਾ ਧਿਆਨ ਇਸ ਸਮੇਂ ਨਸ਼ਿਆਂ ਦੇ ਕਾਰੋਬਾਰ, ਟਰਾਂਸਪੋਰਟ, ਰੇਤ ਦੇ ਠੇਕਿਆਂ ਅਤੇ ਕੇਬਲ ਸਨਅਤ 'ਤੇ ਕਬਜ਼ਾ ਕਰ ਕੇ ਪੈਸਾ ਕਮਾਉਣ ਵਲ ਲਗਿਆ ਹੋਇਆ ਹੈ।

ਇਸ ਸਮਾਗਮ ਵਿਚ ਵਿਸ਼ੇਸ਼ ਸੱਦੇ ਉਤੇ ਪਹੁੰਚੇ ਸ਼ਿਕਾਗੋਲੈਂਡ ਦੀ ਸਬਰਬ ਸ਼ਾਮਬਰਗ ਦੇ ਮੇਅਰ ਸ੍ਰੀ ਲਾਰਸਨ ਨੇ ਆਪਣੇ ਟਾਊਨ ਵਿਚ ਆਉਣ ਤੇ ਸ੍ਰੀ ਖਹਿਰਾ ਨੂੰ ਜੀ ਆਇਆਂ ਆਖਦਿਆਂ ਭਾਰਤੀ ਭਾਈਚਾਰੇ ਵਲੋਂ ਅਮਰੀਕੀ ਸਮਾਜ ਵਿਚ ਨਿਭਾਏ ਜਾ ਰਹੇ ਉਸਾਰੂ ਰੋਲ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਸ਼ਾਮਬਰਗ ਟਾਊਨ ਦੇ ਇਤਿਹਾਸ ਬਾਰੇ ਵੀ ਸੰਖੇਪ ਵਿਚ ਚਾਨਣਾ ਪਾਇਆ।

ਇਸ ਤੋਂ ਪਹਿਲਾਂ ਸ. ਖਹਿਰਾ ਨੂੰ ਜੀ ਆਇਆਂ ਆਖਦਿਆਂ ਸ੍ਰੀ ਲੱਕੀ ਸਹੋਤਾ ਨੇ ਪੰਜਾਬ ਤੋਂ ਵਿਦੇਸ਼ ਜਾਣ ਦੀ ਚੱਲੀ ਲਹਿਰ ਦਾ ਜ਼ਿਕਰ ਕਰਦਿਆਂ ਆਖਿਆ ਕਿ ਬੇਈਮਾਨ ਟਰੈਵਲ ਏਜੰਟ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਇਥੋਂ ਤੱਕ ਕਿ ਹੁਣ ਟੁੱਟ ਚੁਕੇ ਸੋਵੀਅਤ ਯੂਨੀਅਨ ਦੇ ਗਣਰਾਜ ਜਾਰਜੀਆ ਨੂੰ ਅਮਰੀਕਾ ਦੀ ਸਟੇਟ ਦੱਸ ਕੇ ਬਾਹਰ ਜਾਣ ਦੇ ਚਾਹਵਾਨ ਲੋਕਾਂ ਨੂੰ ਮੂਰਖ ਬਣਾਇਆ ਜਾ ਰਿਹਾ ਹੈ। ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦੇ ਸਾਬਕਾ ਪ੍ਰਧਾਨ ਸ੍ਰੀ ਅਮਰਦੇਵ ਸਿੰਘ ਬਦੇਸ਼ਾ ਨੇ ਸ. ਖਹਿਰਾ ਦਾ ਧਿਆਨ ਯੂਨੀਵਰਸਿਟੀਆਂ ਵਿਚ ਪੰਜਾਬੀ ਦੀ ਪੜ੍ਹਾਈ ਲਈ ਫੰਡਾਂ ਵਿਚ ਕਟੌਤੀ ਅਤੇ ਨੌਜਵਾਨਾਂ ਵਿਚ ਵਧ ਰਹੀ ਨਸ਼ੇ ਦੀ ਅਲਾਮਤ ਵੱਲ ਦਵਾਇਆ।

ਸ. ਖਹਿਰਾ ਦੇ ਪਿਤਾ ਮਰਹੂਮ ਸ. ਸੁਖਜਿੰਦਰ ਸਿੰਘ ਦੇ ਨਾਲ ਐਮਰਜੈਂਸੀ ਦੇ ਦਿਨਾਂ ਵਿਚ ਵਿਦਿਆਰਥੀ ਆਗੂ ਵਜੋਂ ਜੇਲ੍ਹ ਕੱਟ ਚੁਕੇ ਅਤੇ ਉਨ੍ਹਾਂ ਦੇ ਹਲਕੇ ਦੇ ਇਕ ਉਘੇ ਵਿਦਿਆਰਥੀ ਆਗੂ ਰਹੇ ਇੰਡੀਆਨਾ ਤੋਂ ਸ. ਕੰਵਲਜੀਤ ਸਿੰਘ ਵਿਰਕ ਨੇ ਸ. ਖਹਿਰਾ ਨੂੰ ਜੀ ਆਇਆਂ ਆਖਦਿਆਂ ਖਹਿਰਾ ਪਰਿਵਾਰ ਨਾਲ ਆਪਣੇ ਸਬੰਧਾਂ ਦਾ ਜ਼ਿਕਰ ਕੀਤਾ। ਉਨ੍ਹਾਂ ਸ. ਖਹਿਰਾ ਨੂੰ ਆਪਣੇ ਪਿਤਾ ਤੋਂ ਵਿਰਾਸਤ ਵਿਚ ਮਿਲੇ ਲੋਕ ਪੱਖੀ ਗੁਣਾਂ ਦੀ ਵੀ ਸ਼ਲਾਘਾ ਕੀਤੀ।

ਕਰਾਊਨ ਪੁਆਇੰਟ, ਇੰਡੀਆਨਾ ਤੋਂ ਆਏ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੇ ਇਕ ਆਗੂ ਸ. ਰਾਜਿੰਦਰ ਸਿੰਘ ਬੈਂਸ ਨੇ ਪੰਜਾਬ ਦੀ ਸਿਆਸਤ ਵਿਚ ਆਏ ਨਿਘਾਰ ਉਤੇ ਅਫਸੋਸ ਪ੍ਰਗਟ ਕਰਦਿਆਂ ਪਰਵਾਸੀ ਪੰਜਾਬੀਆਂ ਦੀ ਤਰਫੋਂ



*ਨਿਊ ਯਾਰਕ ਦੇ ਵੱਖ ਵੱਖ ਸਮਾਗਮਾਂ ਦਾ ਸ. ਸੁਖਪਾਲ ਸਿੰਘ ਖਹਿਰਾ ਦਾ ਸਨਮਾਨ*

ਸ. ਖਹਿਰਾ ਨੂੰ ਭਰੋਸਾ ਦਿੱਤਾ ਕਿ ਅਸੀਂ ਉਸ ਸਿਆਸਤਦਾਨ ਦੀ ਡਟਵੀਂ ਹਮਾਇਤ ਕਰਾਂਗੇ ਜੋ ਪੰਜਾਬ ਦੀ ਮੌਜੂਦਾ ਹਾਲਤ ਨੂੰ ਮੋੜਾ ਦੇਣ ਪ੍ਰਤੀ ਵਚਨਬੱਧ ਹੈ।

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਇਲੀਨਾਏ ਦੇ ਪ੍ਰਧਾਨ ਸ੍ਰੀ ਅਜੈਬ ਸਿੰਘ ਲੱਖਣ ਨੇ ਸ. ਖਹਿਰਾ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਕਿਵੇਂ ਅਜੇ ਸਾਲ ਭਰ ਪਹਿਲਾਂ ਤੱਕ ਇਥੇ ਸਿੱਖ ਹਲਕਿਆਂ ਵਿਚ ਕਾਂਗਰਸ ਦਾ ਨਾਂ ਲਿਆ ਜਾਣਾ ਵੀ ਅੱਛਾ ਨਹੀਂ ਸੀ ਸਮਝਿਆ ਜਾਂਦਾ ਪਰ ਉਨ੍ਹਾਂ ਦੇ ਯਤਨਾਂ ਸਦਕਾ ਇਸ ਸਾਲ ਦੇ ਸ਼ੁਰੂ ਵਿਚ ਕਾਂਗਰਸ ਦੀ ਜਥੇਬੰਦੀ ਖੜ੍ਹੀ ਕੀਤੀ ਗਈ ਜਿਸ ਨੂੰ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲਿਆ। ਸ਼ਾਇਦ ਲੋਕ ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਭ੍ਰਿਸ਼ਟ ਰਾਜ ਤੋਂ ਅੱਕੇ ਹੋਏ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਨਵੇਂ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ, ਸ. ਖਹਿਰਾ ਅਤੇ ਕੁਝ ਹੋਰ ਨੌਜਵਾਨ ਆਗੂਆਂ ਤੋਂ ਪਰਵਾਸੀਆਂ ਨੂੰ ਬਹੁਤ ਉਮੀਦਾਂ ਹਨ ਕਿ ਉਹ ਪੰਜਾਬ ਨੂੰ ਨਵਾਂ ਰੁਖ ਦੇਣਗੇ। ਸ੍ਰੀ ਲੱਖਣ ਨੇ ਪਰਵਾਸੀ ਪੰਜਾਬੀਆਂ ਨੂੰ ਪਾਸਪੋਰਟ ਅਤੇ ਵੀਜ਼ੇ ਸਬੰਧੀ ਪੇਸ਼ ਆਉਂਦੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਇਸ ਗੱਲ ਉਤੇ ਦੁੱਖ ਪ੍ਰਗਟ ਕੀਤਾ ਕਿ ਭਾਰਤੀ ਕੌਂਸਲਖਾਨੇ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਕਰਦੇ ਹਨ ਪਰ ਸ਼ਿਕਾਗੋ ਵਿਚ ਉਨ੍ਹਾਂ ਦੀ ਜਥੇਬੰਦੀ ਦੇ ਯਤਨਾਂ ਸਦਕਾ ਕਾਫੀ ਲੋਕਾਂ ਦੇ ਮਸਲੇ ਹੱਲ ਹੋਏ ਹਨ। ਸ੍ਰੀ ਲੱਖਣ ਨੇ ਸ. ਖਹਿਰਾ ਨੂੰ ਪਰਵਾਸੀ ਪੰਜਾਬੀਆਂ ਵਲੋਂ ਹਰ ਤਰ੍ਹਾਂ ਦੀ ਭਰਵੀਂ ਹਮਾਇਤ ਦਾ ਭਰੋਸਾ ਵੀ ਦਿੱਤਾ। ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੇ ਸਾਬਕਾ ਪ੍ਰਧਾਨ ਸ੍ਰੀ ਪਰਮਿੰਦਰ ਵਾਲੀਆ ਨੇ ਕਾਂਗਰਸ ਪਾਰਟੀ ਨਾਲ ਆਪਣੇ ਪੁਰਾਣੇ ਸਬੰਧਾਂ ਦਾ ਜ਼ਿਕਰ ਕਰਦਿਆਂ ਸ. ਖਹਿਰਾ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿਤਾ।

ਸ਼ਿਕਾਗੋ ਤੋਂ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਇਕ ਆਗੂ ਸ੍ਰੀ ਹੈਪੀ ਹੀਰ ਨੇ ਇਸ ਸਮਾਗਮ ਵਿਚ ਬਰਫਬਾਰੀ ਕਰ ਕੇ ਖਰਾਬ ਹੋਏ ਮੌਸਮ ਦੇ ਬਾਵਜੂਦ ਆਇਓਆ, ਓਹਾਇਓ, ਮਿਸੀਸਿਪੀ, ਵਿਸਕਾਨਸਿਨ, ਇੰਡੀਆਨਾ ਅਤੇ ਹੋਰ ਦੂਰ ਦੁਰਾਡੇ ਇਲਾਕਿਆਂ ਤੋਂ ਆਏ ਸੱਜਣਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਇਲੀਨਾਏ ਦੇ ਸਕੱਤਰ ਅਜਮੇਰ ਸਿੰਘ ਪੰਨੂ, ਸਤਿੰਦਰ ਸਿੰਘ ਸੁਸਾਣਾ, ਨਰਿੰਦਰ ਸਿੰਘ ਸਰਾਂ, ਜਿੰਦੀ ਖੰਗੂੜਾ, ਇੰਡੀਅਨ ਓਵਰਸੀਜ਼ ਕਾਂਗਰਸ, ਮਿਲਵਾਕੀ ਦੇ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ (ਲਾਲੀ) ਸਿੱਧੂ, ਓਹਾਇਓ ਤੋਂ ਸ. ਚਮਕੌਰ ਸਿੰਘ ਨੇ ਵੀ ਸੰਬੋਧਨ ਕੀਤਾ। ਮੰਚ ਸੰਚਾਲਨ ਕਰਦਿਆਂ ਸ੍ਰੀ ਗੁਰਮੁਖ ਸਿੰਘ ਭੁਲਰ ਨੇ ਪ੍ਰਵਾਸੀ ਪੰਜਾਬੀਆਂ ਨੂੰ ਭਾਰਤੀ ਅੰਬੈਸੀਆਂ ਵਿਚ ਵੀਜ਼ੇ ਤੇ ਪਾਸਪੋਰਟ ਸਬੰਧੀ ਆਉਂਦੀਆਂ ਮੁਸ਼ਕਿਲਾਂ ਵਲ ਧਿਆਨ ਸ਼ਾਇਰਾਨਾ ਅੰਦਾਜ਼ ਵਿਚ ਦਵਾਇਆ। ਉਨ੍ਹਾਂ ਦੇ ਲਫਜ਼ ਸਨ, "ਕਈ ਕਾਰਨ ਨੇ ਸਾਨੂੰ ਹੁਣ ਦੁਖ ਦਿਲੋਂ ਭੁਲਾਉਣ ਲਈ, ਪਰ ਵੀਜ਼ਾ ਵੀ ਨਹੀਂ ਦਿੰਦੇ ਪਿੰਡ ਆਪਣੇ ਜਾਣ ਲਈ।"

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਇਲੀਨਾਏ ਦੇ ਪ੍ਰਧਾਨ ਅਜੈਬ ਸਿੰਘ ਲੱਖਣ, ਸੀਨੀਅਰ ਮੀਤ ਪ੍ਰਧਾਨ ਸੰਤੋਖ ਸਿੰਘ ਡੀ ਸੀ, ਮੀਤ ਪ੍ਰਧਾਨ ਹਰਜਿੰਦਰ ਖੰਗੂੜਾ, ਮੀਡੀਆ ਡਾਇਰੈਕਟਰ ਮਹਿੰਦਰ ਸਿੰਘ ਰਕਾਲਾ, ਜਨਰਲ ਸਕੱਤਰ ਨਰਿੰਦਰ ਸਿੰਘ ਸਰਾਂ, ਮੈਂਬਰਾਂ ਸਤਨਾਮ ਸਿੰਘ ਮਿਨਹਾਸ, ਪ੍ਰਦੀਪ ਸਿੰਘ ਗਿੱਲ, ਰਾਜਿੰਦਰ ਬੈਣੀਪਾਲ, ਜਸਵਿੰਦਰ ਗਿੱਲ, ਅਸ਼ੋਕ ਕੁਮਾਰ, ਜਿੰਦੀ ਦਿਆਲ, ਗਿਆਨ ਸਿੰਘ ਸੀਹਰਾ, ਸਤਿੰਦਰ ਸਿੰਘ ਸੁਸਾਣਾ, ਲੱਕੀ ਸਹੋਤਾ, ਯਸ਼ਪਾਲ ਮਾਇਰ, ਨੀਲ ਕੰਠ ਸ਼ਰਮਾ, ਹੈਪੀ ਹੀਰ, ਹਰਦੀਪ ਗਿੱਲ, ਜੋਧ ਸਿੰਘ ਰਾਵਤ, ਜਸਵਿੰਦਰ ਸਿੰਘ ਜੱਸੀ ਅਤੇ ਰਮੇਸ਼ ਕੁਮਾਰ ਵਲੋਂ ਸ. ਸੁਖਪਾਲ ਖਹਿਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

**ਨਿਊ ਯਾਰਕ:** ਇਥੇ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਵਲੋਂ ਰਾਇਲ ਇੰਡੀਆ ਪੈਲਸ ਵਿਚ ਕਰਵਾਏ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸ. ਸੁਖਪਾਲ ਸਿੰਘ ਖਹਿਰਾ ਨੇ ਪਰਵਾਸੀ ਪੰਜਾਬੀਆਂ ਵਲੋਂ ਪੰਜਾਬ ਦੀ ਤਰੱਕੀ ਵਿਚ ਪਾਏ ਗਏ ਯੋਗਦਾਨ ਦੀ ਤਾਰੀਫ ਕਰਦਿਆਂ ਆਖਿਆ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਬਣਨ 'ਤੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਨਜਿੱਠਿਆ ਜਾਏਗਾ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਵਿਚ ਸੁਖਾਵਾਂ ਅਤੇ ਸਹਿਜ ਮਾਹੌਲ ਪੈਦਾ ਕੀਤਾ ਜਾਏਗਾ ਤਾਂ ਜੋ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਲਈ ਉਤਸ਼ਾਹ ਮਿਲ ਸਕੇ। ਉਨ੍ਹਾਂ ਇਸ ਪਾਰਟੀ ਇਕਾਈ ਵਲੋਂ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਕੰਮ ਦੀ ਵੀ ਭਰਪੂਰ ਸ਼ਲਾਘਾ ਕੀਤੀ।

ਇਸ ਸਮਾਗਮ ਮੌਕੇ ਹੋਰਨਾਂ ਤੋਂ ਇਲਾਵਾ ਆਈ.ਐਨ.ਓ.ਸੀ. ਪੰਜਾਬ ਵਿੰਗ ਦੇ ਪ੍ਰਧਾਨ ਫੁੰਮਣ ਸਿੰਘ, ਜਨਰਲ ਸਕੱਤਰ ਮਹਿੰਦਰ ਸਿੰਘ ਗਿਲਜ਼ੀਆਂ, ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂਘਰ ਦੇ ਪ੍ਰਧਾਨ ਜਰਨੈਲ ਸਿੰਘ ਗਿਲਜ਼ੀਆਂ, ਸਾਬਕਾ ਪ੍ਰਧਾਨ ਹਿੰਮਤ ਸਿੰਘ ਸਰਪੰਚ, ਸ. ਹਰਬੰਸ ਸਿੰਘ ਢਿੱਲੋਂ ਅਤੇ ਸਿੱਖ ਕਲਚਰਲ ਸੁਸਾਇਟੀ ਗੁਰੂਘਰ ਦੇ ਪ੍ਰਧਾਨ ਭੁਪਿੰਦਰ ਸਿੰਘ ਬੋਪਾਰਾਏ, ਗੁਰਦਵਾਰਾ ਸੱਚਖੰਡ ਦੇ ਪ੍ਰਧਾਨ ਅਮਰਜੀਤ ਸਿੰਘ, ਜੈਕਸਨ ਹਾਈਟਸ ਮਰਚੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਜਗੀਰ ਸਿੰਘ ਸਬਜ਼ੀ ਮੰਡੀ, ਜਨਰਲ ਸਕੱਤਰ ਅਸ਼ੋਕ ਕੁਮਾਰ, ਐਨ.ਆਰ. ਆਈ. ਸਭਾ ਨਿਊ ਯਾਰਕ ਦੇ ਪ੍ਰਧਾਨ ਜਸਵਿੰਦਰ ਸਿੰਘ ਖੱਖ ਦੇ ਨਾਂ ਸ਼ਾਮਿਲ ਹਨ।

## ਵੱਖ ਵੱਖ ਥਾਈਂ ਸਵਾਗਤ

ਆਪਣੇ ਨਿੱਜੀ ਦੌਰੇ ਉਤੇ ਅਮਰੀਕਾ ਵਿਚ ਵੱਖ ਵੱਖ ਥਾਵਾਂ ਉਤੇ ਗੁਰੂਘਰਾਂ, ਸਿੱਖ ਜਥੇਬੰਦੀਆਂ ਤੇ ਭਾਈਚਾਰੇ ਵਲੋਂ ਮਿੱਥੇ ਸਮਾਗਮਾਂ ਤਹਿਤ ਭਾਈਚਾਰੇ ਦੇ ਆਗੂਆਂ ਅਤੇ ਆਪਣੇ ਸਮਰਥਕਾਂ ਨੂੰ ਮਿਲੇ। ਨਿਊ ਯਾਰਕ ਅਤੇ ਨੇੜਲੇ ਖੇਤਰਾਂ ਵਿਚ ਭਾਰੀ ਬਰਫਬਾਰੀ ਹੋਣ ਦੇ ਬਾਵਜੂਦ ਸ. ਖ਼ਹਿਰਾ ਦੇ ਸਮਰਥਕਾਂ ਅਤੇ ਹਮਦਰਦਾਂ ਵਲੋਂ ਉਨ੍ਹਾਂ ਦੇ ਸਵਾਗਤ ਵਿਚ ਥਾਂ ਥਾਂ ਸਮਾਗਮ ਕੀਤੇ ਗਏ।

ਸ. ਸੁਖਪਾਲ ਸਿੰਘ ਖਹਿਰਾ ਗੁਰੂਘਰ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਪਹੁੰਚੇ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਏ। ਇੱਥੇ ਹੋਇਆ ਭਾਰੀ ਇਕੱਠ ਸੁਖਪਾਲ ਸਿੰਘ ਖ਼ਹਿਰਾ ਪ੍ਰਤੀ ਹਮਦਰਦੀ ਅਤੇ ਕਾਂਗਰਸ ਪਾਰਟੀ ਦੀ ਚੜ੍ਹਤ ਦਾ ਖੁੱਲ੍ਹ ਕੇ ਵਿਖਿਆਨ ਕਰ ਰਿਹਾ ਸੀ। ਇਸ ਮੌਕੇ ਗੁਰੂਘਰ ਦੇ ਪ੍ਰਧਾਨ ਜਰਨੈਲ ਸਿੰਘ ਗਿਲਜ਼ੀਆਂ ਅਤੇ ਸਮੂਹ ਮੈਂਬਰਾਂ ਵਲੋਂ ਸ. ਖ਼ਹਿਰਾ ਨੂੰ ਜੀ ਆਇਆਂ ਕਿਹਾ ਗਿਆ।

*(ਸਫਾ 7 'ਤੇ ਜਾਰੀ)*







# ਗਰਕ ਰਹੇ ਪੰਜਾਬ ਨੂੰ ਪਰਵਾਸੀਆਂ ਦੇ ਸਹਾਰੇ ਦੀ ਲੋੜ-ਖਹਿਰਾ

**ਨਿਊ ਯਾਰਕ:** ਅੱਜ ਪੰਜਾਬ ਗਰਕ ਰਿਹਾ ਹੈ ਪੰਜਾਬ ਦੇ ਪਿੰਡਾਂ ਨੂੰ ਤੁਹਾਡੇ ਸਹਾਰੇ ਦੀ ਲੋੜ ਹੈ ਇਹ ਸ਼ਬਦ ਹਲਕਾ ਭੁਲੱਥ ਦੇ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਨੇ ਇਥੇ ਫਲੋਰਲ ਪਾਰਕ ਦੇ ਸ਼ਾਹੀ ਦਰਬਾਰ ਰੈਸਟੋਰੈਂਟ ਵਿਚ ਪੰਜਾਬੀ ਭਾਈਚਾਰੇ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਆਖੇ। ਸ. ਖਹਿਰਾ ਇਥੇ ਇੰਡੀਅਨ ਨੈਸ਼ਨਲ ਓਵਰਸੀਜ ਕਾਂਗਰਸ (ਲੱਖਣ) ਦੇ ਮੈਬਰਾਂ ਦੇ ਸੱਦੇ ਤੇ ਪਹੁੰਚੇ ਹੋਏ ਸਨ। ਇਸ ਮੌਕੇ ਤੇ ਸ. ਖਹਿਰਾ ਦਾ ਸਨਮਾਨ ਵੀ ਕੀਤਾ ਗਿਆ। ਇਹ ਪ੍ਰੋਗਰਾਮ ਕਰਵਾਉਣ ਲਈ ਸੁਰਿੰਦਰ ਸਿੰਘ ਰਾਏ, ਮੰਗਲ ਸਿੰਘ, ਮਲਕੀਤ ਸਿੰਘ, ਭਗਤ ਸਿੰਘ ਗਿੱਲ ਨੇ ਭੂਮਿਕਾ ਨਿਭਾਈ।

ਸ. ਖਹਿਰਾ ਨੇ ਇਥੇ ਬੋਲਦਿਆਂ ਪੰਜਾਬੀਆਂ ਦੀ ਸਖਤ ਮਿਹਨਤ ਸਦਕਾ ਵਿਦੇਸ਼ਾਂ ਵਿਚ ਕੀਤੀਆਂ ਕਾਮਯਾਬੀਆਂ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਬੇਨਤੀ ਕੀਤੀ ਕਿ ਜਿਵੇਂ ਤੁਸੀ ਹੋਰ ਕੰਮਾਂ ਵਿਚ ਯੋਗਦਾਨ ਪਾ ਕੇ ਵਾਹ ਵਾਹ ਖੱਟੀ ਹੈ ਉਸੇ ਤਰ੍ਹਾਂ ਹੀ ਹੁਣ ਪੰਜਾਬ ਦੇ ਪਿੰਡਾਂ ਨੂੰ ਸੰਭਾਲਣ ਲਈ ਆਪਣਾ ਯੋਗਦਾਨ ਪਾਉ। ਅਗਰ ਪਿੰਡਾਂ ਦਾ ਸੁਧਾਰ ਕਰਨਾ ਹੈ ਤਾਂ ਤਹਾਨੂੰ ਕੋਈ ਖਾਸ ਕਦਮ ਚੁਕਣਾ ਪਵੇਗਾ ਨਹੀਂ ਪੰਜਾਬ ਦਲ-ਦਲ ਵਿਚ ਧੱਸਦਾ ਹੀ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਆਉਣ ਤੇ ਅਜਿਹੇ ਕਾਰਜ ਕਰਨ ਵਾਲੇ ਪਰਵਾਸੀ ਪੰਜਾਬੀਆਂ ਦਾ ਖਾਸ ਖਿਆਲ ਕੀਤਾ ਜਾਵੇਗਾ।

ਇਸ ਮੌਕੇ ਤੇ ਮਲਕੀਤ ਸਿੰਘ, ਸੁਰਿੰਦਰ ਸਿੰਘ ਰਾਏ, ਮੰਗਲ ਸਿੰਘ, ਭਗਤ ਸਿੰਘ ਗਿੱਲ, ਕਰਨੈਲ ਸਿੰਘ ਰਾਏ, ਨਿਸ਼ਾਨ ਸਿੰਘ ਸ਼ਾਹੀ, ਨਰਿੰਦਰ ਸਿੰਘ ਤੂਰ, ਗੁਰਪ੍ਰੀਤ ਸਿੰਘ ਚੀਮਾ, ਜਰਨੈਲ ਸਿੰਘ ਨਾਗਰਾ, ਤਜਿੰਦਰ ਸਿੰਘ ਰਾਏ, ਅਸ਼ੋਕ ਕੁਮਾਰ, ਜਗੀਰ ਸਿੰਘ ਸਬਜੀ ਮੰਡੀ, ਗੁਰਮੇਲ ਸਿੰਘ, ਮਹਿੰਦਰ ਸਿੰਘ ਗਿਲਜੀਆਂ ਵੀ ਮੌਜੂਦ ਸਨ





# ਸ਼੍ਰੋਮਣੀ ਕਮੇਟੀ 'ਚ ਪਰਵਾਸੀ ਸਿੱਖਾਂ ਨੂੰ ਵੀ ਮਿਲੇਗੀ ਨੁਮਾਇੰਦਗੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਵਿਦੇਸ਼ਾਂ 'ਚ ਰਹਿ ਰਹੇ ਸਿੱਖ ਭਾਈਚਾਰੇ ਨੂੰ ਦਰਪੇਸ਼ ਧਾਰਮਿਕ ਸਮੱਸਿਆਵਾਂ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਅਹਿਮ ਕਦਮ ਉਠਾਉਣ ਜਾ ਰਹੀ ਹੈ। ਇਸ ਸਬੰਧੀ ਜਿਥੇ ਵਿਦੇਸ਼ਾਂ 'ਚ ਸਿੱਖ ਮਿਸ਼ਨ ਕੇਂਦਰ ਸਥਾਪਿਤ ਕੀਤੇ ਜਾਣਗੇ ਉਥੇ ਸ਼੍ਰੋਮਣੀ ਕਮੇਟੀ ਦੇ

**ਵਿਦੇਸ਼ਾਂ ਤੋਂ 10 ਮੈਂਬਰ ਕੋਆਪਟ ਕੀਤੇ ਜਾਣਗੇ**

ਹਾਊਸ 'ਚ ਵੱਖ-ਵੱਖ ਮੁਲਕਾਂ ਤੋਂ ਸਿੱਖ ਨੁਮਾਇੰਦੇ ਮੈਂਬਰਾਂ ਵਜੋਂ ਕੋਆਪਟ ਕੀਤੇ ਜਾਣਗੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਭਾਈਚਾਰੇ ਦੀਆਂ ਧਾਰਮਿਕ ਸਮੱਸਿਆਵਾਂ ਦੇ ਹੱਲ ਤੇ ਸਿੱਖੀ ਦੇ ਪ੍ਰਚਾਰ ਲਈ ਵਿਆਪਕ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਇਸ ਕਾਰਜ ਲਈ ਵਿਦੇਸ਼ਾਂ 'ਚੋਂ ਸਿੱਖ ਨੁਮਾਇੰਦੇ ਨਾਮਜ਼ਦ ਕਰਨ ਤੇ ਸਲਾਹਕਾਰ ਕਮੇਟੀ ਬਣਾਉਣ ਦੀ ਤਜਵੀਜ਼ ਹੈ। ਇਸ ਵੇਲੇ ਸਿੱਖ ਭਾਈਚਾਰਾ ਵੱਡੀ ਗਿਣਤੀ 'ਚ ਕੈਨੇਡਾ, ਅਮਰੀਕਾ, ਇੰਗਲੈਂਡ, ਫਰਾਂਸ, ਆਸਟਰੇਲੀਆ, ਨਿਊਜ਼ੀਲੈਂਡ ਤੇ ਹੋਰ ਮੁਲਕਾਂ 'ਚ ਜਾ ਕੇ ਵਸਿਆ ਹੋਇਆ ਹੈ ਜਿਥੇ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਧਾਰਮਿਕ ਤੇ ਸਮਾਜਿਕ ਸਮੱਸਿਆਵਾਂ ਪੇਸ਼ ਆਉਂਦੀਆਂ ਹਨ। ਖਾਸ ਕਰਕੇ ਧਾਰਮਿਕ ਸਮੱਸਿਆਵਾਂ ਤਹਿਤ ਸਿੱਖ ਪਛਾਣ ਦਾ ਮਾਮਲਾ ਤੇ ਦਸਤਾਰ ਦਾ ਮਾਮਲਾ ਵੱਡੀਆਂ ਸਮੱਸਿਆਵਾਂ ਹਨ।



ਅਵਤਾਰ ਸਿੰਘ ਮੱਕੜ

ਇਹ ਸਮੱਸਿਆਵਾਂ ਹੱਲ ਹੋਣ ਦੀ ਥਾਂ ਨਿੱਤ ਗੁੰਝਲਦਾਰ ਹੋ ਰਹੀਆਂ ਹਨ। ਫਰਾਂਸ ਦੇ ਸਕੂਲ 'ਚ ਸਿੱਖ ਬੱਚਿਆਂ 'ਤੇ ਦਸਤਾਰ ਪਹਿਨਣ ਦੀ ਲਾਈ ਗਈ ਰੋਕ ਹੁਣ ਪੇਚੀਦਾ ਮਸਲਾ ਬਣ ਚੁੱਕੀ ਹੈ ਤੇ ਹੁਣ ਤਕ ਸਿੱਖ ਸੰਸਥਾਵਾਂ ਫਰਾਂਸ ਦੇ ਕਾਨੂੰਨ ਘਾੜਿਆਂ ਨੂੰ ਇਹ ਸਮਝਾਉਣ ਵਿਚ ਸਫਲ ਨਹੀਂ ਹੋ ਸਕੀਆਂ ਕਿ ਦਸਤਾਰ ਸਿੱਖ ਪਛਾਣ ਤੋਂ ਇਲਾਵਾ ਸਿੱਖ ਪਹਿਰਾਵੇ ਦਾ ਅਨਿੱਖੜਵਾਂ ਹਿੱਸਾ ਹੈ। ਹੁਣ ਅਜਿਹੀ ਹੀ ਸਮੱਸਿਆ ਅਮਰੀਕਾ ਦੇ ਹਵਾਈ ਅੱਡਿਆਂ 'ਤੇ ਸਿੱਖਾਂ ਬਾਰੇ ਪੈਦਾ ਹੋ ਗਈ ਹੈ। ਹਵਾਈ ਸਫ਼ਰ ਦੌਰਾਨ ਵੀ ਅੰਮ੍ਰਿਤਧਾਰੀ ਸਿੱਖ ਵਿਅਕਤੀ ਨੂੰ ਕਿਰਪਾਨ ਕੋਲ ਰੱਖਣ ਦੀ ਆਗਿਆ ਨਹੀਂ ਹੈ।

ਜਥੇ. ਅਵਤਾਰ ਸਿੰਘ ਨੇ ਮੰਨਿਆ ਕਿ ਇਹ ਸਮੱਸਿਆਵਾਂ ਵਿਦੇਸ਼ਾਂ 'ਚ ਸਿੱਖੀ ਦੇ ਪ੍ਰਚਾਰ ਦੀ ਘਾਟ ਹੋਣ ਕਾਰਨ ਹੀ ਸਾਹਮਣੇ ਆ ਰਹੀਆਂ ਹਨ। ਇਸੇ ਲਈ ਸ਼੍ਰੋਮਣੀ ਕਮੇਟੀ ਵਲੋਂ ਵੱਖ-ਵੱਖ ਮੁਲਕਾਂ 'ਚ ਸਿੱਖੀ ਦੇ ਪ੍ਰਚਾਰ ਦੇ ਘੇਰੇ ਨੂੰ ਵਧਾਉਣ ਲਈ ਵਿਆਪਕ ਯੋਜਨਾ ਉਲੀਕੀ ਜਾ ਰਹੀ ਹੈ। ਇਸ ਤਹਿਤ ਮੁਲਕਾਂ ਵਿਚ ਸਿੱਖ ਮਿਸ਼ਨ ਕੇਂਦਰ ਸਥਾਪਿਤ ਕਰਨ ਤੋਂ ਇਲਾਵਾ ਵੱਖ-ਵੱਖ ਮੁਲਕਾਂ ਤੋਂ ਸਿੱਖ ਨੁਮਾਇੰਦੇ ਸ਼੍ਰੋਮਣੀ ਕਮੇਟੀ ਦੇ ਹਾਊਸ ਵਿਚ ਕੋਆਪਟ ਮੈਂਬਰਾਂ ਵਜੋਂ ਸ਼ਾਮਲ ਕੀਤੇ ਜਾਣਗੇ। ਸ਼੍ਰੋਮਣੀ ਕਮੇਟੀ ਵੱਖ-ਵੱਖ ਮੁਲਕਾਂ ਤੋਂ 10 ਸਿੱਖ ਮੈਂਬਰ ਕੋਆਪਟ ਕਰਨਾ ਚਾਹੁੰਦੀ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਲੋਂ ਸਰਬਸੰਮਤੀ ਨਾਲ ਇਕ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਹੋਇਆ ਹੈ ਪਰ ਸਰਕਾਰ ਵਲੋਂ ਇਸ ਬਾਰੇ ਫਿਲਹਾਲ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਉਨ੍ਹਾਂ ਕਿਹਾ ਕਿ ਇਹ ਨਾਮਜ਼ਦਗੀਆਂ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੰਭਵ ਨਹੀਂ ਹਨ ਪਰ ਫਿਲਹਾਲ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ੀ ਸਿੱਖ ਨੁਮਾਇੰਦਿਆਂ ਦੀ 21 ਮੈਂਬਰੀ ਸਲਾਹਕਾਰ ਕਮੇਟੀ ਦਾ ਗਠਨ ਕਰਨ ਦੀ ਤਜਵੀਜ਼ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ 190 ਮੈਂਬਰੀ ਹਾਊਸ 'ਚ 15 ਮੈਂਬਰ ਨਾਮਜ਼ਦ ਕੀਤੇ ਹੋਏ ਹਨ ਜੋ ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਸਿੱਖ ਨੁਮਾਇੰਦੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਵਿਦੇਸ਼ ਵਿਭਾਗ ਨੂੰ ਵੀ ਸਰਗਰਮ ਕੀਤਾ ਜਾਵੇਗਾ ਤਾਂ ਜੋ ਵਿਦੇਸ਼ ਵਿਚ ਵਸਦੇ ਸਿੱਖ ਨੁਮਾਇੰਦਿਆਂ ਨਾਲ ਰਾਬਤਾ ਬਣਿਆ ਰਹੇ।

ਉਨ੍ਹਾਂ ਦੱਸਿਆ ਕਿ ਸਿੱਖੀ ਦੇ ਪ੍ਰਚਾਰ ਦਾ ਘੇਰਾ ਵਿਸ਼ਾਲ ਕਰਨ ਲਈ ਪਹਿਲੇ ਪੜਾਅ 'ਚ ਸਿੱਖ ਮਿਸ਼ਨ ਕੇਂਦਰ ਸਥਾਪਤ ਕਰਨ ਦੀ ਯੋਜਨਾ ਹੈ ਜਿਸ ਤਹਿਤ ਅਮਰੀਕਾ ਦੇ ਵਾਸ਼ਿੰਗਟਨ ਸੂਬੇ ਵਿਚ ਵਾਈਟ ਹਾਊਸ ਵਾਲੇ ਇਲਾਕੇ ਵਿਚ ਜਗ੍ਹਾ ਦੇਣ ਦੀ ਪੇਸ਼ਕਸ਼ ਹੋਈ ਹੈ। ਇਸ ਜਗ੍ਹਾ ਦਾ ਸ਼੍ਰੋਮਣੀ ਕਮੇਟੀ ਦੇ ਵਫਦ ਤੇ ਉਨ੍ਹਾਂ ਖੁਦ ਵੀ ਮੁਆਇਨਾ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਇਹ ਜ਼ਮੀਨ ਪ੍ਰਾਪਤ ਕਰਨ ਦਾ ਰਸਮੀਂ ਤੌਰ 'ਤੇ ਫੈਸਲਾ ਕਰ ਲਿਆ ਹੈ। ਇਸੇ ਤਰ੍ਹਾਂ ਹੋਰ ਮੁਲਕਾਂ 'ਚ ਵੀ ਹੌਲੀ-ਹੌਲੀ ਸਿੱਖ ਮਿਸ਼ਨ ਕੇਂਦਰ ਸਥਾਪਤ ਕੀਤੇ ਜਾਣਗੇ। ਸਿੱਖ ਧਰਮ, ਸਿੱਖ ਸਭਿਆਚਾਰ, ਪੰਜ ਕਕਾਰਾਂ ਦੀ ਮਹੱਤਤਾ, ਸਿੱਖੀ ਸਰੂਪ ਤੇ ਦਸਤਾਰ ਬਾਰੇ ਉਥੋਂ ਦੀ ਭਾਸ਼ਾ 'ਚ ਸਾਹਿਤ ਪ੍ਰਕਾਸ਼ਿਤ ਕਰਵਾ ਕੇ ਪ੍ਰਚਾਰ ਕੀਤਾ ਜਾਵੇਗਾ। ਇਸੇ ਕੜੀ ਤਹਿਤ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਹੋਰ ਧਾਰਮਿਕ ਸਾਹਿਤ ਦੀ ਪ੍ਰਕਾਸ਼ਨਾ ਅਮਰੀਕਾ ਤੋਂ ਸ਼ੁਰੂ ਕਰਨ ਦੀ ਤਜਵੀਜ਼ ਹੈ।

### ਵਿਦੇਸ਼ਾਂ ਤੋਂ 20 ਮੈਂਬਰ ਕੋਆਪਟ ਹੋਣੇ ਚਾਹੀਦੇ: ਬਹਿਣੀਵਾਲ

ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਵਿਦੇਸ਼ਾਂ ਤੋਂ ਦਸ ਦੀ ਬਜਾਏ ਵੀਹ ਮੈਂਬਰ ਲਏ ਜਾਣ ਕਿਉਂਕਿ ਇਸ ਨਾਲ ਸ਼੍ਰੋਮਣੀ ਕਮੇਟੀ ਦਾ ਵਿਸ਼ਵੀਕਰਨ ਹੋ ਜਾਵੇਗਾ ਜਿਸ ਨਾਲ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਦਸਤਾਰ ਤੇ ਹੋਰ ਕਕਾਰਾਂ ਬਾਰੇ ਮਸਲੇ ਵਿਸ਼ਵ ਦੇ ਹਰ ਮੰਚ 'ਤੇ ਉਠਾ ਕੇ ਸਿੱਖੀ ਦੀ ਵੱਖਰੀ ਪਛਾਣ ਸਮਝਾਉਣ ਵਿਚ ਕਾਫੀ ਸਹੂਲਤ ਹੋਵੇਗੀ।

# ਸ਼ਹੀਦ ਸੁਖਦੇਵ ਦੇ ਭਤੀਜੇ ਵੱਲੋਂ ਵੀ ਮਨਪ੍ਰੀਤ ਦੀ ਹਮਾਇਤ



ਸ਼ਹੀਦ ਸੁਖਦੇਵ ਦਾ ਭਤੀਜਾ ਭਾਰਤ ਭੂਸ਼ਨ ਅਤੇ ਮਨਪ੍ਰੀਤ ਬਾਦਲ

**ਚੰਡੀਗੜ੍ਹ:** ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸਾਥੀ ਸੁਖਦੇਵ ਦੇ ਭਤੀਜੇ ਭਾਰਤ ਭੂਸ਼ਨ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਮੁਹਿੰਮ ਦੀ ਹਮਾਇਤ ਕਰਦਿਆਂ ਕਿਹਾ ਕਿ ਪੰਜਾਬ ਦਾ ਹਰ ਵਾਸੀ ਜੋ ਪੰਜਾਬ ਦੀ ਮਿੱਟੀ ਨੂੰ ਪਿਆਰ ਕਰਦਾ ਹੈ ਤੇ ਜੋ ਪੰਜਾਬ ਨੂੰ ਖੁਸ਼ਹਾਲ ਵੇਖਣ ਦਾ ਸੁਪਨਾ ਸੱਚ ਕਰਨਾ ਚਾਹੁੰਦਾ ਹੈ, ਉਹ ਮਨਪ੍ਰੀਤ ਬਾਦਲ ਦੇ ਹਮਾਇਤ 'ਚ ਅੱਗੇ ਆਵੇਗਾ।

ਸ੍ਰੀ ਭਾਰਤ ਭੂਸ਼ਨ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਕਦੇ ਨਿੱਜੀ ਸਵਾਰਥ ਲਈ ਆਪਣੇ ਤਾਇਆ ਸ਼ਹੀਦ ਸੁਖਦੇਵ ਦਾ ਨਾਂ ਨਹੀਂ ਵਰਤਿਆ ਤੇ ਨਾ ਹੀ ਇਸ ਦਾ ਕੋਈ ਰਾਜਨੀਤਕ ਲਾਹਾ ਲੈਣ ਦਾ ਮੰਤਵ ਰੱਖਿਆ ਹੈ ਪਰ ਮਨਪ੍ਰੀਤ ਬਾਦਲ ਨੇ ਪੰਜਾਬ ਦੇ ਉਨ੍ਹਾਂ ਸੁਧਾਰਾਂ ਦੀ ਗੱਲ ਲੈ ਕੇ 'ਜਾਗੋ ਪੰਜਾਬ ਯਾਤਰਾ' ਦਾ ਆਰੰਭ ਕੀਤਾ ਹੈ ਜਿਸ ਨਾਲ ਸੱਚ-ਮੁੱਚ ਹੀ ਸ਼ਹੀਦਾਂ ਦੇ ਸੁਪਨਿਆਂ ਵਾਲਾ ਖੁਸ਼ਹਾਲ ਪੰਜਾਬ ਸਿਰਜ ਜਾ ਸਕਦਾ ਹੈ ਤੇ ਪੰਜਾਬ ਦੀ ਬਿਹਤਰੀ ਲਈ ਸ਼ਹੀਦ ਸੁਖਦੇਵ ਦਾ ਪਰਿਵਾਰ ਮਨਪ੍ਰੀਤ ਦਾ ਸਾਥ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਹਰ ਖੇਤਰ 'ਚ ਪੱਛੜ ਚੁੱਕਿਆ ਹੈ ਤੇ ਜੇਕਰ ਇਸ ਦੀ ਵਾਗਡੋਰ ਇਮਾਨਦਾਰ ਨੇਤਾ ਦੇ ਹੱਥ 'ਚ ਨਾ ਆਈ ਤਾਂ ਇਸ ਦਾ ਭਵਿੱਖ ਹੋਰ ਕਾਲਾ ਦਿਖਾਈ ਦੇਵੇਗਾ।

ਇਸ ਮੌਕੇ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੋਈ ਹੈ ਕਿ ਇੰਨੇ ਵੱਡੇ ਪਰਿਵਾਰ ਦੇ ਮੈਂਬਰ ਨੇ ਪੰਜਾਬ ਦਾ ਦਰਦ ਸਮਝਦਿਆਂ ਉਨ੍ਹਾਂ ਨਾਲ ਚੱਲਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਾਗੋ ਪੰਜਾਬ ਯਾਤਰਾ ਨੂੰ ਪੰਜਾਬ ਦੇ ਹਰ ਕੋਨੇ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਅਸਲ ਮੁੱਦਿਆਂ ਤੋਂ ਜਾਗਰੂਕ ਹੋ ਰਹੇ ਹਨ ਤੇ ਉਹ ਮਨਪ੍ਰੀਤ ਨੂੰ ਸੁਣਨ ਲਈ ਇਕੱਤਰ ਨਹੀਂ ਹੋ ਰਹੇ ਬਲਕਿ ਉਹ ਪੰਜਾਬ 'ਚ ਰਾਜਨੀਤਕ, ਆਰਥਿਕ ਤੇ ਸਮਾਜਿਕ ਸੁਧਾਰਾਂ ਲਈ ਅੱਗੇ ਆ ਰਹੇ ਹਨ।

# ਫ਼ਿਰੋਜ਼ਪੁਰ ਜੇਲ੍ਹ ਬਣੀ ਕਬਰਸਤਾਨ, ਮਹੀਨੇ ਅੰਦਰ 8ਵੇਂ ਕੈਦੀ ਦੀ ਮੌਤ

**ਫ਼ਿਰੋਜ਼ਪੁਰ:** ਕੇਂਦਰੀ ਜੇਲ੍ਹ ਫ਼ਿਰੋਜ਼ਪੁਰ 'ਚ ਇਕ ਮਹੀਨੇ ਦੌਰਾਨ 8ਵੇਂ ਕੈਦੀ ਦੀ ਮੌਤ ਹੋ ਜਾਣ ਕਾਰਨ ਜੇਲ੍ਹ ਦਾ ਅੰਦਰੂਨੀ ਮਾਹੌਲ ਬੇਹੱਦ ਚਿੰਤਾਜਨਕ ਹੋ ਚੁੱਕਾ ਹੈ। ਆਲ੍ਹਾ ਸੂਤਰਾਂ ਅਨੁਸਾਰ ਕਤਲ ਕੇਸ ਵਿਚ ਸਜ਼ਾ ਭੁਗਤ ਰਹੇ ਨਾਹਰ ਸਿੰਘ ਨਾਂ ਦੇ ਕੈਦੀ ਦੀ ਜੇਲ੍ਹ ਅੰਦਰ ਹੀ ਮੌਤ ਹੋ ਗਈ ਜੋ ਕਿ ਕੁਝ ਚਿਰ ਪਹਿਲਾਂ ਹੀ ਬਠਿੰਡਾ ਜੇਲ੍ਹ ਤੋਂ ਤਬਦੀਲ ਹੋ ਕੇ ਆਇਆ ਸੀ। ਪਤਾ ਲੱਗਾ ਹੈ ਕਿ ਕੈਦੀ ਨਾਹਰ ਸਿੰਘ ਦੀ ਮੌਤ ਉਪਰੰਤ ਕੈਦੀਆਂ ਨੇ ਜੇਲ੍ਹ ਅੰਦਰ ਹੀ ਹੰਗਾਮਾ ਖੜ੍ਹਾ ਕਰ ਦਿੱਤਾ ਤੇ ਲਗਾਤਾਰ ਹੋ ਰਹੀਆਂ ਮੌਤਾਂ ਨੂੰ ਲੈ ਕੇ ਜੇਲ੍ਹ ਪ੍ਰਸ਼ਾਸਨ ਖਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਮੰਗ ਕੀਤੀ ਕਿ ਜੇਲ੍ਹ ਅੰਦਰ ਗ਼ੈਰ-ਕੁਦਰਤੀ ਮੌਤਾਂ ਦੀ ਅਦਾਲਤੀ ਜਾਂਚ ਕਰਵਾਈ ਜਾਵੇ। ਕੈਦੀਆਂ ਦਾ ਕਹਿਣਾ ਹੈ ਕਿ ਜੇਲ੍ਹਾਂ ਦੀ ਦੁਰਦਸ਼ਾ ਬਾਰੇ ਅਧਿਐਨ ਕਮੇਟੀ ਵੱਲੋਂ ਪੰਜਾਬ ਤੇ ਹਾਈ ਕੋਰਟ ਤੋਂ ਇਲਾਵਾ ਸੂਬਾ ਸਰਕਾਰ ਨੂੰ ਰਿਪੋਰਟ ਸੌਂਪੀ ਜਾ ਚੁੱਕੀ ਹੈ ਤੇ ਫਿਰ ਵੀ ਕੇਂਦਰੀ ਜੇਲ੍ਹ ਅੰਦਰ ਕੈਦੀਆਂ ਦੀਆਂ ਹੋ ਰਹੀਆਂ ਮੌਤਾਂ ਗੰਭੀਰ ਚਿੰਤਾ ਦਾ ਵਿਸ਼ਾ ਹੈ। ਜੇਲ੍ਹ ਪ੍ਰਸ਼ਾਸਨ ਅਨੁਸਾਰ ਉਕਤ ਕੈਦੀ ਦੀ ਮੌਤ ਖੁਦਕੁਸ਼ੀ ਕਰਨ ਨਾਲ ਹੋਈ ਦੱਸੀ ਜਾ ਰਹੀ ਹੈ ਜਦਕਿ ਕੈਦੀ ਜੇਲ੍ਹ ਅਧਿਕਾਰੀਆਂ ਦੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ। ਮ੍ਰਿਤਕ ਕੈਦੀ ਤੇ ਉਸ ਦਾ ਪਿਤਾ ਸੁਦਾਗਰ ਸਿੰਘ ਦੋਵੇਂ ਹੀ ਕਤਲ ਦੇ ਮੁਕੱਦਮੇ ਵਿਚ ਸਜ਼ਾ ਤਹਿਤ ਜੇਲ੍ਹ 'ਚ ਹਨ।

ਕੇਂਦਰੀ ਜੇਲ੍ਹ ਫ਼ਿਰੋਜ਼ਪੁਰ 'ਚ ਇਕ ਹੋਰ ਕੈਦੀ ਦੀ ਮੌਤ ਹੋ ਜਾਣ ਨਾਲ ਪਿਛਲੇ 40 ਦਿਨਾਂ 'ਚ ਮਰਨ ਵਾਲੇ ਕੈਦੀਆਂ ਤੇ ਹਵਾਲਾਤੀਆਂ ਦੀ ਗਿਣਤੀ ਅੱਠ ਹੋ ਗਈ ਹੈ। ਹਵਾਲਾਤੀ ਤਰਸੇਮ ਸਿੰਘ (30) ਪੁੱਤਰ ਹਰਬੰਸ ਸਿੰਘ ਵਾਸੀ ਵਸਤੀ ਭੱਟੀਆਂ ਜ਼ਿਲ੍ਹਾ ਮੁਕਤਸਰ ਕੇਂਦਰੀ ਫ਼ਿਰੋਜ਼ਪੁਰ ਜੇਲ੍ਹ 'ਚ ਬੰਦ ਸੀ।

# ਜਲੰਧਰ ਦੀਆਂ ਪੰਜ ਕੁੜੀਆਂ ਬਣੀਆਂ ਜੱਜ

ਜਲੰਧਰ-ਜਲੰਧਰ ਦੀਆਂ ਪੰਜ ਕੁੜੀਆਂ ਨੇ ਜੱਜ ਬਣ ਕੇ ਰਿਕਾਰਡ ਕਾਇਮ ਕਰ ਦਿੱਤਾ ਹੈ। ਪੰਜਾਬ ਸਿਵਲ ਸਰਵਿਸਿਜ਼ (ਜੁਡੀਸ਼ੀਅਲ) ਦੇ ਐਲਾਨੇ ਨਤੀਜਿਆਂ ਵਿਚ ਜਲੰਧਰ ਸ਼ਹਿਰ ਦੀਆਂ ਪੰਜ ਕੁੜੀਆਂ ਨੇ ਇਹ ਟੈਸਟ ਪਾਸ ਕਰਕੇ ਸ਼ਹਿਰ ਦਾ ਮਾਣ ਵਧਾਇਆ ਹੈ। ਇਹ ਪ੍ਰੀਖਿਆ ਪਾਸ ਕਰਨ ਵਾਲੀਆਂ ਕੁੜੀਆਂ ਵਿਚ ਅਰਬਨ ਅਸਟੇਟ ਫੇਸ-1 ਤੋਂ ਕਿਰਨ ਜੋਤੀ ਪੁੱਤਰੀ ਮੋਹਨ ਲਾਲ ਫਿਰੋਜ਼ੀਆ, ਲਾਜਪਤ ਨਗਰ ਤੋਂ ਗੁਰਪ੍ਰੀਤ ਕੌਰ ਮਠਾਰੂ ਪਤਨੀ ਜਤਿੰਦਰਪਾਲ ਸਿੰਘ, ਸੈਂਟਰਲ ਟਾਊਨ ਵਾਸੀ ਸੁਮਨ ਅਗਨੀਹੋਤਰੀ ਪੁੱਤਰੀ ਜੀ.ਕੇ. ਅਗਨੀਹੋਤਰੀ, ਗੋਲਡਨ ਐਵੇਨਿਊ ਤੋਂ ਰਾਧਿਕਾ ਪੁਰੀ ਪੁੱਤਰੀ ਨਿਰੰਕਾਰ ਪੁਰੀ ਤੇ ਰਮਨੀਤ ਕੌਰ ਪੁੱਤਰੀ ਗੁਰਮੀਤ ਸਿੰਘ ਸ਼ਾਮਲ ਹਨ।

# ਹਵਾਈ ਅੱਡਿਆਂ 'ਤੇ ਪੱਗਾਂ ਦੀ ਤਲਾਸ਼ੀ ਲੈਣ ਵਿਰੁੱਧ ਰੋਸ ਮੁਜ਼ਾਹਰਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਦੇ ਹਵਾਈ ਅੱਡਿਆਂ 'ਤੇ ਤਲਾਸ਼ੀ ਲੈਣ ਲਈ ਬਣਾਏ ਗਏ ਨਵੇਂ ਨਿਯਮਾਂ ਤਹਿਤ ਸਿੱਖਾਂ ਦੀ ਦਸਤਾਰ ਲਹਾਉਣ ਵਿਰੁੱਧ ਸ਼੍ਰੋਮਣੀ ਕਮੇਟੀ ਸਿੱਖ ਜਥੇਬੰਦੀਆਂ ਵੱਲੋਂ ਦਿੱਲੀ ਸਥਿਤ ਅਮਰੀਕਾ ਦੇ ਸਫਾਰਤਖਾਨੇ ਦੇ ਨੇੜੇ ਰੋਸ ਧਰਨਾ ਦਿੱਤਾ ਗਿਆ। ਅਮਰੀਕੀ ਸਫਾਰਤਖਾਨੇ ਦੇ ਅਧਿਕਾਰੀਆਂ ਨੂੰ ਇਸ ਬਾਰੇ ਮੰਗ ਪੱਤਰ ਦੇ ਕੇ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਤਲਾਸ਼ੀ ਦੌਰਾਨ ਦਸਤਾਰ ਦਾ ਨਿਰਾਦਰ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਜਦੋਂ ਤੱਕ ਇਸ ਮਾਮਲੇ 'ਚ ਨਿਆਂ ਨਹੀਂ ਮਿਲਦਾ ਕਿਸੇ ਨਾ ਕਿਸੇ ਰੂਪ 'ਚ ਰੋਸ ਪ੍ਰਗਟਾਵਾ ਕਰਨ ਦਾ ਸਿਲਸਿਲਾ ਜਾਰੀ ਰਹੇਗਾ।

ਰੋਸ ਧਰਨੇ ਤੋਂ ਪਹਿਲਾਂ ਗੁਰਦੁਆਰਾ ਰਕਾਬਗੰਜ ਵਿਖੇ ਅਰਦਾਸ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਿੱਖ ਸੰਗਤਾਂ ਨੂੰ ਸ਼ਾਂਤਮਈ ਢੰਗ ਨਾਲ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਰੋਸ ਧਰਨਾ ਦੇਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸੰਗਤਾਂ ਨੂੰ ਸਿਆਸੀ ਨਾਅਰੇ ਲਾਉਣ ਤੋਂ ਵੀ ਗੁਰੇਜ਼ ਕਰਨ ਲਈ ਕਿਹਾ। ਧਰਨੇ ਲਈ ਰਵਾਨਾ ਹੋਈਆਂ ਸਿੱਖ ਸੰਗਤਾਂ ਨੂੰ ਅਮਰੀਕੀ ਦੂਤਾਵਾਸ ਤੋਂ ਪਹਿਲਾਂ ਹੀ ਨਹਿਰੂ ਤਾਰਾ ਮੰਡਲ ਨੇੜੇ ਪੁਲੀਸ ਨੇ ਰੋਕਾਂ ਲਾ ਕੇ ਰੋਕ ਲਿਆ। ਸਿੱਖ ਸੰਗਤਾਂ ਇਥੇ ਹੀ ਸੜਕ 'ਤੇ ਧਰਨਾ ਦੇਣ ਲਈ ਬੈਠ ਗਈਆਂ। ਇਹ ਕਾਰਵਾਈ ਇਕ ਘੰਟੇ ਤੋਂ ਵਧੇਰੇ ਸਮੇਂ ਲਈ ਜਾਰੀ ਰਹੀ। ਧਰਨੇ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿਚ ਤਖ਼ਤੀਆਂ ਫੜੀਆਂ ਹੋਈਆਂ ਸਨ ਜਿਸ ਉਪਰ 'ਦਸਤਾਰ ਸਿੱਖੀ ਦੀ ਸ਼ਾਨ ਹੈ' ਲਿਖਿਆ ਹੋਇਆ ਸੀ। ਮਗਰੋਂ ਇਕ 11 ਮੈਂਬਰੀ ਵਫ਼ਦ ਨੇ ਅਮਰੀਕੀ ਸਫਾਰਤਖਾਨੇ ਦੇ ਬਾਹਰ ਇਸ ਦੇ ਅਧਿਕਾਰੀਆਂ ਨੂੰ ਸਿੱਖ ਮੰਗਾਂ ਬਾਰੇ ਮੰਗ ਪੱਤਰ ਸੌਂਪਿਆ। ਇਸ ਵਫ਼ਦ ਵਿਚ ਜਥੇਦਾਰ ਅਵਤਾਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ. ਕੇਵਲ ਸਿੰਘ ਬਾਦਲ, ਸ. ਰਜਿੰਦਰ ਸਿੰਘ ਮਹਿਤਾ, ਸ. ਕਰਨੈਲ ਸਿੰਘ ਪੰਜੋਲੀ, ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਬਾਬਾ ਅਵਤਾਰ ਸਿੰਘ, ਸ. ਰਾਮਪਾਲ ਸਿੰਘ ਬੈਨੀਪਾਲ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਸ. ਨਿਰਮਲ ਸਿੰਘ ਜੌਹਲਾਂ ਕਲਾਂ, ਸ. ਮਨਜੀਤ ਸਿੰਘ, ਸ. ਪਰਮਜੀਤ ਸਿੰਘ ਚੰਡੋਕ ਸ਼ਾਮਲ ਸਨ।



ਨਵੀਂ ਦਿੱਲੀ ਵਿਖੇ ਸਿੱਖ ਆਗੂ ਰੋਸ ਵਿਖਾਵਾ ਕਰਦੇ ਹੋਏ

ਇਸ ਮੌਕੇ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਦਸਤਾਰ ਸਿੱਖ ਪਹਿਰਾਵੇ ਦਾ ਅਨਿੱਖੜਵਾਂ ਅੰਗ ਹੈ। ਉਨ੍ਹਾਂ ਕਿਹਾ ਕਿ ਹਵਾਈ ਸਫਰ ਦੌਰਾਨ ਮਨੁੱਖਤਾ ਦੀ ਸੁਰੱਖਿਆ ਲਈ ਜਿਥੇ ਜਾਂਚ ਜ਼ਰੂਰੀ ਹੈ ਉਥੇ ਅਜੋਕੇ ਯੁੱਗ ਵਿਚ ਜਾਂਚ ਲਈ ਆਧੁਨਿਕ ਸਾਧਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਹਵਾਈ ਅੱਡਿਆਂ 'ਤੇ ਅਜਿਹੇ ਆਧੁਨਿਕ ਉਪਕਰਣ ਮੌਜੂਦ ਹਨ ਜਿਨ੍ਹਾਂ ਨਾਲ ਜਾਂਚ ਕਰਦੇ ਸਮੇਂ ਦਸਤਾਰ ਨੂੰ ਹੱਥ ਲਾਉਣ ਜਾਂ ਉਤਾਰਨ ਦੀ ਲੋੜ ਨਹੀਂ ਹੁੰਦੀ।

ਉਨ੍ਹਾਂ ਕਿਹਾ ਕਿ ਅਮਰੀਕੀ ਅਧਿਕਾਰੀ ਦਸਤਾਰ ਦੀ ਜਬਰੀ ਤਲਾਸ਼ੀ ਲੈਣ ਦੀ ਥਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਇਸ ਦਾ ਸਨਮਾਨ ਕਰਨ। ਉਨ੍ਹਾਂ ਕਿਹਾ ਕਿ ਅਮਰੀਕੀ ਸਰਕਾਰ ਵੀ ਆਪਣੇ ਅਧਿਕਾਰੀਆਂ ਨੂੰ ਸਿੱਖ ਧਰਮ 'ਚ ਦਸਤਾਰ ਦੀ ਮਹੱਤਤਾ ਬਾਰੇ ਜਾਣੂ ਕਰਵਾਏ। ਮੰਗ ਪੱਤਰ ਵਿਚ ਉਨ੍ਹਾਂ ਅਮਰੀਕੀ ਸਰਕਾਰ ਨੂੰ ਕਿਹਾ ਕਿ ਅਮਰੀਕਾ ਵਿਚ ਵਸਦੇ ਸਿੱਖ ਭਾਈਚਾਰੇ ਨੇ ਉਥੋਂ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ ਤੇ ਸਿੱਖ ਭਾਈਚਾਰਾ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ।

## ਭਾਰਤੀ ਵਿਦਿਆਰਥੀ ਸਬੰਧੀ ਦੋ ਖ਼ਿਲਾਫ਼ ਕੇਸ ਦਰਜ

**ਹਿਊਸਟਨ:** ਪਲਿਸ ਨੇ ਕ੍ਰਿਸਮਸ ਵਾਲੇ ਦਿਨ ਲੁੱਟ-ਖੋਹ ਦੀ ਘਟਨਾ ਦੌਰਾਨ ਗੋਲੀ ਚੱਲਣ ਕਾਰਨ 22 ਸਾਲਾ ਭਾਰਤੀ ਵਿਦਿਆਰਥੀ ਦੇ ਮਾਰੇ ਜਾਣ ਬਾਰੇ ਦੋ ਵਿਅਕਤੀਆਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕੀਤਾ ਹੈ। ਟੈਕਸਸ ਦੇ ਅਸਾਡੇਨਾ ਕਨਵੀਨੀਐਂਸ ਸਟੋਰ ਵਿਚ ਮਹਿਜ਼ 20 ਸਕਿੰਟਾਂ ਵਿਚ ਵਾਪਰੀ ਇਸ ਲੁੱਟ-ਖੋਹ ਦੀ ਘਟਨਾ ਦੌਰਾਨ ਭਾਰਤੀ ਵਿਦਿਆਰਥੀ ਜੈਚੰਦਰ ਇਲਾਪਰੋਲੂ ਦੀ ਮੌਤ ਹੋ ਗਈ ਸੀ ਜੋ ਇਕ ਕੰਪਿਊਟਰ ਇੰਜੀਨੀਅਰ ਸੀ ਤੇ ਸਟੋਰ ਵਿਚ ਕਲਰਕ ਵਜੋਂ ਨੌਕਰੀ ਕਰਦਾ ਸੀ।

ਇਸ ਸਬੰਧੀ ਪੁਲੀਸ ਨੇ 22 ਸਾਲਾ ਡੇਨੀਅਲ ਜੈਕਬ ਸਟਾਈਨਰ ਤੇ 29 ਸਾਲਾ ਰੇਅ ਮੋਰਿਸ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਹ ਦੋਵੇਂ ਮੁਲਜ਼ਮ ਪਾਸਾਡੇਨਾ ਨਾਲ ਸਬੰਧਤ ਹਨ। ਮ੍ਰਿਤਕ ਇਲਾਪਰੋਲੂ ਦੇ ਇਕ ਰਿਸ਼ਤੇਦਾਰ ਨੇ ਦੱਸਿਆ ਕਿ ਉਹ ਸ਼ਹਿਰ ਦੇ ਸੀਅਬਰੂਕ ਖੇਤਰ ਵਿਚ ਰਹਿੰਦਾ ਸੀ ਤੇ ਹਿਊਸਟਨ -ਕਲੀਅਰਲੇਕ ਯੂਨੀਵਰਸਿਟੀ ਵਿਚ ਕੰਪਿਊਟਰ ਇੰਜੀਨੀਅਰ ਦੀ ਮਾਸਟਰ ਡਿਗਰੀ ਕਰ ਰਿਹਾ ਸੀ।

ਸਟਾਈਨਰ ਨੇ ਪੁਲੀਸ ਕੋਲ ਆਤਮ-ਸਮਰਪਣ ਕਰ ਦਿੱਤਾ ਹੈ ਤੇ ਵਾਅਦਾ ਕੀਤਾ ਹੈ ਕਿ ਉਹ ਉਸ ਮੁਖੌਟੇ ਦੀ ਬਰਾਮਦਗੀ ਵਿਚ ਮਦਦ ਕਰੇਗਾ ਜਿਹੜਾ ਇਸ ਹਿੰਸਕ ਲੁੱਟ ਦੀ ਘਟਨਾ ਵਿਚ ਵਰਤਿਆ ਗਿਆ ਸੀ। ਉਸ ਨੇ ਚੁਰਾਏ ਗਏ 400 ਡਾਲਰ ਵੀ ਵਾਪਸ ਦਿਵਾਉਣ ਦਾ ਭਰੋਸਾ ਦਿੱਤਾ ਹੈ। ਪੁਲੀਸ ਦੇ ਹਵਾਲੇ ਨਾਲ ਰੋਜ਼ਨਾਮਾ 'ਹਿਊਸਟਨ ਕਰੌਨੀਕਲ' ਨੇ ਲਿਖਿਆ ਹੈ ਕਿ ਸਟਾਈਨਰ ਨੇ ਗੋਲੀ ਡਰ ਕਾਰਨ ਚਲਾਈ ਸੀ। ਦੂਜੇ ਪਾਸੇ ਮੋਰਿਸ ਦਾ ਦਾਅਵਾ ਹੈ ਕਿ ਉਹ ਬੇਕਸੂਰ ਹੈ ਤੇ ਤੜਕੇ 2.30 ਵਜੇ ਜਦੋਂ ਸਟੋਰ ਵਿਚ ਇਹ ਲੁੱਟ-ਖੋਹ ਹੋਈ ਉਦੋਂ ਉਹ ਤਾਂ ਇਕ ਗਾਹਕ ਵਜੋਂ ਸਟੋਰ ਵਿਚ ਗਿਆ ਸੀ। ਦੂਜੇ ਪਾਸੇ ਪੁਲੀਸ ਦਾ ਕਹਿਣਾ ਹੈ ਕਿ ਉਹ ਇਕ ਸੂਹੀਏ ਵਜੋਂ ਕੰਮ ਕਰ ਰਿਹਾ ਸੀ ਤੇ ਸਟੋਰ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਉਹ ਦੋ ਵਾਰ ਸਟੋਰ ਦੇ ਅੰਦਰ ਗਿਆ। ਉਹ ਸਟਾਈਨਰ ਦਾ ਦੋਸਤ ਵੀ ਦੱਸਿਆ ਜਾਂਦਾ ਹੈ ਜੋ ਪਹਿਲਾਂ ਕੁਝ ਖਰੀਦਣ ਤੇ ਫੇਰ ਦੂਜੀ ਵਾਰ ਇਲਾਪਰੋਲੂ ਤੋਂ ਖੁੱਲ੍ਹੇ ਪੈਸੇ ਲੈਣ ਸਟੋਰ ਵਿਚ ਗਿਆ ਸੀ।

# ਸੰਜੈ ਦੱਤ ਦਾ ਘਰ ਤੇ ਦਫ਼ਤਰ ਕੁਰਕ ਕਰਨ ਦੇ ਹੁਕਮ

**ਮੁੰਬਈ:** ਫ਼ਿਲਮ ਨਿਰਮਾਤਾ ਸ਼ਕੀਲ ਨੂਰਾਨੀ ਦੀ ਫ਼ਿਲਮ 'ਜਾਨ ਕੀ ਬਾਜ਼ੀ' ਵਿਚ ਕੰਮ ਕਰਨ ਲਈ ਲਿਖਤੀ ਸਮਝੌਤਾ ਹੋਣ ਦੇ ਬਾਵਜੂਦ ਅਦਾਕਾਰ ਸੰਜੈ ਦੱਤ ਵੱਲੋਂ ਕੰਮ ਕਰਨ ਤੋਂ ਨਾਂਹ ਕਰਨ ਦੇ ਮਾਮਲੇ ਵਿਚ ਬੰਬਈ ਹਾਈ ਕੋਰਟ ਨੇ ਸੰਜੈ ਦੱਤ ਦਾ ਘਰ ਤੇ ਦਫ਼ਤਰ ਕੁਰਕ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਹਨ।

ਅਧਿਕਾਰੀਆਂ ਨੇ 28 ਦਸੰਬਰ ਨੂੰ ਸੰਜੈ ਦੱਤ ਦੇ ਘਰ ਦੀ ਦੀਵਾਰ 'ਤੇ ਨੋਟਿਸ ਚਿਪਕਾ ਦਿੱਤਾ ਹੈ ਜਦੋਂਕਿ ਉਸ ਸਮੇਂ ਤੱਕ ਦਫ਼ਤਰ ਬੰਦ ਹੋਣ ਕਾਰਨ ਉੱਥੇ ਅਜਿਹੀ ਕਾਰਵਾਈ ਭਲ੍ਹਕੇ ਕੀਤੀ ਜਾਏਗੀ। ਅਦਾਲਤ ਨੇ ਇਹ ਫੈਸਲਾ 'ਇੰਡੀਅਨ ਮੋਸ਼ਨ ਪਿਕਚਰਜ਼ ਪ੍ਰੋਡਿਊਸਰਜ਼ ਐਸੋਸੀਏਸ਼ਨ' ਵੱਲੋਂ ਨਿਯੁਕਤ ਸਾਲਸ ਵੱਲੋਂ ਇਸ ਸਾਲ ਜਨਵਰੀ ਵਿਚ ਦਿੱਤੇ ਫੈਸਲੇ ਨੂੰ ਆਧਾਰ ਬਣਾ ਕੇ ਲਿਆ ਹੈ। ਸੰਜੈ ਦੱਤ ਨੇ ਸਾਲਸ ਦਾ ਫੈਸਲਾ ਨਹੀਂ ਮੰਨਿਆ ਸੀ ਜਿਸ ਕਾਰਨ ਫ਼ਿਲਮ ਨਿਰਮਾਤਾ ਨੂੰ ਹਾਈ ਕੋਰਟ ਜਾਣਾ ਪਿਆ।

ਨਿਰਮਾਤਾ ਸ਼ਕੀਲ ਨੂਰਾਨੀ ਨੇ ਦੱਸਿਆ ਕਿ ਉਸ ਦੀ ਪਹਿਲੀ ਫ਼ਿਲਮ 'ਜ਼ੋਰੂ ਕਾ ਗੁਲਾਮ' ਬਹੁਤ ਹਿੱਟ ਹੋਈ ਸੀ। ਉਸ ਨੇ ਉਸ ਤੋਂ ਬਾਅਦ ਅਗਲੀ



ਫ਼ਿਲਮ 2002 ਵਿੱਚ 'ਜਾਨ ਕੀ ਬਾਜ਼ੀ' 'ਚ ਸੰਜੈ ਦੱਤ ਨੂੰ ਸਾਈਨ ਕੀਤਾ ਤੇ ਪੰਜਾਹ ਲੱਖ ਰੁਪਏ ਅਦਾ ਵੀ ਕਰ ਦਿੱਤੇ ਪਰ ਸੰਜੈ ਦੱਤ ਨੇ ਫ਼ਿਲਮ ਬਣਨ ਦੌਰਾਨ ਕੰਮ ਕਰਨ ਤੋਂ ਨਾਂਹ ਕਰ ਦਿੱਤੀ ਤੇ ਵਾਰ-ਵਾਰ ਸ਼ੂਟਿੰਗ ਲਈ ਤਰੀਕਾਂ ਮੰਗਣ 'ਤੇ ਹੁੰਗਾਰਾ ਨਹੀਂ ਭਰਿਆ। ਸ੍ਰੀ ਨੂਰਾਨੀ ਅਨੁਸਾਰ ਅੱਠ ਸਾਲਾਂ ਵਿਚ ਉਸ ਦਾ ਘਰ ਵਿੱਤੀ ਤੌਰ 'ਤੇ ਤਬਾਹ ਹੋ ਗਿਆ ਤੇ ਬੱਚੇ ਪੜ੍ਹ ਨਹੀਂ ਸਕੇ। ਉਹ ਕਹਿ ਰਿਹਾ ਸੀ ਕਿ ਉਸ ਦੇ ਖਰਾਬ ਹੋਏ ਅੱਠ ਸਾਲ ਕੌਣ ਵਾਪਸ ਕਰ ਸਕਦਾ ਹੈ ਤੇ ਬੱਚਿਆਂ ਦੇ ਖਰਾਬ ਹੋਏ ਭਵਿੱਖ ਦੀ ਕਦੇ ਵੀ ਪੂਰਤੀ ਨਹੀਂ ਹੋ ਸਕਦੀ।

ਸ੍ਰੀ ਨੂਰਾਨੀ ਦੇ ਵਕੀਲ ਅਸ਼ੋਕ ਸਰੋਗੀ ਨੇ ਕਿਹਾ, "ਸੰਜੈ ਦੱਤ ਦੋ ਕਰੋੜ ਤਿੰਨ ਲੱਖ ਰੁਪਏ ਤੀਹ ਦਿਨਾਂ ਵਿਚ ਅਦਾ ਕਰ ਸਕਦੇ ਹਨ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਘਰ ਤੇ ਦਫ਼ਤਰ ਨਿਲਾਮ ਕਰ ਦਿੱਤੇ ਜਾਣਗੇ।" ਉਧਰ ਸੰਜੈ ਦੱਤ ਦੇ ਵਕੀਲ ਸਤੀਸ਼ ਮਨਸ਼ਿੰਦੇ ਨੇ ਦੱਸਿਆ ਕਿ ਪਹਿਲਾਂ ਹਾਈ ਕੋਰਟ ਦੇ ਹੁਕਮ ਦਾ ਅਧਿਐਨ ਕੀਤਾ ਜਾਏਗਾ ਤੇ ਫਿਰ ਹੀ ਅਗਲਾ ਫੈਸਲਾ ਲਿਆ ਜਾਏਗਾ।

# ਅਮਰੀਕੀ ਸੁਨੇਹੇ ਦੀ 147 ਵਰ੍ਹਿਆਂ ਬਾਅਦ ਸਮਝ ਆਈ

**ਵਾਸ਼ਿੰਗਟਨ:** ਅਮਰੀਕੀ ਖ਼ਾਨਾਜੰਗੀ ਦੌਰਾਨ ਕੋਡ ਭਾਸ਼ਾ ਵਿਚ ਭੇਜੇ ਗਏ ਗੁਪਤ ਸੁਨੇਹੇ ਨੂੰ ਮਾਹਰਾਂ ਨੇ 147 ਸਾਲਾਂ ਬਾਅਦ ਡੀਕੋਡ ਕਰਨ (ਸਮਝਣ) ਵਿਚ ਸਫ਼ਲਤਾ ਹਾਸਲ ਕੀਤੀ ਹੈ। ਕੱਚ ਦੀ ਬੋਤਲ ਵਿਚ ਬੰਦ ਇਹ ਸੁਨੇਹਾ ਵਿਕਸਬਰਗ ਦੀ ਸੀਜ (ਘੇਰਾਬੰਦੀ) ਦੌਰਾਨ ਇਕ ਸਾਥੀ ਜਨਰਲ ਨੂੰ ਭੇਜਿਆ ਗਿਆ ਸੀ। ਵਿਕਸਬਰਗ ਦੀ ਇਹ ਘੇਰਾਬੰਦੀ ਅਮਰੀਕਾ ਦੇ ਉਤਰੀ ਤੇ ਦੱਖਣੀ ਰਾਜਾਂ ਦਰਮਿਆਨ ਗ਼ੁਲਾਮੀ ਪ੍ਰਥਾ ਨੂੰ ਲੈ ਕੇ ਹੋਈ ਇਹ ਖ਼ਾਨਾਜੰਗੀ ਦੌਰਾਨ ਬਹੁਤ ਅਹਿਮ ਸਾਬਤ ਹੋਈ ਸੀ।

ਇਹ ਸੁਨੇਹਾ ਲੈਫਟੀਨੈਂਟ ਜਨਰਲ ਜੌਹਨ ਸੀ. ਪੈਬਰਟਨ ਨੂੰ ਭੇਜਿਆ ਗਿਆ ਸੀ ਜਿਨ੍ਹਾਂ ਨੂੰ ਉਲੀਸੇਸ ਐਸ. ਗਰਾਂਟ ਦੀ ਅਗਵਾਈ ਵਾਲੀਆਂ ਯੂਨੀਅਨ ਫੌਜਾਂ ਵੱਲੋਂ ਮਿਸੀਸਿੱਪੀ ਵਿਚ ਘੇਰ ਲਿਆ ਗਿਆ ਸੀ। ਇਸ ਘੇਰਾਬੰਦੀ ਦੇ ਛੇ ਹਫ਼ਤਿਆਂ ਬਾਅਦ ਹੀ ਵਿਕਸਬਰਗ ਦੇ ਲੋਕਾਂ ਨੂੰ ਖਾਣ-ਪੀਣ ਵਾਲੀਆਂ ਵਸਤਾਂ ਦੀ ਥੁੜ ਕਾਰਨ ਬਿੱਲੀਆਂ, ਕੁੱਤੇ ਤੇ ਚਮੜਾ ਆਦਿ ਖਾਣ ਲਈ ਮਜਬੂਰ ਹੋਣਾ ਪਿਆ ਸੀ।

ਰੋਜ਼ਨਾਮਾ 'ਡੇਲੀ ਟੈਲੀਗ੍ਰਾਫ਼' ਮੁਤਾਬਕ ਇਹ ਸੁਨੇਹਾ 4 ਜੁਲਾਈ 1863 ਨੂੰ ਭੇਜਿਆ ਗਿਆ ਸੀ ਜਿਸ ਦਿਨ ਜਨਰਲ ਪੈਬਰਟਨ ਨੇ ਆਖ਼ਰ ਹਥਿਆਰ ਸੁੱਟ ਦਿੱਤੇ ਸਨ। ਉਂਜ ਛੇ ਸਤਰਾਂ ਦਾ ਇਹ ਸੁਨੇਹਾ ਵੀ ਉਨ੍ਹਾਂ ਨੂੰ ਕੋਈ ਹੌਸਲਾ ਦੇਣ ਵਾਲਾ ਨਹੀਂ ਸੀ ਕਿਉਂਕਿ ਇਸ ਵਿਚ ਕਿਹਾ ਗਿਆ ਸੀ, "ਤੁਸੀਂ ਦਰਿਆ ਵਾਲੇ ਪਾਸਿਉਂ ਕਿਸੇ ਸਹਾਇਤਾ ਦੀ ਉਮੀਦ ਨਾ ਰੱਖਣਾ।"

ਸਮਝਿਆ ਜਾਂਦਾ ਹੈ ਕਿ ਇਹ ਸੁਨੇਹਾ ਟੈਕਸਾਸ ਡਿਵੀਜ਼ਨ ਦੇ ਮੇਜਰ ਜਨਰਲ ਜੌਹਨ ਜੀ. ਵਾਲਕਰ ਨੇ ਭੇਜਿਆ ਸੀ। ਜਨਰਲ ਪੈਬਰਟਨ ਨੂੰ ਉਮੀਦ ਸੀ ਕਿ ਵਿਕਸਬਰਗ ਦੇ ਦੱਖਣ ਵਿਚੋਂ ਜਨਰਲ ਜੋਸਫ਼ ਈ. ਜੌਹਨਸਟਨ ਆਪਣੇ ਸਾਥੀ 32 ਹਜ਼ਾਰ ਫ਼ੌਜੀਆਂ ਸਮੇਤ ਉਨ੍ਹਾਂ ਦੀ ਮਦਦ ਲਈ ਆਉਣਗੇ ਪਰ ਇਸ ਸੁਨੇਹੇ ਵਿਚ ਸਾਫ਼ ਕਰ ਦਿੱਤਾ ਗਿਆ ਸੀ ਕਿ ਅਜਿਹਾ ਨਹੀਂ ਹੋਣ ਵਾਲਾ। ਇਸ ਬਾਰੇ ਕਾਨਫੈਡਰੇਸੀ ਦੇ ਮਿਊਜ਼ੀਅਮ ਦੀ ਮੈਨੇਜਰ ਕੈਥਰੀਨ ਰਾਈਟ ਨੇ ਕਿਹਾ, "ਉਸ ਨੂੰ ਦੱਸ ਦਿੱਤਾ ਗਿਆ ਸੀ ਕਿ ਅਸੀਂ ਤੁਹਾਡੀ ਮਦਦ ਨਹੀਂ ਕਰ ਸਕਦੇ। ਸਾਡੇ ਕੋਲ ਨਾ ਫ਼ੌਜਾਂ ਤੇ ਨਾ ਕੁਮਕ ਪੁੱਜਣ ਦੀ ਉਮੀਦ ਹੈ।"

*To Advertise with us call: 847-359-0746*

## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

Professional Sikh match for Parjapat Sikh girl, 30, 5'-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

### ਕੰਨਿਆ ਦੀ ਲੋੜ

Good looking, well educated USA settled family girl for Ramgharia Sikh cleanshave boy, 28, 5' 10", M.S from USA, Settled in Michigan, permanent job. Caste no bar. Contact: 425-773-9030, 425-307-1050 or email psingh03850@gmail.com.

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

INDO US EXPRESS, INC.
Worlwide Couriers * Freight Forwards
Domestic & Local Delivery
We Thank Our Customers For Their Trust & Loyalty
17 Years of Excellent Customer Service
FOR COMPETITIVE RATES CALL
1-800-870-5845
PICK-UP & DELIVERY
ANYWHERE IN USA
43-50, 11th St., Suite No. 109, LIC, New York, N.Y.11101
Tel: 212-447-5720 • Fax: 212-213-3622
www.indousexpress.com
Email: GSingh9070@aol.com • Cell: 1-347-538-7041
7 Days A Week
CALL ABOUT OUR SPECIAL RATES TO
INDIA

ਓਨਰ ਅਪਰੇਟਰ ਅਤੇ ਡਰਾਈਵਰ
ਚਾਹੀਦੇ ਹਨ
ਰੀਫਰ ਅਤੇ ਡਰਾਈ ਲੋਡ
*Fuel advance
*We pay every 15 days (after complete paper work). Every 1st & 15 of month.
*We pay for toll and help for repair on road
*No forced dispatch
ਸਾਡੇ ਕੋਲ ਮਿਡਵੈਸਟ ਤੋਂ ਕੈਲੀਫੋਰਨੀਆ, ਮਿਡਵੈਸਟ ਤੋਂ ਟੈਕਸਸ, ਮਿਡਵੈਸਟ ਤੋਂ ਨਾਰਥ-ਈਸਟ, ਨਾਰਥ-ਈਸਟ ਤੋਂ ਕੈਲੀਫੋਰਨੀਆ ਰੂਟ ਹਨ
ਸੰਪਰਕ ਕਰੋ-ਫੋਨ:317-702-6452
Somal Trucking Company
Novelsville, IN, Ph:317-702-6452

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**New York**
Iqbal S. Jabowalia
917-375-6395
**Circulation**
Harbhajan Singh
917-856-5229

**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

–ਸਪੈਕਟ੍ਰਮ ਘੁਟਾਲਾ–

# ਤਫ਼ਤੀਸ਼ ਦਾ ਦੌਰ ਜਾਰੀ, ਭਾਜਪਾ ਜੇ.ਪੀ.ਸੀ. ਲਈ ਦ੍ਰਿੜ੍ਹ

**ਨਵੀਂ ਦਿੱਲੀ:** 2-ਜੀ ਸਪੈਕਟ੍ਰਮ ਘੁਟਾਲੇ ਨੂੰ ਲੈ ਕੇ ਭਾਰਤ 'ਚ ਸਿਆਸੀ ਮਾਹੌਲ ਗਰਮ ਹੈ। ਜਿੱਥੇ ਕਾਂਗਰਸ ਨੇ ਦੋਸ਼ ਲਾਇਆ ਹੈ ਕਿ 2-ਜੀ ਸਪੈਕਟ੍ਰਮ ਘੁਟਾਲੇ ਬਾਰੇ ਸਾਂਝੀ ਪਾਰਲੀਮਾਨੀ ਕਮੇਟੀ ਦੀ ਮੰਗ ਪਿੱਛੇ ਭਾਜਪਾ ਨੇ ਸਰਦ ਰੁੱਤ ਸੈਸ਼ਨ ਵਿਚ ਅੜਿੱਕਾ ਪਾ ਕੇ ਸੰਸਦ ਦੇ ਮਾਣ-ਸਨਮਾਨ ਨੂੰ ਘਟਾਇਆ ਹੈ। ਉਥੇ ਭਾਜਪਾ ਨੇ ਕਿਹਾ ਹੈ ਕਿ ਸਿਰਫ਼ ਜੇ.ਪੀ.ਸੀ. ਹੀ ਜਵਾਬਦੇਹੀ ਤੇ ਪ੍ਰਸ਼ਾਸਨ ਯਕੀਨੀ ਬਣਾ ਸਕਦੀ ਹੈ। ਇਸ ਦੇ ਨਾਲ ਹੀ ਇਸ ਮਾਮਲੇ 'ਚ ਲਪੇਟੇ ਗਈ ਸਾਬਕਾ ਦੂਰ ਸੰਚਾਰ ਮੰਤਰੀ ਏ. ਰਾਜਾ ਤੇ ਕਾਰਪੋਰੇਟ ਲਾਬੀਕਾਰ ਨੀਰਾ ਰਾਡੀਆ ਸਣੇ ਹੋਰਾਂ ਤੋਂ ਤਫ਼ਤੀਸ਼ ਦਾ ਦੌਰ ਜਾਰੀ ਹੈ। ਉਧਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 2-ਜੀ ਸਪੈਕਟਰਮ ਘੁਟਾਲੇ ਦੀ ਜਾਂਚ ਕਰ ਰਹੀ ਲੋਕ ਲੇਖਾ ਕਮੇਟੀ (ਪੀ.ਏ.ਸੀ.) ਨੂੰ ਪੱਤਰ ਲਿਖ ਕੇ ਇਸ ਅੱਗੇ ਪੇਸ਼ ਹੋਣ ਦੀ ਪੇਸ਼ਕਸ਼ ਕੀਤੀ ਹੈ।

ਇਸ ਦੇ ਨਾਲ ਹੀ ਸਾਰਾ ਦੋਸ਼ ਭਾਜਪਾ ਸਿਰ ਮੜ੍ਹਦਿਆਂ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਜਨਾਰਦਨ ਦਿਵੇਦੀ ਕਿਹਾ ਕਿ ਸੰਸਦ ਦੀ ਕਾਰਵਾਈ ਵਿਚ ਅੜਿੱਕਾ ਪਾ ਕੇ ਮੁੱਖ ਵਿਰੋਧੀ ਧਿਰ ਭਾਜਪਾ ਬਹਿਸ ਤੋਂ ਵੀ ਭੱਜ ਗਈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲੋਕ ਲੇਖਾ ਕਮੇਟੀ ਅੱਗੇ ਸਾਰੇ ਤੱਥ ਰੱਖਣ ਦੀ ਪੇਸ਼ਕਸ਼ ਕੀਤੀ ਸੀ ਪਰ ਵਿਰੋਧੀ ਧਿਰ ਨੇ ਇਸ ਪੇਸ਼ਕਸ਼ ਨੂੰ ਵੀ ਅਣਗੌਲਿਆਂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਕੇਸ ਦੇ ਕਿਸੇ ਨਤੀਜੇ 'ਤੇ ਪੁੱਜਣ ਦੀ ਥਾਂ ਮਾਮਲੇ ਨੂੰ ਲੰਬੇ ਸਮੇਂ ਲਈ ਲਮਕਾਉਣਾ ਚਾਹੁੰਦੀ ਸੀ। ਉਨ੍ਹਾਂ ਕਿਹਾ ਕਿ ਜੁਆਇੰਟ ਪਾਰਲੀਮੈਂਟਰੀ ਕਮੇਟੀ (ਜੇ.ਪੀ.ਸੀ.) 'ਤੇ ਜਾਂਚ ਲਈ ਕੋਈ ਸਮਾਂ-ਸੀਮਾ ਨਿਰਧਾਰਤ ਨਹੀਂ ਜਦੋਂਕਿ ਪੈਕ (ਪਬਲਿਕ ਅਕਾਊਂਟਸ ਕਮੇਟੀ) ਦੀ ਜਾਂਚ ਲਈ ਸਮਾਂ ਨਿਸਚਿਤ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪ੍ਰਧਾਨ ਮੰਤਰੀ ਵੀ ਪੈਕ ਅੱਗੇ ਪੇਸ਼ ਹੋਣ ਦੀ ਇੱਛਾ ਪ੍ਰਗਟ ਕਰ ਚੁੱਕੇ ਹਨ ਪਰ ਭਾਜਪਾ ਨੇ ਬੇਕਦਰੀ ਦਾ ਪ੍ਰਗਟਾਵਾ ਕੀਤਾ ਹੈ।

ਇਸ ਦੌਰਾਨ ਭਾਜਪਾ ਨੇ ਆਪਣੇ ਆਗੂ ਤੇ ਪੀ.ਏ.ਸੀ. ਦੇ ਚੇਅਰਮੈਨ ਮੁਰਲੀ ਮਨੋਹਰ ਜੋਸ਼ੀ ਤੋਂ ਵੱਖਰਾ ਸਟੈਂਡ ਲੈਂਦਿਆਂ ਕਿਹਾ ਕਿ ਸਿਰਫ਼ ਜੇ.ਪੀ.ਸੀ. ਹੀ ਜਵਾਬਦੇਹੀ ਤੇ ਪ੍ਰਸ਼ਾਸਨ ਯਕੀਨੀ ਬਣਾ ਸਕਦੀ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਪੀ.ਏ.ਸੀ. ਦਾ ਦਾਇਰਾ ਜੇ.ਪੀ.ਸੀ. ਨਾਲੋਂ ਬਿਲਕੁਲ ਵੱਖਰਾ ਹੈ। ਪੈਕ ਖ਼ਾਤਿਆਂ ਨਾਲ ਸਬੰਧਤ ਹੈ ਤੇ ਜੇ.ਪੀ.ਸੀ. ਜਵਾਬਦੇਹੀ ਤੇ ਪ੍ਰਸ਼ਾਸਨ ਨਾਲ ਸਬੰਧਤ ਹੈ। ਇਸ ਦੌਰਾਨ ਸੁਸ਼ਮਾ ਸਵਰਾਜ ਨੇ ਦੱਸਿਆ ਕਿ ਭਾਜਪਾ ਲੋਕ ਸਭਾ ਸਪੀਕਰ ਮੀਰਾ ਕੁਮਾਰ ਵੱਲੋਂ ਬੁਲਾਈ ਜਾਣ ਵਾਲੀ ਸਰਬ-ਪਾਰਟੀ ਮੀਟਿੰਗ ਵਿਚ ਸ਼ਾਮਲ ਹੋਵੇਗੀ। ਮੀਰਾ ਕੁਮਾਰ ਲੋਕ ਸਭਾ ਵਿਚ ਆਈ ਖੜੋਤ ਨੂੰ ਤੋੜਨ ਲਈ ਸਰਬ-ਪਾਰਟੀ ਮੀਟਿੰਗ ਬੁਲਾ ਰਹੀ ਹੈ।

ਭਾਵੇਂ ਪਹਿਲਾਂ ਕਾਂਗਰਸ ਨੇ ਵੀ ਸਰਬ ਪਾਰਟੀ ਮੀਟਿੰਗ ਬੁਲਾਈ ਸੀ ਜਿਸ ਵਿਚ ਮਾਮਲਾ ਕਿਸੇ ਸਿਰੇ ਨਹੀਂ ਲੱਗਾ ਪਰ ਹੁਣ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਇਸ ਮਾਮਲੇ ਨੂੰ ਬਜਟ ਸੈਸ਼ਨ ਤੋਂ ਪਹਿਲਾਂ ਨਿਬੇੜਨ ਦੀ ਇਛੁੱਕ ਹੈ ਤਾਂ ਜੋ ਬਜਟ ਸੈਸ਼ਨ ਸਰਦ ਰੁੱਤ ਸੈਸ਼ਨ ਦੀ ਤਰ੍ਹਾਂ ਰੌਲੇ-ਰੱਪੇ ਵਿਚ ਨਾ ਲੰਘ ਜਾਵੇ।

ਇਸ ਦੇ ਨਾਲ ਹੀ ਭਾਜਪਾ ਨੇ ਸਪਸ਼ਟ ਕੀਤਾ ਹੈ ਕਿ ਆਪਣੀ ਪਹਿਲੀ ਮੰਗ 'ਤੇ ਕਾਇਮ ਹੈ ਕਿ 2 ਜੀ ਸਪੈਕਟ੍ਰਮ ਘੁਟਾਲੇ ਦੀ ਜਾਂਚ ਜੇ.ਪੀ.ਸੀ. ਤੋਂ ਕਰਵਾਈ ਜਾਵੇ। ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਇਸ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਪੀ.ਏ.ਸੀ. ਅੱਗੇ ਪੱਖ ਰੱਖਣ ਦੀ ਪੇਸ਼ਕਸ਼ ਸਬੰਧੀ ਕਿਹਾ ਕਿ ਪੀ.ਏ.ਸੀ. ਨੂੰ ਪ੍ਰਧਾਨ ਮੰਤਰੀ ਤਾਂ ਕੀ ਕਿਸੇ ਮੰਤਰੀ ਨੂੰ ਵੀ ਤਲਬ ਕਰਨ ਦਾ ਅਧਿਕਾਰ ਨਹੀਂ ਹੈ। ਸ੍ਰੀ ਮੁਰਲੀ ਮਨੋਹਰ ਜੋਸ਼ੀ ਵੱਲੋਂ 2-ਜੀ ਸਪੈਕਟ੍ਰਮ ਮਾਮਲੇ ਵਿਚ ਕੀਤੀ ਕਾਰਵਾਈ ਨੂੰ ਭਾਜਪਾ ਦੀ ਮੰਗ ਦੀ ਫੂਕ ਕੱਢਣ ਵਾਲੀ ਮੰਨ ਰਹੇ ਹਨ।

**ਰਾਜਾ ਤੋਂ ਪੁੱਛ-ਗਿੱਛ:** 2-ਜੀ ਸਪੈਕਟ੍ਰਮ ਘੁਟਾਲੇ ਬਾਰੇ ਸੀ.ਬੀ.ਆਈ. ਨੇ ਸਾਬਕਾ ਦੂਰ ਸੰਚਾਰ ਮੰਤਰੀ ਏ. ਰਾਜਾ ਤੋਂ ਲਗਾਤਾਰ ਦੋ ਦਿਨ ਪੁੱਛ-ਗਿੱਛ ਕੀਤੀ ਤੇ ਕਿਹਾ ਹੈ ਕਿ ਅਜੇ ਇਹ ਜਾਰੀ ਰਹੇਗੀ। ਸ੍ਰੀ ਰਾਜਾ ਸੀ.ਬੀ.ਆਈ. ਦੇ ਸੰਮਨ ਦੀ ਤਾਮੀਲ ਕਰਦਿਆਂ ਏਜੰਸੀ ਦੇ ਹੈੱਡਕੁਆਟਰ ਵਿਚ ਪੇਸ਼ ਹੋਇਆ। ਸ੍ਰੀ ਰਾਜਾ ਨੇ ਪਹਿਲਾਂ ਸੀ.ਬੀ.ਆਈ. ਅੱਗੇ ਪੇਸ਼ ਹੋਣ ਤੋਂ ਇਨਕਾਰ ਕੀਤਾ ਸੀ ਪਰ ਕੈਗ ਤੇ ਕੇਂਦਰੀ ਵਿਜੀਲੈਂਸ ਕਮਿਸ਼ਨ ਵੱਲੋਂ ਆਲੋਚਨਾ ਕਰਨ ਮਗਰੋਂ ਉਹ ਏਜੰਸੀ ਅੱਗੇ ਪੇਸ਼ ਹੋਇਆ। ਸੀ.ਬੀ.ਆਈ. ਸਿੰਗਾਪੁਰ ਸਣੇ ਘੱਟੋ-ਘੱਟ ਤਿੰਨ ਦੇਸ਼ਾਂ ਨੂੰ ਬੇਨਤੀ ਪੱਤਰ ਭੇਜੇਗੀ ਤਾਂ ਜੋ 2-ਜੀ ਸਪੈਕਟਰਮ ਘਪਲੇ ਵਿਚ ਵਿੱਤੀ ਤੱਥਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ ਕਿਉਂਕਿ ਜਾਂਚ ਏਜੰਸੀ ਦਾ ਦੋਸ਼ ਹੈ ਕਿ ਰਾਜਾ ਦੇ ਕੁਝ ਰਿਸ਼ਤੇਦਾਰ ਵੀ ਇਸ ਕਾਂਡ ਨਾਲ ਜੁੜੇ ਹਨ।

## ਪ੍ਰਧਾਨ ਮੰਤਰੀ ਲੇਖਾ ਕਮੇਟੀ ਅੱਗੇ ਪੇਸ਼ ਹੋਣ ਲਈ ਸਹਿਮਤ

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 2-ਜੀ ਸਪੈਕਟਰਮ ਘੁਟਾਲੇ ਦੀ ਜਾਂਚ ਕਰ ਰਹੀ ਲੋਕ ਲੇਖਾ ਕਮੇਟੀ (ਪੀ.ਏ.ਸੀ.) ਨੂੰ ਪੱਤਰ ਲਿਖ ਕੇ ਇਸ ਅੱਗੇ ਪੇਸ਼ ਹੋਣ ਦੀ ਪੇਸ਼ਕਸ਼ ਕੀਤੀ ਹੈ। ਇਸ ਤੋਂ ਪਹਿਲਾਂ ਕਾਂਗਰਸ ਪਲੈਨਰੀ 'ਚ ਪ੍ਰਧਾਨ ਮੰਤਰੀ ਨੇ ਪੀ.ਸੀ.ਏ. ਅੱਗੇ ਪੇਸ਼ ਹੋਣ ਦੀ ਖਾਹਸ਼ ਦਾ ਖੁਲਾਸਾ ਕਰਕੇ ਸਭ ਨੂੰ ਚੌਂਕਾ ਦਿੱਤਾ ਸੀ।

ਪ੍ਰਧਾਨ ਮੰਤਰੀ ਨੇ ਆਪਣੇ ਪੱਤਰ 'ਚ ਲਿਖਿਆ ਹੈ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਨਹੀਂ ਚਾਹੁੰਦੇ ਕਿ ਕੋਈ ਪਾਰਲੀਮਾਨੀ ਕਮੇਟੀ ਉਨ੍ਹਾਂ ਤੋਂ ਪੁੱਛ-ਪੜਤਾਲ ਕਰੇ ਪਰ ਉਹ ਲੋਕ ਲੇਖਾ ਕਮੇਟੀ ਅੱਗੇ ਪੇਸ਼ ਹੋਣ ਦੇ ਚਾਹਵਾਨ ਹਨ ਬਸ਼ਰਤੇ ਕਿ ਕਮੇਟੀ ਨੇ ਉਨ੍ਹਾਂ ਤੋਂ ਕੋਈ ਪੁੱਛ-ਪੜਤਾਲ ਕਰਨੀ ਹੋਵੇ। ਉਨ੍ਹਾਂ ਕਿਹਾ ਹੈ ਕਿ ਭਾਵੇਂ ਪ੍ਰਧਾਨ ਮੰਤਰੀ ਦੇ ਪੀ.ਏ.ਸੀ. ਅੱਗੇ ਪੇਸ਼ ਹੋਣ ਦੀ ਪਹਿਲਾਂ ਕੋਈ ਮਿਸਾਲ ਨਹੀਂ ਹੈ। ਉਨ੍ਹਾਂ ਨੇ ਕਮੇਟੀ ਨੂੰ ਲਿਖੇ ਪੱਤਰ 'ਚ ਕਿਹਾ ਹੈ ਕਿ ਕੈਗ ਨੇ 2-ਜੀ ਸਪੈਕਟਰਮ ਦੇ ਲਾਇਸੈਂਸਾਂ ਤੇ ਅਲਾਟਮੈਂਟ ਦੇ ਮੁੱਦੇ 'ਤੇ ਰਿਪੋਰਟ ਦੂਰ ਸੰਚਾਰ ਵਿਭਾਗ ਰਾਹੀਂ ਜਮ੍ਹਾਂ ਕਰਾਈ ਸੀ ਜੋ ਨਵੰਬਰ 'ਚ ਸੰਸਦ 'ਚ ਰੱਖੀ ਗਈ ਸੀ ਤੇ ਪੀ.ਸੀ.ਏ. ਇਸ 'ਤੇ ਹੁਣ ਜਾਂਚ ਕਰ ਰਹੀ ਹੈ।

## ਕੈਗ ਨੇ ਲੇਖਾ ਕਮੇਟੀ ਨੂੰ ਜਾਣਕਾਰੀ ਸੌਂਪੀ

ਭਾਜਪਾ ਭਾਵੇਂ ਜੇ.ਪੀ.ਸੀ. ਦੀ ਮੰਗ 'ਤੇ ਅੜੀ ਹੋਈ ਹੈ ਪਰ ਸੰਸਦ ਦੀ ਲੋਕ ਲੇਖਾ ਕਮੇਟੀ ਜਿਸ ਦੀ ਅਗਵਾਈ ਪਾਰਟੀ ਦੇ ਸੀਨੀਅਰ ਆਗੂ ਐਮ.ਐਮ. ਜੋਸ਼ੀ ਕਰ ਰਹੇ ਹਨ, ਨੇ 2-ਜੀ ਸਪੈਕਟਰਮ ਘੁਟਾਲੇ ਦੀ ਜਾਂਚ ਦਾ ਅਮਲ ਅੱਗੇ ਤੋਰਦਿਆਂ ਕੈਗ ਵਿਨੋਦ ਰਾਏ ਤੋਂ ਮਿਥੇ ਗਏ ਨੁਕਸਾਨ ਦੀ ਸੁਣਵਾਈ ਦੀ ਕਾਰਵਾਈ ਚਲਾਈ। ਵਿਨੋਦ ਰਾਏ 22 ਮੈਂਬਰੀ ਕਮੇਟੀ ਅੱਗੇ ਪੰਜ ਘੰਟੇ ਲਈ ਪੇਸ਼ ਹੋਏ ਤੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ। ਕਮੇਟੀ ਨੇ ਵਿਸ਼ੇਸ਼ ਰੂਪ 'ਚ ਇਹ ਪੁੱਛਿਆ ਕਿ ਸਰਕਾਰ ਦੇ ਆਡੀਟਰਾਂ ਨੇ 1.76 ਲੱਖ ਕਰੋੜ ਦੇ ਨੁਕਸਾਨ ਦਾ ਅੰਦਾਜ਼ਾ ਕਿਸ ਤਰ੍ਹਾਂ ਲਾਇਆ। ਸ੍ਰੀ ਰਾਏ ਨੇ ਕਮੇਟੀ ਨੂੰ ਦੱਸਿਆ ਕਿ ਕੌਮਾਂਤਰੀ ਪੱਧਰ 'ਤੇ ਲਾਗੂ ਮਾਪਦੰਡਾਂ ਦੀ ਵਰਤੋਂ ਕਰਦਿਆਂ ਸਪੈਕਟਰਮ ਵੰਡ 'ਚ ਕੀਤੇ ਗਏ ਘੁਟਾਲੇ 'ਚ ਹੋਏ ਨੁਕਸਾਨ ਦਾ ਅੰਦਾਜ਼ਾ ਲਾਇਆ ਗਿਆ। ਸ੍ਰੀ ਜੋਸ਼ੀ ਨੇ ਦੱਸਿਆ ਕਿ ਇਹ ਨੁਕਸਾਨ 57,000 ਕਰੋੜ ਰੁਪਏ ਤੋਂ 1.76 ਲੱਖ ਕਰੋੜ ਰੁਪਏ ਤਕ ਆਂਕਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ ਕਿ ਇਸ ਅੰਦਾਜ਼ੇ ਦੀ ਸਭ ਤੋਂ ਘੱਟ ਰਕਮ ਲਈ ਜਾਵੇ ਜਾਂ ਸਭ ਤੋਂ ਵੱਡੀ ਰਕਮ ਵਿਚਾਰੀ ਜਾਵੇ। ਇਸ ਕਰਕੇ ਕਮੇਟੀ ਵਿਚਾਰ-ਚਰਚਾ ਕਰਕੇ ਸਹੀ ਨੁਕਸਾਨ ਸਬੰਧੀ ਕਿਸੇ ਸਿੱਟੇ 'ਤੇ ਪਹੁੰਚੇਗੀ।

# ਸੀ.ਬੀ.ਆਈ. ਨੇ ਕਲਮਾਡੀ ਖ਼ਿਲਾਫ਼ ਵੀ ਮੋਰਚਾ ਖੋਲ੍ਹਿਆ

**ਨਵੀਂ ਦਿੱਲੀ:** ਲਗਾਤਾਰ ਕਈ ਘੁਟਾਲੇ ਬੇਨਕਾਬ ਹੋਣ ਤੋਂ ਬਾਅਦ ਕਾਂਗਰਸ ਸਰਕਾਰ ਨੇ ਇਨ੍ਹਾਂ ਦੀ ਜਾਂਚ ਲਈ ਸਖ਼ਤ ਰੁਖ਼ ਅਪਣਾ ਲਿਆ ਹੈ। ਸੀ.ਬੀ.ਆਈ ਵੱਲੋਂ ਜਿੱਥੇ 2-ਜੀ ਸਪੈਕਟ੍ਰਮ ਘੁਟਾਲੇ 'ਚ ਘਿਰੇ ਸਾਬਕਾ ਦੂਰ ਸੰਚਾਰ ਮੰਤਰੀ ਏ. ਰਾਜਾ ਤੋਂ ਪੁੱਛਗਿੱਛ ਜਾਰੀ ਹੈ ਉਥੇ ਰਾਸ਼ਟਰ ਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸੁਰੇਸ਼ ਕਲਮਾਡੀ ਨੂੰ ਵੀ ਲਪੇਟ ਲਿਆ ਹੈ। ਸੀ.ਬੀ.ਆਈ. ਨੇ ਕਲਮਾਡੀ ਦੇ ਦਿੱਲੀ, ਮੁੰਬਈ ਤੇ ਪੂਨੇ ਸਥਿਤ ਘਰਾਂ ਤੇ ਦਫ਼ਤਰਾਂ 'ਚ ਛਾਪੇ ਮਾਰੇ। ਕਲਮਾਡੀ 'ਤੇ ਰਾਸ਼ਟਰ ਮੰਡਲ ਖੇਡਾਂ ਦੌਰਾਨ ਕੁਝ ਠੇਕੇ ਦੇਣ 'ਚ ਵਿੱਤੀ ਬੇਨੇਮੀਆਂ ਤੇ ਘਪਲੇ ਕੀਤੇ ਜਾਣ ਦੇ ਦੋਸ਼ ਲੱਗੇ ਸਨ। ਉਧਰ ਕਾਂਗਰਸ ਨੇ ਸਭ ਪਾਸਿਓਂ ਘਿਰੇ ਸੁਰੇਸ਼ ਕਲਮਾਡੀ ਨੂੰ ਆਪਣਾ ਬਚਾਓ ਆਪੇ ਕਰਨ ਲਈ ਇਕੱਲਾ ਛੱਡ ਦਿੱਤਾ ਹੈ। ਪਾਰਟੀ ਦੇ ਤਰਜਮਾਨ ਅਭਿਸ਼ੇਕ ਸਿੰਘਵੀ ਨੇ ਕਿਹਾ ਸੀ ਕਿ ਪਾਰਟੀ ਤੇ ਸਰਕਾਰ ਦਾ ਇਸ ਨਾਲ ਕੋਈ ਲੈਣ-ਦੇਣ ਨਹੀਂ ਹੈ। ਕਾਨੂੰਨ ਸਭ ਲਈ ਬਰਾਬਰ ਹੈ। ਕਿਸੇ ਦੀ ਹਮਾਇਤ ਕਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸੀ.ਬੀ.ਆਈ. ਦੇ 40 ਤੋਂ ਵੱਧ ਅਧਿਕਾਰੀ ਕਾਂਗਰਸ ਦੇ ਸੀਨੀਅਰ ਆਗੂ ਤੇ ਲੋਕ ਸਭਾ ਦੇ ਮੈਂਬਰ 66 ਸਾਲਾ ਕਲਮਾਡੀ ਦੇ ਵੱਖ-ਵੱਖ ਸ਼ਹਿਰਾਂ 'ਚ ਪੈਂਦੇ ਤਿੰਨ ਘਰਾਂ 'ਚ ਇਕੋ ਵੇਲੇ ਪੁੱਜੇ ਤੇ ਤਲਾਸ਼ੀ ਲਈ। ਤਲਾਸ਼ੀਆਂ ਦਾ ਇਹ ਕੰਮ 8 ਘੰਟੇ ਜਾਰੀ ਰਿਹਾ। ਕਲਮਾਡੀ ਦੇ ਤਿੰਨ ਸਾਥੀ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਤੇ ਇਹ ਤਲਾਸ਼ੀਆਂ ਏਜੰਸੀ ਵੱਲੋਂ ਕੀਤੀ ਜਾ ਰਹੀ ਜਾਂਚ ਦਾ ਹਿੱਸਾ ਸਨ। ਰਾਸ਼ਟਰ ਮੰਡਲ ਖੇਡਾਂ ਮਗਰੋਂ ਪਏ ਰੌਲੇ-ਰੱਪੇ ਦੌਰਾਨ ਚੁਫੇਰਿਓਂ ਘਿਰੇ ਕਲਮਾਡੀ ਦੇ ਟਿਕਾਣਿਆਂ 'ਤੇ ਪਹਿਲੀ ਵਾਰ ਛਾਪੇ ਵੱਜੇ ਹਨ। ਇਸ ਤੋਂ ਇਲਾਵਾ ਉਹਦੇ ਨਿੱਜੀ ਸਕੱਤਰ ਮਨੋਜ ਭੂਰੇ ਦੇ ਪੂਨੇ ਸਥਿਤ ਟਿਕਾਣੇ ਦੀ ਵੀ ਸੀ.ਬੀ.ਆਈ. ਨੇ ਤਲਾਸ਼ੀ ਲਈ। ਪੂਨੇ ਨੇੜੇ ਖੜਕਵਾਸਲਾ ਸਥਿਤ ਕਲਮਾਡੀ ਦੇ ਫਾਰਮ ਹਾਊਸ ਤੇ ਪੂਨੇ 'ਚ ਉਹਦੇ ਪੈਟਰੋਲ ਪੰਪ 'ਸਈ ਸਰਵਿਸ' 'ਤੇ ਵੀ ਤਲਾਸ਼ੀਆਂ ਦਾ ਦੌਰ ਚੱਲਿਆ। ਇਸ ਦੌਰਾਨ ਕਲਮਾਡੀ ਨੂੰ ਕੁਝ ਦਸਤਾਵੇਜ਼ਾਂ ਬਾਰੇ ਪੁੱਛਿਆ ਵੀ ਗਿਆ। ਤਲਾਸ਼ੀਆਂ ਤੋਂ ਫੌਰੀ ਮਗਰੋਂ ਸੀ.ਬੀ.ਆਈ. ਨੇ ਕਲਮਾਡੀ ਦੇ ਸਭ ਤੋਂ ਨੇੜਲੇ ਸਾਥੀ ਸ਼ੇਖਰ ਨੂੰ ਪੁੱਛ-ਪੜਤਾਲ ਲਈ ਏਜੰਸੀ ਦੇ ਹੈੱਡਕੁਆਰਟਰ ਸੱਦ ਲਿਆ। ਸੀ.ਬੀ.ਆਈ. ਦੀ ਡੀ.ਆਈ.ਜੀ. ਤੇ ਤਰਜ਼ਮਾਨ ਬਿਨੀਤਾ ਠਾਕੁਰ ਦਾ ਕਹਿਣਾ ਹੈ ਕਿ ਇਹ ਤਲਾਸ਼ੀਆਂ ਕਿਊਨਜ਼ ਬੈਟਨ ਰਿਲੇਅ ਲਈ ਵੀਡੀਓ ਫਿਲਮਾਂਕਣ ਦਾ ਕੰਮ ਬਹੁਤ ਮਹਿੰਗੇ ਭਾਅ ਲੰਡਨ ਦੀ ਇਕ ਫਰਮ ਨੂੰ ਦਿੱਤੇ ਜਾਣ ਦੇ ਮਾਮਲੇ 'ਚ ਲਈਆਂ ਗਈਆਂ ਸਨ।

ਸੀ.ਬੀ.ਆਈ. ਦੇ ਛਾਪਿਆਂ ਬਾਰੇ ਕਲਮਾਡੀ ਦਾ ਕਹਿਣਾ ਹੈ ਕਿ ਉਹ ਨਿਰਦੋਸ਼ ਹੈ। ਕਲਮਾਡੀ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਓ.ਸੀ. ਨੂੰ 1500 ਕਰੋੜ ਰੁਪਏ ਦਾ ਬਜਟ ਦਿੱਤਾ ਗਿਆ ਸੀ ਜੋ ਕੁੱਲ ਬਜਟ ਦਾ 4-5 ਫੀਸਦੀ ਬਣਦਾ ਹੈ ਤੇ ਇਸ ਤਰ੍ਹਾਂ ਅਸੀਂ ਖੇਡਾਂ ਤੋਂ 200 ਕਰੋੜ ਰੁਪਏ ਕਮਾਏ ਹਨ।




## ਸਰਕਾਰ ਨੂੰ ਘੁਟਾਲਿਆਂ ਤੋਂ ਵੱਧ ਮਹਿੰਗਾਈ ਦਾ ਡਰ

ਵਿਚ ਕਿਹਾ ਗਿਆ ਹੈ ਕਿ ਕਾਂਗਰਸ ਦਾ ਧਿਆਨ ਆਰਥਕ ਵਿਕਾਸ ਤੇ ਦਬੇ-ਕੁਚਲੇ ਲੋਕਾਂ ਨੂੰ ਮਜ਼ਬੂਤ ਕਰਨ ਵੱਲ ਹੈ। ਉਹ ਦੇਸ਼ ਦੀਆਂ ਫ਼ਿਰਕੂ ਤਾਕਤਾਂ ਵਿਰੁਧ ਲੜਾਈ ਜਾਰੀ ਰੱਖੇਗੀ। ਉਧਰ ਕਾਂਗਰਸ ਨੇ 28 ਦਸੰਬਰ ਨੂੰ ਅਪਣਾ 126ਵਾਂ ਸਥਾਪਨਾ ਦਿਵਸ ਮਨਾਇਆ। ਅਕਬਰ ਰੋਡ ਸਥਿਤ ਪਾਰਟੀ ਦੇ ਮੁੱਖ ਦਫ਼ਤਰ ਵਿਚ ਕਰਵਾਏ ਸਮਾਗਮ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਉਨ੍ਹਾਂ ਦੇ ਕੈਬਨਿਟ ਸਾਥੀ, ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਤੇ ਹੋਰ ਆਗੂ ਮੌਜੂਦ ਸਨ। ਦੇਸ਼ ਭਗਤੀ ਦੇ ਗੀਤਾਂ ਦਰਮਿਆਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਝੰਡਾ ਲਹਿਰਾਇਆ। ਸੋਨੀਆ ਗਾਂਧੀ ਤੇ ਡਾ. ਮਨਮੋਹਨ ਸਿੰਘ ਨੇ ਸਮਾਗਮ ਵਿਚ ਸ਼ਾਮਲ ਹੋਏ ਬੱਚਿਆਂ ਨੂੰ ਮਠਿਆਈਆਂ ਵੰਡੀਆਂ। ਦੱਸਣਯੋਗ ਹੈ ਕਿ 1885 ਵਿਚ ਕਾਂਗਰਸ ਦੀ ਨੀਂਹ ਰੱਖੀ ਗਈ ਸੀ ਤੇ ਪਹਿਲਾ ਸੰਮੇਲਨ ਮੁੰਬਈ ਵਿਖੇ 28 ਤੋਂ 31 ਦਸੰਬਰ ਤਕ ਹੋਇਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਨਵੰਬਰ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਲਈ 'ਸੇਵਾ ਸੰਭਾਲ ਲਹਿਰ' ਦਾ ਆਗਾਜ਼

## *ਹਰ ਇਕ ਸਿੱਖ ਪਰਿਵਾਰ ਇਕ ਪੀੜਤ ਪਰਿਵਾਰ ਨੂੰ ਸਪਾਂਸਰ ਕਰੇਗਾ*

**ਨਿਊ ਯਾਰਕ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ, ਜਿਸ ਨੂੰ ਕਿ ਅਕਾਲ ਤਖਤ ਸਾਹਿਬ ਵਲੋਂ ਲੰਘੀ 14 ਜੁਲਾਈ ਨੂੰ ਨਵੰਬਰ 84 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਦੀ ਪੈਰਵਾਈ ਕਰਨ ਦਾ ਆਦੇਸ਼ ਦਿੱਤਾ ਗਿਆ ਹੈ, ਵਲੋਂ ਇਸ ਨਸਲਕੁਸ਼ੀ ਦੇ ਪੀੜਤਾਂ ਦੀ ਭਲਾਈ ਲਈ 'ਸੇਵਾ ਸੰਭਾਲ ਲਹਿਰ' ਵਜੋਂ ਮਦਦ ਦੇ ਇਕ ਹੋਰ ਮਿਸ਼ਨ ਦਾ ਆਗਾਜ਼ ਕੀਤਾ ਗਿਆ ਹੈ। ਇਹ 'ਸੇਵਾ ਸੰਭਾਲ ਲਹਿਰ' ਨਵੰਬਰ 1984 ਦੌਰਾਨ ਸਿੱਖਾਂ ਦੇ ਕਤਲੇਆਮ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਾਬਕਾ ਸੰਸਦ ਮੈਂਬਰ ਸਜਣ ਕੁਮਾਰ ਖਿਲਾਫ ਮੁੱਖ ਗਵਾਹ ਬੀਬੀ ਜਗਦੀਸ਼ ਕੌਰ ਦੀ ਚੇਅਰਮੈਨੀ ਤਹਿਤ ਸ਼ੁਰੂ ਕੀਤੀ ਗਈ ਹੈ ਜਿਸ ਦੀ ਅਗਵਾਈ ਵਿਚ ਪੀੜਤ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਲਈ ਹਰ ਇਕ ਪਰਿਵਾਰ ਨੂੰ 25,000 ਰੁਪਏ ਦੇ ਮਦਦ ਦਿੱਤੀ ਜਾਇਆ ਕਰੇਗੀ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਪੀਰ ਮੁਹੰਮਦ ਤੇ ਬੀਬੀ ਜਗਦੀਸ਼ ਕੌਰ ਨੇ ਕਿਹਾ ਕਿ 'ਸੇਵਾ ਸੰਭਾਲ ਲਹਿਰ' ਤਹਿਤ ਨਵੰਬਰ 1984 ਦੇ ਪੀੜਤਾਂ ਦੇ ਪਰਿਵਾਰਾਂ ਨਾਲ ਸਮੁੱਚੇ ਪੰਜਾਬ ਵਿਚ ਸੰਪਰਕ ਕੀਤਾ ਜਾਵੇਗਾ ਤੇ 'ਸਿੱਖਸ ਫਾਰ ਜਸਟਿਸ' ਦੀ ਮਦਦ ਨਾਲ ਉਨ੍ਹਾਂ ਨੂੰ ਵਿੱਤੀ ਸਹਾਇਤਾ ਦਿਤੀ ਜਾਵੇਗੀ। ਉਨ੍ਹਾਂ ਨੇ ਪੀੜਤਾਂ ਦੇ ਪਰਿਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਜਾਇਜ਼ ਲੋੜਾਂ ਨਾਲ ਅੱਗੇ ਆਉਣ। ਸ. ਪੀਰ ਮੁਹੰਮਦ ਨੂੰ ਹੋਰ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਇਕ ਪਰਿਵਾਰਕ ਲੜੀ ਕਾਇਮ ਕੀਤੀ ਜਾਵੇਗੀ ਜਿੱਥੇ ਸਿੱਖ ਪਰਿਵਾਰਾਂ ਨੂੰ ਕਿਹਾ ਜਾਵੇਗਾ ਕਿ ਉਹ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਪੀੜਤ ਪਰਿਵਾਰਾਂ ਨੂੰ ਸਪਾਂਸਰ ਕਰਨ।

ਬੀਬੀ ਜਗਦੀਸ਼ ਕੌਰ ਤੇ ਸ. ਪੀਰ ਮੁਹੰਮਦ ਨੇ ਕਿਹਾ ਕਿ ਇਸ 'ਸੇਵਾ ਸੰਭਾਲ ਲਹਿਰ ' ਤਹਿਤ ਪੀੜਤ ਪਰਿਵਾਰਾਂ ਨੂੰ ਧੀਆਂ ਦੇ ਵਿਆਹ ਲਈ 25,000 ਰੁਪਏ ਦਿਤੇ ਜਾਣਗੇ,

ਜੋ ਵਿਧਵਾਵਾਂ ਕੰਮ ਨਹੀਂ ਕਰ ਸਕਦੀਆਂ ਤੇ ਜਿਨ੍ਹਾਂ ਦੀ ਦੇਖਭਾਲ ਕਰਨ ਵਾਸਤੇ ਕੋਈ ਵੀ



ਪਰਿਵਾਰਕ ਮੈਂਬਰ ਨਹੀਂ ਹੈ, ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾਵੇਗੀ।

ਬੀਬੀ ਜਗਦੀਸ਼ ਕੌਰ ਨੇ ਇਸ ਮੌਕੇ ਕਿਹਾ ਕਿ ਪਿਛਲੇ 26 ਸਾਲਾਂ ਤੋਂ ਪੀੜਤਾਂ ਨੂੰ ਇਨਸਾਫ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਪਰਿਵਾਰ ਜੀਵਨ ਬਸਰ ਕਰਨ ਲਈ ਭਾਰੀ ਜਦੋਜਹਿਦ ਕਰ ਰਹੇ ਹਨ। ਸਮੇਂ ਦੀਆਂ ਸਰਕਾਰਾਂ ਨੇ ਮੁਆਵਜ਼ਾ ਪੈਕੇਜਾਂ ਦਾ ਐਲਾਨ ਕੀਤਾ ਹੈ ਪਰ ਪੀੜਤਾਂ ਦੀ ਦਸ਼ਾ ਦਿਨ ਪ੍ਰਤੀ ਦਿਨ ਬਦਤਰ ਹੁੰਦੀ ਜਾ ਰਹੀ ਹੈ।

ਸ. ਪੀਰ ਮੁਹੰਮਦ ਨੇ ਕਿਹਾ ਕਿ ਪੰਜਾਬ ਸਰਕਾਰ ਇਨਸਾਫ ਲਹਿਰ ਦੁਆਰਾ ਨਵੰਬਰ 1984 ਦੇ ਪੀੜਤਾਂ ਦੇ ਸਮਰਥਨ ਨਾਲ ਪੈਦਾ ਹੋਈ ਲੋਕ ਲਹਿਰ ਦਾ ਲਾਭ ਤਾਂ ਲੈ ਰਹੀ ਹੈ ਪਰ ਦੂਜੇ ਪਾਸੇ 1994 ਤੋਂ ਅਕਾਲੀ ਦਲ (ਬਾਦਲ) ਵਲੋਂ ਚੋਣ ਪ੍ਰਚਾਰਾਂ ਦੌਰਾਨ ਕੀਤੇ ਵਾਅਦਿਆਂ ਦੇ ਬਾਵਜੂਦ ਪੀੜਤ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਾਜ਼ਬ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਪੀੜਤ ਪਰਿਵਾਰਾਂ ਲਈ ਤਾਜ਼ਾ ਮੁੜ ਵਸੇਬਾ ਪੈਕੇਜ ਐਲਾਨਿਆ ਜਾਵੇ ਤੇ ਚੇਤੇ ਕਰਵਾਇਆ ਕਿ ਹੁਣ ਤੱਕ ਕੇਵਲ 2557 ਦੁਖੀ ਪਰਿਵਾਰ ਹੀ ਸਾਹਮਣੇ ਆਏ ਹਨ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸਿੱਖ ਨਸਲਕੁਸ਼ੀ ਦੇ ਪੀੜਤਾਂ ਲਈ ਇਨਸਾਫ ਦੀ ਮੰਗ ਕਰਨਾ ਤੇ ਇਸ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਬੇਹੱਦ ਜ਼ਰੂਰੀ ਹੈ ਪਰ ਇਸ ਦੇ ਨਾਲ ਹੀ ਸਿੱਖ ਨਸਲੁਕਸ਼ੀ ਦੇ ਪੀੜਤ ਪਰਿਵਾਰਾਂ ਨੂੰ ਮਦਦ ਦੇਣੀ ਵੀ ਜ਼ਰੂਰੀ ਹੈ। ਅਟਾਰਨੀ ਪੰਨੂ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆਉਣ ਤੇ ਸਿੱਖ ਨਸਲਕੁਸ਼ੀ ਦੌਰਾਨ ਪ੍ਰਭਾਵਿਤ ਹੋਏ ਪਰਿਵਾਰਾਂ ਨੂੰ ਸਪਾਂਸਰ ਕਰਨ।

# ਭਾਜਪਾ ਲਈ ਸਿਰਦਰਦੀ ਬਣੇਗਾ ਵੈਟ ਰਿਫੰਡ ਦਾ ਮੁੱਦਾ

ਜਲੰਧਰ: ਆਬਕਾਰੀ ਤੇ ਕਰ ਵਿਭਾਗ ਭਾਵੇਂਵੈਟ ਵਸੂਲੀ ਵਿਚ ਰਿਕਾਰਡ ਤੋੜ ਵਾਧਾ ਦੱਸ ਰਿਹਾ ਹੈ ਪਰ ਵਪਾਰੀਆਂ ਅਤੇ ਸਨਅਤਕਾਰਾਂ ਨੇ ਵਿਭਾਗ ਦੇ ਇਸ ਦਾਅਵੇ ਨੂੰ ਇਹ ਕਹਿ ਕੇ ਝੁਠਲਾ ਦਿੱਤਾ ਹੈ ਕਿ ਸਨਅਤਕਾਰਾਂ ਅਤੇ ਵਪਾਰੀਆਂ ਦਾ ਵੈਟ ਰਿਫੰਡ ਕੱਢ ਕੇ ਵਿਭਾਗ ਦੱਸੇ ਕਿ ਵੈਟ ਵਸੂਲੀ ਵਿਚ ਕਿੰਨਾ ਵਾਧਾ ਹੋਇਆ ਹੈ।

ਸਨਅਤਕਾਰ ਆਗੂ ਗੁਰਸ਼ਰਨ ਸਿੰਘ ਦਾ ਕਹਿਣਾ ਹੈ ਕਿ ਵੈਟ ਵਸੂਲੀ ਦੇ ਗਲਤ ਅੰਕੜੇ ਪੇਸ਼ ਕੀਤੇ ਜਾ ਰਹੇ ਹਨ। ਇਕ ਸਾਲ ਤੋਂ ਵੀ ਜ਼ਿਆਦਾ ਵੈਟ ਦਾ ਰਿਫੰਡ ਨਾ ਦੇਣ ਦੀ ਸੂਰਤ ਵਿਚ ਵਿਭਾਗ ਨੇ ਇਹ ਸ਼ਰਤ ਲਗਾ ਦਿੱਤੀ ਸੀ ਕਿ 'ਸੀ' ਫਾਰਮ ਦਿੱਤੇ ਬਿਨਾਂ ਵੈਟ ਰਿਫੰਡ ਨਹੀਂ ਦਿੱਤਾ ਜਾਵੇਗਾ। ਸ਼ਰਤ ਲੱਗਣ ਤੋਂ ਬਾਅਦ ਵਪਾਰੀਆਂ, ਸਨਅਤਕਾਰਾਂ ਦਾ ਕਰੋੜਾਂ ਰੁਪਏ ਵੈਟ ਦਾ ਰਿਫੰਡ ਫਸ ਗਿਆ। ਇਸ ਬਾਰੇ ਜਲੰਧਰ ਫੈਡਰੇਸ਼ਨ ਐਂਡ ਮੈਨੂਫੈਕਚਰਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ ਸ਼ਰਮਾ ਨੇ ਤਾਂ ਵੈਟ ਦਾ ਰਿਫੰਡ ਨਾ ਦਿਵਾਉਣ 'ਤੇ ਮੰਤਰੀਆਂ ਦਾ ਘਿਰਾਓ ਕਰਨ ਦੀ ਚਿਤਾਵਨੀ ਵੀ ਦਿਤੀ ਹੈ। ਵੈਟ ਰਿਫੰਡ ਦਾ ਮੁੱਦਾ ਇਸ ਵੇਲੇ ਵਪਾਰੀਆਂ ਅਤੇ ਸਨਅਤਕਾਰਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਜੇਕਰ ਸ਼ਹਿਰੀਆਂ ਦੀ ਹਮਦਰਦ ਕਹੀ ਜਾਣ ਵਾਲੀ ਭਾਜਪਾ ਨੇ ਇਸ ਮਾਮਲੇ ਦਾ ਹੱਲ ਨਾ ਕਰਵਾਇਆ ਤਾਂ ਚੋਣਾਂ ਵਿਚ ਵਪਾਰੀ, ਸਨਅਤਕਾਰ ਗੁੱਸਾ ਕੱਢ ਸਕਦੇ ਹਨ। ਯਾਦ ਰਹੇ ਕਿ ਕੈਬਨਿਟ ਵਲੋਂ ਵੈਟ ਰਿਫੰਡ ਜਾਰੀ ਕਰਨ ਦਾ ਪ੍ਰਸਤਾਵ ਪਾਸ ਹੋਣ ਦੇ ਬਾਵਜੂਦ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ।

# ਪੰਜਾਬ 'ਚ 'ਅਣਖ' ਲਈ ਦੋ ਕਤਲ

**ਮੋਗਾ:** ਪੰਜਾਬ 'ਚ ਵਾਪਰੀਆਂ ਦੋ ਵੱਖ-ਵੱਖ ਘਟਨਾਵਾਂ ਦੌਰਾਨ ਅਣਖ ਲਈ ਦੋ ਕਤਲ ਹੋਣ ਦੀ ਖ਼ਬਰ ਹੈ। ਮੋਗਾ ਜ਼ਿਲ੍ਹੇ ਦੇ ਪਿੰਡ ਧੂੜਕੋਟ ਰਣਸੀਂਹ ਦੀ ਇਕ ਕੁੜੀ ਦੇ ਚਾਚੇ ਦੇ ਪੁੱਤਰਾਂ ਨੇ ਉਸ ਨੂੰ ਘਰ 'ਚ ਮਿਲਣ ਆਏ ਉਸ ਦੇ 'ਦੋਸਤ' ਨੂੰ ਕੁੱਟ-ਕੁੱਟ ਕੇ ਮਾਰ ਮੁਕਾਇਆ। ਮ੍ਰਿਤਕ ਦੀ ਮਾਸੀ ਦੇ ਲੜਕੇ ਨੂੰ ਵੀ ਕੁੱਟ-ਮਾਰ ਕੇ ਬੇਹੋਸ਼ ਕਰ ਦਿੱਤਾ। ਲੜਕੀ ਦੇ ਵਾਰਸਾਂ ਨੇ ਪੰਚਾਇਤ ਨੂੰ ਵਿਚ ਪਾ ਕੇ ਰਾਜ਼ੀਨਾਮਾ ਵੀ ਲਿਖਵਾ ਲਿਆ ਪਰ ਮਾਸੀ ਦੇ ਲੜਕੇ ਦੇ ਹੋਸ਼ ਵਿਚ ਆਉਣ ਪਿੱਛੋਂ ਸਚਾਈ ਸਾਹਮਣੇ ਆਉਣ 'ਤੇ ਮਾਮਲਾ ਪੁਲਿਸ ਕੋਲ ਪਹੁੰਚ ਗਿਆ।

ਮਿਲੀ ਜਾਣਕਾਰੀ ਮੁਤਾਬਕ ਪਿੰਡ ਗਿੱਲ ਦੇ ਕਬੱਡੀ ਖਿਡਾਰੀ ਕੁਲਦੀਪ ਸਿੰਘ (19) ਦੇ ਪਿੰਡ ਧੂੜਕੋਟ ਰਣਸੀਂਹ ਕਾ ਦੀ ਲੜਕੀ ਰਮਨ (18) ਨਾਲ ਕਥਿਤ ਪ੍ਰੇਮ ਸਬੰਧ ਸਨ। ਲੜਕੀ ਨਿਹਾਲ ਸਿੰਘ ਵਾਲਾ ਪੜ੍ਹਦੀ ਹੋਣ ਕਾਰਨ ਉਨ੍ਹਾਂ ਦਾ ਮੇਲ ਜੋਲ ਹੁੰਦਾ ਰਹਿੰਦਾ ਸੀ। ਬੀਤੀ 25 ਦਸੰਬਰ ਦੀ ਸ਼ਾਮ ਨੂੰ ਕੁਲਦੀਪ ਸਿੰਘ ਨੇ ਆਪਣੀ ਮਾਸੀ ਦੇ ਪੁੱਤ ਤੇ ਪਿੰਡ ਗਿੱਲ ਦੇ ਹੀ ਵਸਨੀਕ ਇਕਬਾਲ ਸਿੰਘ ਨੂੰ ਆਪਣੇ ਕੋਲ ਬੁਲਾ ਲਿਆ ਤੇ ਪਿੰਡ ਧੂੜਕੋਟ ਰਣਸੀਂਹ ਕਾ ਜਾ ਕੇ ਆਪਣੀ ਦੋਸਤ ਨੂੰ ਮਿਲਣ ਦੀ ਸਕੀਮ ਬਣਾਈ।

ਇਕਬਾਲ ਸਿੰਘ ਅਨੁਸਾਰ ਉਹ ਜਦੋਂ ਪਿੰਡ ਧੂੜਕੋਟ ਰਣਸੀਂਹ ਪੁੱਜੇ ਤਾਂ ਕੁਲਦੀਪ ਸਿੰਘ ਘਰ ਅੰਦਰ ਚਲਾ ਗਿਆ ਜਦਕਿ ਇਕਬਾਲ ਬਾਹਰ ਖੜ੍ਹਾ ਰਿਹਾ। ਅੱਧੇ ਘੰਟੇ ਬਾਅਦ ਘਰ ਅੰਦਰੋਂ ਚੀਕਣ ਦੀਆਂ ਆਵਾਜ਼ਾਂ ਆਉਣ 'ਤੇ ਉਹ ਭੱਜਣ ਹੀ ਲੱਗਾ ਸੀ ਕਿ ਉਸ ਨੂੰ ਵੀ ਕੁਝ ਵਿਅਕਤੀਆਂ ਨੇ ਫੜ ਲਿਆ ਤੇ ਘਰ ਅੰਦਰ ਲੈ ਗਏ। ਉਥੇ ਦੋਵਾਂ ਦੀ ਬੁਰੀ ਤਰ੍ਹਾਂ ਕੁੱਟ ਮਾਰ ਕੀਤੀ ਗਈ। ਕੁਲਦੀਪ ਸਿੰਘ ਦੇ ਹੀ ਫੋਨ ਤੋਂ ਉਨ੍ਹਾਂ ਦੇ ਘਰ ਵਾਲਿਆਂ ਨੂੰ ਕਾਲ ਕਰ ਦਿੱਤੀ ਗਈ ਕਿ ਉਨ੍ਹਾਂ ਦੋਵਾਂ ਦਾ ਐਕਸੀਡੈਂਟ ਹੋ ਗਿਆ ਹੈ। ਪਿੰਡ ਵਾਲੇ ਦੋਵਾਂ ਨੂੰ ਲੈ ਕੇ ਮੋਗਾ ਵੱਲ ਚੱਲ ਪਏ ਤੇ ਕੁਲਦੀਪ ਸਿੰਘ ਦੀ ਰਸਤੇ 'ਚ ਹੀ ਮੌਤ ਹੋ ਗਈ।

ਕੁਲਦੀਪ ਸਿੰਘ ਦੇ ਪਿਤਾ ਗੁਰਨਾਮ ਸਿੰਘ ਨੇ ਥਾਣਾ ਨਿਹਾਲ ਸਿੰਘ ਵਾਲਾ ਦੀ ਪੁਲਿਸ ਕੋਲ ਪਹੁੰਚ ਕੀਤੀ ਤਾਂ 27 ਦਸੰਬਰ ਨੂੰ ਇਸ ਬਾਰੇ ਧਾਰਾ 302, 148, 149 ਤਹਿਤ ਲੜਕੀ ਦੇ ਚਚੇਰੇ ਭਰਾਵਾਂ ਦਰਸ਼ਨ ਸਿੰਘ ਤੇ ਰਾਜੀ ਤੇ ਉਨ੍ਹਾਂ ਦੇ ਦੋ ਸਾਥੀਆਂ ਸੇਵਕ ਸਿੰਘ ਤੇ ਕਾਲਾ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਇਸ ਤੋਂ ਇਲਾਵਾ ਮਾਛੀਵਾੜਾ ਵਿਚ ਪਿਛਲੇ ਇਕ ਮਹੀਨੇ ਵਿਚ ਅਣਖ ਲਈ ਕਤਲ ਦਾ ਦੂਜਾ ਮਾਮਲਾ ਸਾਹਮਣੇ ਆਇਆ ਹੈ ਜਿਸ ਵਿਚ ਨੇੜਲੇ ਪਿੰਡ ਮਾਜਰੇ ਵਿਖੇ ਇਕ ਵਿਅਕਤੀ ਨੇ ਆਪਣੀ ਭਾਣਜੀ ਨਾਲ ਹੀ ਪ੍ਰੇਮ ਵਿਆਹ ਕਰਨ ਵਾਲੇ ਪਤੀ ਨੂੰ ਕੁਹਾੜੀ ਨਾਲ ਵੱਢ ਕੇ ਮਾਰ ਮੁਕਾਇਆ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਸਹਿਜੋ ਮਾਜਰਾ ਦੀ ਮੋਟਰ 'ਤੇ ਪਰਵਾਸੀ ਮਜ਼ਦੂਰਾਂ ਦੇ ਪਰਿਵਾਰ ਰਹਿੰਦੇ ਸਨ। ਪੁਲੀਸ ਕੋਲ ਦਰਜ ਕਰਵਾਏ ਬਿਆਨਾਂ ਰਾਮ ਬਖਸ਼ ਤੇ ਮੀਨਾ ਯੂ.ਪੀ. ਦੇ ਪਿੰਡ ਕੱਥਾ ਦੇ ਰਹਿਣ ਵਾਲੇ ਸਨ ਤੇ ਦੋਵਾਂ ਵਿਚਕਾਰ ਪ੍ਰੇਮ ਸਬੰਧ ਸਨ ਤੇ ਉਨ੍ਹਾਂ ਘਰੋਂ ਭੱਜ ਕੇ ਵਿਆਹ ਕਰਵਾ ਲਿਆ।

ਮੀਨਾ ਦਾ ਮਾਮਾ ਅਨੀਸ ਇਸ ਪ੍ਰੇਮ ਵਿਆਹ ਕਾਰਨ ਰੰਜਸ਼ ਰੱਖਦਾ ਸੀ ਜੋ ਕਿ ਕੁਝ ਦਿਨ ਪਹਿਲਾਂ ਹੀ ਇਸ ਮੋਟਰ 'ਤੇ ਮਜ਼ਦੂਰੀ ਕਰਨ ਆਇਆ ਸੀ। ਅਨੀਸ ਯੋਜਨਾ ਅਨੁਸਾਰ ਰਾਮ ਬਖਸ਼ ਨੂੰ ਲੱਕੜਾਂ ਵੱਢਣ ਲਈ ਲੈ ਗਿਆ ਤੇ ਜਦੋਂ ਉਹ ਮੋਟਰ ਤੋਂ ਕੁਝ ਹੀ ਦੂਰੀ ਤੇ ਗਏ ਸਨ ਤਾਂ ਉਨ੍ਹਾਂ ਨੂੰ ਰਾਮ ਬਖਸ਼ ਨੂੰ ਕੁਹਾੜੇ ਨਾਲ ਵੱਢ ਕੇ ਭੱਜ ਗਿਆ।

## ਪਾਕਿ ਸਿੱਖ ਪਰਿਵਾਰ ਪਨਾਹ ਲਈ ਭਾਰਤ ਪੁੱਜਾ

**ਅਟਾਰੀ:** ਪਾਕਿਸਤਾਨ ਨੂੰ ਅਲਵਿਦਾ ਕਹਿ ਕੇ ਇਕ ਸਿੱਖ ਪਰਿਵਾਰ ਦੇ ਪੰਜ ਮੈਂਬਰ ਸਮਝੌਤਾ ਐਕਸਪ੍ਰੈਸ ਰਾਹੀਂ ਭਾਰਤ ਪੁੱਜੇ।

ਪਾਕਿਸਤਾਨ ਛੱਡ ਕੇ ਆਏ ਸਿੱਖ ਪਰਿਵਾਰ ਦੇ ਮੁਖੀ ਸਤਨਾਮ ਸਿੰਘ ਨੇ ਦੱਸਿਆ ਕਿ ਸਿੱਖ ਤੇ ਹਿੰਦੂ ਪਾਕਿਸਤਾਨ ਵਿਚ ਅਸੁਰੱਖਿਅਤ ਹਨ ਜਿਸ ਕਰਕੇ ਉਹ ਪਾਕਿਸਤਾਨ ਸਥਿਤ ਕੋਇਟਾ-ਬਲੋਚਿਸਤਾਨ ਤੋਂ ਆਪਣਾ ਕਾਰੋਬਾਰ ਤੇ ਘਰ ਵੇਚ ਕੇ ਇੰਦੌਰ ਵਿਖੇ ਰਹਿੰਦੇ ਆਪਣੇ ਚਾਚੇ ਦੇ ਘਰ ਰਹਿਣ ਲਈ ਜਾ ਰਹੇ ਹਨ।

ਉਸ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਵੀ 30 ਦਸੰਬਰ ਨੂੰ ਪਾਕਿਸਤਾਨ ਤੋਂ ਭਾਰਤ ਆਉਣ ਵਾਲੀ ਸਮਝੌਤਾ ਐਕਸਪ੍ਰੈਸ ਰੇਲ ਗੱਡੀ ਰਾਹੀਂ ਪਰਿਵਾਰ ਸਮੇਤ ਪਾਕਿਸਤਾਨ ਛੱਡ ਕੇ ਭਾਰਤ ਆ ਜਾਵੇਗਾ।

## ਸੁਖਪਾਲ ਖਹਿਰਾ

ਆਈ.ਐਨ.ਓ.ਸੀ. ਦੇ ਪੰਜਾਬ ਵਿੰਗ ਦੇ ਪ੍ਰਧਾਨ ਫੁੰਮਣ ਸਿੰਘ ਅਤੇ ਮਹਿੰਦਰ ਸਿੰਘ

ਗਿਲਜ਼ੀਆਂ ਨੇ ਸ. ਸੁਖਪਾਲ ਸਿੰਘ ਖ਼ਹਿਰਾ ਨੂੰ ਸਵਾਗਤੀ ਸ਼ਬਦਾਂ ਰਾਹੀਂ ਸੰਬੋਧਨ ਕੀਤਾ। ਇਸ ਦੌਰਾਨ ਸ. ਹਿੰਮਤ ਸਿੰਘ ਸਰਪੰਚ

ਨੇ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਣ ਦਾ ਐਲਾਨ ਕੀਤਾ।

ਸ. ਖਹਿਰਾ ਨਿਊ ਯਾਰਕ ਦੇ ਸਭ ਤੋਂ ਪੁਰਾਣੇ ਗੁਰੂ ਘਰ ਸਿੱਖ ਕਲਚਰਲ ਸੁਸਾਇਟੀ ਵੀ ਗਏ ਜਿਥੇ ਸੁਸਾਇਟੀ ਵਲੋਂ ਉਨ੍ਹਾਂ ਦਾ ਵਿਸ਼ੇਸ਼ ਸਵਾਗਤ ਕੀਤਾ ਗਿਆ। ਇਸ ਮੌਕੇ ਸ. ਖ਼ਹਿਰਾ ਦਾ ਕਮੇਟੀ ਵਲੋਂ ਸਨਮਾਨ ਵੀ ਕੀਤਾ ਗਿਆ। ਗੁਰੂਘਰ ਦੇ ਪ੍ਰਧਾਨ ਭਾਈ ਭੁਪਿੰਦਰ ਸਿੰਘ ਬੋਪਾਰਾਏ ਅਤੇ ਭੁਪਿੰਦਰ ਸਿੰਘ ਢਿੱਲੋਂ ਨੇ ਸ. ਖ਼ਹਿਰਾ ਨੂੰ ਜੀ ਆਇਆਂ ਕਿਹਾ। ਇਸ

ਮੌਕੇ ਸ. ਖਹਿਰਾ ਨੇ ਪ੍ਰਵਾਸੀ ਪੰਜਾਬੀਆਂ ਨੂੰ ਪ੍ਰਵਾਸੀਆਂ ਦੀਆਂ ਮੁਸ਼ਕਿਲਾਂ ਤੇ ਮੰਗਾਂ ਬਾਰੇ ਹੱਲ ਦਾ ਭਰੋਸਾ ਵੀ ਦਿਵਾਇਆ।

ਸ. ਸੁਖਪਾਲ ਸਿੰਘ ਖ਼ਹਿਰਾ ਦਾ ਇੱਥੇ ਗੁਰੂਘਰ ਰਵੀਦਾਸ ਟੈਂਪਲ ਵਿਖੇ ਭਾਰੀ ਇਕੱਠ ਦੌਰਾਨ ਜੀ ਆਇਆ ਵਜੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਸ. ਖ਼ਹਿਰਾ ਨੂੰ ਇਹ ਸਨਮਾਨ ਗੁਰੂਘਰ ਰਵਿਦਾਸ ਟੈਂਪਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਬੀਰ ਚੰਦ ਚੁੰਬਰ ਅਤੇ ਹੋਰ ਮੈਂਬਰ ਸਾਹਿਬਾਨ ਵਲੋਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਦਲਿਤਾਂ ਖ਼ਿਲਾਫ਼ ਧੱਕੇਸ਼ਾਹੀ ਰੋਕਣ ਲਈ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ। ਇਸ ਉਤੇ ਸ. ਖ਼ਹਿਰਾ ਨੇ ਕਿਹਾ ਕਿ ਉਹ ਖ਼ੁਦ ਅਜਿਹੇ ਮਾਮਲਿਆਂ ਨੂੰ ਪਹਿਲ ਦੇ ਆਧਾਰ ਉਤੇ ਲੈਂਦੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵਿਚ ਜਾਂ ਸੱਤਾਧਾਰੀ ਧਿਰ ਵਿਚ ਹੋਣ ਮੌਕੇ ਕਾਂਗਰਸ ਪਾਰਟੀ ਕਦੇ ਵੀ ਦਲਿਤਾਂ ਨੂੰ ਜ਼ੁਲਮ ਦਾ ਸ਼ਿਕਾਰ ਨਹੀਂ ਹੋਣ ਦੇਵੇਗੀ।






# ਵਿਵਾਦਾਂ ਭਰਿਆ ਰਿਹਾ ਸ਼੍ਰੋਮਣੀ ਕਮੇਟੀ ਲਈ ਇਹ ਵਰ੍ਹਾ

**ਚੰਡੀਗੜ੍ਹ (ਪੰਜਾਬ ਟਾਈਮਜ ਬਿਊਰੋ):** ਇਸ ਵਰ੍ਹੇ ਸਿੱਖ ਪੰਥ 'ਚ ਅਹਿਮ ਘਟਨਾਵਾਂ ਵਪਾਰੀਆਂ ਜੋ ਇਤਿਹਾਸਕ ਹੋ ਨਿਬੜੀਆਂ। ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਲਈ ਵੀ



*ਪ੍ਰੋ. ਦਰਸ਼ਨ ਸਿੰਘ ਖਾਲਸਾ*

ਇਹ ਵਰ੍ਹਾਂ ਵਿਵਾਦ ਭਰਭੂਰ ਰਿਹਾ। ਸਾਲ 2010 ਦੌਰਾਨ ਹਰਿਆਣਾ 'ਚ ਵੱਖਰੀ ਸ਼੍ਰੋਮਣੀ ਕਮੇਟੀ, ਨਾਨਕਸ਼ਾਹੀ ਕੈਲੰਡਰ 'ਚ ਸੋਧਾਂ, ਪ੍ਰੋ. ਦਰਸ਼ਨ ਸਿੰਘ ਨੂੰ ਪੰਥ 'ਚੋਂ ਛੇਕਣਾ, ਰਾਗਮਾਲਾ ਬਾਰੇ ਹੁਕਮਨਾਮਾ, ਓਬਾਮਾ ਦਾ ਸ੍ਰੀ ਹਰਿਮੰਦਰ ਸਾਹਿਬ ਨਾ ਆਉਣਾ, ਸਿੱਖ ਪਛਾਣ ਤੇ ਦਸਤਾਰ ਦਾ ਮਾਮਲਾ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣ ਲਈ ਚਾਰਾਜੋਈ ਆਦਿ ਮਾਮਲੇ ਚਰਚਾ 'ਚ ਰਹੇ।

ਸਾਲ 2010 ਦਾ ਆਰੰਭ ਹੀ ਵਿਵਾਦ ਨਾਲ ਹੋਇਆ ਤੇ 29 ਜਨਵਰੀ ਨੂੰ ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਪੰਥ 'ਚੋਂ ਛੇਕਣ ਦਾ ਹੁਕਮਨਾਮਾ ਜਾਰੀ ਕੀਤਾ। ਅਜਿਹਾ ਸਿੱਖ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਜਦੋਂ ਕਿਸੇ ਸਾਬਕਾ ਜਥੇਦਾਰ ਨੂੰ ਪੰਥ 'ਚੋਂ ਛੇਕ ਦਿੱਤਾ ਗਿਆ। ਪ੍ਰੋ. ਦਰਸ਼ਨ ਸਿੰਘ 'ਤੇ ਦੋਸ਼ ਲੱਗਾ ਸੀ ਕਿ ਉਨ੍ਹਾਂ ਨੇ ਵਿਦੇਸ਼ਾਂ ਵਿਚ ਪ੍ਰਚਾਰ ਦੌਰਾਨ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਬਾਰੇ ਉਨ੍ਹਾਂ ਨੂੰ ਸਪਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖ਼ਤ ਵਿਖੇ ਸੱਦਿਆ ਗਿਆ। ਸਾਬਕਾ ਜਥੇਦਾਰ ਨਿਰਧਾਰਤ ਦਿਨ ਸ੍ਰੀ ਅਕਾਲ ਤਖ਼ਤ 'ਤੇ ਪੰਜ ਸਿੰਘ ਸਾਹਿਬਾਨ ਕੋਲ ਪੇਸ਼ ਹੋਣ ਲਈ ਤਾਂ ਆਏ ਪਰ ਉਹ ਸਕੱਤਰੇਤ ਵਿਖੇ ਨਹੀਂ ਗਏ ਜਿਥੇ ਪੰਜ ਸਿੰਘ ਸਾਹਿਬਾਨ ਦੀ ਇਸ ਬਾਰੇ ਮੀਟਿੰਗ ਚੱਲ ਰਹੀ ਸੀ। ਉਹ ਆਪਣਾ ਸਪੱਸ਼ਟੀਕਰਨ ਸ੍ਰੀ ਅਕਾਲ ਤਖ਼ਤ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅੱਗੇ ਰੱਖ ਕੇ ਚਲੇ ਗਏ। ਇਸ ਘਟਨਾ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਵੱਲੋਂ ਸਾਬਕਾ ਜਥੇਦਾਰ ਨੂੰ ਪੰਥ ਵਿਚੋਂ ਛੇਕਣ ਦਾ ਐਲਾਨ ਕਰ ਦਿੱਤਾ ਗਿਆ ਤੇ ਸਿੱਖ ਸੰਗਤ ਨੂੰ ਪ੍ਰੋ. ਦਰਸ਼ਨ ਸਿੰਘ ਨੂੰ ਸਹਿਯੋਗ ਨਾ ਦੇਣ ਲਈ ਹਦਾਇਤ ਕੀਤੀ ਗਈ। ਇਹ ਵਿਵਾਦ ਅਜੇ ਜਾਰੀ ਹੈ।

ਦੂਜੀ ਵੱਡੀ ਘਟਨਾ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਬਾਰੇ ਸੀ। ਇਹ ਮਾਮਲੇ ਦੀ ਸ਼ੁਰੂਆਤ ਵੀ ਵਿਵਾਦ ਨਾਲ ਹੋਈ। ਸਿੰਘ ਸਾਹਿਬਾਨ ਵੱਲੋਂ ਸੋਧਾਂ ਨੂੰ ਪ੍ਰਵਾਨਗੀ ਲਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਕੋਲ ਭੇਜਿਆ ਗਿਆ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਜਨਰਲ ਸਕੱਤਰ ਸੁਖਦੇਵ

ਅਲਵਿਦਾ
2010

ਸਿੰਘ ਭੌਰ ਤੇ ਕਰਨੈਲ ਸਿੰਘ ਪੰਜੋਲੀ ਨੇ ਇਹ ਸੋਧਾਂ ਨਾਲ ਅਸਿਹਮਤੀ ਪ੍ਰਗਟਾਈ ਤੇ ਮੀਟਿੰਗ ਤੋਂ ਬਾਹਰ ਆ ਗਏ। ਦੋ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਕੈਲੰਡਰ ਵਿਚ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਜਿਸ ਦਾ ਐਲਾਨ ਬਾਅਦ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੀਤਾ ਗਿਆ। ਇਸ ਮਾਮਲੇ ਵਿਚ ਸਾਰੇ ਜਥੇਦਾਰ ਵੀ ਇਕਮਤ ਨਹੀਂ ਸਨ। ਇਹ ਵਿਵਾਦ ਵੀ ਅਜੇ ਜਾਰੀ ਹੈ। ਕੁਝ ਸਿੱਖ ਜਥੇਬੰਦੀਆਂ ਨੇ ਸੋਧੇ ਹੋਏ ਕੈਲੰਡਰ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਤੇ 2003 ਵਾਲੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਦਿਨ ਦਿਹਾੜੇ ਮਨਾਏ। ਇਸ ਵਾਰ ਸ੍ਰੀ ਗੁਰੂ ਤੇਗ ਬਹਾਦਰ ਦਾ ਸ਼ਹੀਦੀ ਪੁਰਬ ਦੋ ਵਾਰ ਮਨਾਇਆ ਗਿਆ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਵੀ ਸਿੱਖ ਜਥੇਬੰਦੀਆਂ ਇਕਮਤ ਨਹੀਂ ਹਨ। ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਆਪਣੇ ਪੱਧਰ 'ਤੇ ਜਾਰੀ ਕੀਤਾ ਗਿਆ ਰਾਗਮਾਲਾ ਬਾਰੇ ਹੁਕਮਨਾਮਾ ਵੀ ਵਿਵਾਦ ਦਾ ਮੁੱਦਾ ਬਣਿਆ ਰਿਹਾ। ਇਸੇ ਕਾਰਨ ਇਸ ਮਹੀਨੇ ਵਿਚ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਗਿਆਨੀ ਇਕਬਾਲ ਸਿੰਘ ਨੂੰ ਸ਼ਾਮਲ ਹੋਣ ਦਾ ਸੱਦਾ ਹੀ ਨਹੀਂ ਦਿੱਤਾ ਗਿਆ। ਇਹ ਮਾਮਲਾ ਅਜੇ ਵੀ ਪੰਥਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਹੈ।

ਹਰਿਆਣਾ ਦੇ ਗੁਰਦੁਆਰਿਆਂ ਲਈ ਵੱਖਰੀ ਸ਼੍ਰੋਮਣੀ ਕਮੇਟੀ ਬਣਾਉਣ ਦਾ ਮਾਮਲਾ ਵੀ ਹੱਲ ਨਹੀਂ ਹੋਇਆ। ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਦੋ ਜਨਰਲ ਇਜਲਾਸ ਹੋਏ ਜਿਨ੍ਹਾਂ ਨੂੰ ਹਰਿਆਣਾ ਦੇ ਵੱਖਰੀ ਕਮੇਟੀ ਹਮਾਇਤੀ ਵਿਚਾਲੇ ਛੱਡ ਕੇ ਚਲੇ ਗਏ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਨਾ ਆਉਣਾ ਦੇਸ਼-ਵਿਦੇਸ਼ ਦੇ ਪੰਥਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਸ੍ਰੀ




*ਜਗਦੀਸ਼ ਸਿੰਘ ਝੀਂਡਾ*

ਓਬਾਮਾ ਦੇ ਭਾਰਤ ਦੌਰੇ ਦੇ ਮੁੱਢਲੇ ਪ੍ਰੋਗਰਾਮ 'ਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣਾ ਸ਼ਾਮਲ ਸੀ ਪਰ ਸਿਰ ਢੱਕਣ ਦੀ ਵਿਧੀ ਨੂੰ ਲੈ ਕੇ ਇਹ ਮਾਮਲਾ ਇੰਨਾ ਉਲਝ ਗਿਆ ਕਿ ਰਾਸ਼ਟਰਪਤੀ ਦਾ ਦੌਰਾ ਹੀ ਰੱਦ ਹੋ ਗਿਆ।

ਜਥੇਦਾਰ ਅਵਤਾਰ ਸਿੰਘ ਦਾ ਲਗਾਤਾਰ ਛੇਵੀਂ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨਾ ਵੀ ਇਕ ਇਤਿਹਾਸਕ ਘਟਨਾ ਸੀ। ਇਸ ਬਾਰੇ 16 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਹੋਇਆ ਜਿਸ ਵਿਚ ਜਥੇਦਾਰ ਅਵਤਾਰ ਸਿੰਘ ਆਪਣੇ ਨਿਕਟ ਵਿਰੋਧੀ ਭਜਨ ਸਿੰਘ ਦੀਆਂ 23 ਵੋਟਾਂ ਦੇ ਮੁਕਾਬਲੇ 133 ਵੋਟਾਂ ਨਾਲ ਪਛਾੜ ਪ੍ਰਧਾਨ ਬਣੇ। ਉਹ ਪਹਿਲੀ ਵਾਰ ਨਵੰਬਰ 2005 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਸਨ। ਉਨ੍ਹਾਂ ਤੋਂ ਪਹਿਲਾਂ ਲਗਾਤਾਰ 19 ਵਾਰ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੋਹੜਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਹਨ।

ਸਾਲ ਦੇ ਆਖ਼ਰ ਵਿਚ ਸਿੱਖ ਪਛਾਣ ਤੇ ਦਸਤਾਰ ਦਾ ਮਾਮਲਾ ਸ਼੍ਰੋਮਣੀ ਕਮੇਟੀ ਲਈ ਮੁੜ ਵੱਡੀ ਚਿੰਤਾ ਦਾ ਵਿਸ਼ਾ ਬਣ ਕੇ ਉਭਰਿਆ। ਫਰਾਂਸ ਦੇ ਸਕੂਲਾਂ ਤੋਂ ਬਾਅਦ ਅਮਰੀਕਾ ਦੇ ਹਵਾਈ ਅੱਡਿਆਂ 'ਤੇ ਜਾਂਚ ਲਈ ਬਣਾਏ ਗਏ ਨਵੇਂ ਨਿਯਮਾਂ ਦੇ ਕਾਰਨ ਦਸਤਾਰ ਦੀ ਬੇਅਦਬੀ ਸਿੱਖਾਂ ਲਈ ਗੰਭੀਰ ਚਿੰਤਾ ਬਣ ਉੱਭਰੀ ਹੈ।ਇਸ ਮਾਮਲੇ ਨੂੰ ਲੈ ਕੇ 23 ਦਸੰਬਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦਿੱਲੀ 'ਚ ਅਮਰੀਕਾ ਦੇ ਸਫ਼ਾਰਤਖਾਨੇ ਦੇ ਬਾਹਰ ਰੋਸ ਪ੍ਰਗਟਾਵਾ ਕੀਤਾ ਗਿਆ। ਸਿੱਖ ਪਛਾਣ ਅਤੇ ਦਸਤਾਰ ਦਾ ਮਾਮਲਾ ਸ਼੍ਰੋਮਣੀ ਕਮੇਟੀ ਲਈ ਇਕ ਵੱਡੀ ਚੁਣੌਤੀ ਹੈ। ਜਿਸ ਦਾ ਸਾਹਮਣਾ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ਾਂ ਵਿਚ ਪ੍ਰਚਾਰ ਲਈ ਇਕ ਵਿਆਪਕ ਯੋਜਨਾ ਉਲੀਕੀ ਜਾ ਰਹੀ ਹੈ।

# ਸੀ.ਬੀ.ਆਈ. ਵੱਲੋਂ ਡੇਰਾ ਮੁਖੀ ਖ਼ਿਲਾਫ਼ ਕਤਲ ਕੇਸ ਬੰਦ

**ਅੰਬਾਲਾ:** ਅੰਬਾਲਾ ਸਥਿਤ ਸੀ.ਬੀ.ਆਈ. ਅਦਾਲਤ ਨੇ ਫਕੀਰ ਚੰਦ ਹੱਤਿਆ ਕੇਸ ਦੀ ਸੀ.ਬੀ.ਆਈ. ਵੱਲੋਂ ਦਾਇਰ ਕਲੋਜ਼ਰ ਰਿਪੋਰਟ ਸਵੀਕਾਰ ਕਰ ਲਈ ਹੈ ਇਹ ਮੁਕੱਦਮਾਂ ਬੰਦਸ ਕਰ ਦਿੱਤਾ ਹੈ। ਦੂਜੇ ਪਾਸੇ ਫਕੀਰ ਚੰਦ ਦਾ ਵਕੀਲ ਅਦਾਲਤ ਦੇ ਫ਼ੈਸਲੇ ਤੋਂ ਸੰਤੁਸ਼ਟ ਨਹੀਂ ਹੈ। ਉਸ ਨੇ ਕਿਹਾ ਕਿ ਇਸ ਫੈਸਲੇ ਖ਼ਿਲਾਫ਼ ਉਹ ਉੱਚ ਅਦਾਲਤ ਵਿਚ ਜਾਵੇਗਾ।

ਜ਼ਿਕਰਯੋਗ ਹੈ ਕਿ ਫਕੀਰ ਚੰਦ ਡੇਰੇ ਦਾ ਮੈਨੇਜਰ ਸੀ ਤੇ 1991 ਵਿਚ ਉਹ ਅਚਾਨਕ ਲਾਪਤਾ ਹੋ ਗਿਆ ਸੀ। ਗੋਬਿੰਦ ਸਿੰਘ ਨਾਂ ਦੇ ਵਿਅਕਤੀ ਨੇ ਦੋਸ਼ ਲਾਇਆ ਸੀ ਕਿ ਫਕੀਰ ਚੰਦ ਸ਼ਾਹ ਸਤਨਾਮ ਦਾ ਵਿਸ਼ਵਾਸਪਾਤਰ ਸੀ ਤੇ ਸਤੰਬਰ 1990 ਵਿੱਚ ਡੇਰਾ ਮੁਖੀ ਬਣਨ ਦੇ ਚਾਰ ਮਹੀਨੇ



ਬਾਅਦ ਡੇਰਾ ਮੁਖੀ ਨੇ ਉਸ ਨੂੰ ਕਤਲ ਕਰਵਾ ਦਿੱਤਾ ਸੀ। ਗੋਬਿੰਦ ਸਿੰਘ ਨੇ ਚੀਫ਼ ਜਸਟਿਸ ਨੂੰ ਸੀ.ਬੀ.ਆਈ. ਕੋਲੋਂ ਇਸ ਮਾਮਲੇ ਦੀ ਜਾਂਚ ਕਰਾਉਣ ਦੀ ਬੇਨਤੀ ਕੀਤੀ ਸੀ। ਇਸ ਪਿਛੋਂ ਰਾਮ ਕੁਮਾਰ ਬਿਸ਼ਨੋਈ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ।

ਅਦਾਲਤ ਨੇ ਸ਼ਿਕਾਇਤਕਰਤਾ ਰਾਮ ਕੁਮਾਰ ਬਿਸ਼ਨੋਈ ਦੇ ਇਤਰਾਜ਼ ਨੂੰ ਖਾਰਜ ਕਰਕੇ ਸੀ.ਬੀ.ਆਈ. ਵੱਲੋਂ ਫਕੀਰ ਚੰਦ ਹੱਤਿਆ ਕਾਂਡ ਬਾਰੇ 30 ਨਵੰਬਰ ਨੂੰ ਦਾਇਰ ਕਲੋਜ਼ਰ ਰਿਪੋਰਟ ਮਨਜ਼ੂਰ ਕਰ ਲਈ ਹੈ। ਬਚਾਅ ਪੱਖ ਦੇ ਵਕੀਲ ਜਸਮੇਰ ਚੰਦ ਦੱਸਿਆ ਕਿ ਕਲੋਜ਼ਰ ਰਿਪੋਰਟ ਵਿਚ ਟੇਪ ਕੀਤੀਆਂ ਗਈਆਂ ਆਵਾਜ਼ਾਂ ਦਾ ਹਵਾਲਾ ਵੀ ਹੈ। ਉਨ੍ਹਾਂ ਅਨੁਸਾਰ ਗੋਬਿੰਦ ਸਿੰਘ ਨੂੰ ਮੋਹਰਾ ਬਣਾ ਕੇ ਇਹ ਖੇਡ ਰਚੀ ਗਈ ਸੀ। ਕਲੋਜ਼ਰ ਰਿਪੋਰਟ ਵਿੱਚ ਲਾਭ ਸਿੰਘ ਤੇ ਗੋਬਿੰਦ ਸਿੰਘ ਦੀ ਗੱਲਬਾਤ ਵੀ ਰਿਕਾਰਡ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਲਾਭ ਸਿੰਘ ਪਹਿਲੇ ਡੇਰਾ ਮੁਖੀ ਸਤਨਾਮ ਸਿੰਘ ਦਾ ਸਕਾ ਦੋਹਤਾ ਹੈ। ਉਸ ਅਨੁਸਾਰ ਡੇਰਾ ਮੁਖੀ ਖ਼ਿਲਾਫ਼ 1990 ਤੋਂ ਸਾਜ਼ਿਸ਼ ਰਚੀ ਜਾ ਰਹੀ ਸੀ।

## ਰੱਤੂ ਖ਼ਿਲਾਫ਼ ਦੋ ਹੋਰ ਮਾਮਲੇ ਦਰਜ

**ਜਲੰਧਰ:** ਕਈ ਗੰਭੀਰ ਮਾਮਲਿਆਂ ਦਾ ਸਾਹਮਣਾ ਕਰ ਰਹੇ ਮਨਜੀਤ ਸਿੰਘ ਰੱਤੂ ਖ਼ਿਲਾਫ਼ ਜਲੰਧਰ ਪੁਲਿਸ ਵੱਲੋਂ ਦੋ ਹੋਰ ਮੁਕੱਦਮੇ ਦਰਜ ਕੀਤੇ ਗਏ ਹਨ। ਪੁਲਿਸ ਅਨੁਸਾਰ ਰੱਤੂ ਨੇ ਪਿੰਡ ਕਾਦੀਆਂ ਵਾਸੀ ਮਨਦੀਪ ਸਿੰਘ ਕੋਲੋਂ ਅਮਰੀਕਾ ਭੇਜਣ ਲਈ 10 ਲੱਖ ਰੁਪਏ ਦੀ ਠੱਗੀ ਮਾਰ ਕੇ ਰੂਪੋਸ਼ ਹੋ ਗਿਆ ਸੀ ਤੇ ਇਕ ਹੋਰ ਕੇਸ 'ਚ ਰੱਤੂ ਨੇ 24 ਦਸੰਬਰ 2010 ਨੂੰ ਕੁਲਵੰਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਮਿੱਠਾਪੁਰ ਤੋਂ ਉਨ੍ਹਾਂ ਦੇ ਜਵਾਈ ਸੁਰਜੀਤ ਸਿੰਘ ਦੀ ਅਮਰੀਕਾ 'ਚ ਹੋਈ ਮੌਤ ਬਾਰੇ ਕਲੇਮ ਦੁਆਉਣ ਲਈ ਉਨ੍ਹਾਂ ਕੋਲੋਂ 4 ਲੱਖ 80 ਹਜ਼ਾਰ ਰੁਪਏ ਲਏ ਤੇ ਰੂਪੋਸ਼ ਹੋ ਗਿਆ। ਇਸ ਸਬੰਧੀ ਜਲੰਧਰ ਪੁਲਿਸ ਨੇ ਮੁਕੱਦਮਾ ਨੰਬਰ 307 ਮਿਤੀ 24 ਦਸੰਬਰ 2010 ਅਧੀਨ ਧਾਰਾ 406,420 ਦਰਜ ਕੀਤੇ ਹਨ।

ਦੱਸਣਯੋਗ ਹੈ ਕਿ ਥਾਣਾ 8 ਦੀ ਪੁਲਿਸ ਰੱਤੂ ਨੂੰ ਇਕ ਠੱਗੀ ਦੇ ਮੁਕੱਦਮੇ ਵਿਚ ਪ੍ਰੋਡਕਸ਼ਨ ਵਾਰੰਟ 'ਤੇ ਲਿਆਈ ਸੀ ਤੇ ਥਾਣਾ 8 ਦੇ ਮੁਖੀ ਅਨੁਸਾਰ 6 ਦਿਨ ਲੰਮੇ ਪੁਲਿਸ ਵਾਰੰਟ ਦੌਰਾਨ ਰੱਤੂ ਕੋਲੋਂ ਸਿਰਫ ਬਲਵੀਰ ਪਾਲ ਕੌਰ ਦੇ ਬੇਟੇ ਨੂੰ ਵਿਦੇਸ਼ ਭੇਜਣ ਦੇ ਮਾਮਲੇ ਵਿਚ ਪੁੱਛਗਿੱਛ ਕੀਤੀ ਗਈ ਹੈ।

# ਮੁੱਖ ਮੰਤਰੀ ਬਾਦਲ ਨੇ ਫਿਰ ਸੰਘੀ ਢਾਂਚੇ ਦਾ ਰਾਗ ਅਲਾਪਿਆ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਕਾਂਗਰਸ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਗਾਏ ਗਏ ਗੁੰਮਸੁੰਮ ਹੋਣ ਦੇ ਦੋਸ਼ ਤੋਂ ਬਾਅਦ ਆਖ਼ਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਚੁੱਪੀ ਤੋੜਦਿਆਂ ਕੇਂਦਰ ਸਰਕਾਰ ਖ਼ਿਲਾਫ਼ ਭੜਾਸ ਕੱਢੀ ਹੈ। ਉਨ੍ਹਾਂ ਇਕ ਵਾਰ ਫਿਰ ਦੇਸ਼ ਵਿਚ ਸੰਘੀ ਢਾਂਚੇ ਦਾ ਰਾਗ ਅਲਾਪਦਿਆਂ ਆਖਿਆ ਕਿ ਇਸ ਤੋਂ ਬਿਨਾਂ ਰਾਜਾਂ ਦਾ ਸਮੁੱਚਾ ਵਿਕਾਸ ਤੇ ਆਰਥਿਕ ਉੱਨਤੀ ਸੰਭਵ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਤਾਕਤ ਕੇਂਦਰ ਸਰਕਾਰ ਦੇ ਹੱਥਾਂ ਵਿਚ ਹੁੰਦੀ ਹੈ ਤੇ ਉਸ ਵੱਲੋਂ ਰਾਜ ਸਰਕਾਰਾਂ ਨੂੰ ਵਿਕਾਸ ਕਾਰਜਾਂ ਲਈ ਗਰਾਂਟਾਂ ਦੇਣ ਵੇਲੇ ਤਰ੍ਹਾਂ-ਤਰ੍ਹਾਂ ਦੀਆਂ ਸ਼ਰਤਾਂ ਰੱਖੀਆਂ ਜਾਂਦੀਆਂ ਹਨ।

ਸ੍ਰੀ ਬਾਦਲ, ਜੋ ਲੁਧਿਆਣਾ ਵਿਖੇ ਇਕ ਬਰਸੀ ਸਮਾਗਮ 'ਚ ਸ਼ਮੂਲੀਅਤ ਕਰਨ ਆਏ ਸਨ, ਨੇ ਕਿਹਾ ਕਿ ਕਿਸੇ ਦੇਸ਼ ਜਾਂ ਰਾਜ ਦੇ ਲੋਕਾਂ ਦਾ ਅਮੀਰ ਜਾਂ ਗਰੀਬ ਹੋਣਾ ਉਥੋਂ ਦੀ ਸਰਕਾਰ ਦੀਆਂ ਨੀਤੀਆਂ 'ਤੇ ਨਿਰਭਰ ਕਰਦਾ ਹੈ ਤੇ ਕਾਂਗਰਸ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਬਾਗੀ ਹੋਏ ਮਨਪ੍ਰੀਤ ਸਿੰਘ ਬਾਦਲ ਬਾਰੇ ਪੁੱਛੇ ਸਵਾਲ ਦਾ ਕੋਈ ਸਪਸ਼ਟ ਦੇਣ ਤੋਂ ਟਾਲਾ ਵਟਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਮਨਪ੍ਰੀਤ ਦੀ ਬਗਾਵਤ ਭਰਾਵਾਂ ਦੇ ਪਿਆਰ 'ਤੇ ਹਾਵੀ ਨਹੀਂ ਹੋਈ ਤੇ ਉਨ੍ਹਾਂ ਦਾ ਆਪਣੇ ਛੋਟੇ ਭਰਾ ਗੁਰਦਾਸ ਸਿੰਘ ਬਾਦਲ ਨਾਲ ਅੱਜ ਵੀ ਓਨਾ ਹੀ ਗੂੜ੍ਹਾ ਰਿਸ਼ਤਾ ਹੈ ਤੇ ਉਨ੍ਹਾਂ ਵਿਚ ਕੋਈ ਮਤਭੇਦ ਨਹੀਂ। ਪੰਜਾਬ ਸਰਕਾਰ ਵੱਲੋਂ ਰਾਜ ਵਿਚ ਸ਼ਹੀਦੀ ਯਾਦਗਾਰਾਂ ਬਣਾਏ ਜਾਣ ਦੀ ਲੜੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਸ੍ਰੀ ਚਮਕੌਰ ਸਾਹਿਬ 'ਚ ਲੰਬੇ ਸਮੇਂ ਤੋਂ ਅਧੂਰੇ ਪਏ ਯਾਦਗਾਰੀ ਪ੍ਰਾਜੈਕਟ ਬਾਰੇ ਵੀ ਸ੍ਰੀ ਬਾਦਲ ਨੇ ਕਾਂਗਰਸ ਸਰਕਾਰ ਨੂੰ ਦੋਸ਼ੀ ਦੱਸਿਆ।

# ਵਿਦਵਾਨਾਂ ਦੀ ਕਮੇਟੀ ਕਰੇਗੀ ਭਨਿਆਰਾਵਾਲੇ ਦੇ ਗ੍ਰੰਥ ਦੀ ਪੁਣਛਾਣ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਦਵਾਨਾਂ ਦੀ ਕਮੇਟੀ ਵੱਲੋਂ ਭਨਿਆਰਾਵਾਲੇ ਦੇ ਵਿਵਾਦਿਤ ਗ੍ਰੰਥ ਦਾ ਅਧਿਐਨ ਕੀਤਾ ਜਾਵੇਗਾ। ਪੰਜਾਬ ਸਰਕਾਰ ਨੇ ਪਿਆਰਾ ਸਿੰਘ ਭਨਿਆਰਾ ਦੇ ਗ੍ਰੰਥ 'ਭਵਸਾਗਰ ਸਮੁੰਦਰ ਬਾਣੀ ਅਮਰ ਗ੍ਰੰਥ' ਦੇ ਅਧਿਐਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਵਾਨ ਡਾ. ਬਲਦੇਵ ਸਿੰਘ ਢਿੱਲੋਂ ਦੀ ਅਗਵਾਈ ਹੇਠ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਇਸ ਅਧਿਐਨ ਕਮੇਟੀ ਦਾ ਗਠਨ ਰਾਜ ਸਰਕਾਰ ਵੱਲੋਂ ਹਾਈ ਕੋਰਟ ਦੇ ਆਦੇਸ਼ਾਂ 'ਤੇ ਕੀਤਾ ਗਿਆ ਹੈ ਤੇ ਇਹ ਜਾਣਕਾਰੀ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਨੂੰ ਦਿੱਤੀ ਗਈ ਹੈ। ਇਸ ਕਮੇਟੀ ਵੱਲੋਂ ਇਹ ਅਧਿਐਨ ਕੀਤਾ ਜਾਣਾ ਹੈ ਕਿ 'ਭਵਸਾਗਰ ਸਮੁੰਦਰ ਬਾਣੀ ਅਮਰ ਗ੍ਰੰਥ' ਵਿਚ ਕਿਹੜੀ ਗੱਲ ਇਤਰਾਜ਼ਯੋਗ ਹੈ ਜਿਸ ਨਾਲ ਕਿਸੇ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ।

ਜਸਟਿਸ ਐਮ.ਐਮ. ਕੁਮਾਰ, ਜਸਟਿਸ ਐਮ.ਐਮ.ਐਸ. ਬੇਦੀ ਤੇ ਜਸਟਿਸ ਜਤਿੰਦਰ ਚੌਹਾਨ ਦੇ ਅਧਾਰਿਤ ਹਾਈ ਕੋਰਟ ਦੇ ਬੈਂਚ ਵੱਲੋਂ ਇਸ ਮਾਮਲੇ 'ਤੇ ਸੁਣਵਾਈ ਕਰਦਿਆਂ ਤਾਜ਼ਾ ਗਠਿਤ ਪੰਜ ਮੈਂਬਰੀ ਕਮੇਟੀ ਨੂੰ ਆਪਣੀ ਰਿਪੋਰਟ 31 ਮਾਰਚ ਤੱਕ ਦੇਣ ਲਈ ਕਿਹਾ ਹੈ ਤੇ ਮਾਮਲੇ ਦੀ ਅਗਲੀ ਸੁਣਵਾਈ 8 ਅਪਰੈਲ ਤੈਅ ਕੀਤੀ ਹੈ। ਮੁੱਖ ਸਕੱਤਰ ਵੱਲੋਂ ਗਠਿਤ ਇਸ ਪੰਜ ਮੈਂਬਰੀ ਕਮੇਟੀ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸਿੱਖ ਮਾਮਲਿਆਂ ਦੇ ਮਾਹਰ ਡਾ. ਜੋਧ ਸਿੰਘ, ਸ੍ਰੀ ਨਰੇਸ਼ ਸੇਠੀ ਤੇ ਠਾਕੁਰ ਦਾਸ ਰੰਜਨ ਲੁਧਿਆਣਾ ਤੋਂ ਤੇ ਚੰਡੀਗੜ੍ਹ ਤੋਂ ਦਰਸ਼ਨ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪਿਆਰਾ ਸਿੰਘ ਭਨਿਆਰਾ ਦੇ ਗ੍ਰੰਥ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਰਾਜ ਦੇ ਗ੍ਰਹਿ ਵਿਭਾਗ ਵੱਲੋਂ ਲਗਾਈ ਪਾਬੰਦੀ ਵਿਚ ਕਿਹਾ ਗਿਆ ਸੀ ਕਿ ਇਸ 'ਕਿਤਾਬ' ਨਾਲ ਲੋਕਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਠੇਸ ਪਹੁੰਚੀ ਹੈ ਇਸ ਲਈ ਪਾਬੰਦੀ ਲਗਾਈ ਜਾਂਦੀ ਹੈ।

ਭਨਿਆਰਾ ਵੱਲੋਂ ਆਪਣੇ ਗ੍ਰੰਥ 'ਤੇ ਲੱਗੀ



*ਪਿਆਰਾ ਸਿੰਘ ਭਨਿਆਰਾ*

ਪਾਬੰਦੀ ਹਟਾਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਸਹਾਰਾ ਲਿਆ ਗਿਆ ਸੀ। ਹਾਈ ਕੋਰਟ ਨੇ ਸਰਕਾਰ ਨੂੰ ਹਦਾਇਤ ਦਿੱਤੀ ਸੀ ਕਿ 'ਭਵਸਾਗਰ ਸਮੁੰਦਰ ਬਾਣੀ ਅਮਰ ਗ੍ਰੰਥ' ਦੇ ਅਧਿਐਨ ਲਈ ਕਮੇਟੀ ਦਾ ਗਠਨ ਕੀਤਾ ਜਾਵੇ। ਇਸ ਕਮੇਟੀ ਵਿਚ ਸਿੱਖ ਤੇ ਹਿੰਦੂ ਧਰਮ ਨਾਲ ਸਬੰਧਿਤ ਦੋ-ਦੋ ਨੁਮਾਇੰਦੇ ਹੋਣ ਤੇ ਇਕ ਨੁਮਾਇੰਦਾ ਪਟੀਸ਼ਨਰ (ਪਿਆਰਾ ਸਿੰਘ ਭਨਿਆਰਾ) ਵੱਲੋਂ ਸ਼ਾਮਲ ਕੀਤਾ ਜਾਵੇ। ਸਰਕਾਰ ਵੱਲੋਂ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਕਮੇਟੀ ਦੇ ਗਠਨ 'ਤੇ ਇਕ ਤਰ੍ਹਾਂ ਨਾਲ ਟਾਲ-ਮਟੋਲ ਹੀ ਕੀਤੀ ਜਾ ਰਹੀ ਸੀ ਤੇ ਮਾਮਲਾ ਇਸ ਹੱਦ ਤੱਕ ਪਹੁੰਚ ਗਿਆ ਕਿ ਅਦਾਲਤ ਨੇ ਮੁੱਖ ਸਕੱਤਰ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦੇ ਦਿੱਤੇ ਸਨ। ਪਿਛਲੀ ਸੁਣਵਾਈ ਦੌਰਾਨ ਹਾਈ ਕੋਰਟ ਵੱਲੋਂ ਸਰਕਾਰ ਨੂੰ ਕਮੇਟੀ ਦੇ ਗਠਨ ਲਈ ਚਾਰ ਹਫ਼ਤਿਆਂ ਦਾ ਸਮਾਂ ਦਿੱਤਾ ਗਿਆ ਸੀ।

# ਸੰਯੁਕਤ ਰਾਸ਼ਟਰ ਵਲੋਂ ਮੌਤ ਦੀ ਸਜ਼ਾ 'ਤੇ ਰੋਕ ਲਈ ਮਤਾ ਪਾਸ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਜਨਰਲ ਇਜਲਾਸ ਨੇ ਸਾਰੇ ਦੇਸ਼ਾਂ ਵਿਚ ਮੌਤ ਦੀ ਸਜ਼ਾ 'ਤੇ ਰੋਕ ਲਈ ਮਤਾ ਪਾਸ ਕਰ ਦਿੱਤਾ ਹੈ। ਸਾਲ 2007 ਤੋਂ ਬਾਅਦ ਜਨਰਲ ਇਜਲਾਸ ਦਾ ਇਹ ਤੀਸਰਾ ਅਜਿਹਾ ਕਦਮ ਹੈ ਜਿਸ ਵਿਚ ਮੌਤ ਦੀ ਸਜ਼ਾ 'ਤੇ ਰੋਕ ਲਾਉਣ ਦੀ ਗੱਲ ਕਹੀ ਗਈ ਹੈ।

ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਦੇ ਜਨਰਲ ਇਜਲਾਸ ਵਿਚ ਪਾਸ ਹੋਏ ਇਸ ਮਤੇ ਦੇ ਪੱਖ ਵਿਚ 109 ਤੇ ਵਿਰੋਧ ਵਿਚ 41 ਵੋਟਾਂ ਪਈਆਂ ਜਦਕਿ 35 ਦੇਸ਼ ਇਸ ਵੋਟਿੰਗ ਦੌਰਾਨ ਗ਼ੈਰ ਹਾਜ਼ਰ ਰਹੇ। ਪਿਛਲੀ ਵਾਰ ਵੀ ਅਜਿਹੀ ਹੀ ਵੋਟਿੰਗ 2008 ਵਿਚ ਹੋਈ ਸੀ ਜਿਸ ਦੇ ਮੁਕਾਬਲੇ ਇਸ ਵਾਰ ਮਤੇ ਦੇ ਹੱਕ ਵਿਚ ਵਧੇਰੇ ਵੋਟਾਂ ਪਈਆਂ। ਇਸ ਮਤੇ ਤਹਿਤ ਹੁਣ ਵੀ ਮੌਤ ਦੀ ਸਜ਼ਾ ਦੇਣ ਵਾਲੇ ਦੇਸ਼ਾਂ ਨੂੰ ਕਿਹਾ ਗਿਆ ਹੈ ਕਿ ਉਹ ਇਸ ਸਜ਼ਾ ਦੀ ਵਰਤੋਂ ਘੱਟ ਤੋਂ ਘੱਟ ਕਰਨ ਤੇ ਅਜਿਹੇ ਅਪਰਾਧਾਂ 'ਤੇ ਰੋਕ ਲਗਾਉਣ ਜਿਸ ਵਿਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਜਿਨ੍ਹਾਂ ਦੇਸ਼ਾਂ ਨੇ ਮੌਤ ਦੀ ਸਜ਼ਾ ਖ਼ਤਮ ਕਰ ਦਿਤੀ ਹੈ ਉਨ੍ਹਾਂ ਦੇਸ਼ਾਂ ਨੂੰ ਮਤੇ ਤਹਿਤ ਅਪੀਲ ਕੀਤੀ ਗਈ ਹੈ ਕਿ ਉਹ ਅਪਣੇ ਦੇਸ਼ ਵਿਚ ਮੌਤ ਦੀ ਸਜ਼ਾ ਨੂੰ ਮੁੜ ਸ਼ੁਰੂ ਨਾ ਕਰਨ।

ਮਤੇ ਦੇ ਤੁਰਤ ਬਾਅਦ ਐਮਨੈਸਟੀ ਇੰਟਰਨੈਸ਼ਨਲ ਨੇ ਸਾਰੇ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੌਤ ਦੀ ਸਜ਼ਾ ਖ਼ਤਮ ਕਰਨ ਲਈ ਤੁਰਤ ਇਸ 'ਤੇ ਰੋਕ ਲਗਾਉਣ।

# ਪਾਕਿ ਜੇਲ੍ਹ 'ਚ ਨਜ਼ਰਬੰਦ ਸਰਬਜੀਤ ਦਾ ਕੇਸ ਮੁੜ ਖੁੱਲ੍ਹੇਗਾ

**ਲਾਹੌਰ:** ਪਾਕਿਸਤਾਨ ਵਿਚ ਬੰਬ ਧਮਾਕੇ ਦੇ ਮਾਮਲੇ 'ਚ ਫਾਂਸੀ ਦੀ ਸਜ਼ਾ ਭੁਗਤ ਰਹੇ ਭਾਰਤੀ ਨਾਗਰਿਕ ਸਰਬਜੀਤ ਸਿੰਘ ਦੇ ਕੇਸ ਨੂੰ ਮੁੜ ਖੋਲ੍ਹਣ ਲਈ ਨਵੀਂ ਪਟੀਸ਼ਨ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਬਾਰੇ ਸਰਬਜੀਤ ਦੇ ਵਕੀਲ ਅਵੈਸ ਸ਼ੇਖ਼ ਨੇ ਕਿਹਾ ਹੈ ਕਿ ਉਹ ਆਪਣੇ ਮੁਵੱਕਿਲ 'ਤੇ ਲਾਏ ਦੋਸ਼ਾਂ ਦੇ ਮਾਮਲੇ ਵਿਚ ਮਨਜੀਤ ਸਿੰਘ ਰੱਤੂ ਦੀ ਗ੍ਰਿਫ਼ਤਾਰੀ ਮਗਰੋਂ ਇਸ ਕੇਸ ਨੂੰ ਮੁੜ ਖੋਲ੍ਹਣ ਲਈ ਸੁਪਰੀਮ ਕੋਰਟ 'ਚ ਨਵੀਂ ਪਟੀਸ਼ਨ ਪਾਉਣਗੇ।





*ਸਰਬਜੀਤ ਅਤੇ ਮਨਜੀਤ ਰੱਤੂ*

ਦੱਸਣਯੋਗ ਹੈ ਕਿ ਸਰਬਜੀਤ ਨੂੰ 1990 ਦੇ ਬੰਬ ਧਮਾਕੇ 'ਚ ਕਥਿਤ ਤੌਰ 'ਤੇ ਸ਼ਾਮਲ ਹੋਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ ਤੇ ਮੌਤ ਦੀ ਸਜ਼ਾ ਸੁਣਾਈ ਗਈ ਸੀ।ਉਸ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਸ ਨੂੰ ਗ਼ਲਤ ਢੰਗ ਨਾਲ ਦੋਸ਼ੀ ਕਰਾਰ ਦਿੱਤਾ ਗਿਆ ਹੈ।ਪੰਜਾਬ ਪੁਲਿਸ ਨੇ ਹਾਲ ਹੀ ਦੌਰਾਨ ਮਨਜੀਤ ਸਿੰਘ ਰੱਤੂ ਨਾਂ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਦਾ ਲਾਹੌਰ ਤੇ ਫ਼ੈਸਲਾਬਾਦ ਦੇ ਧਮਾਕੇ 'ਚ ਕਥਿਤ ਤੌਰ 'ਤੇ ਨਾਂ ਵੱਜਦਾ ਹੈ। ਵਕੀਲ ਨੇ ਕਿਹਾ ਹੈ ਕਿ ਮਨਜੀਤ ਸਿੰਘ ਦੀ ਗ੍ਰਿਫ਼ਤਾਰੀ ਤੇ ਉਸ ਵੱਲੋਂ ਪਾਕਿਸਤਾਨ 'ਚ ਧਮਾਕੇ ਕਰਨ ਦੀ ਗੱਲ ਮੰਨਣ ਦੀ ਸੰਭਾਵਨਾ ਨਾਲ ਸਰਬਜੀਤ ਦੀ ਰਿਹਾਈ ਦੀ ਆਸ ਬੱਝਦੀ ਹੈ।ਉਨ੍ਹਾਂ ਕਿਹਾ ਕਿ ਇਹ ਗਲਤ ਪਛਾਣ ਦਾ ਮਾਮਲਾ ਹੈ। ਸਰਬਜੀਤ ਦੇ ਮਾਮਲੇ ਨੂੰ ਮੁੜ ਤੋਂ ਖੋਲ੍ਹਣ ਲਈ ਸੁਪਰੀਮ ਕੋਰਟ 'ਚ ਅਗਲੇ ਹਫ਼ਤੇ ਇਕ ਪਟੀਸ਼ਨ ਪਾਈ ਜਾਵੇਗੀ। ਇਸ ਤੋਂ ਇਲਾਵਾ ਰਾਸ਼ਟਰਪਤੀ ਕੋਲ ਵੀ ਮੁਆਫ਼ੀ ਦੀ ਅਰਜ਼ੀ ਭੇਜੀ ਜਾਵੇਗੀ।ਉਨ੍ਹਾਂ ਕਿਹਾ ਕਿ 1990 ਦੇ ਬੰਬ ਧਮਾਕੇ ਮਗਰੋਂ ਪਾਕਿਸਤਾਨ ਦੀ ਪੁਲਿਸ ਨੇ ਮਹਿੰਗਾ ਸਿੰਘ ਦੇ ਪੁੱਤਰ ਮਨਜੀਤ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਸੀ ਪਰ ਇਸ ਗੱਲ ਦੀ ਕਦੇ ਜਾਂਚ ਨਹੀਂ ਕੀਤੀ ਗਈ ਕਿ ਮਨਜੀਤ ਸਿੰਘ ਕੌਣ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਬਜੀਤ ਸਿੰਘ ਨੂੰ ਮਨਜੀਤ ਸਿੰਘ ਬਣਾ ਕੇ ਅਦਾਲਤ 'ਚ ਪੇਸ਼ ਕੀਤਾ ਗਿਆ। ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਸਰਬਜੀਤ ਦੀ ਫਾਂਸੀ ਦੀ ਸਜ਼ਾ ਉਪਰ ਅਣਮਿੱਥੇ ਸਮੇਂ ਲਈ ਰੋਕ ਲਗਾਈ ਹੋਈ ਹੈ। ਸਰਬਜੀਤ ਇਸ ਵੇਲੇ ਲਾਹੌਰ ਦੀ ਕੋਟ ਲਖਪਤ ਜੇਲ੍ਹ 'ਚ ਬੰਦ ਹੈ।ਇਥੇ ਇਹ ਵੀ ਦੱਸਣਯੋਗ ਹੈ ਕਿ ਸਰਬਜੀਤ ਸਿੰਘ ਨੂੰ ਜੇਲ੍ਹ 'ਚੋਂ ਰਿਹਾਅ ਕਰਵਾਉਣ ਲਈ ਪਹਿਲਾਂ ਵੀ ਬਹੁਤ ਸਾਰੇ ਯਤਨ ਹੋਏ ਹਨ ਜੋ ਸਫਲ ਨਹੀਂ ਹੋ ਸਕੇ।

## ਅੰਮ੍ਰਿਤਸਰ ਦੇ ਮੁੱਖ ਮਾਰਗਾਂ 'ਤੇ ਬਣਨਗੇ 4 ਸੁੰਦਰ ਗੇਟ

**ਅੰਮ੍ਰਿਤਸਰ:** ਪਵਿੱਤਰ ਸ਼ਹਿਰ ਦੇ ਚਾਰ ਮੁੱਖ ਮਾਰਗਾਂ 'ਤੇ ਛੇ ਤੋਂ ਸੱਤ ਕਰੋੜ ਰੁਪਏ ਦੀ ਲਾਗਤ ਨਾਲ ਸੁੰਦਰ ਗੇਟ ਬਣਾਏ ਜਾਣਗੇ।

ਇਹ ਗੇਟ ਅੰਮ੍ਰਿਤਸਰ-ਜਲੰਧਰ ਰੋਡ, ਅੰਮ੍ਰਿਤਸਰ-ਅਟਾਰੀ ਮਾਰਗ, ਅੰਮ੍ਰਿਤਸਰ-ਤਰਨ ਤਾਰਨ ਮਾਰਗ ਤੇ ਹਵਾਈ ਅੱਡਾ ਰੋਡ 'ਤੇ ਉਸਾਰੇ ਜਾਣਗੇ। ਇਹ ਗੇਟ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗੁੰਬਦ ਦੇ ਆਕਾਰ ਵਰਗੇ ਹੋਣਗੇ ਤੇ ਇਨ੍ਹਾਂ ਦਾ ਰੰਗ ਵੀ ਸੁਨਹਿਰੀ ਹੋਵੇਗਾ। ਇਨ੍ਹਾਂ ਗੇਟਾਂ ਦਾ ਡਿਜ਼ਾਇਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਦੇ ਡਾ. ਸਰਬਜੋਤ ਸਿੰਘ ਬਹਿਲ ਵੱਲੋਂ ਤਿਆਰ ਕੀਤਾ ਗਿਆ ਹੈ ਤੇ ਇਸ ਦੀ ਉਸਾਰੀ ਦਾ ਕੰਮ ਪੀ.ਡਬਲਯੂ.ਡੀ. ਵੱਲੋਂ ਕੀਤਾ ਜਾਵੇਗਾ। ਇਸ ਯੋਜਨਾ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਬਣਾਈ ਗਈ ਉੱਚ ਪੱਧਰੀ ਕਮੇਟੀ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਅੰਮ੍ਰਿਤਸਰ ਨੂੰ ਸੈਰ-ਸਪਾਟੇ ਦੇ ਕੇਂਦਰ ਵਜੋਂ ਸਰਕਾਰ ਵੱਲੋਂ ਮਾਨਤਾ ਦਿੱਤੇ ਜਾਣ ਤੋਂ ਬਾਅਦ ਇਥੇ ਸੈਰ-ਸਪਾਟਾ ਕੇਂਦਰਾਂ ਦਾ ਵੀ ਵਿਕਾਸ ਕੀਤਾ ਜਾ ਰਿਹਾ ਹੈ।

ਆਰਕੀਟੈਕਟ ਵਿਭਾਗ ਦੇ ਰਾਵਤ ਸਿੰਘ ਨੇ ਦੱਸਿਆ ਕਿ ਦੋ ਗੇਟ ਜੀ.ਟੀ. ਰੋਡ 'ਤੇ ਬਣਨਗੇ ਜਦੋਂਕਿ ਇਕ ਗੇਟ ਅਜਨਾਲਾ ਰੋਡ ਤੇ ਇਕ ਗੇਟ ਤਰਨਤਾਰਨ ਰੋਡ 'ਤੇ ਹੋਵੇਗਾ।

# ਪੂਤਿਨ ਬਣੇ ਰੂਸ ਦੇ ਸਭ ਤੋਂ ਹਰਮਨ ਪਿਆਰੇ ਸਿਆਸੀ ਆਗੂ

**ਮਾਸਕੋ:** ਰੂਸੀ ਪ੍ਰਧਾਨ ਮੰਤਰੀ ਵਲਾਦੀਮੀਰ ਪੁਤਿਨ 2010 'ਚ ਦੇਸ਼ ਦੇ ਸਾਰੇ ਸਿਆਸੀ ਆਗੂਆਂ ਤੋਂ ਹਰਮਨ ਪਿਆਰੇ ਨੇਤਾ ਹਨ। ਇਕ ਸਰਵੇਖਣ ਦੌਰਾਨ ਲੱਗਭਗ 55 ਫੀਸਦੀ ਨਾਗਰਿਕਾਂ ਨੇ ਪੁਤਿਨ ਨੂੰ ਆਪਣਾ ਹਰਮਨ ਪਿਆਰਾ ਨੇਤਾ ਮੰਨਿਆ ਹੈ।

ਪੁਤਿਨ ਕਈ ਕਾਰਨਾਂ ਕਰਕੇ ਸਾਲ ਭਰ ਚਰਚਾ ਵਿਚ ਰਹੇ ਹਨ। ਉਨ੍ਹਾਂ ਦੇ ਦੂਜੀ ਵਾਰ ਰਾਸ਼ਟਰਪਤੀ ਬਣ ਸਕਣ ਦੀਆਂ ਸੰਭਾਵਨਾਵਾਂ 'ਤੇ ਚਰਚਾ ਪਹਿਲਾਂ ਵੀ ਹੁੰਦੀ ਆਈ ਹੈ। ਗੱਦੀ ਸੰਭਾਲਣ ਪਿਛੋਂ ਉਨ੍ਹਾਂ ਨੇ ਜਿਸ ਤਰ੍ਹਾਂ ਸਖ਼ਤ ਫ਼ੈਸਲੇ ਲਏ, ਉਨ੍ਹਾਂ ਨੇ ਪੁਤਿਨ ਦੀ ਸਮਰੱਥਾ ਤੋਂ ਵਿਸ਼ਵ ਨੂੰ ਉਸ ਸਮੇਂ ਹੀ ਜਾਣੂ ਕਰਵਾ ਦਿੱਤਾ ਸੀ। ਉਨ੍ਹਾਂ ਨੇ ਕੱਟੜਪੰਥੀਆਂ ਨਾਲ ਨਰਮੀ ਨਹੀਂ ਵਿਖਾਈ ਤੇ ਦੇਸ਼ ਨੂੰ ਆਰਥਿਕ ਪੱਖੋਂ ਮਜ਼ਬੂਤ ਕੀਤਾ। ਦੇਸ਼ 'ਚ ਜੰਗਲ ਨੂੰ ਲੱਗੀ ਭਿਆਨਕ ਅੱਗ ਉੱਪਰ ਸਿਆਣਪ ਨਾਲ ਕਾਬੂ ਪਾਇਆ ਤੇ ਸਾਇਬੇਰੀਅਨ ਮੁੱਖ ਮਾਰਗ 'ਤੇ ਛੋਟੀ ਪੀਲੇ ਰੰਗ ਦੀ ਲਾਡਾ ਕਾਰ ਚਲਾ ਕੇ ਸਮਰਥਕਾਂ ਦੀ ਪ੍ਰਸੰਸਾ ਖੱਟੀ।

ਇਕ ਸਰਵੇਖਣ ਅਨੁਸਾਰ ਸਾਲ 2010 'ਚ ਪੁਤਿਨ ਦੀ ਹਰਮਨ ਪਿਆਰਤਾ ਸਾਲ 2009 ਨਾਲੋਂ ਪੰਜ ਫੀਸਦੀ ਵਧੀ ਹੈ। ਇਹ ਸਰਵੇਖਣ ਦੇਸ਼ ਦੇ 43 ਖਿੱਤਿਆਂ ਵਿਚ ਕਰਵਾਇਆ ਗਿਆ ਹੈ। ਰੂਸ ਦੇ ਰਾਸ਼ਟਰਪਤੀ ਦਮਿੱਤਰੀ ਮੈਦਵਦੇਵ ਸੈਂਤੀ ਫ਼ੀਸਦ ਲੋਕਾਂ ਦੀ ਪਸੰਦ ਹਨ, ਜਦੋਂ ਕਿ ਸਭ ਤੋਂ ਵੱਧ ਭੜਕਾਊ ਭਾਸ਼ਣ ਦੇਣ ਵਾਲੇ ਲਿਬਰਲ ਡੈਮੋਕਰੇਟਿਕ ਪਾਰਟੀ ਦੇ ਆਗੂ ਵਲਾਦੀਮੀਰ ਜ਼ਿਰੀਨੋਵਸਕੀ ਨੂੰ ਕੇਵਲ ਪੰਜ ਫ਼ੀਸਦ ਲੋਕਾਂ ਨੇ ਆਪਣਾ ਚਹੇਤਾ ਦੱਸਿਆ।

## ਮਿਸਰ 'ਚ ਅੱਠ ਅਮਰੀਕੀ ਸੈਲਾਨੀਆਂ ਦੀ ਮੌਤ

**ਕਾਹਿਰਾ:** ਮਿਸਰ ਵਿਚ 8 ਅਮਰੀਕੀ ਸੈਲਾਨੀਆਂ ਦੀ ਉਸ ਵੇਲੇ ਮੌਤ ਹੋ ਗਈ ਜਦੋਂ ਉਨ੍ਹਾਂ ਦੀ ਬੱਸ ਇਕ ਖੜ੍ਹੇ ਟਰੱਕ ਨਾਲ ਟਕਰਾ ਗਈ।

ਇਸ ਹਾਦਸੇ ਵਿਚ 21 ਵਿਅਕਤੀ ਜ਼ਖ਼ਮੀ ਹੋ ਗਏ। ਇਸ ਹਾਦਸੇ ਵਿਚ ਬੱਸ ਦਾ ਡਰਾਈਵਰ ਵੀ ਜ਼ਖ਼ਮੀ ਹੋਇਆ ਹੈ। ਬੱਸ ਅਬੂ ਸਿੰਬੇਲ ਨੇੜੇ ਸੜਕ 'ਤੇ ਖੜ੍ਹੇ ਇਕ ਟਰੱਕ ਨਾਲ ਟਕਰਾ ਗਈ ਜਿਸ ਕਾਰਨ ਇਸ 'ਚ ਸਵਾਰ 8 ਅਮਰੀਕੀ ਸੈਲਾਨੀਆਂ ਦੀ ਮੌਤ ਹੋ ਗਈ।

# ਮਾਪਿਆਂ ਲਈ ਹੁਣ ਇੰਟਰਨੈਟ ਬਣਿਆ ਸਿਰਦਰਦੀ

**ਵਾਸ਼ਿੰਗਟਨ:** ਟੈਲੀਵਿਜ਼ਨ ਤੋਂ ਬਾਅਦ ਹੁਣ ਇੰਟਰਨੈੱਟ ਮਾਪਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਇਕ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜਿਸ ਤਰ੍ਹਾਂ ਪਹਿਲਾਂ ਮਾਪੇ ਬੱਚਿਆਂ ਨੂੰ ਟੈਲੀਵਿਜ਼ਨ ਤੋਂ ਰੋਕਦੇ ਸਨ ਜਾਂ ਸਜ਼ਾ ਵਜੋਂ ਟੈਲੀਵਿਜ਼ਨ ਦੇਖਣਾ ਬੰਦ ਕਰਵਾ ਦਿੰਦੇ ਸਨ, ਹੁਣ ਮਾਪੇ ਬੱਚਿਆਂ ਨੂੰ ਇੰਟਰਨੈੱਟ ਤੋਂ ਦਬਕਦੇ ਹਨ।

ਯੂਨੀਵਰਸਿਟੀ ਆਫ ਸਾਊਦਰਨ ਕੈਲੇਫੋਰਨੀਆ ਦੇ ਪੱਤਰਕਾਰੀ ਵਿਭਾਗ ਵੱਲੋਂ ਕਰਵਾਏ ਸਰਵੇਖਣ ਮੁਤਾਬਕ ਟੈਲੀਵਿਜ਼ਨ ਤੋਂ ਬਾਅਦ ਇੰਟਰਨੈੱਟ ਬਾਰੇ ਮਾਪਿਆਂ ਦੀ ਇਹੀ ਰਾਇ ਹੈ ਕਿ ਬੱਚਿਆਂ ਦੀ ਨਿਗਰਾਨੀ ਕੀਤੀ ਜਾਵੇ। ਸੰਭਵ ਹੋਵੇ ਤਾਂ ਇੰਟਰਨੈੱਟ ਵਰਤਣ ਬਾਰੇ ਬੱਚਿਆਂ ਨੂੰ ਸੇਧ ਦਿੱਤੀ ਜਾਵੇ। ਸਰਵੇਖਣ ਮੁਤਾਬਕ ਮਾਪੇ ਇਸ ਗੱਲ ਤੋਂ ਬੇਹੱਦ ਦੁਖੀ ਸਨ ਕਿ ਇੰਟਰਨੈੱਟ ਫਰੋਲਦੇ ਬੱਚੇ ਆਪਣੇ ਸਾਥੀਆਂ ਨਾਲ ਬਹੁਤ ਘੱਟ ਸਮਾਂ ਬਿਤਾਉਂਦੇ ਹਨ। ਮਾਪਿਆਂ ਨਾਲ ਰਾਬਤਾ ਵੀ ਮੁਕਾਬਲਤਨ ਘਟਦਾ ਹੈ। ਬੱਚਿਆਂ ਦਾ ਬਹੁਤਾ ਸਮਾਂ ਕੰਪਿਊਟਰ ਅੱਗੇ ਹੀ ਗੁਜ਼ਰਦਾ ਹੈ। ਪਹਿਲਾਂ ਅਮਰੀਕਾ ਵਿਚ ਹਰ ਤੀਜਾ ਘਰ ਬੱਚਿਆਂ ਨੂੰ ਸਜ਼ਾ ਵਜੋਂ ਟੈਲੀਵਿਜ਼ਨ ਤੋਂ ਰੋਕਦਾ ਸੀ। ਹੁਣ ਟੈਲੀਵਿਜ਼ਨ ਦੀ ਥਾਂ ਇੰਟਰਨੈੱਟ ਨੇ ਲੈ ਲਈ ਹੈ।


ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ




KHALSA
INSURANCE AGENCY, INC.

WE NOW INSURE IN 33 STATES
LARGEST INDEPENDENT INSURANCE BROKERS
REPRESENTING OVER 100 A+ RATED COMPANIES




TAXI—CABS · LIMOUSINES
COMMERCIAL AUTO





Gas Stations, Repair Shops, Liquor/Grocery Stores, Restaurants, 99 Cent stores, Hotels & Motels

*Licensed in:* Alabama • Arkansas • Arizona • California • Colorado • Connecticut • DC • Georgia • Florida • Idaho • Iowa Indiana • Illinois • Kansas • Louisiana • Maryland • Mississippi • Michigan • Minnesota • Nevada • New Jersey • New York New Mexico • Oregon • Ohio • Oklahoma • Pennsylvania • Texas • Utah • Virginia • Vermont Washington • Wisconsin

WWW.KHALSAINSURANCE.COM

California License # 0F89805

3750 McKee Road, Suite A • San Jose, CA 95127 • Fax 408.493.4552

408-272-2500 • 1-800-954-5409

# ਹਵਾ ਦਾ ਰੁਖ਼ ਬਦਲਦਿਆਂ ਹੀ ਸਿਆਸੀ ਯਾਰੀਆਂ ਤਿੜਕੀਆਂ

## ਚੰਨੀ, ਸਹੂੰਗੜਾ ਤੇ ਬੂਹੀ ਕਾਂਗਰਸ 'ਚ ਸ਼ਾਮਲ



*ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ*

**ਚੰਡੀਗੜ੍ਹ:** ਸਿਆਸੀ ਹਵਾ ਦਾ ਰੁਖ਼ ਬਦਲਦਿਆਂ ਹੀ ਲੀਡਰਾਂ ਨੇ ਨਵੇਂ ਜੋੜਤੋੜ ਸ਼ੁਰੂ ਕਰ ਦਿੱਤੇ ਹਨ। ਇਸੇ ਤਹਿਤ ਚਮਕੌਰ ਸਾਹਿਬ ਦੇ ਵਿਧਾਇਕ ਚਰਨਜੀਤ ਸਿੰਘ ਚੰਨੀ, ਗੜ੍ਹਸ਼ੰਕਰ ਤੋਂ ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਦੋ ਵਾਰ ਵਿਧਾਇਕ ਚੁਣੇ ਗਏ ਸ਼ਿੰਗਾਰਾ ਰਾਮ ਸਹੂੰਗੜਾ ਤੇ ਮਰਹੂਮ ਕੈਪਟਨ ਕੰਵਲਜੀਤ ਸਿੰਘ ਦੇ ਲੰਮਾ ਸਮਾਂ ਸਿਆਸੀ ਸਕੱਤਰ ਰਹੇ ਗੁਰਕੀਰਤ ਸਿੰਘ ਬੂਹੀ ਕਾਂਗਰਸ ਦੀ ਕਿਸ਼ਤੀ 'ਚ ਸਵਾਰ ਹੋ ਗਏ ਹਨ।

ਪੰਜਾਬ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਕਰਵਾਏ ਸਮਾਗਮ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਸਮੇਤ ਹੋਰ ਕਈ ਕਾਂਗਰਸੀ ਆਗੂਆਂ ਦੀ ਹਾਜ਼ਰੀ 'ਚ ਇਨ੍ਹਾਂ ਤਿੰਨਾਂ ਆਗੂਆਂ ਨੇ ਕਾਂਗਰਸ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਸ੍ਰੀ ਚੰਨੀ ਦੇ ਸਮਰਥਕ ਵੱਡੀ ਗਿਣਤੀ ਵਿਚ ਪੁੱਜੇ ਸਨ। ਸ੍ਰੀ ਸਹੂੰਗੜਾ ਤੇ ਸ੍ਰੀ ਬੂਹੀ ਨਾਲ ਆਏ ਉਨ੍ਹਾਂ ਦੇ ਸਮਰਥਕ ਵੀ ਆਪਣੇ ਆਗੂਆਂ ਦੇ ਹੱਕ ਵਿਚ ਨਾਅਰੇਬਾਜ਼ੀ ਕਰਦੇ ਰਹੇ। ਉਂਜ ਇਸ ਮੌਕੇ ਦਲਬਦਲੂ ਕਾਨੂੰਨ ਤੋਂ ਬਚਣ ਲਈ ਚਮਕੌਰ ਸਾਹਿਬ ਦੇ ਵਿਧਾਇਕ ਚਰਨਜੀਤ ਸਿੰਘ ਚੰਨੀ ਦੇ ਕਾਂਗਰਸ ਵਿਚ ਸ਼ਾਮਲ ਹੋਣ ਦੇ ਸ਼ਬਦ ਦੀ ਥਾਂ ਉਨ੍ਹਾਂ (ਚੰਨੀ) ਦੇ ਕਾਂਗਰਸ ਦੇ ਸਮਰਥਨ ਵਿਚ ਆਉਣ ਦਾ ਐਲਾਨ ਕੀਤਾ ਗਿਆ। ਕਾਂਗਰਸ ਭਵਨ ਵਿਖੇ ਭਾਰੀ ਇਕੱਠ ਤੇ ਨਾਅਰੇਬਾਜ਼ੀ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਆਗੂਆਂ ਨੂੰ ਕਾਂਗਰਸ ਵਿਚ ਆਉਣ ਲਈ ਜੀ ਆਇਆਂ ਕਹਿੰਦਿਆਂ ਸੰਕੇਤ ਦਿੱਤੇ ਕਿ ਅਕਾਲੀ ਦਲ ਤੋਂ ਅੱਕੇ ਪਏ ਕਈ ਹੋਰ ਆਗੂ ਅਗਲੇ ਦੋ-ਤਿੰਨ ਮਹੀਨਿਆਂ ਦੌਰਾਨ ਕਾਂਗਰਸ ਵਿਚ ਸ਼ਾਮਲ ਹੋ ਸਕਦੇ ਹਨ। ਇਸ ਮੌਕੇ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਤੇ ਲਾਲ ਸਿੰਘ, ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ, ਸਾਬਕਾ ਵਿਧਾਇਕ ਰਮੇਸ਼ ਸਿੰਗਲਾ, ਵਿਧਾਇਕ ਸਾਧੂ ਸਿੰਘ ਧਰਮਸੋਤ, ਗੁਰਕੀਰਤ ਸਿੰਘ ਕੋਟਲੀ ਆਦਿ ਮੌਜੂਦ ਸਨ।

ਇਸ ਮੌਕੇ ਸ੍ਰੀ ਚੰਨੀ ਨੇ ਕਿਹਾ ਕਿ ਉਹ ਮੁੱਢ ਤੋਂ ਹੀ ਕਾਂਗਰਸੀ ਰਿਹਾ ਹੈ। ਚੋਣਾਂ ਦੌਰਾਨ ਪੈਦਾ ਹੋਏ ਹਾਲਾਤ ਕਾਰਨ ਉਸ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੀ ਸੀ ਤੇ ਉਹ ਉਦੋਂ ਤੋਂ ਅਕਾਲੀ-ਭਾਜਪਾ ਸਰਕਾਰ ਨੂੰ ਇਸ ਲਈ ਸਮਰਥਨ ਦਿੰਦਾ ਆ ਰਿਹਾ ਸੀ ਤਾਂ ਜੋ ਉਸ ਦੇ ਪਛੜੇ ਖੇਤਰ ਦਾ ਵਿਕਾਸ ਹੋ ਸਕੇ ਪਰ ਮੌਜੂਦਾ ਸਰਕਾਰ ਨੇ ਚਮਕੌਰ ਸਾਹਿਬ ਦੇ ਵਿਕਾਸ ਲਈ ਕੱਖ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੁਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀ ਹੈ ਤੇ ਹਕੂਮਤ ਪੈਸੇ ਦੇ ਜ਼ੋਰ 'ਤੇ ਚਲਾਈ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਅਕਾਲੀ ਦਲ ਵਿਚੋਂ ਬਾਗੀ ਹੋਏ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਮੁੱਦਿਆਂ ਦੇ ਆਧਾਰ 'ਤੇ ਸਮਰਥਨ ਦੇ ਰਿਹਾ ਸੀ ਤੇ ਉਹ ਸ੍ਰੀ ਬਾਦਲ ਨਾਲ ਸਿਆਸੀ ਤੌਰ 'ਤੇ ਨਹੀਂ ਜੁੜਿਆ ਸੀ। ਬਸਪਾ 'ਚੋਂ ਕੱਢੇ ਜਾਣ ਤੋਂ ਬਾਅਦ ਬਹੁਜਨ ਕ੍ਰਾਂਤੀ ਪਾਰਟੀ ਬਣਾ ਕੇ ਵਿਚਰ ਰਹੇ ਸ਼ਿੰਗਾਰਾ ਰਾਮ ਸਹੂੰਗੜਾ ਨੇ ਕਿਹਾ ਕਿ ਹਲਕਾ ਗੜ੍ਹਸ਼ੰਕਰ ਤੋਂ ਉਹ ਇਕ ਦਲਿਤ ਹੋਣ ਦੇ ਬਾਵਜੂਦ ਸਾਲ 1992 ਤੋਂ 2002 ਤੱਕ ਲਗਾਤਾਰ ਦੋ ਵਾਰ ਜਨਰਲ ਹਲਕੇ ਤੋਂ ਵਿਧਾਇਕ ਬਣੇ ਸਨ।

ਉਨ੍ਹਾਂ ਕਿਹਾ ਕਿ ਬਸਪਾ ਦੀ ਆਗੂ ਮਾਇਆਵਤੀ ਦੀਆਂ ਨੀਤੀਆਂ ਪੰਜਾਬ ਦੇ ਦਲਿਤ ਵਰਗ ਨੂੰ ਵਿਕਸਤ ਕਰਨ ਦੇ ਵਿਰੋਧ 'ਚ ਹਨ ਜਿਸ ਕਾਰਨ ਉਹ ਕਾਂਗਰਸ ਵਿਚ ਸ਼ਾਮਲ ਹੋ ਰਹੇ ਹਨ। ਪੰਜਾਬ ਦੇ ਮਰਹੂਮ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੇ ਸਿਆਸੀ ਸਕੱਤਰ ਰਹੇ ਗੁਰਕੀਰਤ ਸਿੰਘ ਬੂਹੀ ਨੇ ਆਪਣੇ ਬਨੂੰੜ ਹਲਕੇ ਦੇ ਸਾਥੀਆਂ ਸਮੇਤ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕਰਦਿਆਂ ਕਿਹਾ ਕਿ ਜਦੋਂ ਦਾ ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦਾ ਪ੍ਰਧਾਨ ਬਣਿਆ ਹੈ ਉਸ ਦਿਨ ਤੋਂ ਟਕਸਾਲੀ ਆਗੂ ਨੇਤਾਵਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਉਪਰ ਸਰਮਾਏਦਾਰਾਂ ਦਾ ਗਲਬਾ ਪੈ ਗਿਆ ਹੈ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਧਾਰਮਿਕ ਸਮਾਗਮਾਂ ਵਿਚਲੀਆਂ ਕਾਨਫਰੰਸਾਂ ਦੌਰਾਨ ਸਿਆਸੀ ਭਾਸ਼ਣ ਨਾ ਕਰਨ ਦੇ ਆਦੇਸ਼ਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸ਼ਹੀਦੀ ਜੋੜ ਮੇਲੇ ਜਾਂ ਹੋਰ ਧਾਰਮਿਕ ਸਮਾਗਮਾਂ ਦੌਰਾਨ ਲਗਦੀਆਂ ਸਿਆਸੀ ਕਾਨਫਰੰਸਾਂ ਰਾਜ ਦੇ ਸਿਆਸੀ ਦ੍ਰਿਸ਼ ਉਪਰ ਵਿਚਾਰਾਂ ਕਰਨ ਲਈ ਹੀ ਲਗਦੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸੁਧਾਰ ਲਹਿਰ ਤੋਂ ਹੀ ਅਜਿਹੀਆਂ ਸਿਆਸੀ ਕਾਨਫਰੰਸਾਂ ਲਗਦੀਆਂ ਆ ਰਹੀਆਂ ਹਨ ਪਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੇਠ ਸਿਆਸੀ ਭਾਸ਼ਣ ਕਰਨ ਦੇ ਵਿਰੁੱਧ ਹਨ। ਉਨ੍ਹਾਂ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਗੁਰਦੁਆਰਿਆਂ ਵਿਚ ਲਾਈਆਂ ਜਾਂਦੀਆਂ ਸਿਆਸੀ ਸਟੇਜਾਂ 'ਤੇ ਰੋਕ ਲਾਉਣ।

## ਪੁੱਤ ਵੱਲੋਂ ਪਿਓ ਦਾ ਕਤਲ


**ਸੰਗਰੂਰ:** ਇਥੇ ਇਕ ਨੌਜਵਾਨ ਵੱਲੋਂ ਆਪਣੇ ਵਕੀਲ ਪਿਤਾ ਦਾ ਗੰਡਾਸੀ ਮਾਰ ਕੇ ਕਤਲ ਕਰ ਦਿੱਤਾ ਜਿਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਅਨੁਸਾਰ 7 ਦਸੰਬਰ ਦੀ ਸ਼ਾਮ ਨੂੰ ਗੁਰੂ ਨਾਨਕ ਕਲੋਨੀ ਵਿਖੇ ਜਸਵੰਤ ਸਿੰਘ ਸੋਹੀ ਐਡਵੋਕੇਟ ਨੂੰ ਉਸ ਦੇ ਇਕਲੌਤੇ ਪੁੱਤਰ ਅਮਨਦੀਪ ਸਿੰਘ ਸੋਹੀ ਨੇ ਸਿਰ 'ਚ ਗੰਡਾਸੀ ਮਾਰ ਕੇ ਕਤਲ ਕਰ ਦਿੱਤਾ ਤੇ ਮੌਕੇ ਤੋਂ ਫਰਾਰ ਹੋ ਗਿਆ ।

ਪੁਲਿਸ ਨੇ 24 ਦਸੰਬਰ ਰੇਲਵੇ ਸਟੇਸ਼ਨ ਬਾਹਰੋਂ ਉਸ ਨੂੰ ਗ੍ਰਿਫਤਾਰ ਕਰ ਲਿਆ। ਅਮਨਦੀਪ ਇਥੇ ਆਪਣਾ ਹੁਲੀਆ ਬਦਲ ਕੇ ਰਹਿ ਰਿਹਾ ਸੀ। ਅਮਨਦੀਪ ਮਾਪਿਆਂ ਦਾ ਇਕਲੌਤਾ ਪੁੱਤਰ ਹੈ ਤੇ ਤਕਰੀਬਨ ਦੋ ਮਹੀਨੇ ਪਹਿਲਾਂ ਹੀ ਉਸ ਦਾ ਵਿਆਹ ਹੋਇਆ ਹੈ। ਉਹ ਆਪਣੀ ਇੰਜਨੀਅਰਿੰਗ ਦੀ ਪੜ੍ਹਾਈ ਵਿਚਾਲੇ ਛੱਡ ਕੇ ਬੁਰੀ ਸੰਗਤ 'ਚ ਪੈ ਗਿਆ ਤੇ ਨਸ਼ਿਆਂ ਦਾ ਸੇਵਨ ਕਰਨ ਲੱਗਿਆ। ਇਸੇ ਕਾਰਨ ਉਸ ਦੇ ਪਿਤਾ ਨੇ ਉਸ ਨੂੰ ਪੈਸੇ ਦੇਣੇ ਬੰਦ ਕਰ ਦਿੱਤੇ। ਅਮਨਦੀਪ ਦਾ ਪਿਤਾ ਉਸ ਨੂੰ ਪੜ੍ਹਾਈ ਕਰਨ ਤੇ ਨਸ਼ੇ ਛੱਡਣ ਬਾਰੇ ਆਖਦਾ ਰਹਿੰਦਾ ਸੀ।

### ਹਨੇਰ ਸਾਈਂ ਦਾ

## ਪੰਜਾਬ ਵਿਚ 75 ਹਜ਼ਾਰ ਭਰੂਣ ਕੁੱਖ ਵਿਚੋਂ ਹੀ ਗ਼ਾਇਬ!

**ਬਠਿੰਡਾ:** ਬੇਸ਼ੱਕ ਸਰਕਾਰ ਤੇ ਸ਼੍ਰੋਮਣੀ ਕਮੇਟੀ ਵੱਲੋਂ ਭਰੂਣ ਹੱਤਿਆ ਨੂੰ ਠੱਲ੍ਹ ਪਾਉਣ ਲਈ ਕਈ ਉਪਰਾਲੇ ਕੀਤੇ ਗਏ ਹਨ ਪਰ ਪੰਜਾਬ 'ਚ ਇਸ ਰੁਝਾਨ 'ਤੇ ਰੋਕ ਲਗਦੀ ਨਜ਼ਰ ਨਹੀਂ ਆ ਰਹੀ। ਜੇਕਰ ਜਨਵਰੀ 2010 ਤੋਂ ਅਕਤੂਬਰ 2010 ਤਕ 10 ਮਹੀਨਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 75 ਹਜ਼ਾਰ ਭਰੂਣ ਗਰਭ 'ਚੋਂ ਗ਼ਾਇਬ ਹੋਏ ਹਨ। ਅਸਲ 'ਚ ਪੁੱਤਰ ਪ੍ਰਾਪਤੀ ਲਈ ਲੋਕ ਧੀਆਂ ਨੂੰ ਕੁੱਖ 'ਚ ਹੀ ਕਤਲ ਕਰ ਦਿੰਦੇ ਹਨ।



ਪੀ.ਐਨ.ਡੀ.ਟੀ. ਸੈੱਲ ਬਠਿੰਡਾ ਦੇ ਪ੍ਰਾਜੈਕਟ ਅਫ਼ਸਰ ਸਾਧੂ ਰਾਮ ਕੁਸਲਾ ਵਲੋਂ ਸ੍ਰੀਮਤੀ ਸ਼ਾਂਤਾ ਸਿਨਹਾ ਚੇਅਰਪਰਸਨ ਨੈਸ਼ਨਲ ਕਮਿਸ਼ਨ ਫ਼ਾਰ ਪ੍ਰੋਟੈਕਸ਼ਨ ਆਫ਼ ਚਾਈਲਡ ਰਾਈਟਸ (ਨਵੀਂ ਦਿੱਲੀ) ਨੂੰ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਇਸ ਦੀ ਪੜਤਾਲ ਕਰਵਾਈ ਜਾਵੇ। ਬੇਟੀ ਬਚਾਉ ਮੰਚ ਦੇ ਕਨਵੀਨਰ ਰਜਨੀਸ਼ ਰਾਣਾ ਤੇ ਰਣਬੀਰ ਬਰਾੜ ਨੇ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਿਹਤ ਮੰਤਰੀ ਤੇ ਹੋਰਨਾਂ ਨੂੰ ਜਾਰੀ ਪੱਤਰ ਵਿਚ ਲਿਖਿਆ ਹੈ ਕਿ ਪੰਜਾਬ ਸਰਕਾਰ ਵਲੋਂ ਰੋਜ਼ਾਨਾ ਬਿਆਨ ਦਾਗੇ ਜਾ ਰਹੇ ਹਨ ਕਿ ਭਰੂਣ-ਹੱਤਿਆ ਰੋਕੀ ਜਾ ਰਹੀ ਹੈ ਪਰ ਅਸਲੀਅਤ ਕੁੱਝ ਹੋਰ ਹੀ ਹੈ।

ਪੰਜਾਬ ਵਿਚ ਗਰਭ ਦੀ ਰਜਿਸਟਰੇਸ਼ਨ ਚਾਲੂ ਕਰਨ ਦਾ ਮੁੱਖ ਮਕਸਦ ਇਹ ਸੀ ਕਿ ਕੰਨਿਆਂ ਭਰੂਣ-ਹਤਿਆ ਰੋਕਣ ਲਈ ਉਪਰਾਲੇ ਕੀਤੇ ਜਾਣ ਤੇ ਰਜਿਸਟਰ ਹੋਏ ਜੋੜਿਆਂ ਉਪਰ ਨਿਗਾਹ ਰੱਖੀ ਜਾ ਸਕੇ। ਜਾਪਦਾ ਹੈ ਕਿ ਸਰਕਾਰ ਨੇ ਇਹ ਸਕੀਮ ਈਮਾਨਦਾਰੀ ਨਾਲ ਲਾਗੂ ਨਹੀਂ ਕੀਤੀ ਜਿਸ ਕਾਰਨ 10 ਮਹੀਨਿਆਂ ਵਿਚ ਹੀ 75 ਹਜ਼ਾਰ ਭਰੂਣ ਗਰਭ ਵਿਚੋਂ ਗ਼ਾਇਬ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਰਜਿਸਟਰੇਸ਼ਨ ਸਾਰੇ ਕੇਸਾਂ ਵਿਚ ਨਾ ਹੋਈ ਹੋਵੇ ਪਰ ਜੋ ਬੱਚੇ ਪੈਦਾ ਹੋਏ, ਉਹ ਨਿਜੀ ਤੇ ਸਰਕਾਰੀ ਹਸਪਤਾਲਾਂ ਦੇ ਅੰਕੜਿਆਂ ਅਨੁਸਾਰ ਹਨ। ਇਸ ਤਰ੍ਹਾਂ ਗ਼ਾਇਬ ਹੋਏ ਭਰੂਣਾਂ ਦੀ ਗਿਣਤੀ 75000 ਤੋਂ ਵੀ ਵਧ ਸਕਦੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਗ਼ਾਇਬ ਹੋਏ ਭਰੂਣਾਂ ਦੀ ਤੁਰੰਤ ਪੜਤਾਲ ਕਰਵਾਈ ਜਾਵੇ। ਜਿਥੇ-ਕਿਤੇ ਬਿਨਾਂ ਕਿਸੇ ਠੋਸ ਕਾਰਨ ਤੇ ਐਮ.ਟੀ.ਪੀ. ਦੇ ਪ੍ਰੋਵੀਜ਼ਨ ਤੋਂ ਬਿਨਾਂ ਗਰਭਪਾਤ ਹੋਇਆ ਹੈ, ਉਸ ਵਿਰੁਧ ਕਾਰਵਾਈ ਕੀਤੀ ਜਾਵੇ ਤੇ ਸਬੰਧਤ ਸਿਵਲ ਸਰਜਨ ਜੋ ਪੀ.ਐਨ.ਡੀ.ਟੀ. ਐਕਟ ਤਹਿਤ ਜ਼ਿਲ੍ਹੇ ਦੇ ਯੋਗ ਅਧਿਕਾਰੀ ਹਨ, ਵਿਰੁੱਧ ਵੀ ਕਾਰਵਾਈ ਕੀਤੀ ਜਾਵੇ।

## ਹਰਿਆਣਾ ਵਿਚ ਅਣਖ ਲਈ ਇਕ ਹੋਰ ਕਤਲ

**ਰੋਹਤਕ:** ਸਰਕਾਰ ਤੇ ਹਾਈ ਕੋਰਟ ਵੱਲੋਂ ਸਖ਼ਤਾਈ ਦੇ ਬਾਵਜੂਦ ਹਰਿਆਣਾ 'ਚ ਅਣਖ ਲਈ ਕਤਲਾਂ ਦਾ ਸਿਲਸਿਲਾ ਰੁਕਿਆ ਨਹੀਂ। ਰੋਹਤਕ ਜ਼ਿਲ੍ਹੇ ਦੇ ਚਮਨਪੁਰਾ ਪਿੰਡ ਵਿਚ ਇਕ ਲੜਕੇ ਨਾਲ ਪ੍ਰੇਮ-ਸਬੰਧ ਹੋਣ ਕਾਰਨ ਇਕ ਪਿਤਾ ਨੇ ਆਪਣੀ 14 ਸਾਲਾ ਲੜਕੀ ਦੀ ਹੱਤਿਆ ਕਰ ਦਿੱਤੀ। ਪੁਲਿਸ ਨੇ ਦੱਸਿਆ ਕਿ ਹੱਤਿਆ ਵਿਚ ਮਦਦ ਕਰਨ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਜਦੋਂਕਿ ਲੜਕੀ ਦਾ ਪਿਤਾ ਫਰਾਰ ਹੈ।

ਉਮੈਦ ਸੈਣੀ ਨੇ ਦੋ ਦਸੰਬਰ ਨੂੰ ਆਪਣੀ ਬੇਟੀ ਦੀ ਹੱਤਿਆ ਕਰਨ ਲਈ ਨੌਕਰ ਮੋਹਨ ਦੀ ਮਦਦ ਲਈ ਸੀ ਜਿਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੈਣੀ ਨੇ ਆਪਣੀ ਬੇਟੀ ਨਾਲ ਪੜ੍ਹਨ ਵਾਲੇ ਤਿੰਨ ਜਮਾਤੀਆਂ 'ਤੇ ਸ਼ੱਕ ਜ਼ਾਹਰ ਕੀਤਾ ਸੀ। ਪੁਲਿਸ ਨੇ ਤਪੱਸਿਆ ਦੇ ਜਮਾਤੀਆਂ ਨੂੰ ਨਿਰਦੋਸ਼ ਪਾਇਆ ਤੇ ਮੋਹਨ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਦੱਸਿਆ ਕਿ ਸੈਣੀ ਦੇ ਇਸ਼ਾਰੇ 'ਤੇ ਮੋਹਨ ਨੇ ਤਪੱਸਿਆ ਦੀ ਗਲਾ ਘੁੱਟ ਕੇ ਹੱਤਿਆ ਕਰਨ ਦਾ ਜੁਰਮ ਕਬੂਲ ਲਿਆ ਹੈ। ਹੱਤਿਆ ਦੇ ਬਦਲੇ ਲੜਕੀ ਦੇ ਪਿਤਾ ਨੇ ਮੋਹਨ ਨੂੰ ਉਸ ਦੇ ਵਿਆਹ ਲਈ ਲੜਕੀ ਲੱਭਣ ਦਾ ਲਾਲਚ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਸੈਣੀ ਦੋ ਦਸੰਬਰ ਨੂੰ ਤਪੱਸਿਆ ਨੂੰ ਪਿੰਡੋਂ ਬਾਹਰ ਲੈ ਗਿਆ ਤੇ ਮੋਹਨ ਨੇ ਗਲਾ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ।

## ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਦੇਣ ਤੋਂ ਕਦੇ ਇਨਕਾਰ ਨਹੀਂ ਕੀਤਾ: ਪਾਕਿ

**ਇਸਲਾਮਾਬਾਦ:** ਪਾਕਿਸਤਾਨ ਨੇ ਉਨ੍ਹਾਂ ਖ਼ਬਰਾਂ ਨੂੰ ਖਾਰਜ ਕਰ ਦਿੱਤਾ ਹੈ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਚ ਜਨਮੇ 300 ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ।

ਸੰਸਦ ਦੇ ਹੇਠਲੇ ਸਦਨ ਵਿਚ ਵਿਦੇਸ਼ ਰਾਜ ਮੰਤਰੀ ਮਲਿਕ ਅਮਦ ਖਾਨ ਨੇ ਕਿਹਾ ਕਿ ਉਨ੍ਹਾਂ ਨੇ ਗ੍ਰਹਿ ਮੰਤਰਾਲੇ ਤੋਂ ਪੁੱਛ-ਪੜਤਾਲ ਕੀਤੀ ਸੀ ਤੇ 300 ਸਿੱਖਾਂ ਨੂੰ ਵੀਜ਼ਾ ਨਾ ਦੇਣ ਸਬੰਧੀ ਕੋਈ ਰਿਪੋਰਟ ਨਹੀਂ ਸੀ। ਪਾਕਿਸਤਾਨ ਅਤੇ ਭਾਰਤ ਨੇ ਸਾਲ 1974 ਵਿਚ ਇਕ ਸਮਝੌਤੇ ਤੇ ਦਸਤਖਤ ਕੀਤੇ ਸਨ ਜਿਸ ਵਿਚ ਦੋਵਾਂ ਮੁਲਕਾਂ 'ਚ ਧਾਰਮਿਕ ਉਦੇਸ਼ ਨਾਲ ਯਾਤਰਾ ਕਰਨ ਵਾਲਿਆਂ ਨੂੰ ਇਜਾਜ਼ਤ ਦੇਣ ਦੀ ਗੱਲ ਕੀਤੀ ਗਈ ਸੀ।

ਸੰਸਦ ਮੈਂਬਰ ਸ਼ਕੀਲਾ ਖਾਨ ਨੇ ਕਿਹਾ ਸੀ ਕਿ ਕੁੱਲ 5000 ਸਿੱਖ ਧਾਰਮਿਕ ਉਦੇਸ਼ ਤਹਿਤ ਪਾਕਿਸਤਾਨ ਯਾਤਰਾ 'ਤੇ ਆਏ ਸਨ ਜਦਕਿ 300 ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰਾਲੇ ਨੇ ਪਾਕਿਸਤਾਨ ਵਿਚ ਜਨਮੇ ਸਿੱਖਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ।

## ਪੰਜਾਬ 'ਚ ਤੀਜੀ ਧਿਰ ਦੀ ਸੰਭਾਵਨਾ ਨਹੀਂ: ਰਾਮੂਵਾਲੀਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ 'ਚ ਮਘੇ ਸਿਆਸੀ ਮਹੌਲ 'ਤੇ ਟਿੱਪਣੀ ਕਰਦਿਆਂ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਦਾਅਵਾ ਕੀਤੇ ਹੈ ਕਿ ਪੰਜਾਬ ਦੀ ਸਿਆਸਤ 'ਚ ਤੀਜੀ ਧਿਰ ਦੇ ਹੋਂਦ 'ਚ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਸੂਬੇ 'ਚ ਜਿਸ ਤਰ੍ਹਾਂ ਦੀ ਰਾਜਨੀਤਕ ਖੇਡ ਖੇਡੀ ਜਾ ਰਹੀ ਹੈ ਉਸ ਨਾਲ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਹਾਸ਼ੀਏ 'ਤੇ ਚਲੀਆਂ ਗਈਆਂ ਹਨ। ਉਨ੍ਹਾਂ ਤੀਜੀ ਧਿਰ ਦੇ ਨਾ ਉੱਭਰਨ ਪਿੱਛੇ ਬੁੱਧੀਜੀਵੀ ਵਰਗ ਦੀ ਖਾਮੋਸ਼ੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਜੇਕਰ ਚੇਤੰਨ ਲੋਕ ਸਮਾਜਿਕ ਸਾਰੋਕਾਰਾਂ ਦੀ ਗੱਲ ਕਰਨ ਵਾਲੇ ਸਿਆਸਤਦਾਨ ਦਾ ਸਾਥ ਦੇਣ ਤਾਂ ਇਹ ਕੰਮ ਮੁਸ਼ਕਲ ਵੀ ਨਹੀਂ ਹੈ।



*ਪ੍ਰੈਸ ਕਾਨਫ਼ਰੰਸ ਦੌਰਾਨ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ*

ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੋਂ ਅਲੱਗ ਹੋਣ ਤੋਂ ਬਾਅਦ ਦੋ ਦਹਾਕਿਆਂ ਦੇ ਲੰਬੇ ਸਮੇਂ ਵਿਚ ਕੀਤੀ ਰਾਜਨੀਤੀ ਦੌਰਾਨ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਸਵੀਕਾਰਿਆ ਹੈ ਕਿਉਂਕਿ ਉਹ ਲੋਕਾਂ ਦੇ ਜਜ਼ਬਾਤੀ ਤੇ ਸਮਾਜਿਕ ਸਾਰੋਕਾਰਾਂ ਲਈ ਹੀ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 20 ਸਾਲਾਂ ਦੇ ਰਾਜਨੀਤਕ ਸਫ਼ਰ ਦੌਰਾਨ ਇਹ ਸਿੱਟਾ ਜ਼ਰੂਰ ਨਿਕਲਿਆ ਹੈ ਕਿ ਰਾਜ ਅੰਦਰ ਦੋ ਪਾਰਟੀਆਂ ਦੇ ਬੋਲਬਾਲੇ ਨੂੰ ਤੋੜਨਾ ਔਖਾ ਹੈ। ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਪੰਜਾਬ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਦੇ ਜੋ ਏਜੰਡੇ ਹਨ ਉਨ੍ਹਾਂ ਵਿਚੋਂ ਸਮਾਜ ਨਾਲ ਜੁੜੇ ਮੁੱਦੇ ਤਾਂ 90 ਫ਼ੀਸਦ ਖ਼ਤਮ ਹੋ ਚੁੱਕੇ ਹਨ ਤੇ 100 ਫੀਸਦੀ ਖ਼ੁਦਗਰਜ਼ੀ ਨੇ ਥਾਂ ਲੈ ਲਈ ਹੈ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਅੱਜ ਰਾਜਨੀਤੀ 'ਤੇ ਭਾਈ ਭਤੀਜਾਵਾਦ ਭਾਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਤੇ ਕਾਂਗਰਸੀ ਦੋਵੇਂ ਹੀ ਸਿਧਾਂਤਹੀਣ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਿਆਸੀ ਲੋਕਾਂ ਵੱਲੋਂ ਜਿਸ ਤਰ੍ਹਾਂ ਨਾਜਾਇਜ਼ ਢੰਗ ਅਪਣਾ ਕੇ ਸਿਰਫ ਜੇਤੂ ਰਹਿਣ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ ਉਸ ਨੂੰ ਰਾਜਨੀਤੀ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜਦੋਂ ਨੇਤਾ ਆਪਣੇ ਆਪ ਨੂੰ ਜਨ ਪ੍ਰਤੀਨਿਧ ਸਮਝਦੇ ਸਨ ਤਾਂ ਲੋਕਾਂ ਤੋਂ ਡਰਦੇ ਸਨ ਪਰ ਅੱਜ ਹਾਲਾਤ ਬਦਲ ਗਏ ਹਨ। ਸਿਆਸਤਦਾਨ ਲੋਕਾਂ ਦੇ ਮਸੀਹਾ ਵਜੋਂ ਵਿਚਰਨ ਲੱਗੇ ਹਨ ਤੇ ਲੋਕਾਂ 'ਤੇ ਹਰ ਤਰ੍ਹਾਂ ਦਾ ਗਲਬਾ ਕਾਇਮ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਸਮਝ ਰਹੇ ਹਨ। ਇਹੀ ਕਾਰਨ ਹੈ ਕਿ ਲੋਕ ਨੇਤਾਵਾਂ ਤੋਂ ਡਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਭ੍ਰਿਸ਼ਟ ਨੇਤਾਵਾਂ, ਅਫਸਰਾਂ ਤੇ ਗੁੰਡਿਆਂ ਦਰਮਿਆਨ ਜਿਹੜਾ ਗੱਠਜੋੜ ਬਣ ਗਿਆ ਹੈ ਉਸ ਨੂੰ ਤੋੜਨ ਦੀ ਲੋੜ ਹੈ ਕਿਉਂਕਿ ਇਹ ਗਠਜੋੜ ਲੋਕਾਂ ਦੇ ਸਰਮਾਏ ਨੂੰ ਨਿਗਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਪਿਛਲੇ ਸਮੇਂ ਦੌਰਾਨ 20 ਹਜ਼ਾਰ ਲੜਕੀਆਂ ਦੀ ਜ਼ਿੰਦਗੀ ਬਚਾਈ ਹੈ ਤੇ 25,000 ਮੁੰਡਿਆਂ ਨੂੰ ਵਿਦੇਸ਼ਾਂ 'ਚੋਂ ਵਾਪਸ ਲਿਆਂਦਾ ਹੈ। ਉਨ੍ਹਾਂ ਕਿਹਾ ਕਿ 25,000 ਪੰਜਾਬੀ ਇੰਗਲੈਂਡ, ਜਰਮਨੀ ਅਮਰੀਕਾ ਤੇ ਕੈਨੇਡਾ ਵਿਚ ਅਜਿਹਾ ਬੈਠਾ ਹੈ ਜੋ ਆਪਣੀ ਮਾਤ ਭੂਮੀ ਦੇ ਦਰਸ਼ਨਾਂ ਲਈ ਨਹੀਂ ਆ ਸਕਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ 5 ਫੀਸਦੀ ਵੀ ਵੱਖਵਾਦੀ ਸੋਚ ਵਾਲੇ ਨਹੀਂ ਪਰ ਪੰਜਾਬ ਦਾ ਕੋਈ ਵੀ ਸਿਆਸਦਾਨ ਇਨ੍ਹਾਂ ਪੰਜਾਬੀਆਂ ਦੀ ਗੱਲ ਨਹੀਂ ਕਰ ਰਿਹਾ। ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਪੰਜਾਬ ਵਿਚੋਂ ਪਿਛਲੇ ਸਮੇਂ ਦੌਰਾਨ 8 ਹਜ਼ਾਰ ਲੜਕੀਆਂ ਨੂੰ ਵਰਗਲਾ ਕੇ ਸਾਈਪਰਸ, ਮਲੇਸ਼ੀਆ, ਜਾਰਜੀਆ, ਅਰਮੀਨੀਆ ਤੇ ਸਾਈਬੇਰੀਆ ਮੁਲਕਾਂ ਵਿਚ ਲਿਜਾਇਆ ਜਾ ਚੁੱਕਾ ਹੈ ਜਿਨ੍ਹਾਂ ਨੂੰ ਬਚਾਉਣ ਦੀ ਵੱਡੀ ਜ਼ਰੂਰਤ ਹੈ।

# ਪਾਕਿ ਅਤਿਵਾਦੀਆਂ ਵੱਲੋਂ ਮਹਿਲਾ ਮਨੁੱਖੀ ਬੰਬਾਂ ਦੀ ਵਰਤੋਂ ਸ਼ੁਰੂ

**ਪਿਸ਼ਾਵਰ (ਪੰਜਾਬ ਟਾਈਮਜ਼ ਬਿਓਰੋ):** ਪਾਕਿਸਤਾਨ ਤੇ ਅਫਗਾਨਿਸਤਾਨ 'ਚ ਸੁਰੱਖਿਆ ਏਜੰਸੀਆਂ ਵੱਲੋਂ ਸ਼ਿਕੰਜਾ ਕੱਸਣ ਤੋਂ ਬਾਅਦ ਅਤਿਵਾਦੀ ਜਥੇਬੰਦੀਆਂ ਨੇ ਹੁਣ ਆਪਣੀਆਂ ਕਾਰਵਾਈਆਂ ਨੂੰ ਅੰਜ਼ਾਮ ਦੇਣ ਲਈ ਔਰਤਾਂ ਦਾ ਵਰਤੋਂ ਸ਼ੁਰੂ ਕਰ ਦਿੱਤੀ ਹੈ। ਕਬਾਇਲੀਆਂ ਇਲਾਕਿਆਂ 'ਚ ਉਥੋਂ ਦੇ ਰੀਤੀ ਰਿਵਾਜਾਂ ਕਰਕੇ ਔਰਤਾਂ ਦੀ ਤਲਾਸ਼ੀ ਲੈਣ ਦੀ ਮਨਾਹੀ ਹੈ ਜਿਸ ਕਰਕੇ ਸੁਰੱਖਿਆ ਏਜੰਸੀਆਂ ਕਸੂਤੀ ਹਾਲਤ 'ਚ ਫਸ ਗਈਆਂ ਹਨ।

ਇਸ ਦੀ ਤਾਜ਼ਾ ਮਿਸਾਲ ਪਾਕਿ ਦੇ ਗੜਬੜੀ ਵਾਲੇ ਬਜੌਰ ਕਬਾਇਲੀ ਇਲਾਕੇ 'ਚ ਵੇਖਣ ਨੂੰ ਮਿਲੀ ਜਿਸ 'ਚ ਇਕ ਮਹਿਲਾ ਮਨੁੱਖੀ ਬੰਬ ਨੇ ਵਿਸ਼ਵ ਖੁਰਾਕ ਪ੍ਰੋਗਰਾਮ ਵਿਤਰਣ ਕੇਂਦਰ ਨੂੰ ਨਿਸ਼ਾਨਾ ਬਣਾ ਕੇ 46 ਵਿਅਕਤੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਖੇਤਰ ਵਿਚ ਇਸ ਤਰ੍ਹਾਂ ਦਾ ਇਹ ਪਹਿਲਾ ਹਮਲਾ ਹੈ ਜਿਸ ਵਿਚ ਅਤਿਵਾਦੀਆਂ ਨੇ ਮਹਿਲਾ ਮਨੁੱਖੀ ਬੰਬ ਦੀ ਵਰਤੋਂ ਕੀਤੀ ਹੈ।

ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਮਹਿਲਾ ਮਨੁੱਖੀ ਬੰਬ ਨੇ ਤਲਾਸ਼ੀ ਲਈ ਰੋਕੇ ਜਾਣ 'ਤੇ ਆਪਣੀ ਆਤਮਘਾਤੀ ਬੈਲਟ ਦਾ ਧਮਾਕਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਸਮੁੱਚੇ ਪਾਕਿਸਤਾਨ ਵਿਚ ਹੋਏ ਆਤਮਘਾਤੀ ਹਮਲਿਆਂ ਵਿਚ ਔਰਤਾਂ ਦੀ ਸ਼ਮੂਲੀਅਤ ਦਾ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਹਮਲੇ 'ਚ 46 ਵਿਅਕਤੀ ਮਾਰੇ ਗਏ ਹਨ 70 ਜ਼ਖ਼ਮੀ ਹੋਏ ਹਨ। ਹੋਰ ਰਿਪੋਰਟਾਂ 'ਚ ਇਹ ਵੀ ਸਾਹਮਣੇ ਆਇਆ ਕਿ ਪਹਿਲਾਂ ਮਹਿਲਾ ਮਨੁੱਖੀ ਬੰਬ ਨੇ ਹੱਥ ਗੋਲੇ ਸੁੱਟੇ ਤੇ ਫਿਰ ਆਪਣੇ ਸਰੀਰ ਦੁਆਲੇ ਲਪੇਟੀ ਬਾਰੂਦੀ ਬੈਲਟ ਨਾਲ ਧਮਾਕਾ ਕਰ ਦਿੱਤਾ।

## ਅਫ਼ਗ਼ਾਨਿਸਤਾਨ 'ਚ ਇਸ ਵਰ੍ਹੇ 700 ਵਿਦੇਸ਼ੀ ਫ਼ੌਜੀ ਮਰੇ



*ਪਿਸ਼ਾਵਰ ਵਿਚ ਹੋਏ ਆਤਮਘਾਤੀ ਹਮਲੇ ਦੌਰਾਨ ਤਬਾਹ ਹੋਈ ਇਮਾਰਤ*

ਭਾਵੇਂ ਅਮਰੀਕਾ ਨੇ ਅਫਗਾਨਿਸਤਾਨ 'ਚੋਂ ਖਿਸਕਣ ਦਾ ਇਰਾਦਾ ਬਣਾ ਲਿਆ ਹੈ ਪਰ ਇਥੇ ਹਾਲਤ ਹੋਰ ਗੰਭੀਰ ਬਣਦੀ ਜਾ ਰਹੀ ਹੈ। ਤਾਲਿਬਾਨ ਤੇ ਅਲ-ਕਾਇਦਾ ਨੇ ਆਪਣੀਆਂ ਗਤੀਵਿਧੀਆਂ ਵਧਾ ਦਿੱਤੀਆਂ ਹਨ ਤੇ ਅਮਰੀਕੀ ਡਰੋਨ ਹਮਲੇ ਵੀ ਉਨ੍ਹਾਂ ਦੇ ਹੌਂਸਲੇ ਨੂੰ ਪਸਤ ਨਹੀਂ ਕਰ ਸਕੇ। ਜੇਕਰ ਸਾਲ 2010 ਦੀ ਹੀ ਗੱਲ ਕੀਤੀ ਜਾਵੇ ਤਾਂ ਇਸ ਵਰ੍ਹੇ ਅਫਗਾਨਿਸਤਾਨ ਵਿਚ ਮਰਨ ਵਾਲੇ ਵਿਦੇਸ਼ੀ ਫੌਜੀਆਂ ਦੀ ਗਿਣਤੀ ਪਿਛਲੇ ਸਾਲਾਂ ਦੇ ਮੁਕਾਬਲੇ ਕਾਫੀ ਵਧ ਗਈ ਹੈ। ਇਹ ਗਿਣਤੀ 701 ਹੋ ਗਈ ਹੈ ਜਿਸ ਵਿਚ 493 ਅਮਰੀਕੀ ਤੇ 1001 ਬਰਤਾਨਵੀ ਫੌਜੀ ਹਨ। ਸਾਲ 2009 ਵਿਚ 520 ਤੇ 2008 ਵਿਚ 295 ਵਿਦੇਸ਼ੀ ਫੌਜੀ ਮਾਰੇ ਗਏ ਸਨ। ਸਮਝਿਆ ਜਾਂਦਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਅਫਗਾਨਿਸਤਾਨ ਵਿਚ ਜੁਲਾਈ 2011 ਤੋਂ ਫੌਜ ਕੱਢਣੀ ਸ਼ੁਰੂ ਕਰਨ ਦੇ ਐਲਾਨ ਬਾਅਦ ਹਮਲਿਆਂ ਵਿਚ ਦੁਪਾਸੀ ਮੌਤਾਂ ਦੀ ਗਿਣਤੀ ਵੀ ਵਧੀ ਹੈ।

ਇਸੇ ਦੌਰਾਨ ਇਕ ਹੋਰ ਰਿਪੋਰਟ ਅਨੁਸਾਰ ਪਾਕਿਸਤਾਨ 'ਚ ਸਾਲ 2010 ਹੁਣ ਤਕ ਸਦੀ ਦਾ ਸਭ ਤੋਂ ਵਧ ਖੂਨ-ਖਰਾਬੇ ਵਾਲਾ ਸਾਲ ਰਿਹਾ ਹੈ। ਇਸ ਸਾਲ ਜਨਵਰੀ ਤੋਂ ਲੈ ਕੇ ਹੁਣ ਤਕ 52 ਆਤਮਘਾਤੀ ਹਮਲਿਆਂ ਵਿਚ 1224 ਵਿਅਕਤੀ ਮਾਰੇ ਗਏ ਤੇ 2157 ਤੋਂ ਵਧੇਰੇ ਜ਼ਖ਼ਮੀ ਹੋਏ ਹਨ। ਭਾਵੇਂਕਿ ਪਿਛਲੇ ਸਾਲ ਨਾਲੋਂ ਇਸ ਸਾਲ ਪਾਕਿਸਤਾਨ ਵਿਚ ਆਤਮਘਾਤੀ ਹਮਲੇ 35 ਫੀਸਦੀ ਘਟੇ ਹਨ ਪਰ ਸਾਲ 2001 ਤੋਂ ਲੈ ਕੇ ਹੁਣ ਤਕ ਸਭ ਤੋਂ ਵੱਧ ਲੋਕ ਇਸ ਸਾਲ ਮਾਰੇ ਗਏ ਹਨ। ਪਾਕਿਸਤਾਨ ਵਿਚ ਸਾਲ 2009 'ਚ 80 ਆਤਮਘਾਤੀ ਹਮਲੇ ਹੋਏ ਸਨ ਤੇ 1217 ਲੋਕ ਮਾਰੇ ਗਏ ਸਨ ਤੇ 2305 ਲੋਕ ਜ਼ਖ਼ਮੀ ਹੋਏ ਸਨ।

**ਸੁਰੱਖਿਆ ਪੱਖੋਂ ਹਾਲਤ ਅਤਿ ਨਾਜ਼ੁਕ:** ਅਮਰੀਕਾ ਵੱਲੋਂ ਭਾਵੇਂ ਲਗਾਤਾਰ ਡਰੋਨ ਹਮਲੇ ਕੀਤੇ ਜਾ ਰਹੇ ਹਨ ਪਰ ਅਫਗਾਨਿਸਤਾਨ 'ਚ ਸੁਰੱਖਿਆ ਦੀ ਹਾਲਤ ਬਿਲਕੁਲ ਵਿਗੜ ਚੁੱਕੀ ਹੈ। ਉਤਰੀ ਤੇ ਪੂਰਬੀ ਅਫ਼ਗਾਨਿਸਤਾਨ ਦੇ 16 ਜ਼ਿਲ੍ਹਿਆਂ ਦੀ ਹਾਲਤ ਅਤਿ ਨਾਜ਼ੁਕ ਬਣੀ ਹੋਈ ਹੈ। ਇਹ ਖੁਲਾਸਾ ਸੰਯੁਕਤ ਰਾਸ਼ਟਰ ਦੇ ਗੁਪਤ ਨਕਸ਼ਿਆਂ ਤੋਂ ਹੋਇਆ ਹੈ। ਇਨ੍ਹਾਂ ਨਕਸ਼ਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਵਰ੍ਹੇ ਦੌਰਾਨ ਅਫ਼ਗਾਨਿਸਤਾਨ ਦੇ ਕਈ ਹਿੱਸਿਆਂ 'ਚ ਸੁਰੱਖਿਆ ਪ੍ਰਬੰਧਾਂ ਦਾ ਜਨਾਜ਼ਾ ਨਿਕਲ ਚੁੱਕਾ ਹੈ। 'ਵਾਲ ਸਟਰੀਟ ਜਨਰਲ' 'ਚ ਸੰਯੁਕਤ ਰਾਸ਼ਟਰ ਦੇ ਦੋ ਨਕਸ਼ਿਆਂ ਦੀ ਤੁਲਨਾ ਕੀਤੀ ਗਈ ਹੈ ਜਿਸ 'ਚ ਸਾਲ ਦੇ ਸ਼ੁਰੂ ਮਾਰਚ ਦੀ ਹਾਲਤ ਵਿਖਾਈ ਗਈ ਹੈ ਤੇ ਦੂਜੇ 'ਚ ਅਕਤੂਬਰ ਦੇ ਅੰਤ ਦੀ ਹਾਲਤ ਦਰਸਾਈ ਗਈ ਹੈ।

ਇਸ ਅਧਿਐਨ ਮੁਤਾਬਕ ਦੱਖਣ ਜਿੱਥੇ ਅਮਰੀਕੀ ਫੌਜਾਂ ਲੜ ਰਹੀਆਂ ਹਨ, 'ਚ ਹਾਲਤ ਬੇਹੱਦ ਨਾਜ਼ੁਕ ਹੈ। ਇਧਰਲੇ 16 ਜ਼ਿਲ੍ਹਿਆਂ ਨੂੰ ਬੇਹੱਦ ਖਤਰੇ ਵਾਲਾ ਮੰਨਿਆ ਜਾਂਦਾ ਹੈ। ਭਾਵੇਂ ਅਮਰੀਕਾ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੀ ਯੁੱਧਨੀਤੀ ਕੰਮ ਕਰ ਰਹੀ ਹੈ ਪਰ ਇਹ ਦੋਵੇਂ ਨਕਸ਼ੇ ਕੁਝ ਹੋਰ ਹੀ ਅਸਲੀਅਤ ਬਿਆਨਦੇ ਹਨ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ 2014 'ਚ ਸੁਰੱਖਿਆ ਦਾ ਜ਼ਿੰਮਾ ਅਫਗਾਨ ਫੌਜਾਂ ਨੂੰ ਸੌਂਪਣ ਦੀ ਤਿਆਰੀ ਤਹਿਤ 30 ਹਜ਼ਾਰ ਹੋਰ ਅਮਰੀਕੀ ਫੌਜੀ ਭੇਜਣ ਦੇ ਫੈਸਲੇ ਤੋਂ ਇਕ ਸਾਲ ਬਾਅਦ ਯੁੱਧਨੀਤੀ 'ਤੇ ਨਜ਼ਰਸਾਨੀ ਕੀਤੀ ਹੈ।

# ਅਮਰੀਕਾ ਨਹੀਂ ਸੀ ਰੋਕ ਸਕਿਆ ਪਾਕਿ ਦਾ ਪਰਮਾਣੂ ਪ੍ਰੋਗਰਾਮ

**ਵਾਸ਼ਿੰਗਟਨ:** ਪਾਕਿਸਤਾਨ ਦੇ ਪਰਮਾਣੂ ਪ੍ਰੋਗਰਾਮ 'ਤੇ ਲਗਾਤਾਰ ਚਿੰਤਾ ਪ੍ਰਗਟਾਉਣ ਦੇ ਬਾਵਜੂਦ 1970 ਦੇ ਦਹਾਕੇ ਵਿਚ ਅਮਰੀਕਾ ਦੀ ਤਤਕਾਲੀ ਜਿੰਮੀ ਕਾਰਟਰ ਸਰਕਾਰ ਪਾਕਿਸਤਾਨ 'ਤੇ ਪਰਮਾਣੂ ਈਂਧਣ ਸੋਧ ਪ੍ਰੋਗਰਾਮ ਤੋਂ ਦੂਰ ਰਹਿਣ ਲਈ ਦਬਾਅ ਪਾਉਣ ਦੀਆਂ ਕੋਸ਼ਿਸ਼ਾਂ ਵਿਚ ਅਸਫਲ ਰਹੀ ਸੀ। ਉਸ ਸਮੇਂ ਅਮਰੀਕੀ ਅਧਿਕਾਰੀ ਇਸ ਗੱਲ 'ਤੇ ਮਗਜ਼ਮਾਰੀ ਕਰਦੇ ਰਹੇ ਕਿ ਇਸ ਸਮੱਸਿਆ ਨਾਲ ਕਿਵੇਂ ਨਜਿੱਠਿਆ ਜਾਵੇ।

ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਪੁਰਾਤੱਤਵ ਵੱਲੋਂ ਇੰਟਰਨੈਟ 'ਤੇ ਪ੍ਰਕਾਸ਼ਤ ਤੇ ਖੁਫੀਆ ਸੂਚੀ 'ਚੋਂ ਹਟਾਏ ਗਏ ਅਮਰੀਕਾ ਦੇ ਪ੍ਰਸ਼ਾਸਨਿਕ ਦਸਤਾਵੇਜ਼ਾਂ ਤੋਂ ਇਹ ਗੱਲ ਸਾਹਮਣੇ ਆਈ ਹੈ। ਇਨ੍ਹਾਂ ਦਸਤਾਵੇਜ਼ਾਂ ਵਿਚ ਅਮਰੀਕਾ ਦੇ ਤਤਕਾਲੀ ਕਾਰਟਰ ਪ੍ਰਸ਼ਾਸਨ ਦੇ 1970 ਦੇ ਦਹਾਕੇ ਦੇ ਉਸ ਨਾਜ਼ੁਕ ਦੌਰ ਦਾ ਵਰਨਣ ਹੈ ਜਦੋਂ ਅਮਰੀਕਾ ਨੂੰ ਸਭ ਤੋਂ ਪਹਿਲਾਂ ਇਸ ਗੱਲ ਦੀ ਜਾਣਕਾਰੀ ਮਿਲੀ ਸੀ ਕਿ ਏ.ਕਿਊ. ਖਾਨ ਨੇ ਗੈਸ ਸੈਂਟਰੀਫਿਊਜ਼ ਯੂਰੇਨੀਅਮ ਸੋਧ ਯੰਤਰ ਲਈ ਰੂਪ-ਰੇਖਾ ਚੋਰੀ ਕਰ ਲਈ ਹੈ।

ਇਹ ਦਸਤਾਵੇਜ਼ ਉਸ ਸਮੇਂ ਨਸ਼ਰ ਕੀਤੇ ਗਏ ਹਨ ਜਦੋਂ ਵਿਕੀਲੀਕਸ ਨੇ ਪਰਮਾਣੂ ਹਥਿਆਰ ਜ਼ਖ਼ੀਰੇ ਦੀ ਸੁਰੱਖਿਆ ਬਾਰੇ ਅਮਰੀਕਾ ਤੇ ਪਾਕਿ ਵਿਚਲੇ ਤਣਾਅ ਹੋਣ ਦਾ ਖੁਲਾਸਾ ਕੀਤਾ ਹੈ।

1970 ਦੇ ਦਹਾਕੇ ਦੇ ਆਖਰੀ ਸਾਲਾਂ ਦੇ ਦਸਤਾਵੇਜ਼ਾਂ ਦਾ ਵਿਸ਼ਲੇਸ਼ਨ ਕਰਦਿਆਂ ਕਿਹਾ ਗਿਆ ਹੈ ਕਿ ਦੇਸ਼ ਦੇ ਤੱਤਕਾਲੀ ਕਾਰਟਰ ਪ੍ਰਸ਼ਾਸਨ ਨੇ ਉਹ ਸਮਝੌਤਾ ਹੋਣ ਤੋਂ ਰੋਕਿਆ ਜਿਸ ਨਾਲ ਪਾਕਿ ਨੂੰ ਪਲੂਟੋਨੀਅਮ ਉਤਪਾਦਨ ਦੀ ਸਮਰੱਥਾ ਹਾਸਲ ਹੋ ਜਾਂਦੀ ਪਰ ਉਸ ਨੇ ਮਗਰੋਂ ਇਹ ਦੇਖਿਆ ਕਿ ਉਹ ਪਾਕਿ ਨੂੰ ਪਰਮਾਣੂ ਹਥਿਆਰ ਬਣਾਉਣ ਤੋਂ ਨਹੀਂ ਰੋਕ ਸਕਦਾ।

ਇਸ ਮਗਰੋਂ ਅਮਰੀਕੀ ਪ੍ਰਸ਼ਾਸਨ ਨੇ ਕਾਫ਼ੀ ਜੁਗਤਾਂ ਬਣਾਈਆਂ ਕਿ ਪਾਕਿ ਨੂੰ ਪਰਮਾਣੂ ਹਥਿਆਰ ਬਣਾਉਣ ਤੋਂ ਕਿਵੇਂ ਰੋਕਿਆ ਜਾਵੇ। ਪਾਕਿਸਤਾਨ ਦੇ ਨਾਲ ਪਰਮਾਣੂ ਹਥਿਆਰਾਂ ਦੀ ਵਰਤੋਂ ਤੇ ਵਿਕਾਸ ਨਾ ਕਰਨ ਦੇ ਕਿਸੇ ਵੀ ਸਮਝੌਤੇ ਤੋਂ ਇਨਕਾਰ ਕਰਦੇ ਹੋਏ 1979 ਵਿਚ ਤਤਕਾਲੀ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ ਕਿਹਾ ਸੀ ਕਿ ਜੇਕਰ ਇਸਲਾਮਾਬਾਦ ਨੇ ਪਰਮਾਣੂ ਧਮਾਕਾ ਕੀਤਾ ਤਾਂ ਇਸ ਦਾ 'ਢੁਕਵਾਂ ਜਵਾਬ' ਦਿੱਤਾ ਜਾਵੇਗਾ।

ਅਮਰੀਕਾ ਵੱਲੋਂ ਖੁਫ਼ੀਆ ਦਸਤਾਵੇਜ਼ਾਂ ਨੂੰ ਜਨਤਕ ਕੀਤੇ ਜਾਣ ਦੀ ਲੜੀ ਵਿਚ ਇਹ ਗੱਲ ਸਾਹਮਣੇ ਆਈ। ਦਸਤਾਵੇਜ਼ਾਂ ਮੁਤਾਬਕ ਮੋਰਾਰਜੀ ਨੇ ਇਹ ਚਿਤਾਵਨੀ ਭਾਰਤ ਵਿਚ ਅਮਰੀਕਾ ਦੇ ਤੱਤਕਾਲੀ ਰਾਜਦੂਤ ਰੋਬਰਟ ਐਫ. ਗੋਹੀਨ ਦੇ ਨਾਲ ਇਕ ਬੈਠਕ ਵਿਚ ਦਿੱਤੀ ਸੀ। ਗੋਹੀਨ ਦੀ ਅਪੀਲ 'ਤੇ ਹੋਈ ਬੈਠਕ 55 ਮਿੰਟ ਤਕ ਚੱਲੀ ਸੀ ਜੋ ਵ੍ਹਾਈਟ ਹਾਊਸ ਦੀ ਕੌਮੀ ਸੁਰੱਖਿਆ ਪ੍ਰੀਸ਼ਦ ਦੇ ਨਿਰਦੇਸ਼ਾਂ ਤਹਿਤ ਹੋਈ ਸੀ। ਅਮਰੀਕਾ ਸਰਕਾਰ ਨੇ ਗੋਹੀਨ ਨੂੰ ਕਿਹਾ ਸੀ ਕਿ ਉਹ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨਾਲ ਇਕ ਗੈਰ-ਰਸਮੀ ਮੁਲਾਕਾਤ ਕਰਨ ਜਿਸ ਵਿਚ ਕਿਸੇ ਪ੍ਰਕਾਰ ਦੀ ਵਚਨਬੱਧਤਾ ਨਾਲ ਹੋਵੇ।

# ਇਸਰਾਈਲ ਨੇ ਸੀ ਕੀਤਾ ਸੀਰੀਆ ਦਾ ਪਰਮਾਣੂ ਰਿਐਕਟਰ ਤਬਾਹ

**ਜ਼ੇਰੂਸ਼ਲਮ:** ਵਿਕੀਲੀਕਸ ਨੇ ਤਾਜ਼ਾ ਖੁਲਾਸਾ ਕੀਤਾ ਹੈ ਕਿ ਇਸਰਾਈਲ ਨੇ 2007 'ਚ ਹਵਾਈ ਹਮਲਾ ਕਰਕੇ ਸੀਰੀਆ ਦਾ ਪਰਮਾਣੂ ਰਿਐਕਟਰ ਤਬਾਹ ਕਰ ਦਿੱਤਾ ਸੀ। ਸੀਰੀਆ ਵੱਲੋਂ ਇਹ ਪਰਮਾਣੂ ਰਿਐਕਟਰ ਉੱਤਰੀ ਕੋਰੀਆ ਦੀ ਮਦਦ ਨਾਲ ਬਣਾਇਆ ਗਿਆ ਸੀ।

ਇਸਰਾਈਲ ਦੇ ਇਕ ਪ੍ਰਮੁੱਖ ਅਖ਼ਬਾਰ ਨੇ ਲਿਖਿਆ ਹੈ ਕਿ 6 ਸਤੰਬਰ, 2007 'ਚ ਇਸਰਾਈਲ ਨੇ ਸੀਰੀਆ ਦਾ ਪਰਮਾਣੂ ਰਿਐਕਟਰ ਤਬਾਹ ਕਰ ਦਿੱਤਾ ਸੀ। ਇਸ ਰਿਪੋਰਟ ਅਨੁਸਾਰ ਉਸ ਵੇਲੇ ਦੀ ਅਮਰੀਕੀ ਵਿਦੇਸ਼ ਮੰਤਰੀ ਕੋਂਡਾਲੀਜ਼ਾ ਰਾਈਸ ਨੂੰ ਭੇਜੀ ਤਾਰ 'ਚ ਲਿਖਿਆ ਸੀ ਕਿ ਅਮਰੀਕੀ ਖੁਫੀਆ ਮਾਹਰਾਂ ਨੂੰ ਵਿਸ਼ਵਾਸ ਹੈ ਕਿ ਇਸਰਾਈਲ ਵੱਲੋਂ ਹਵਾਈ ਹਮਲਾ ਕਰਕੇ ਹੀ ਸੀਰੀਆ ਦੇ ਪਰਮਾਣੂ ਰਿਐਕਟਰ ਨੂੰ ਤਬਾਹ ਕੀਤਾ ਹੈ ਜੋ ਉੱਤਰੀ ਕੋਰੀਆ ਦੇ ਰਿਐਕਟਰਾਂ ਨਾਲ ਮਿਲਦਾ-ਜੁਲਦਾ ਸੀ। ਰਿਐਕਟਰ ਦੇ ਚੱਲਣ ਤੋਂ ਕੁਝ ਦਿਨ ਪਹਿਲਾਂ ਹੀ ਕੀਤੀ ਇਸ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਵਿਦੇਸ਼ ਮੰਤਰੀ ਨੇ ਕਿਹਾ ਸੀ ਕਿ ਇਹ ਪਰਮਾਣੂ ਰਿਐਕਟਰ ਸ਼ਾਤੀਪੂਰਨ ਕਾਰਜਾਂ ਲਈ ਨਹੀਂ ਉਸਾਰਿਆ ਗਿਆ ਸੀ।

ਪਰਮਾਣੂ ਰਿਐਕਟਰ ਦੀ ਉਸਾਰੀ ਬਾਰੇ ਭੇਤ ਨਸ਼ਰ ਹੋ ਜਾਣ ਦੇ ਡਰੋਂ ਸੀਰੀਆ ਨੇ ਨਾ ਤਾਂ ਇਹ ਮਾਮਲਾ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਕੋਲ ਉਠਾਇਆ ਤੇ ਨਾ ਹੀ ਇਸ ਦਾ ਜ਼ਿਕਰ ਮੀਡੀਆ 'ਚ ਆਇਆ। ਇਸੇ ਕਰਕੇ ਸੀਰੀਆ ਨੇ ਕੋਈ ਅਜਿਹਾ ਹਮਲਾ ਹੋਣ ਤੋਂ ਇਨਕਾਰ ਹੀ ਕਰ ਦਿੱਤਾ ਜਦੋਂਕਿ ਇਸਰਾਈਲ ਨੇ ਠੋਕ-ਵਜਾ ਕੇ ਕਿਹਾ ਕਿ ਉਨ੍ਹਾਂ ਨੇ ਪਰਮਾਣੂ ਰਿਐਕਟਰ ਨੂੰ ਨਿਸ਼ਾਨਾ ਬਣਾਇਆ ਹੈ।

# ਭਾਰਤ ਨੂੰ ਸੀ ਬੰਗਲਾਦੇਸ਼ 'ਚ ਫ਼ੌਜੀ ਹਕੂਮਤ ਦਾ ਖਦਸ਼ਾ

**ਢਾਕਾ:** ਬੰਗਲਾਦੇਸ਼ ਵਿਚ ਸਾਲ 2008 ਦੀਆਂ ਆਮ ਚੋਣਾਂ ਤੋਂ ਪਹਿਲਾਂ ਬੰਗਲਾਦੇਸ਼ ਵਿਚ ਰਾਜਨੀਤਕ ਅਸਥਿਰਤਾ ਤੋਂ ਭਾਰਤ ਚਿੰਤਤ ਸੀ ਤੇ ਭਾਰਤ ਨੇ ਇਹ ਖਦਸ਼ਾ ਪ੍ਰਗਟਾਇਆ ਸੀ ਕਿ ਇਸ ਹਾਲਤ ਨੂੰ ਦੇਸ਼ ਦੀ ਫੌਜ ਸੱਤਾ ਹਥਿਆਉਣ ਲਈ ਵਰਤ ਸਕਦੀ ਹੈ। ਇਹ ਪ੍ਰਗਟਾਵਾ ਵਿਕੀਲੀਕਸ ਵੱਲੋਂ ਜਾਰੀ ਅਮਰੀਕਾ ਦੇ ਖੁਫ਼ੀਆ ਦਸਤਾਵੇਜ਼ ਵਿਚ ਕੀਤਾ ਗਿਆ ਹੈ।

ਵਿਕੀਲੀਕਸ ਵੱਲੋਂ ਜਾਰੀ ਦਸਤਾਵੇਜ਼ ਅਨੁਸਾਰ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਤਤਕਾਲੀ ਜਾਇੰਟ ਸੈਕਟਰੀ ਮੋਹਨ ਕੁਮਾਰ ਨੇ ਭਾਰਤ ਵਿਚ ਅਮਰੀਕੀ ਦੂਤਘਰ ਦੇ ਰਾਜਸੀ ਸਲਾਹਕਾਰ ਟੇਡ ਓਸੀਅਸ ਤੇ ਉਸ ਦੇ ਬਰਤਾਨਵੀ ਹਮਰੁਤਬਾ ਪਾਲਕੋਊਨਸ ਅਲੈਕਸ ਹਾਲ-ਹਾਲ ਨਾਲ ਮੀਟਿੰਗ ਵਿਚ ਪ੍ਰਗਟਾਵਾ ਕੀਤਾ ਸੀ ਕਿ ਉਹ ਇਸ ਨਾਲ ਸਹਿਮਤ ਹਨ ਕਿ ਬੰਗਲਾਦੇਸ਼ ਦੀ ਕੰਮ ਚਲਾਊ ਸਰਕਾਰ ਭਰੋਸੇਯੋਗ ਚੋਣਾਂ ਕਰਾਉਣ ਦੀ ਪ੍ਰਕਿਰਿਆ 'ਤੇ ਚੱਲ ਰਹੀ ਹੈ ਪਰ ਇਹ ਵੀ ਸਪਸ਼ਟ ਕੀਤਾ ਸੀ ਕਿ ਫੌਜ ਨੂੰ ਰਾਜਨੀਤੀ ਤੋਂ ਬਾਹਰ ਰੱਖਣ ਦੀ ਲੋੜ ਹੈ।

ਸ੍ਰੀ ਕੁਮਾਰ ਨੇ ਕਿਹਾ ਸੀ ਕਿ ਕੰਮ ਚਲਾਊ ਸਰਕਾਰ ਵੱਲੋਂ ਸ਼ੇਖ ਹਸੀਨਾ ਤੇ ਖਾਲਿਦਾ ਜ਼ਿਆ ਨੂੰ ਚੋਣਾਂ ਵਿਚ ਹਿੱਸਾ ਲੈਣ ਦੀ ਹੁਣੇ-ਹੁਣੇ ਦਿੱਤੀ ਇਜਾਜ਼ਤ ਤੋਂ ਸਪਸ਼ਟ ਹੈ ਕਿ ਦੇਸ਼ ਚੁਰਾਹੇ 'ਤੇ ਖੜ੍ਹਾ ਹੈ। ਇਹ ਪ੍ਰਗਟਾਵਾ 27 ਅਪਰੈਲ, 2007 ਨੂੰ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਵਿਚ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਦੀ ਸਰਕਾਰ ਦਾ ਕਾਰਜਕਾਲ ਅਕਤੂਬਰ 2006 ਵਿਚ ਖਤਮ ਹੋਣ ਤੋਂ ਬਾਅਦ ਕੰਮ ਚਲਾਊ ਸਰਕਾਰ ਹੋਂਦ ਵਿਚ ਆਈ ਸੀ ਜਿਸ ਦੇ ਫਖਰੂਦੀਨ ਅਹਿਮਦ ਮੁੱਖ ਸਲਾਹਕਾਰ ਸਨ।

ਦੂਜੇ ਪਾਸੇ ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਨੇ ਵਿਕੀਲੀਕਸ ਵੱਲੋਂ ਅਮਰੀਕਾ ਦੇ ਹਜ਼ਾਰਾਂ ਸਫਾਰਤੀ ਸੁਨੇਹਿਆਂ ਨੂੰ ਜੱਗ-ਜ਼ਾਹਰ ਕਰਨ ਤੋਂ ਬਾਅਦ ਇਸ ਦੇ ਨੁਕਸਾਨ ਦਾ ਅੰਦਾਜ਼ਾ ਲਾਉਣ ਲਈ ਟਾਸਕ ਫੋਰਸ ਕਾਇਮ ਕੀਤੀ ਹੈ। ਰੋਜ਼ਨਾਮਾ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਇਸ ਨੂੰ ਵਿਕੀਲੀਕਸ ਟਾਸਕ ਫੋਰਸ (ਡਬਲਿਊ. ਟੀ.ਐਫ.) ਦਾ ਨਾਂ ਦਿੱਤਾ ਗਿਆ ਹੈ ਜਿਹੜੀ ਹਾਲ ਹੀ 'ਚ ਜੱਗ-ਜ਼ਾਹਰ ਹੋਏ ਸੁਨੇਹਿਆਂ ਕਾਰਨ ਹੋਏ ਅਸਰ ਦਾ ਪਤਾ ਲਾਵੇਗੀ।

# ਅਮਰੀਕਾ-ਰੂਸ ਪ੍ਰਮਾਣੂ ਹਥਿਆਰ ਕਟੌਤੀ ਸੰਧੀ ਪ੍ਰਵਾਨ ਚੜ੍ਹੀ

**ਵਾਸ਼ਿੰਗਟਨ:** ਅਮਰੀਕੀ ਸੈਨੇਟ ਨੇ ਅਮਰੀਕਾ-ਰੂਸ ਪ੍ਰਮਾਣੂ ਹਥਿਆਰ ਕਟੌਤੀ ਸੰਧੀ 'ਤੇ ਮੋਹਰ ਲਾਉਂਦੇ ਹੋਏ ਰੂਸ ਨਾਲ ਹੋਈ ਨਵੀਂ ਰਣਨੀਤਕ ਹਥਿਆਰ ਕਟੌਤੀ ਸੰਧੀ (ਸਟਾਰਟ) ਦੀ ਪੁਸ਼ਟੀ ਕਰ ਦਿੱਤੀ ਹੈ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਕ੍ਰਿਸਮਸ ਮੌਕੇ ਇਹ ਵੱਡੀ ਸਿਆਸੀ ਜਿੱਤ ਹੈ। ਸਿਖਰਲੇ ਰਿਪਬਲਿਕਨ ਸੈਨੇਟਰ ਇਸ ਸੰਧੀ ਦਾ ਵਿਰੋਧ ਕਰ ਰਹੇ ਸਨ ਪਰ ਕਈ ਰਿਪਬਲਿਕਨਾਂ ਵੱਲੋਂ ਪਾਰਟੀ ਲਾਈਨ ਤੋਂ ਹਟ ਕੇ ਇਸ ਦੇ ਹੱਕ 'ਚ ਵੋਟਾਂ ਪਾਈਆਂ ਗਈਆਂ ਜਿਸ ਨਾਲ ਸੈਨੇਟ ਨੇ ਇਸ ਸੰਧੀ ਉਪਰ ਮੋਹਰ ਲਾ ਦਿੱਤੀ। ਸੈਨੇਟਰਾਂ ਵੱਲੋਂ ਕੀਤੀ ਗਈ ਵੋਟਿੰਗ ਦੌਰਾਨ ਰਣਨੀਤਕ ਹਥਿਆਰ ਕਟੌਤੀ ਸੰਧੀ (ਸਟਾਰਟ) ਨੇ ਲੋੜੀਂਦੇ ਬਹੁਮਤ ਦਾ ਅੰਕੜਾ ਪਾਰ ਕਰ ਲਿਆ ਤੇ ਇਸ ਨੂੰ ਸੈਨੇਟ 'ਚ 26 ਦੇ ਮੁਕਾਬਲੇ 71 ਵੋਟਾਂ ਨਾਲ ਮਨਜ਼ੂਰੀ ਮਿਲ ਗਈ।



ਇਸ ਮੌਕੇ 13 ਰਿਪਬਲਿਕਨਾਂ ਨੇ ਆਪਣੀ ਪਾਰਟੀ ਲਾਈਨ ਤੋਂ ਹਟ ਕੇ 56 ਡੈਮੋਕਰੇਟਾਂ ਦਾ ਸਾਥ ਦਿੱਤਾ। ਦੋ ਆਜ਼ਾਦ ਸੰਸਦ ਮੈਂਬਰਾਂ ਨੇ ਵੀ ਸੰਧੀ ਦੇ ਹੱਕ 'ਚ ਵੋਟ ਪਾਈਆਂ। ਸੰਧੀ ਦੀ ਪੁਸ਼ਟੀ ਹੋਣ ਮਗਰੋਂ ਓਬਾਮਾ ਨੇ ਵਾਈਟ ਹਾਊਸ 'ਚ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਤਕਰੀਬਨ ਦੋ ਦਹਾਕਿਆਂ 'ਚ ਇਹ ਅਤਿ ਮਹੱਤਵਪੂਰਨ ਹਥਿਆਰ ਕਟੌਤੀ ਸੰਧੀ ਹੈ ਤੇ ਇਹ ਸਾਨੂੰ ਸੁਰੱਖਿਅਤ ਬਣਾਏਗੀ। ਇਸ ਨਾਲ ਰੂਸ ਤੇ ਸਾਡੇ ਪਰਮਾਣੂ ਜ਼ਖੀਰੇ 'ਚ ਕਟੌਤੀ ਹੋਵੇਗੀ। ਇਸ ਸੰਧੀ ਤਹਿਤ ਸਾਡੇ ਨਿਗਰਾਨ ਰੂਸ ਦੇ ਪਰਮਾਣੂ ਅੱਡਿਆਂ ਦਾ ਨਿਰੀਖਣ ਕਰ ਸਕਣਗੇ।

ਅਮਰੀਕਾ ਨੇ ਰੂਸ ਨਾਲ ਨਵੀਂ ਸੰਧੀ ਉਪਰ ਇਸ ਸਾਲ ਦੇ ਸ਼ੁਰੂ 'ਚ ਦਸਤਖਤ ਕੀਤੇ ਸਨ ਜਿਸ ਤਹਿਤ ਦੋਵਾਂ ਦੇਸ਼ਾਂ ਦੇ ਪਰਮਾਣੂ ਹਥਿਆਰਾਂ ਦੀ ਗਿਣਤੀ ਘਟ ਕੇ 1500 ਤਕ ਰਹਿ ਜਵੇਗੀ। ਓਬਾਮਾ ਨੇ ਕਿਹਾ ਕਿ ਅਸੀਂ ਰੂਸ ਨਾਲ ਆਪਣੇ ਸਬੰਧਾਂ ਨੂੰ ਅੱਗੇ ਲੈ ਜਾਣਾ ਜਾਰੀ ਰੱਖਾਂਗੇ ਜੋ ਇਰਾਨ ਨੂੰ ਪਰਮਾਣੂ ਹਥਿਆਰ ਬਣਾਉਣ ਤੋਂ ਰੋਕਣ ਲਈ ਉਸ ਉਪਰ ਸਖ਼ਤ ਪਾਬੰਦੀ ਲਾਗੂ ਕਰਨ ਤੋਂ ਲੈ ਕੇ ਇਨ੍ਹਾਂ ਹਥਿਆਰਾਂ ਨੂੰ ਅੱਤਵਾਦੀਆਂ ਦੇ ਹੱਥਾਂ 'ਚ ਨਾ ਜਾਣ ਦੇਣ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਬਹੁਤ ਜ਼ਰੂਰੀ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਸੈਨੇਟ 'ਚ ਦੋਵਾਂ ਦਲਾਂ ਦੇ ਸੈਨੇਟਰਾਂ ਵੱਲੋਂ ਸੰਧੀ ਦੇ ਹੱਕ 'ਚ ਭੁਗਤਣ ਨਾਲ ਇਹ ਸਾਬਤ ਹੋ ਗਿਆ ਹੈ ਕਿ ਅਮਰੀਕੀ ਸੁਰੱਖਿਆ ਦੇ ਮੁੱਦੇ ਉਪਰ ਡੈਮੋਕਰੇਟ ਤੇ ਰਿਪਬਲਿਕਨ ਇਕ ਹਨ।

ਪੰਜਾਬ ਟਾਈਮਜ਼

ਸਨਿਚਰਵਾਰ, 1 ਜਨਵਰੀ, 2011

# ਇਕੀਵੀਂ ਸਦੀ ਦਾ ਪਹਿਲਾ ਦਹਾਕਾ

ਇਕੀਵੀਂ ਸਦੀ ਦਾ ਪਹਿਲਾ ਦਹਾਕਾ ਬਹੁਤ ਤਿੱਖੇ ਉਤਰਾਵਾਂ-ਚੜ੍ਹਾਵਾਂ ਵਿਚੋਂ ਗੁਜ਼ਰਦਿਆਂ ਖ਼ਤਮ ਹੋ ਗਿਆ ਹੈ। ਇਸ ਇਕ ਦਹਾਕੇ ਦੌਰਾਨ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨਾਲ ਸਮੁੱਚਾ ਸੰਸਾਰ ਹਿੱਲ ਗਿਆ। ਤਬਦੀਲੀਆਂ ਦੇ ਇਸ ਤਿੱਖੇ ਅਤੇ ਗੁੰਝਲਦਾਰ ਦੌਰ ਵਿਚ 'ਪੰਜਾਬ ਟਾਈਮਜ਼' ਅੰਗ-ਸੰਗ ਰਿਹਾ ਹੈ ਅਤੇ ਇਸ ਦੌਰ ਵਿਚ ਜੋ ਕੁਝ ਬਣਿਆ-ਵਿਗਸਿਆ ਹੈ, ਉਸ ਬਾਰੇ ਖ਼ਬਰਾਂ-ਸਾਰਾਂ ਪਾਠਕਾਂ ਨਾਲ ਸਾਂਝੀਆਂ ਕਰਦਾ ਰਿਹਾ ਹੈ। 'ਪੰਜਾਬ ਟਾਈਮਜ਼' ਦੀ ਸ਼ੁਰੂਆਤ ਪਹਿਲੀ ਜਨਵਰੀ 2000 ਤੋਂ ਹੋਈ ਸੀ। ਅਗਲੇ ਹੀ ਸਾਲ 9 ਸਤੰਬਰ ਨੂੰ ਅਮਰੀਕਾ ਉਤੇ ਹੋਏ ਅਤਿਵਾਦੀ ਹਮਲਿਆਂ ਪਿੱਛੋਂ ਸੰਸਾਰ ਦਾ ਨਕਸ਼ਾ ਤੇਜੀ ਨਾਲ ਬਦਲਣਾ ਸ਼ੁਰੂ ਹੋ ਗਿਆ। ਦੋਸਤਾਂ ਦੁਸ਼ਮਣਾਂ ਦੇ ਪਾਲੇ ਤੱਕ ਬਦਲ ਗਏ। ਸੰਸਾਰ ਪੱਧਰ ਉਤੇ ਨਵੇਂ ਸਿਰਿਓਂ ਸਫ਼ਬੰਦੀ ਹੋਣੀ ਸ਼ੁਰੂ ਹੋ ਗਈ। ਪਹਿਲੀ, ਦੂਜੀ ਅਤੇ ਤੀਜੀ ਦੁਨੀਆ ਦੇ ਦੇਸ਼ਾਂ ਵਿਚ ਵੀ ਇਨ੍ਹਾਂ ਘਟਨਾਵਾਂ ਅਤੇ ਉਸ ਤੋਂ ਬਾਅਦ ਹੋਈ ਉਥਲ-ਪੁਥਲ ਦਾ ਚੋਖਾ ਅਸਰ ਪ੍ਰਤੱਖ ਦਿਸਿਆ। ਪਹਿਲੀ ਵਾਰ ਅਮਰੀਕਾ ਨੂੰ ਅਤਿਵਾਦ ਖ਼ਿਲਾਫ਼ ਜੰਗ ਵੱਡੇ ਪੱਧਰ 'ਤੇ ਛੇੜਨੀ ਪਈ। ਇਸ ਦੌਰਾਨ ਬਹੁਤ ਕੁਝ ਅਣਹੋਣੀਆਂ ਵੀ ਹੋਈਆਂ। ਪਹਿਲੀ ਵਾਰ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਇਨ੍ਹਾਂ ਉਤੇ ਨਸਲੀ ਹਮਲੇ ਹੋਏ। ਸੰਸਾਰ ਭਰ ਦੇ ਸਿੱਖਾਂ ਲਈ ਇਹ 21ਵੀਂ ਸਦੀ ਦਾ ਬਹੁਤ ਵੱਡਾ ਸਵਾਲ ਸੀ। ਸਿੱਖੀ ਦੇ ਵਰੋਸਾਏ ਜਿਨ੍ਹਾਂ ਪਿਆਰਿਆਂ ਨੇ ਮਨੁੱਖਤਾ ਦੀ ਅਗਵਾਈ ਲਈ ਕਮਰ ਕੱਸਣੀ ਸੀ, ਉਨ੍ਹਾਂ ਬਾਰੇ ਇਸ ਤਰ੍ਹਾਂ ਦੇ ਭੁਲੇਖਿਆਂ ਨੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਆਖ਼ਰਕਾਰ ਪਰਦੇਸਾਂ ਵਿਚ ਗੁਰੂ ਦੇ ਸਿੱਖਾਂ ਦੀ ਕਮਾਈ ਕੀ ਹੈ? 9/11 ਤੋਂ ਬਾਅਦ ਅਮਰੀਕਾ ਦੀ ਵਿਦੇਸ਼ ਨੀਤੀ ਬਾਰੇ ਵੀ ਕਾਫ਼ੀ ਚਰਚਾ ਹੋਈ। ਸਿਆਸੀ ਪੰਡਤਾਂ ਦੀ ਰਾਏ ਸੀ ਕਿ ਇਸ ਵਿਚਲੇ ਕੂਹਜ ਨੇ ਇਉਂ ਪਾਸੇ ਪਲਟੇ ਹਨ। ਇਸ ਦੌਰ ਵਿਚ ਮਨੁੱਖਤਾ ਦਾ ਵੱਡੇ ਪੱਧਰ 'ਤੇ ਘਾਣ ਹੋਇਆ। ਅਫ਼ਗਾਨਿਸਤਾਨ ਅਤੇ ਇਰਾਕ ਵਿਚ ਜੋ ਕੁਝ ਹੋਇਆ, ਸਾਰਾ ਜੱਗ ਜਾਣਦਾ ਹੈ।

ਇਸ ਦਹਾਕੇ ਦੌਰਾਨ ਭਾਰਤ ਵਿਚ ਪਹਿਲੀ ਵਾਰ ਇਕ ਸਿੱਖ ਸ਼ਖ਼ਸ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ। ਇਸ ਤੋਂ ਪਹਿਲਾਂ ਇਕ ਸਿੱਖ ਆਗੂ ਦੇਸ਼ ਦਾ ਰਾਸ਼ਟਰਪਤੀ ਬਣਿਆ ਸੀ। ਕੀ ਅਜਿਹੀਆਂ ਨਿਯੁਕਤੀਆਂ ਨਾਲ ਸਿੱਖਾਂ ਦਾ ਕੁਝ ਸੌਰਦਾ ਹੈ? ਇਹ ਸਵਾਲ ਭਾਵੇਂ ਕਿੰਨਾ ਵੀ ਰੜਕਵਾਂ ਕਿਉਂ ਨਾ ਲੱਗੇ, ਅਸਲੀਅਤ ਇਹੀ ਹੈ ਕਿਉਂਕਿ ਅਸਲ ਮਸਲਾ ਤਾਂ ਸਿੱਖਾਂ ਜਾਂ ਪੰਜਾਬ ਦੇ ਸਰੋਕਾਰਾਂ ਨਾਲ ਨਿਰਸਵਾਰਥ ਹੋ ਕੇ ਜੁੜਨ ਦਾ ਹੈ। ਜੇ ਅਜਿਹਾ ਨਹੀਂ ਹੁੰਦਾ, ਤਾਂ ਭਾਵੇਂ ਇਕ ਦੀ ਥਾਂ ਅਨੇਕਾਂ ਸਿੱਖਾਂ ਨੂੰ ਰਾਜ ਚਲਾਉਣ ਦਾ ਮੌਕਾ ਮਿਲ ਜਾਵੇ; ਗੱਡੀ ਲੀਹ ਉਤੇ ਨਹੀਂ ਪੈਂਦੀ। ਦਿੱਲੀ ਵਿਚ ਸਿੱਖਾਂ ਦੇ ਕਤਲ-ਇ-ਆਮ ਬਾਰੇ ਇਨ੍ਹਾਂ ਸ਼ਖ਼ਸਾਂ ਨੂੰ ਕਦੀ ਚੇਤਾ ਕਿਉਂ ਨਹੀਂ ਆਇਆ ਭਲਾ? ਇਸ ਪ੍ਰਧਾਨ ਮੰਤਰੀ ਨੇ ਤਾਂ ਲੋਕਾਂ ਦੀ ਮੁਕਤੀ ਖ਼ਾਤਰ ਜੂਝ ਰਹੇ ਲੋਕਾਂ ਨੂੰ ਵੀ ਦੇਸ਼ ਲਈ ਖ਼ਤਰਾ ਕਰਾਰ ਦੇ ਦਿੱਤਾ ਹੈ। ਅਸਲ ਵਿਚ ਇਨ੍ਹਾਂ ਜੁਝਾਰੂ ਲੋਕਾਂ ਜਿਹੜੇ ਅੱਜ ਕੱਲ੍ਹ ਮਾਓਵਾਦੀਆਂ ਵਜੋਂ ਮਸ਼ਹੂਰ ਹਨ, ਨੇ ਆਜ਼ਾਦ ਭਾਰਤ ਵਿਚ ਪਹਿਲੀ ਰਾਜ ਸੱਤਾ ਨੂੰ ਇੰਨੀ ਵੱਡੀ ਚੁਣੌਤੀ ਦਿੱਤੀ ਅਤੇ ਲਗਾਤਾਰ, ਮੁਖਧਾਰਾ ਦੀ ਸਿਆਸਤ ਉਤੇ ਸਵਾਲਾਂ ਦੀ ਵਾਛੜ ਕੀਤੀ ਹੈ। ਇਨ੍ਹਾਂ ਨੇ ਆਪਣੇ ਅਸਰ ਵਾਲੇ ਇਲਾਕਿਆਂ ਵਿਚ ਆਪਣੀ ਸਰਕਾਰ ਚਲਾ ਕੇ ਦੱਸੀ। ਇਹ ਉਨ੍ਹਾਂ ਲੋਕਾਂ ਨੇ ਕਰ ਦਿਖਾਇਆ ਜਿਨ੍ਹਾਂ ਬਾਰੇ ਵਾਰ ਵਾਰ ਇਹ ਐਲਾਨ ਕੀਤੇ ਜਾਂਦੇ ਹਨ ਕਿ ਇਹ ਹੁਣ ਮਰ ਮੁੱਕ ਗਏ ਹਨ, ਇਨ੍ਹਾਂ ਦੀ ਵਿਚਾਰਧਾਰਾ ਮਰ-ਮੁੱਕ ਗਈ ਹੈ। ਇਨ੍ਹਾਂ ਲੋਕਾਂ ਨੇ ਪਹਿਲੀ ਵਾਰ ਸਰਕਾਰ ਨੂੰ ਇਨ੍ਹਾਂ ਮੁਤਾਬਕ ਏਜੰਡਾ ਤੈਅ ਕਰਨ ਲਈ ਮਜਬੂਰ ਕੀਤਾ।

ਪੰਜਾਬ ਵਿਚ ਚਿਰਾਂ ਬਾਅਦ ਇਕ ਚੰਗਾ ਵਰਤਾਰਾ ਫਿਰ ਦੇਖਣ ਨੂੰ ਮਿਲਿਆ। ਵਿਦਿਆਰਥੀ ਲਹਿਰ ਇਸ ਦਹਾਕੇ ਦੌਰਾਨ ਫਿਰ ਪੈਰਾਂ ਸਿਰ ਹੋਣੀ ਸ਼ੁਰੂ ਹੋਈ। ਇਸ ਤੋਂ ਪਹਿਲਾਂ ਕੁਝ ਕਾਰਨਾਂ ਕਰਕੇ ਇਹ ਲਹਿਰ ਡਗਮਗਾ ਗਈ ਸੀ ਅਤੇ ਆਖ਼ਰਕਾਰ ਖ਼ਤਮ ਹੋਣ ਦੇ ਕਗਾਰ 'ਤੇ ਪਹੁੰਚ ਗਈ ਸੀ। ਸਿੱਖਿਆ ਸਿਸਟਮ ਤਾਂ ਬੁਰੀ ਤਰ੍ਹਾਂ ਲੜਖੜ ਚੁੱਕਾ ਹੈ। ਵਿਦਿਆਰਥੀ ਲਹਿਰ ਦੇ ਪੈਰਾਂ ਸਿਰ ਹੋਣ ਦੀ ਸਭ ਤੋਂ ਪ੍ਰਤੱਖ ਮਿਸਾਲ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੁਹਾਲੀ ਵਿਚ ਕਸ਼ਮੀਰ ਦੀ ਆਜ਼ਾਦੀ ਬਾਰੇ ਚੱਲ ਰਹੇ ਸੰਘਰਸ਼ ਸਬੰਧੀ ਕਰਵਾਏ ਸਮਾਗਮ ਦੀ ਹੈ। ਗੁਰਦੁਆਰੇ ਵਿਚ ਹੋਏ ਇਸ ਸਮਾਗਮ ਵਿਚ ਪ੍ਰੋ. ਐਸ.ਏ.ਆਰ. ਗਿਲਾਨੀ (ਦਿੱਲੀ ਯੂਨੀਵਰਸਿਟੀ) ਨੇ ਮੁੱਖ ਭਾਸ਼ਨ ਦਿੱਤਾ। ਇਹ ਉਹ ਸ਼ਖ਼ਸ ਹੈ ਜਿਸ ਉਤੇ ਸੰਸਦ ਉਤੇ ਹਮਲਾ ਕਰਨ ਦੇ ਦੋਸ਼ ਲਾਏ ਗਏ ਸਨ ਅਤੇ ਇਸ ਕੇਸ ਵਿਚੋਂ ਬਰੀ ਹੋਣ ਦੇ ਬਾਵਜੂਦ ਉਸ ਨੂੰ ਮਕਾਨ ਕਿਰਾਏ 'ਤੇ ਲੈਣਾ ਜਾਂ ਬਾਜ਼ਾਰ ਜਾਣਾ ਵੀ ਔਖਾ ਹੋਇਆ ਰਿਹਾ ਕਿਉਂਕਿ ਮੁਖ ਧਾਰਾ ਸਿਆਸਤ ਨੇ ਘੱਟ-ਗਿਣਤੀਆਂ ਬਾਰੇ ਜੋ ਅਕਸ ਆਮ ਲੋਕਾਂ ਵਿਚ ਬਣਾ ਦਿੱਤਾ ਹੈ, ਉਸ ਨਾਲ ਲੋਕਾਂ ਨੂੰ ਨਫ਼ਰਤ ਤੋਂ ਸਿਵਾ ਕੁਝ ਨਹੀਂ ਦਿਸਦਾ! ਇਸ ਸ਼ਖ਼ਸ ਨੂੰ ਜਿੰਨੀ ਵੱਡੀ ਗਿਣਤੀ ਵਿਚ ਪੰਜਾਬ ਭਰ ਤੋਂ ਪੁੱਜੇ ਵਿਦਿਆਰਥੀਆਂ ਨੇ ਨਿੱਠ ਕੇ ਸੁਣਿਆ, ਉਸ ਤੋਂ ਪੰਜਾਬ ਦੇ ਭਵਿੱਖ ਲਈ ਬੀਜੀ ਜਾ ਰਹੀ ਫ਼ਸਲ ਬਾਰੇ ਸੂਹ ਮਿਲ ਗਈ। ਇਹ ਵਿਦਿਆਰਥੀ ਤਬਕਾ ਹੀ ਹੁੰਦਾ ਹੈ ਜੋ ਅਗਾਂਹ ਵਧ ਕੇ ਅਗਵਾਈ ਕਰਦਾ ਹੈ ਅਤੇ ਮੂਹਰਲੀਆਂ ਸਫ਼ਾਂ ਲਈ ਕੁਮਕ ਦਾ ਕੰਮ ਕਰਦਾ ਹੈ। ਇਹ ਸੋਮਾ ਸੁੱਕਣ ਨਾਲ ਤਾਂ ਸਿਆਸਤ ਦਾ ਸਮੁੰਦਰ ਸਮਝੋ ਸੁੱਕ ਹੀ ਜਾਂਦਾ ਹੈ।

ਸੰਸਾਰ, ਦੇਸ਼ ਅਤੇ ਪੰਜਾਬ ਦੇ ਇਨ੍ਹਾਂ ਸਾਰੇ ਮਸਲਿਆਂ ਨੂੰ ਆਪਣੇ ਕਾਲਮਾਂ ਵਿਚ 'ਪੰਜਾਬ ਟਾਈਮਜ਼' ਨੇ ਭਰਪੂਰ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ ਅਤੇ ਹੁਣ ਵੀ ਲਗਾਤਾਰ ਕਰ ਰਿਹਾ ਹੈ। ਇਹ ਵੀ ਦਰਅਸਲ ਪਾਠਕਾਂ ਵੱਲੋਂ ਕੀਤੀ ਜਾ ਰਹੀ ਰਹਿਨੁਮਾਈ ਹੀ ਹੈ ਜਿਨ੍ਹਾਂ ਦੀ ਬਾਂਹ ਫੜ ਕੇ ਅਤੇ ਨਾਲ ਨਬਜ਼ ਟੋਹ ਕੇ ਅਸੀਂ ਦਹਾਕੇ ਤੋਂ ਵੱਧ ਦਾ ਲੰਮਾ ਸਫ਼ਰ ਤੈਅ ਕੀਤਾ ਹੈ। ਪਰਚੇ ਤੇ ਇਸ ਦੇ ਸੰਚਾਲਕਾਂ ਅੱਗੇ ਅਣਗਿਣਤ ਵਾਰ ਉਤਰਾਅ-ਚੜ੍ਹਾਅ ਆਏ ਅਤੇ ਪਰਚਾ ਹਰ ਵਾਰ ਹਰ ਚੁਣੌਤੀ ਵਿਚੋਂ ਤਕੜਾ ਹੋ ਕੇ ਨਿਕਲਿਆ। ਪਰਚੇ ਰਾਹੀਂ ਹਰ ਮੁੱਦੇ-ਮਸਲੇ ਬਾਰੇ ਚੇਤੰਨ ਪਾਠਕਾਂ ਨੂੰ ਹੋਰ ਚੇਤੰਨ ਕਰਨ ਦਾ ਯਤਨ ਕੀਤਾ ਗਿਆ। ਆਪਣੀ ਗੱਲ ਕਹਿਣ-ਕਰਨ ਦੇ ਨਾਲ-ਨਾਲ ਪਾਠਕਾਂ ਨੂੰ ਵੀ ਹਰ ਗੱਲ ਸਾਂਝੀ ਕਰਨ ਦਾ ਮੌਕਾ ਮੁਹੱਈਆ ਕਰਵਾਇਆ ਗਿਆ। ਇਸ ਦੌਰ ਵਿਚ 'ਪੰਜਾਬ ਟਾਈਮਜ਼' ਦੀ ਸ਼ਾਇਦ ਇਹੀ ਸਭ ਤੋਂ ਵੱਡੀ ਕਮਾਈ ਹੈ। ਇਹ ਸਭ ਪਾਠਕਾਂ ਅਤੇ ਪੰਜਾਬ ਟਾਈਮਜ਼ ਦੇ ਸਮਰਥਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪਿੜ ਪੰਜਾਬ ਦਾ!*

ਝਾਗੋ ਕੱਢ ਕੇ ਕੋਈ ਪੰਜਾਬ ਅੰਦਰ, ਸੁੱਤੇ ਲੋਕਾਂ ਨੂੰ ਟੁੰਬ ਜਗਾਈ ਜਾਵੇ।
ਫੜ੍ਹਾਂ ਫੋਕੀਆਂ ਮਾਰਦਾ ਕੋਈ ਫਿਰਦਾ, ਨੀਂਹ ਪੱਥਰ ਹੀ ਰੋਜ ਰਖਾਈ ਜਾਵੇ।
ਕੋਈ ਕੁਰਸੀ ਦੇ ਨਸ਼ੇ ਵਿਚ ਮਸਤ ਹੋ ਕੇ, ਸੰਗਤ-ਦਰਸ਼ਨ ਦਾ ਢੌਂਗ ਰਚਾਈ ਜਾਵੇ।
ਲੈ ਕੇ ਥਾਪੜਾ ਦਿੱਲੀਓਂ ਕੋਈ ਚੜ੍ਹਿਆ, ਪਿਓ-ਪੁੱਤ ਦੇ ਸਾਹ ਸੁਕਾਈ ਜਾਵੇ।
ਡੱਜੇ ਡੁਗ ਡੁਗ ਜਿਥੇ ਵੀ ਲੀਡਰਾਂ ਦੀ, ਸਿਰੋ-ਸਿਰ ਹੀ ਬੇਸ਼ੁਮਾਰ ਦਿਸਦੇ।
ਇਹ ਤਾਂ ਸਮਾਂ ਹੀ ਦੱਸੇਗਾ ਔਣ ਵਾਲਾ, ਡੱਬੇ ਭਰਨਗੇ ਵੋਟਾਂ ਦੇ ਨਾਲ ਕਿਸਦੇ?

# ਜੇ ਕਿਸਾਨਾਂ ਨੂੰ ਕਰਜ਼ੇ ਦੀ ਦਲਦਲ 'ਚੋਂ ਨਾ ਕਢਿਆ...

**ਡਾ. ਗਿਆਨ ਸਿੰਘ**

ਪੰਜਾਬ ਨੂੰ ਅਮੀਰ ਅਤੇ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਹੈ ਪਰ ਪਿਛਲੇ ਕਾਫੀ ਸਮੇਂ ਤੋਂ ਇਥੇ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਦਾ ਰੁਝਾਨ ਵਧ ਗਿਆ ਹੈ। ਜਿੱਥੇ ਇਹ ਰੁਝਾਨ ਸਰਕਾਰਾਂ ਦੇ ਵਿਕਾਸ ਬਾਰੇ ਦਾਅਵਿਆਂ ਦੀ ਪੋਲ ਖੋਲ੍ਹਦਾ ਹੈ, ਉਥੇ ਇਸ ਹਾਲਾਤ ਦੇ ਵਿਸ਼ਲੇਸ਼ਣ ਦਾ ਵੀ ਵੱਡਾ ਸਵਾਲ ਖੜ੍ਹਾ ਹੁੰਦਾ ਹੈ। ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਪੰਜਾਬ ਕੇਂਦਰੀ ਅੰਨ-ਭੰਡਾਰ ਵਿਚ ਅਨਾਜ ਦੀਆਂ ਦੋ ਮੁੱਖ ਫਸਲਾਂ ਕਣਕ ਅਤੇ ਚੌਲ ਸਬੰਧੀ ਔਸਤਨ 50 ਫ਼ੀਸਦੀ ਹਿੱਸਾ ਪਾਉਂਦਾ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਆਮ ਤੌਰ 'ਤੇ ਭਾਰਤ ਸਰਕਾਰ ਨੂੰ ਬਾਹਰਲੇ ਦੇਸ਼ਾਂ ਤੋਂ ਇਹ ਜਿਣਸਾਂ ਨਹੀਂ ਮੰਗਵਾਉਣੀਆਂ ਪੈਂਦੀਆਂ। ਲੰਮੇ ਸਮੇਂ ਤੋਂ ਸਾਰੇ ਦੇਸ਼ ਦੀਆਂ ਅਨਾਜ ਸਬੰਧੀ ਲੋੜਾਂ ਪੂਰੀਆਂ ਕਰਦੇ ਹੋਏ ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਲੋਕਾਂ ਲਈ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ ਹਨ। ਇਨ੍ਹਾਂ ਵਿਚੋਂ ਇਕ ਅਹਿਮ ਸਮੱਸਿਆ ਕਿਸਾਨਾਂ, ਖਾਸ ਕਰਕੇ ਨਿਮਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਅਰਥ-ਵਿਗਿਆਨ ਵਿਭਾਗ ਦੇ ਅਧਿਆਪਕਾਂ ਵੱਲੋਂ ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ 2000 ਤੋਂ 2008 ਦੇ ਸਮੇਂ ਦੌਰਾਨ ਕੀਤੇ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿਚ 2990 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਇਸ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਵੱਡਾ ਕਾਰਨ ਕਰਜ਼ਾ ਸੀ। ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਵਿਚੋਂ ਬਹੁਤੇ ਨਿਮਨ ਕਿਸਾਨੀ ਵਿਚੋਂ ਸਨ। ਇਸ ਅਧਿਐਨ ਅਨੁਸਾਰ ਮੌਤ ਨੂੰ ਗਲੇ ਲਾਉਣ ਵਾਲੇ ਕਿਸਾਨਾਂ ਨੇ ਆਪਣੀ ਜ਼ਮੀਨ ਤੇ ਹੋਰ ਘਰੇਲੂ ਸਾਮਾਨ ਵੇਚ ਕੇ ਕਰਜ਼ੇ ਦੀ ਪੰਡ ਹੌਲੀ ਕਰਨ ਦੀ ਕੋਸ਼ਿਸ਼ ਤਾਂ ਕੀਤੀ ਪਰ ਕਰਜ਼ਾ-ਕੁੜਿੱਕੀ ਤੋਂ ਮੁਕਤੀ ਨਾ ਪਾ ਸਕੇ। ਅਖੀਰ ਉਨ੍ਹਾਂ ਨੇ ਖੁਦਕੁਸ਼ੀਆਂ ਦਾ ਰਾਹ ਅਪਣਾਇਆ।

ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਕਈ ਕਾਰਨਾਂ ਵਿਚੋਂ ਸਭ ਤੋਂ ਅਹਿਮ ਕਾਰਨ ਆਰਥਿਕ ਹੀ ਹੁੰਦੇ ਹਨ। ਪੰਜਾਬ ਦੇ ਨਿਮਨ ਕਿਸਾਨਾਂ ਬਾਰੇ ਆਰਥਿਕ ਕਾਰਨਾਂ ਵਿਚ ਗਰੀਬੀ, ਕਰਜ਼ਾ ਤੇ ਵੱਡੇ ਕਿਸਾਨਾਂ/ਹੋਰ ਖਾਂਦੇ-ਪੀਂਦੇ ਵਰਗਾਂ ਤੇ ਨਿਮਨ ਕਿਸਾਨਾਂ ਵਿਚਕਾਰ ਵਧ ਰਿਹਾ ਆਰਥਿਕ ਪਾੜਾ ਮੁੱਖ ਹਨ। ਭਾਰਤ ਸਰਕਾਰ ਵੱਲੋਂ 1965 ਵਿਚ ਖੇਤੀਬਾੜੀ ਕੀਮਤ ਕਮਿਸ਼ਨ ਬਣਾਇਆ ਗਿਆ। ਉਦੋਂ ਤੋਂ ਹੀ ਇਹ ਕਮਿਸ਼ਨ ਭਾਰਤ ਸਰਕਾਰ ਨੂੰ ਕੁਝ ਮੁੱਖ ਫਸਲਾਂ ਦੇ ਭਾਅ ਦੀ ਸਿਫਾਰਿਸ਼ ਕਰ ਰਿਹਾ ਹੈ। ਇਸ ਕਮਿਸ਼ਨ ਵੱਲੋਂ ਸੁਝਾਏ ਗਏ ਭਾਅ ਦੀ ਬਹੁਤ ਵੱਡੇ ਪੱਧਰ 'ਤੇ ਹੋ ਰਹੀ ਆਲੋਚਨਾ ਤੋਂ ਬਚਣ ਲਈ ਸਰਕਾਰ ਨੇ ਇਸ ਕਮਿਸ਼ਨ ਦਾ ਭੁਲੇਖਾ-ਪਾਊ ਨਾਂ ਖੇਤੀਬਾੜੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਰੱਖ ਦਿੱਤਾ। ਸਿਰਫ਼ ਨਾਂ ਬਦਲਣ ਨਾਲ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ। ਇਸ ਕਮਿਸ਼ਨ ਦੀ ਮਦਦ ਨਾਲ ਭਾਰਤ ਸਰਕਾਰ ਨੇ ਪਿਛਲੇ ਚਾਰ ਦਹਾਕਿਆਂ ਤੋਂ ਖੇਤੀ ਖੇਤਰ ਲਈ ਵਪਾਰ ਦੀਆਂ ਸ਼ਰਤਾਂ ਨੂੰ ਪ੍ਰਤੀਕੂਲ ਬਣਾਇਆ ਹੋਇਆ ਹੈ ਜਿਸ ਦੇ ਨਤੀਜੇ ਵਜੋਂ ਸਮੁੱਚੇ ਭਾਰਤ ਦੇ ਕਿਸਾਨਾਂ ਦੀ ਸ਼ੁੱਧ ਆਮਦਨ ਲਗਾਤਾਰ ਘਟਦੀ ਜਾ ਰਹੀ ਹੈ ਤੇ ਖੇਤੀਬਾੜੀ ਘਾਟੇ ਵਾਲਾ ਧੰਦਾ ਬਣ ਗਿਆ ਹੈ। ਇਸ ਦਾ ਸਭ ਤੋਂ ਵੱਧ ਮਾਰੂ ਅਸਰ ਪੰਜਾਬ ਦੇ ਕਿਸਾਨਾਂ 'ਤੇ ਪੈ ਰਿਹਾ ਹੈ ਕਿਉਂਕਿ 1970 ਤੋਂ ਇਕੱਲਾ ਪੰਜਾਬ ਸੂਬਾ ਅਤੇ ਇਸ ਦੇ ਕਿਸਾਨ ਆਰਥਿਕ ਘਾਟਾ ਸਹਿ ਕੇ ਵੀ ਕੇਂਦਰ ਦੇ ਅੰਨ-ਭੰਡਾਰ ਵਿਚ ਬਾਕੀ ਦੇ ਸਾਰੇ ਸੂਬਿਆਂ ਨਾਲੋਂ ਕਿਤੇ ਵਧ ਯੋਗਦਾਨ ਪਾਉਂਦੇ ਰਹੇ ਹਨ।

ਖੋਜਾਰਥੀਆਂ ਦੇ ਪੰਜਾਬ ਵਿਚ ਕੀਤੇ ਗਏ ਵੱਖ-ਵੱਖ ਖੋਜ ਅਧਿਐਨਾਂ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਪੰਜਾਬ ਦੀ ਸਮੁੱਚੀ ਨਿਮਨ ਕਿਸਾਨੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਤੇ ਕਰਜ਼ਾ-ਕੁੜਿੱਕੀ ਵਿਚ ਇਸ ਤਰ੍ਹਾਂ ਫਸ ਚੁੱਕੀ ਹੈ ਕਿ ਉਹ ਆਪਣੀ ਵਰਤਮਾਨ ਆਮਦਨ ਨਾਲ ਨਾ ਤਾਂ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰ ਸਕਦੀ ਹੈ ਤੇ ਨਾ ਹੀ ਆਪਣੇ ਕਰਜ਼ੇ ਉੱਪਰ ਬਣਦੇ ਵਿਆਜ ਨੂੰ ਅਦਾ ਕਰ ਸਕਦੀ ਹੈ।

ਕੇਂਦਰ ਸਰਕਾਰ ਵੱਲੋਂ ਬਣਾਈ ਗਈ ਨਾਕਾਰਾਤਮਕ ਖੇਤੀਬਾੜੀ ਕੀਮਤ ਨੀਤੀ ਅਤੇ ਜੋਤਾਂ ਦੇ ਛੋਟੇ ਆਕਾਰ ਕਾਰਨ ਨਿਮਨ ਕਿਸਾਨਾਂ ਨੂੰ ਆਪਣੀ ਦਿਨ-ਕਟੀ ਕਰਨ ਲਈ ਕਰਜ਼ੇ ਦੀ ਲੋੜ ਪੈਂਦੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ-ਵਿਗਿਆਨ ਵਿਭਾਗ ਦੀ ਖੋਜਾਰਥਣ ਰੁਪਿੰਦਰ ਕੌਰ ਨੇ ਪੀ.ਐਚ.ਡੀ. ਥੀਸਿਜ਼ 'ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦਾ ਵਿਸ਼ਲੇਸ਼ਣ' ਵਿਚ ਕਿਸਾਨਾਂ ਦੇ ਕਰਜ਼ੇ ਦੀ ਸਮੱਸਿਆ ਦਾ ਵਿਸ਼ਲੇਸ਼ਣ ਕੀਤਾ ਹੈ ਜਿਸ ਦਾ ਅਹਿਮ ਪਹਿਲੂ ਇਹ ਹੈ ਕਿ ਨਿਮਨ ਕਿਸਾਨਾਂ ਨੂੰ ਆਪਣੀਆਂ ਖਪਤ ਅਤੇ ਖੇਤੀਬਾੜੀ ਉਤਪਾਦਨ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਸੰਸਥਾਈ ਸਾਧਨਾਂ ਤੋਂ ਲੋੜਾਂ ਅਨੁਸਾਰ



ਕਰਜ਼ਾ ਨਹੀਂ ਮਿਲਦਾ ਜਿਸ ਕਰ ਕੇ ਮਜਬੂਰੀਵੱਸ ਉਨ੍ਹਾਂ ਨੂੰ ਗ਼ੈਰ-ਸੰਸਥਾਈ ਸਾਧਨਾਂ ਤੋਂ ਵਧੇਰੇ ਕਰਜ਼ਾ ਲੈਣਾ ਪੈਂਦਾ ਹੈ ਜੋ ਉਨ੍ਹਾਂ ਤੋਂ ਵਿਆਜ ਦੀਆਂ ਬਹੁਤ ਉੱਚੀਆਂ ਦਰਾਂ ਵਸੂਲਦੇ ਹਨ। ਪੰਜਾਬ ਦੀ ਸਮੁੱਚੀ ਨਿਮਨ ਕਿਸਾਨੀ ਕਰਜ਼ੇ ਵਿਚ ਜੰਮਦੀ ਹੈ, ਕਰਜ਼ੇ ਵਿਚ ਦਿਨ-ਕਟੀ ਕਰਦੀ ਹੈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦੀ ਵਧੀ ਹੋਈ ਪੰਡ ਤੇ ਘਟੀ ਹੋਈ ਜ਼ਮੀਨ ਜਾਂ ਮਜਬੂਰੀਵਸ ਸਾਰੀ ਜ਼ਮੀਨ ਵੇਚ ਕੇ ਕੁਦਰਤੀ ਮੌਤ ਮਰ ਜਾਂਦੀ ਹੈ ਜਾਂ ਆਪਣੇ ਪਰਿਵਾਰ ਪ੍ਰਤੀ ਨਿਰਾਸ਼ਾ ਵਧਣ ਕਰਕੇ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਕਰਜ਼ਾਈ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ।

ਕੇਂਦਰ ਸਰਕਾਰ ਨੇ 2008-09 ਲਈ ਕਰਜ਼ਾਈ ਕਿਸਾਨਾਂ ਦੇ 71000 ਕਰੋੜ ਰੁਪਏ ਮੁਆਫ਼ ਕਰਨ ਲਈ ਆਪਣੇ-ਆਪ ਬਹੁਤ ਸਲਾਹਿਆ ਸੀ। ਪੰਜਾਬ ਦੇ ਕਿਸਾਨਾਂ ਨੂੰ ਇਸ ਕਰਜ਼ਾ ਮੁਆਫ਼ੀ ਵਿਚੋਂ ਸਿਰਫ਼ 1.4 ਫ਼ੀਸਦੀ ਹਿੱਸਾ ਹੀ ਮਿਲਿਆ ਸੀ ਕਿਉਂਕਿ ਪੰਜਾਬ ਦੇ ਕਿਸਾਨ ਤੰਗੀਆਂ-ਤੁਰਸ਼ੀਆਂ ਕੱਟਦੇ ਹੋਏ ਸ਼ਾਹੂਕਾਰਾਂ ਕੋਲੋਂ ਉਚੀਆਂ ਵਿਆਜ ਦਰਾਂ ਉਪਰ ਕਰਜ਼ਾ ਲੈ ਕੇ ਤੇ ਸਮੇਂ-ਸਮੇਂ ਆਪਣੀ ਜ਼ਮੀਨ ਵੇਚ ਕੇ ਵੀ ਆਪਣਾ ਸੰਸਥਾਈ ਕਰਜ਼ਾ ਮੋੜਦੇ ਆਏ ਹਨ।

ਖੇਤੀਬਾੜੀ ਦੀ ਨਵੀਂ ਜੁਗਤ ਦੇ ਪੈਕੇਜ ਦਾ ਬਹੁਤ ਮਹਿੰਗਾ ਹੋਣਾ ਨਿਮਨ ਕਿਸਾਨੀ ਦੇ ਕਰਜ਼ੇ ਵਿਚ ਵਾਧੇ ਦਾ ਇਕ ਕਾਰਨ ਬਣ ਗਿਆ ਹੈ। ਨਿਮਨ ਕਿਸਾਨਾਂ ਦੇ ਖੇਤਾਂ ਦਾ ਆਕਾਰ ਉਨ੍ਹਾਂ ਦੀ ਵਧ ਰਹੀ ਵਸੋਂ, ਗ਼ਰੀਬੀ ਤੇ ਕਰਜ਼ੇ ਕਾਰਨ ਜ਼ਮੀਨਾਂ ਵੇਚਣ ਨਾਲ ਲਗਾਤਾਰ ਘਟ ਰਿਹਾ ਹੈ ਜਿਸ ਕਰਕੇ ਖੇਤੀਬਾੜੀ ਲਈ ਲੋੜੀਂਦੀ ਮਸ਼ੀਨਰੀ ਲਈ ਉਨ੍ਹਾਂ ਨੂੰ ਕਰਜ਼ਾ ਲੈਣਾ ਪੈਂਦਾ ਹੈ ਅਤੇ ਖੇਤਾਂ ਦੇ ਛੋਟੇ ਹੋਣ ਕਰਕੇ ਉਹ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਵੀ ਬਹੁਤ ਹੀ ਥੋੜ੍ਹੇ ਸਮੇਂ ਲਈ ਕਰਦੇ ਹਨ। ਪੰਜਾਬ ਦੀ ਖੇਤੀਬਾੜੀ ਵਿਚ ਅੰਸ਼ਿਕ ਮਸ਼ੀਨੀਕਰਨ ਹੋਣ ਨਾਲ ਕਿਸਾਨਾਂ ਵਿਚ ਹੱਥੀਂ ਕੰਮ ਕਰਨ ਦੇ ਰੁਝਾਨ ਵਿਚ ਵੀ ਕਮੀ ਆਈ ਹੈ ਜੋ ਖਾਸ ਕਰਕੇ ਨਿਮਨ ਕਿਸਾਨਾਂ ਵਿਚ ਗਰੀਬੀ ਤੇ ਕਰਜ਼ੇ ਦਾ ਇਕ ਕਾਰਨ ਬਣਦੀ ਹੋਈ ਇਨ੍ਹਾਂ ਨੂੰ ਖ਼ੁਦਕੁਸ਼ੀਆਂ ਵੱਲ ਧੱਕਦੀ ਹੈ।

ਹਰੇ ਇਨਕਲਾਬ ਨਾਲ ਭਾਵੇਂ ਪੰਜਾਬ ਦੇ ਖੇਤੀਬਾੜੀ ਉਤਪਾਦਨ ਅਤੇ ਉਤਪਾਦਕਤਾ ਵਿਚ ਤਾਂ ਅਥਾਹ ਵਾਧਾ ਹੋਇਆ ਪਰ ਇਸ ਦਾ ਜ਼ਿਆਦਾ ਫਾਇਦਾ ਤਾਂ ਵੱਡੇ ਤੇ ਦਰਮਿਆਨੇ ਕਿਸਾਨਾਂ ਨੂੰ ਹੋਇਆ ਜਦੋਂ ਕਿ ਨਿਮਨ ਕਿਸਾਨ ਬਹੁਤ ਪਿੱਛੇ ਰਹਿ ਗਏ। ਜੇਕਰ ਪੰਜਾਬ ਦੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਿਆ ਨਾ ਗਿਆ ਤਾਂ ਇਸ ਦੇ ਆਰਥਿਕ, ਸੱਭਿਆਚਾਰਕ ਤੇ ਰਾਜਨੀਤਕ ਨਤੀਜੇ ਬਹੁਤ ਮਾੜੇ ਹੋਣਗੇ। ਕਿਸਾਨਾਂ ਨੂੰ ਉਨ੍ਹਾਂ ਕਾਰਨਾਂ ਤੋਂ ਮੁਕਤ ਕਰਾਇਆ ਜਾਵੇ ਜਿਹੜੇ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਲਈ ਮਜਬੂਰ ਕਰਦੇ ਹਨ। ਇਸ ਲਈ ਇਮਾਨਦਾਰੀ, ਸੁਹਿਰਦਤਾ ਤੇ ਵਚਨਬੱਧਤਾ ਦੇ ਨਾਲ-ਨਾਲ ਦੂਰਦ੍ਰਿਸ਼ਟੀ ਤੇ ਰਾਜਨੀਤਕ ਦ੍ਰਿੜ੍ਹਤਾ ਦੀ ਵੀ ਲੋੜ ਹੈ।

ਪੰਜਾਬ/ਭਾਰਤ ਦੇ ਕਿਸਾਨਾਂ ਵਿਚ ਗ਼ਰੀਬੀ ਅਤੇ ਕਰਜ਼ੇ ਨੂੰ ਘਟਾਉਣ ਲਈ ਖੇਤੀਬਾੜੀ ਉਤਪਾਦਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਲਾਹੇਵੰਦ ਤੈਅ ਕੀਤੀਆਂ ਜਾਣ ਜਿਸ ਨਾਲ ਉਹ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਸਹੀ ਢੰਗ ਨਾਲ ਪੂਰੀਆਂ ਕਰ ਸਕਣ। ਪਿਛਲੇ ਚਾਰ ਦਹਾਕਿਆਂ ਤੋਂ ਵੀ ਵਧ ਸਮੇਂ ਤੋਂ ਪੰਜਾਬ ਦੇ ਕਿਸਾਨਾਂ ਵੱਲੋਂ ਘਾਟਾ ਸਹਿ ਕੇ ਕੇਂਦਰੀ ਅੰਨ-ਭੰਡਾਰ ਵਿਚ ਪਾਏ ਯੋਗਦਾਨ ਦੀ ਗਿਣਤੀ-ਮਿਣਤੀ ਕਰਦੇ ਹੋਏ ਭਾਰਤ ਸਰਕਾਰ ਵੱਲੋਂ ਪੰਜਾਬ ਨੂੰ ਤੁਰੰਤ ਵਿਸ਼ੇਸ਼ ਆਰਥਿਕ ਪੈਕੇਜ ਦਿੱਤਾ ਜਾਵੇ। ਨਿਮਨ ਕਿਸਾਨਾਂ ਨੂੰ ਸੰਸਥਾਗਤ ਸਾਧਨਾਂ ਤੋਂ ਵਾਜਬ/ਰਿਆਇਤੀ ਦਰਾਂ 'ਤੇ ਕਰਜ਼ਾ ਮੁਹੱਈਆ ਕਰਾਇਆ ਜਾਵੇ ਤੇ ਪੁਰਾਣੇ ਕਰਜ਼ਿਆਂ ਦਾ ਯਕਮੁਸ਼ਤ ਨਿਬੇੜਾ ਕੀਤਾ ਜਾਵੇ। ਜਾਪਾਨ ਦੇ ਨਿਮਨ ਕਿਸਾਨਾਂ ਦੇ ਹੱਕ ਵਿਚ ਕੀਤੇ ਗਏ ਜ਼ਮੀਨੀ ਸੁਧਾਰਾਂ ਤੋਂ ਸਬਕ ਲੈਂਦੇ ਹੋਏ ਪੰਜਾਬ/ਭਾਰਤ ਦੇ ਨਿਮਨ ਕਿਸਾਨਾਂ ਦੇ ਹੱਕ ਵਿਚ ਜ਼ਮੀਨੀ ਸੁਧਾਰ ਇਸ ਸਮੱਸਿਆ ਨੂੰ ਹੱਲ ਕਰਨ ਵਿਚ ਸਹਾਈ ਹੋ ਸਕਦੇ ਹਨ।

ਵਧ ਰਹੇ ਆਰਥਿਕ ਪਾੜੇ 'ਤੇ ਕਾਬੂ ਪਾਉਣ ਲਈ ਗ਼ਰੀਬੀ ਦੀ ਰੇਖਾ ਦੀ ਤਰ੍ਹਾਂ ਅਮੀਰੀ ਦੀ ਉਪਰਲੀ ਰੇਖਾ ਵੀ ਮਿਥੀ ਜਾਣੀ ਚਾਹੀਦੀ ਹੈ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਦੇ 63 ਸਾਲਾਂ ਦੇ ਆਰਥਿਕ ਵਿਕਾਸ ਦਾ ਜ਼ਿਆਦਾ ਫਾਇਦਾ ਲੈਂਦੇ ਹੋਏ ਜਿਹੜੇ ਲੋਕ ਅਮੀਰ ਹੋਏ ਹਨ, ਉਨ੍ਹਾਂ 'ਤੇ ਟੈਕਸ ਲਗਾ ਕੇ ਉਸ ਤੋਂ ਪ੍ਰਾਪਤ ਆਮਦਨ ਨੂੰ ਖੇਤੀਬਾੜੀ ਖੇਤਰ ਦੇ ਵਿਕਾਸ ਅਤੇ ਨਿਮਨ ਕਿਸਾਨਾਂ ਦੇ ਭਲੇ ਲਈ ਵਰਤਣਾ ਚਾਹੀਦਾ ਹੈ।

ਖੇਤੀਬਾੜੀ ਜੁਗਤ ਦੇ ਮਹਿੰਗਾ ਹੋਣ ਦੇ ਕਾਰਨ ਨਿਮਨ ਕਿਸਾਨਾਂ ਦੇ ਹੱਕ ਵਿਚ ਤਰਜੀਹੀ ਸਬਸਿਡੀਆਂ ਦੇਣਾ, ਪੇਂਡੂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕੇ ਵਧਾਉਣਾ, ਖੇਤੀਬਾੜੀ ਆਦਾਨਾਂ ਨੂੰ ਖਰੀਦਣ ਤੇ ਖੇਤੀਬਾੜੀ ਉਤਪਾਦਾਂ ਨੂੰ ਵੇਚਣ ਲਈ ਤੇ ਖੇਤੀਬਾੜੀ ਮਸ਼ੀਨਰੀ ਤੇ ਸੰਦਾਂ ਨੂੰ ਕਿਰਾਏ ਉਪਰ ਲੈਣ ਲਈ ਸਹਿਕਾਰੀ ਅਦਾਰਿਆਂ ਨੂੰ ਮਜ਼ਬੂਤ ਬਣਾਉਣਾ ਤੇ ਨਿਮਨ ਕਿਸਾਨਾਂ ਦੇ ਬੱਚਿਆਂ ਨੂੰ ਮੁਫ਼ਤ ਮਿਆਰੀ ਵਿੱਦਿਆ ਮੁਹੱਈਆ ਕਰਨੀ ਇਨ੍ਹਾਂ ਖ਼ੁਦਕੁਸ਼ੀਆਂ ਨੂੰ ਰੋਕਣ ਵਿਚ ਸਹਾਈ ਹੋ ਸਕਦੇ ਹਨ। ਇਸ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਨੂੰ ਕਿਸਾਨਾਂ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ ਕਿ ਇਹ ਖ਼ੁਦਕੁਸ਼ੀਆਂ ਨਹੀਂ ਸਗੋਂ ਸਖ਼ਤ ਮਿਹਨਤ, ਗੱਲਬਾਤ, ਜਨਤਕ ਬਹਿਸ, ਜੱਦੋ-ਜਹਿਦ ਤੇ ਸੰਘਰਸ਼ ਹੀ ਸਮੱਸਿਆਵਾਂ ਨੂੰ ਹੱਲ ਕਰਨ ਦਾ ਸਹੀ ਰਾਹ ਹੁੰਦੇ ਹਨ।

# ਇਸਰੋ ਨੂੰ ਇਕ ਹੋਰ ਝਟਕਾ:ਛੱਡਣ ਤੋਂ ਤੁਰੰਤ ਬਾਅਦ ਰਾਕਟ ਫਟਿਆ

**ਸ੍ਰੀ ਹਰੀਕੋਟਾ:** ਇਸਰੋ ਨੂੰ ਇਸ ਵਰ੍ਹੇ ਦੌਰਾਨ ਦੂਜੀ ਵੱਡੀ ਅਸਫਲਤਾ ਦਾ ਸਾਹਮਣਾ ਕਰਨਾ ਹੈ। ਇਸਰੋ ਨੇ ਪੂਰੀ ਤਿਆਰੀ ਨਾਲ ਸੰਚਾਰ ਉਪ ਗ੍ਰਹਿ ਜੀ-ਸੈਟ-5 ਪੀ ਨੂੰ ਪੁਲਾੜ 'ਚ ਛੱਡਿਆ ਪਰ ਇਸ ਉਪਗ੍ਰਹਿ ਨੂੰ ਲਿਜਾ ਰਿਹਾ ਜੀ.ਐਸ.ਵੀ.ਐਲ.-ਐਫ਼ 06 ਪੁਲਾੜ ਵਾਹਨ ਛੱਡਣ ਤੋਂ 40 ਸੈਕਿੰਡ ਬਾਅਦ ਹੀ ਫਟ ਗਿਆ। ਇਸ ਤੋਂ ਪਹਿਲਾਂ ਇਸੇ ਵਰ੍ਹੇ 15 ਅਪਰੈਲ ਨੂੰ ਵੀ.ਜੀ.ਐਸ.ਐਲ.-ਡੀ 3 ਫੇਲ੍ਹ ਹੋ ਗਿਆ ਸੀ ਤੇ ਉਪ ਗ੍ਰਹਿ ਬੰਗਾਲ ਦੀ ਖਾੜੀ 'ਚ ਜਾ ਡਿੱਗਾ ਸੀ।

ਦੇਸ਼ 'ਚ ਹੀ 125 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਇਸ ਗ੍ਰਹਿ ਨੂੰ ਇਨਸੈਟ-2 ਈ ਦੀ ਥਾਂ ਸਥਾਪਤ ਕਰਨਾ ਸੀ ਜੋ ਇਕ ਦਹਾਕੇ ਤੋਂ ਕੰਮ ਕਰ ਰਿਹਾ ਹੈ। ਪਹਿਲਾਂ ਇਸ ਉਪ ਗ੍ਰਹਿ ਨੂੰ 20 ਦਸੰਬਰ ਨੂੰ ਛੱਡਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਰੂਸੀ ਕਰਿਓਜੈਨਿਕ ਇੰਜਣ 'ਚ ਨੁਕਸ ਪੈਣ ਕਾਰਨ ਇਸ ਨੂੰ ਟਾਲ ਦਿੱਤਾ ਗਿਆ ਸੀ।

ਇਸਰੋ ਦੇ ਮੁਖੀ ਨੇ ਕਿਹਾ ਹੈ ਕਿ ਕੰਟਰੋਲ ਤੇ ਕਮਾਂਡ ਦੇ ਸਹੀ ਮੌਕੇ 'ਤੇ ਤਾਲਮੇਲ ਨਾ ਬੈਠਣ ਕਾਰਨ ਇਹ ਮਿਸ਼ਨ ਫੇਲ੍ਹ ਹੋਇਆ ਹੈ। ਜ਼ਿਕਰਯੋਗ ਹੈ ਕਿ 25 ਦਸੰਬਰ ਨੂੰ ਸ਼ਾਮ ਚਾਰ ਵਜੇ ਸਤੀਸ਼ ਧਵਨ ਪੁਲਾੜ ਕੇਂਦਰ 'ਚ ਉਪ ਗ੍ਰਹਿ ਛੱਡਣ ਤੋਂ ਤੁਰੰਤ ਬਾਅਦ ਜੀ.ਐਸ.ਐਲ.ਵੀ.-ਐਫ 06 'ਚ ਜ਼ਬਰਦਸਤ ਵਿਸਫੋਟ ਹੋ ਗਿਆ। ਇਸ ਵਰ੍ਹੇ ਮਿਲੀ ਦੂਜੀ ਅਸਫ਼ਲਤਾ ਕਰਕੇ ਪੁਲਾੜ ਵਿਗਿਆਨੀਆਂ 'ਚ ਨਿਰਾਸ਼ਾ ਦਾ ਆਲਮ ਹੈ।

ਇਸਰੋ ਦੇ ਹੁਣ ਤਕ ਸੱਤ ਮਿਸ਼ਨਾਂ 'ਚੋਂ ਤਿੰਨ ਅਸਫ਼ਲ ਰਹੇ ਹਨ। ਇਸ ਤੋਂ ਪਹਿਲਾਂ 15 ਅਪਰੈਲ 2010 ਨੂੰ ਜੀ.ਐਸ.ਐਲ.ਵੀ.-ਡੀ 3 ਤੇ 14 ਜੁਲਾਈ 2006 ਨੂੰ ਜੀ.ਐਸ.ਐਲ.ਵੀ ਜੋ ਇਨਸੈਟ-4 ਸੀ ਨੂੰ ਪੁਲਾੜ 'ਚ ਲਿਜਾ ਰਿਹਾ ਸੀ, ਅਸਫ਼ਲ ਹੋ ਗਏ ਸਨ।

# ਵਿਦੇਸ਼ੀ ਆਗੂਆਂ ਦੇ ਗੇੜਿਆਂ ਤੋਂ ਭਾਰਤ ਨੇ ਭਲਾ ਕੀ ਖੱਟਿਆ?

**ਨਰਦੇਵ ਸਿੰਘ**

ਭਾਰਤ ਦੌਰੇ ਉਤੇ ਵੱਖ-ਵੱਖ ਦੇਸ਼ਾਂ ਦੇ ਮੁਖੀਆਂ ਅਤੇ ਉਨ੍ਹਾਂ ਨਾਲ ਆਉਂਦੇ ਬਿਜ਼ਨਸ ਕੰਪਨੀਆਂ ਦੇ ਵੱਡੇ-ਵੱਡੇ ਵਫ਼ਦਾਂ ਤੋਂ ਇੰਜ ਲਗਦਾ ਹੈ ਜਿਵੇਂ ਪੂਰੇ ਭਾਰਤ ਨੂੰ ਹੀ 'ਸੇਲ' ਉਤੇ ਲਗਾ ਦਿੱਤਾ ਗਿਆ ਹੋਵੇ। ਇੰਗਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦਾ ਲੰਮਾ ਦੌਰਾ, ਫੇਰ ਫ਼ਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਦੀ ਫੇਰੀ, ਚੀਨ ਦੇ ਪ੍ਰਧਾਨ ਮੰਤਰੀ ਵੈਨ ਜ਼ਿਆਬਾਓ ਦੀ ਦੋ ਰੋਜ਼ਾ ਯਾਤਰਾ ਤੋਂ ਬਾਅਦ, ਹੁਣੇ ਹੁਣੇ ਰੂਸੀ ਰਾਸ਼ਟਰਪਤੀ ਦਮਿਤਰੀ ਮੈਦਵੀਦੇਵ ਆਪਣਾ ਦੌਰਾ ਪੂਰਾ ਕਰ ਕੇ ਗਏ ਹਨ। ਭਾਰਤੀ ਮੀਡੀਆ ਇਸ ਨੂੰ ਭਾਰਤ ਦੀ ਵਧਦੀ ਤਾਕਤ ਦਾ ਪ੍ਰਗਟਾਵਾ ਦੱਸ ਰਿਹਾ ਹੈ। ਭਾਰਤੀ ਹਾਕਮਾਂ ਦਾ ਕਹਿਣਾ ਹੈ ਕਿ ਭਾਰਤ ਇਕ 'ਉਭਰ ਚੁੱਕੀ ਤਾਕਤ' ਹੈ ਅਤੇ ਹੁਣ ਕਿਸੇ ਵੀ ਵੱਡੇ ਦੇਸ਼ ਵੱਲੋਂ ਇਸ ਨੂੰ ਅਣਗੌਲਿਆ ਨਹੀਂ ਜਾ ਸਕਦਾ! ਅਸਲੀਅਤ ਇਹ ਹੈ ਕਿ ਜਿੰਨੀਆਂ ਵੀ ਵੱਡੀਆਂ ਤਾਕਤਾਂ ਨੇ ਭਾਰਤ ਦੇ ਦੌਰੇ ਕੀਤੇ ਹਨ, ਉਨ੍ਹਾਂ ਦੇ ਆਪਣੇ ਆਰਥਿਕ ਅਤੇ ਰਾਜਨੀਤਕ ਹਿਤ ਉਨ੍ਹਾਂ ਨੂੰ ਇਥੇ ਖਿੱਚ ਕੇ ਲਿਆਏ ਹਨ। ਤਲਖ਼ ਸੱਚਾਈ ਇਹ ਹੈ ਕਿ ਵਿਕਸਿਤ ਦੇਸ਼ ਗਹਿਰੇ ਸੰਕਟ ਵਿਚ ਫਸੇ ਹੋਏ ਹਨ, ਉਨ੍ਹਾਂ ਦੀ ਵਿਕਾਸ ਦਰ ਬੇਹੱਦ ਧੀਮੀ 2% ਤਕ ਡਿੱਗ ਚੁੱਕੀ ਹੈ। ਅਮਰੀਕਾ ਵਰਗੇ ਪੂੰਜੀਵਾਦ ਦੇ ਕਿਲਿਆਂ ਅੰਦਰ ਬੇਰੁਜ਼ਗਾਰੀ 9% ਤੋਂ ਵੀ ਉਪਰ ਪਹੁੰਚ ਚੁੱਕੀ ਹੈ। ਸਨਅਤ ਦਾ ਪਹੀਆ ਜਾਮ ਹੋ ਚੁਕਾ ਹੈ। ਇਸ ਸਨਅਤ ਦਾ ਪਹੀਆ ਘੁੰਮਾਉਣ ਲਈ, ਮਾਲ ਦੀ ਵਿਕਰੀ ਵਾਸਤੇ ਮੰਡੀ ਉਨ੍ਹਾਂ ਦੀ ਪਹਿਲੀ ਅਤੇ ਪ੍ਰਮੁੱਖ ਲੋੜ ਹੈ। ਓਬਾਮਾ ਨੇ ਤਾਂ ਖੁੱਲ੍ਹੇਆਮ ਇਸ ਗੱਲ ਦਾ ਇਜ਼ਹਾਰ ਕੀਤਾ ਕਿ ਭਾਰਤ ਨਾਲ ਸੌਦਿਆਂ ਵਿਚੋਂ, ਉਸ ਦੇ ਦੇਸ਼ ਵਿਚ ਕਿੰਨੀਆਂ ਨੌਕਰੀਆਂ ਪੈਦਾ ਹੋਣਗੀਆਂ। ਸੰਕਟ ਦੇ ਇਸ ਸਮੇਂ ਮੀਡੀਆ 'ਤੇ ਕਬਜ਼ੇ ਦੀ ਇਸ ਦੌੜ ਵਿਚੋਂ, ਰਾਜਨੀਤਕ ਤੇ ਫ਼ੌਜੀ ਗੁੱਟਬੰਦੀ ਵੀ ਵਿਸ਼ਵ ਪੱਧਰ 'ਤੇ ਨਵੀਂ ਸਫ਼ਬੰਦੀ ਨੂੰ ਸਾਹਮਣੇ ਲਿਆ ਰਹੀ ਹੈ। ਉਸ ਉਭਰ ਰਹੀ ਸਫ਼ਬੰਦੀ ਵਿਚ ਭਾਰਤ ਦਾ ਅਹਿਮ ਸਥਾਨ ਬਣ ਰਿਹਾ ਹੈ ਕਿਉਂਕਿ ਆਰਥਿਕ ਖੇਤਰ ਵਿਚ ਮੰਡੀਆਂ 'ਤੇ ਕਬਜ਼ੇ ਦੀ ਲੜਾਈ ਵਿਚੋਂ ਚੀਨ ਦੁਨੀਆਂ ਦੀ ਮੁੱਖ ਤਾਕਤ, ਅਮਰੀਕਾ ਦੇ ਵੱਡੇ ਮੁੱਖ ਵਿਰੋਧੀ ਵਜੋਂ ਸਾਹਮਣੇ ਆ ਚੁੱਕਿਆ ਹੈ। ਇਸ ਲਈ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਏਸ਼ੀਆ ਵਿਚ ਭਾਰਤ ਮਹੱਤਵਪੂਰਨ ਦੇਸ਼ ਹੈ। ਭਾਰਤ ਦੌਰੇ ਦੌਰਾਨ ਓਬਾਮਾ ਵੱਲੋਂ ਦਿੱਤੇ ਭਾਸ਼ਣਾਂ ਤੋਂ ਇਹ ਸਪਸ਼ਟ ਹੈ ਕਿ ਉਹ ਭਾਰਤ ਨੂੰ ਦੱਖਣ-ਪੂਰਬੀ ਏਸ਼ੀਆ ਵਿਚ ਆਪਣਾ 'ਛੋਟਾ ਥਾਣੇਦਾਰ' ਨਿਯੁਕਤ ਕਰਨਾ ਚਾਹੁੰਦਾ ਹੈ।

ਇਨ੍ਹਾਂ ਦੌਰਿਆਂ ਦੀ ਖ਼ਾਸ ਗੱਲ ਇਹ ਹੈ ਕਿ ਹੁਣ ਬਹੁਤ ਸਾਰੇ ਮਹੱਤਵਪੂਰਨ ਫ਼ੈਸਲੇ, ਦੇਸ਼ਾਂ ਦੇ ਮੁਖੀਆਂ ਨਾਲ ਆਏ ਬਿਜ਼ਨਸਮੈਨ ਅਤੇ ਭਾਰਤੀ ਸਰਮਾਏਦਾਰਾਂ ਦੀਆਂ ਵੱਡੀਆਂ ਸੰਸਥਾਵਾਂ-ਫਿੱਕੀ, ਸੀ.ਆਈ.ਆਈ. ਜਾਂ ਐਸੋਚੈਮ, ਦੇ ਸਾਂਝੇ ਫੋਰਮਾਂ ਵੱਲੋਂ ਹੀ ਕੀਤੇ ਜਾਂਦੇ ਹਨ। ਦੋਵਾਂ ਦੇਸ਼ਾਂ ਦੇ ਮੁਖੀਆਂ ਦੀ ਗੱਲਬਾਤ ਦਾ ਘੇਰਾ ਤਾਂ ਇਨ੍ਹਾਂ ਬਹੁਕੌਮੀ ਕੰਪਨੀਆਂ ਨੂੰ ਆਉਣ ਵਾਲੇ ਕਾਨੂੰਨੀ ਅੜਿਕਿਆਂ ਨੂੰ ਦੂਰ ਕਰਨਾ ਹੀ ਹੁੰਦਾ ਹੈ। ਇਨ੍ਹਾਂ ਅੜਿਕਿਆਂ ਨੂੰ ਦੂਰ ਕਰਨ ਲਈ ਮੰਤਰਾਲਿਆਂ ਵੱਲੋਂ ਕਾਨੂੰਨੀ ਸੋਧਾਂ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਬਾਅਦ ਵਿਚ ਪਾਰਲੀਮੈਂਟ ਵਿਚੋਂ ਪਾਸ ਕਰਵਾਈਆਂ ਜਾਂਦੀਆਂ ਹਨ। ਆਰਥਿਕ ਤੌਰ 'ਤੇ ਹੋਏ ਵੱਡੇ ਸਮਝੌਤਿਆਂ ਵਿਚ ਰੱਖਿਆ ਦਾ ਖੇਤਰ ਤੇ ਪ੍ਰਮਾਣੂ ਊਰਜਾ ਦਾ ਖੇਤਰ ਹੀ ਪ੍ਰਮੁੱਖ ਰਹੇ। ਭਾਰਤ ਜਿਸ ਦਾ ਰੱਖਿਆ ਬਜਟ 1,42,000 ਕਰੋੜ ਰੁਪਏ ਦਾ ਹੈ ਅਤੇ ਜਿਸ ਵਿਚ ਪਿਛਲੇ ਪੰਜ-ਸਾਲਾਂ ਦੌਰਾਨ ਹੀ 70% ਵਾਧਾ ਹੋਇਆ ਹੈ, ਇਹ ਬਹੁਕੌਮੀ ਕੰਪਨੀਆਂ ਲਈ ਬੇਹੱਦ ਲੁਭਾਉਣਾ ਹੈ। ਵਿਦੇਸ਼ੀ ਅਸਲਾ, ਲੜਾਕੂ ਜਹਾਜ਼, ਟੈਂਕ ਤੋਪਾਂ ਅਤੇ ਹੋਰ ਆਧੁਨਿਕ ਹਥਿਆਰਾਂ ਦਾ ਭਾਰਤ ਵੱਡਾ ਖ਼ਰੀਦਦਾਰ ਬਣ ਕੇ ਉਭਰਿਆ ਹੈ। ਭਾਰਤ ਪਹਿਲਾਂ ਭਾਵੇਂ ਪੂਰੀ ਤਰ੍ਹਾਂ ਰੂਸੀ ਹਥਿਆਰਾਂ 'ਤੇ ਨਿਰਭਰ ਸੀ ਪਰ ਹੁਣ ਬਦਲਦੀ ਸਫ਼ਬੰਦੀ ਵਿਚ ਹਾਲਤ ਬਦਲਦੀ ਜਾ ਰਹੀ ਹੈ। ਆਉਣ ਵਾਲੇ ਸਾਲਾਂ ਵਿਚ ਭਾਰਤ ਵੱਲੋਂ ਰੱਖਿਆ 'ਤੇ ਜੋ 50 ਬਿਲੀਅਨ ਡਾਲਰ ਖ਼ਰਚਣ ਦਾ ਅਨੁਮਾਨ ਹੈ, ਉਸ ਵਿਚੋਂ ਵੱਧ ਤੋਂ ਵੱਧ ਹਿੱਸਾ ਲੁੱਟਣ ਲਈ ਅਮਰੀਕਾ, ਫ਼ਰਾਂਸ, ਰੂਸ ਅਤੇ ਇਜ਼ਰਾਈਲ ਆਦਿ ਮੁਕਾਬਲੇਬਾਜ਼ੀ 'ਚ ਪਏ ਹੋਏ ਹਨ। ਅਮਰੀਕਾ ਦੀ ਬੋਇੰਗ, ਫ਼ਰਾਂਸ ਦੀ ਡਾਸੌਲਟ ਹੈਫ਼ਲੀ, ਰੂਸ ਦੇ ਐਮ.ਆਈ.ਜੀ.-35 ਤੇ ਯੂਰੋਫਾਈਟਰ ਟਾਈਫ਼ੂਨ ਆਦਿ ਕੰਪਨੀਆਂ ਭਾਰਤ ਵੱਲੋਂ 5000 ਕਰੋੜ ਰੁਪਏ ਦੇ 126 ਲੜਾਕੂ ਜੈਟ ਦੇ ਆਰਡਰ ਪ੍ਰਾਪਤ ਕਰਨ ਲਈ ਦੌੜ ਵਿਚ ਸ਼ਾਮਲ ਹਨ ਅਤੇ ਇਨ੍ਹਾਂ ਦੌਰਿਆਂ ਦੌਰਾਨ ਇਹ ਮਸਲਾ ਇਕ ਅਹਿਮ ਮੁੱਦਾ ਰਿਹਾ। ਫ਼ਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਨੇ ਵੀ ਲੜਾਕੂ ਜਹਾਜ਼ਾਂ ਦੇ ਇੰਜਣ ਵਿਕਸਤ ਕਰਨ ਅਤੇ ਜ਼ਮੀਨ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਛੋਟੀਆਂ ਮਿਜ਼ਾਈਲਾਂ ਤਿਆਰ ਕਰਨ ਅਤੇ ਰੂਸ ਵੱਲੋਂ ਪੰਜਵੀਂ ਪੀੜ੍ਹੀ ਦੇ 250-300 ਲੜਾਕੂ ਜਹਾਜ਼ ਤਿਆਰ ਕਰਨ ਸਬੰਧੀ ਵੱਡੇ ਸਮਝੌਤੇ ਹੋਏ। ਸਰਕਾਰੀ ਸੂਤਰਾਂ ਨੇ ਭਾਵੇਂ ਕੋਈ ਸਹੀ ਜਾਣਕਾਰੀ ਨਹੀਂ ਦਿੱਤੀ ਪਰ ਪਹਿਲਾਂ ਤੋਂ ਚੱਲ ਰਹੀ ਗੱਲਬਾਤ ਦੇ ਆਧਾਰ 'ਤੇ ਅਨੁਮਾਨ ਹੈ ਕਿ ਇਨ੍ਹਾਂ ਰੂਸੀ ਜਹਾਜ਼ਾਂ ਦੀ ਕੀਮਤ ਦਾ ਸੌਦਾ 1,40,000 ਕਰੋੜ ਰੁਪਏ ਦਾ ਹੋਵੇਗਾ। ਇਹ ਵੀ ਇਕ ਮੋਟਾ ਅਨੁਮਾਨ ਹੈ ਕਿ ਪਿਛਲੇ ਦੋ ਮਹੀਨਿਆਂ ਦੌਰਾਨ ਆਏ ਬਰਤਾਨੀਆ, ਅਮਰੀਕਾ, ਫ਼ਰਾਂਸ ਅਤੇ ਚੀਨ ਦੇ ਇਹ ਮੁਖੀ 2,25,000 ਕਰੋੜ ਰੁਪਏ ਦੇ ਸੌਦੇ ਕਰਨ ਵਿਚ ਕਾਮਯਾਬ ਰਹੇ।

ਅਮਰੀਕਾ ਵੱਲੋਂ ਚੀਨ ਦੀ ਘੇਰਾਬੰਦੀ ਕਰਨ ਲਈ ਭਾਰਤ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰਨ ਪਿੱਛੇ ਉਸ ਦੇ ਆਪਣੇ ਹਿਤ ਕੰਮ ਕਰਦੇ ਹਨ ਪਰ ਭਾਰਤ, ਰੂਸ ਤੇ ਚੀਨ ਦਾ ਤੇਜ਼ੀ ਨਾਲ ਵਧ ਰਿਹਾ ਰੱਖਿਆ ਬਜਟ ਜਿਥੇ ਏਸ਼ੀਆ ਵਿਚ ਹਥਿਆਰਾਂ ਦੀ ਨਵੀਂ ਦੌੜ ਨੂੰ ਜਨਮ ਦੇ ਰਿਹਾ ਹੈ, ਉਥੇ ਭੁੱਖ ਨਾਲ ਜੂਝ ਰਹੇ 42 ਕਰੋੜ ਭਾਰਤੀਆਂ ਦੇ ਬੁਨਿਆਦੀ ਹਿਤਾਂ ਨੂੰ ਅੱਖੋਂ ਓਹਲੇ ਕਰ ਕੇ, ਬਜਟ ਦੇ ਵੱਡੇ ਹਿੱਸੇ (ਲਗਭਗ 20%) ਨੂੰ ਗ਼ੈਰ ਉਤਪਾਦਕ ਖੇਤਰ 'ਤੇ ਖ਼ਰਚ ਕਰਨਾ ਮੁਜਰਮਾਨਾ ਕਾਰਵਾਈ ਹੈ।

ਸਿਵਲ ਪ੍ਰਮਾਣੂ ਸੰਧੀ ਤੋਂ ਬਾਅਦ ਪ੍ਰਮਾਣੂ ਬਿਜਲੀ ਦਾ ਖੇਤਰ, ਮਰਨ ਕਿਨਾਰੇ ਪਈ ਵਿਦੇਸ਼ੀ ਪ੍ਰਮਾਣੂ ਸਨਅਤ ਲਈ ਸੰਜੀਵਨੀ ਬੂਟੀ ਵਜੋਂ ਸਾਹਮਣੇ ਆਇਆ ਹੈ। ਊਰਜਾ ਸੁਰੱਖਿਆ ਦੇ ਨਾਂ 'ਤੇ 2035 ਤਕ ਭਾਰਤ 60,000 ਮੈਗਾਵਾਟ ਦੇ ਪ੍ਰਮਾਣੂ ਰਿਐਕਟਰ ਖ਼ਰੀਦੇਗਾ। ਇਨ੍ਹਾਂ ਦੀ ਕੁੱਲ ਕੀਮਤ 150 ਬਿਲੀਅਨ ਡਾਲਰ (6,75,000 ਕਰੋੜ ਰੁਪਏ) ਹੋਣ ਦੀ ਸੰਭਾਵਨਾ ਹੈ। ਪ੍ਰਮਾਣੂ ਸੰਧੀ ਸਮੇਂ ਹੀ ਤੈਅ ਹੋਇਆ ਸੀ ਕਿ 10,000 ਮੈਗਾਵਾਟ ਦੇ ਰਿਐਕਟਰ ਅਮਰੀਕਾ ਤੋਂ ਖ਼ਰੀਦੇ ਜਾਣਗੇ, ਫ਼ਰਾਂਸ ਦੇ ਸ੍ਰੀਮਾਨ ਸਰਕੋਜ਼ੀ ਵੀ 'ਅਰੇਵਾ ਕੰਪਨੀ' ਨੂੰ 10,000 ਮੈਗਾਵਾਟ (ਜਿਨ੍ਹਾਂ ਦੀ ਕੀਮਤ 25 ਅਰਬ ਡਾਲਰ ਬਣਦੀ ਹੈ) ਦਾ ਸਮਝੌਤਾ ਕਰਵਾਉਣ ਵਿਚ ਕਾਮਯਾਬ ਰਹੇ ਜਿਨ੍ਹਾਂ ਵਿਚੋਂ ਦੋ ਮਹਾਰਾਸ਼ਟਰ 'ਚ ਲਾਏ ਜਾਣਗੇ। ਰੂਸ ਦੇ ਰਾਸ਼ਟਰਪਤੀ ਤਾਮਿਲਨਾਡੂ ਵਿਚ ਪ੍ਰਮਾਣੂ ਰਿਐਕਟਰਾਂ ਦੀ ਸਮਰੱਥਾ ਵਧਾਉਣ ਵਿਚ ਵੀ ਕਾਮਯਾਬ ਰਹੇ, ਹਾਲਾਂਕਿ ਇਹ ਸਮਝੌਤੇ ਬਹੁਕੌਮੀ ਕੰਪਨੀਆਂ ਦੀ ਜ਼ਿੱਦ 'ਤੇ ਅਟਕੇ ਹੋਏ ਹਨ ਕਿਉਂਕਿ ਉਨ੍ਹਾਂ ਨੂੰ ਭਾਰਤ ਦੀ ਪਾਰਲੀਮੈਂਟ ਵੱਲੋਂ ਪਾਸ ਕੀਤਾ ਪ੍ਰਮਾਣੂ ਜਵਾਬਦੇਹੀ ਬਿਲ ਜੋ ਦੁਰਘਟਨਾ ਹੋਣ ਦੀ ਸੂਰਤ ਵਿਚ ਸਪਲਾਇਰ ਕੰਪਨੀ ਨੂੰ ਵੀ ਥੋੜ੍ਹਾ ਜ਼ਿੰਮੇਵਾਰ ਠਹਿਰਾਉਂਦਾ ਹੈ, ਪਸੰਦ ਨਹੀਂ ਹੈ। ਇਸੇ ਲਈ ਓਬਾਮਾ ਤੋਂ ਲੈ ਕੇ ਮੈਦਵੀਦੇਵ ਤਕ, ਸਾਰਿਆਂ ਨੇ ਭਾਰਤ ਦੇ ਇਸ ਕਾਨੂੰਨ 'ਚ ਸੋਧਾਂ ਕਰਨ ਲਈ ਦਬਾਅ ਪਾਇਆ।

ਲੋਕਾਂ ਨਾਲ ਧੋਖੇ ਦੀ ਹੱਦ ਇਥੋਂ ਤਕ ਰਹੀ ਕਿ ਫ਼ਰਾਂਸ ਦੇ ਤਾਜ਼ਾ ਸਮਝੌਤੇ ਤਹਿਤ ਰਿਐਕਟਰਾਂ ਦੀ ਅਸਲ ਕੀਮਤ, ਇਨ੍ਹਾਂ ਤੋਂ ਮਿਲਣ ਵਾਲੀ ਬਿਜਲੀ ਦੀ ਕੀਮਤ, ਇਸ ਤੋਂ ਪੈਦਾ ਹੋਣ ਵਾਲੇ ਸਿਹਤ ਤੇ ਵਾਤਾਵਰਨ ਵਿਗਾੜਾਂ ਅਤੇ ਇਨ੍ਹਾਂ ਦੇ ਖ਼ਤਰਨਾਕ ਵੇਸਟ (ਰਹਿੰਦ-ਖੂੰਹਦ) ਪਦਾਰਥਾਂ ਨੂੰ ਠਿਕਾਣੇ ਲਗਾਉਣ ਲਈ ਕੁਝ ਵੀ ਤੈਅ ਨਹੀਂ ਹੋਇਆ। ਭਾਰਤ ਵਿਚ ਜਿਥੇ 70 ਕਰੋੜ ਲੋਕ ਅਜੇ ਆਪਣੀਆਂ ਊਰਜਾ ਲੋੜਾਂ ਦੀ ਪੂਰਤੀ ਲਈ ਲੱਕੜ ਤੇ ਗੋਹੇ ਉਤੇ ਨਿਰਭਰ ਹਨ, 50 ਕਰੋੜ ਲੋਕ ਬਿਜਲੀ ਤੋਂ ਸੱਖਣੇ ਹਨ ਅਤੇ 77 ਫ਼ੀਸਦੀ ਜਨਤਾ ਜੋ 20 ਰੁਪਏ ਰੋਜ਼ਾਨਾ ਤੋਂ ਘੱਟ ਕਮਾਉਂਦੀ ਹੈ, ਕੀ ਉਨ੍ਹਾਂ ਦੇ ਹਿਤਾਂ ਨੂੰ ਦਾਅ 'ਤੇ ਲਾ ਕੇ ਇੰਨੇ ਮਹਿੰਗੇ ਰਿਐਕਟਰ ਖ਼ਰੀਦਣਾ ਜਾਂ ਇੰਨੀ ਮਹਿੰਗੀ ਬਿਜਲੀ ਪੈਦਾ ਕਰਨ ਦੀ ਕੋਈ ਮਹੱਤਤਾ ਹੈ? ਅਸਲ ਵਿਚ ਉਰਜਾ, ਸੁਰੱਖਿਆ ਦਾ ਇਹ ਸੌਦਾ ਜਿਥੇ ਅਮਰੀਕਾ ਦੀ ਜਨਰਲ ਇਲੈਕਟ੍ਰਿਕ ਜਾਂ ਫ਼ਰਾਂਸ ਦੀ 'ਅਰੇਵਾ' ਨੂੰ ਮਾਲੋ-ਮਾਲ ਕਰੇਗਾ, ਉਥੇ ਭਾਰਤ ਦੀ ਉਸ ਵਿਕਾਸ ਦਰ ਨੂੰ ਕਾਇਮ ਰੱਖੇਗਾ ਜੋ ਭਾਰਤ ਦੀ ਸਿਰਫ਼ 20% ਮੱਧ ਵਰਗ ਜਮਾਤ ਦਾ ਹੀ ਧਿਆਨ ਰੱਖ ਰਹੀ ਹੈ ਅਤੇ 80% ਜਨਤਾ ਨੂੰ ਹਾਸ਼ੀਏ 'ਤੇ ਧੱਕ ਰਹੀ ਹੈ।

ਭਾਰਤ ਦੀ ਪਰਚੂਨ ਮੰਡੀ ਸਾਰੇ ਦੇਸ਼ਾਂ ਦੇ ਮੁਖੀਆਂ ਅਤੇ ਉਨ੍ਹਾਂ ਨਾਲ ਆਏ ਵਫ਼ਦਾਂ ਲਈ ਖਿੱਚ ਦਾ ਕੇਂਦਰ ਰਹੀ। ਇਕ ਅੰਦਾਜ਼ੇ ਅਨੁਸਾਰ ਅੱਜ ਇਸ ਮਾਰਕੀਟ 'ਤੇ 3.5 ਕਰੋੜ ਛੋਟੇ ਦੁਕਾਨਦਾਰਾਂ ਦਾ ਰੁਜ਼ਗਾਰ ਨਿਰਭਰ ਕਰਦਾ ਹੈ। ਬਹੁਕੌਮੀ ਕੰਪਨੀਆਂ ਇਨ੍ਹਾਂ ਦੀ ਜਗ੍ਹਾ ਵੱਡੇ-ਵੱਡੇ ਮਾਲ ਸਥਾਪਤ ਕਰਨਾ ਚਾਹੁੰਦੀਆਂ ਹਨ। ਭਾਰਤ ਦੀ ਇਸ ਮਾਰਕੀਟ ਦਾ ਸਾਈਜ਼ 450 ਬਿਲੀਅਨ ਡਾਲਰ ਦੇ ਕਰੀਬ ਹੈ। ਕਾਰਪੋਰੇਟਾਂ ਦਾ ਅੰਦਾਜ਼ਾ ਹੈ ਕਿ ਭਾਰਤ ਅੰਦਰ ਹੁਣ 2 ਕਰੋੜ 20 ਲੱਖ ਸ਼ਹਿਰੀ ਮੱਧ ਵਰਗ ਪਰਿਵਾਰਾਂ ਦੇ ਮੁਕਾਬਲੇ 2030 ਵਿਚ ਇਨ੍ਹਾਂ ਦੀ ਗਿਣਤੀ 9 ਕਰੋੜ ਇਕ ਲੱਖ ਹੋ ਜਾਵੇਗੀ। ਇਨ੍ਹਾਂ ਸਭ ਲਈ ਟੀ.ਵੀ., ਫਰਿੱਜ, ਵਾਸ਼ਿੰਗ ਮਸ਼ੀਨ, ਰੋਟੀ ਵਾਲੀ ਮਸ਼ੀਨ, ਓਵਨ, ਜੂਸ, ਕਰੀਮ, ਤਾਜ਼ੇ ਫਲ ਆਦਿ ਸਭ ਕੁਝ ਚਾਹੀਦਾ ਹੈ। ਮੌਜੂਦਾ ਕਾਨੂੰਨਾਂ ਅਨੁਸਾਰ ਅੱਜ ਵਿਦੇਸ਼ੀ ਕੰਪਨੀਆਂ ਇਸ ਦੇ 'ਮਲਟੀ ਬਰੈਂਡ' ਖੇਤਰ ਵਿਚ 18% ਤੋਂ ਵੱਧ ਨਿਵੇਸ਼ ਨਹੀਂ ਕਰ ਸਕਦੀਆਂ। ਇਸੇ ਲਈ ਓਬਾਮਾ, ਸਰਕੋਜ਼ੀ, ਵੈਨ, ਯੂਰਪੀਨ ਯੂਨੀਅਨ ਨੇਤਾਵਾਂ ਸਮੇਤ ਸਭ ਦਾ ਸਾਂਝਾ ਏਜੰਡਾ ਇਹੀ ਰਿਹਾ ਕਿ ਭਾਰਤ ਦੀ ਪਰਚੂਨ ਮਾਰਕੀਟ ਨੂੰ ਹੋਰ ਖੋਲ੍ਹਿਆ ਜਾਵੇ। 'ਇੰਡੋ-ਫ਼ਰਾਂਸ ਬਿਜ਼ਨਸ ਫੋਰਮ' ਦੇ ਸਮਾਗਮ ਵਿਚ ਯੋਜਨਾ ਕਮਿਸ਼ਨ ਦੇ ਵਾਈਸ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਤਾਂ ਯੂਰਪ ਦੌਰੇ ਦੌਰਾਨ ਖ਼ੁਦ ਪ੍ਰਧਾਨ ਮੰਤਰੀ ਨੂੰ ਵਿਸ਼ਵਾਸ ਦਿਵਾਇਆ ਕਿ 'ਬਹੁ-ਭਾਂਤੀ (ਮਲਟੀ-ਬਰੈਂਡ) ਵਿਦੇਸ਼ੀ ਨਿਵੇਸ਼' ਵਿਚ ਖੁੱਲ੍ਹ ਦੇਣ ਦਾ ਮਸਲਾ ਸਰਕਾਰ ਦੇ ਏਜੰਡੇ 'ਤੇ ਹੈ। ਕਈ ਮੰਤਰਾਲਿਆਂ ਨੇ ਇਸ ਖੇਤਰ ਵਿਚ ਵਿਦੇਸ਼ੀ ਖੁੱਲ੍ਹ ਵਧਾਉਣ ਦੀ ਹਾਮੀ ਭਰ ਦਿੱਤੀ ਹੈ।

ਖੇਤੀ ਖੇਤਰ ਵਿਚ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ 2005 ਵਿਚ ਹੋਏ 'ਨਾਲੇਜ ਇਨੀਸ਼ੀਏਟਿਵ ਸਮਝੌਤੇ' ਨੂੰ ਨਵਿਆਉਣ 'ਤੇ ਜ਼ੋਰ ਲਾਇਆ ਹੈ। ਇਸ ਇਨੀਸ਼ੀਏਟਿਵ (ਪਹਿਲਕਦਮੀ) ਦਾ ਉਦੇਸ਼ ਜੈਨੇਟੀਕਲੀ ਸੋਧੇ ਬੀਜਾਂ ਨੂੰ ਉਤਸ਼ਾਹਿਤ ਕਰਨਾ, ਸਖ਼ਤ ਬੌਧਿਕ ਜਾਇਦਾਦ ਕਾਨੂੰਨ ਅਤੇ ਖੇਤੀ ਖੋਜ ਨੂੰ ਪ੍ਰਾਈਵੇਟ ਕੰਪਨੀਆਂ ਹਵਾਲੇ ਕਰ ਕੇ, ਬੀਜ ਮਾਰਕੀਟ 'ਤੇ ਏਕਾਧਿਕਾਰ ਕਾਇਮ ਕਰਨਾ, ਛੋਟੀ ਕਿਸਾਨੀ ਦੀ ਥਾਂ ਠੇਕਾ ਖੇਤੀ ਆਧਾਰਤ ਵੱਡੇ ਫਾਰਮ ਬਣਾਉਣੇ, ਉਨ੍ਹਾਂ ਦੀ ਪੈਦਾਵਾਰ ਨੂੰ ਸਿੱਧੇ ਤੌਰ 'ਤੇ ਜਾਂ ਪ੍ਰੋਸੈਸ ਕਰ ਕੇ ਮੱਧ ਵਰਗ ਦੀ ਮੰਡੀ ਵਿਚ ਵੇਚਣਾ, ਅਨਾਜ ਪਦਾਰਥਾਂ ਦੀ ਥਾਂ ਵਪਾਰਕ ਫ਼ਸਲਾਂ ਨੂੰ ਉਤਸ਼ਾਹਿਤ ਕਰਨਾ ਅਤੇ ਖੇਤੀ ਉਤਪਾਦਾਂ ਦੀ ਮੰਡੀ ਨੂੰ ਹੋਰ ਖੋਲ੍ਹਣਾ ਆਦਿ ਸ਼ਾਮਲ ਹੈ। ਅਮਰੀਕੀ ਖੋਜ ਕੰਪਨੀ ਡੂਪੋਂਟ ਜਿਸ ਦਾ ਖੋਜ ਬਜਟ 7000 ਕਰੋੜ ਰੁਪਏ ਹੈ ਅਤੇ ਕਾਰਗਿਲ ਜਿਹੀਆਂ ਕੰਪਨੀਆਂ ਭਾਰਤ ਦੀਆਂ ਖੇਤੀ ਯੂਨੀਵਰਸਿਟੀਆਂ ਦੇ ਸਿਲੇਬਸ ਵਿਚ ਸੋਧ ਕਰਨਗੀਆਂ ਤੇ ਖੋਜਕਾਰਾਂ ਨੂੰ ਆਪਣੇ ਹਿਤਾਂ ਅਨੁਸਾਰ ਟਰੇਂਡ ਕਰਨਗੀਆਂ। ਅਮਰੀਕਾ ਦੇ ਨਾਲ ਹੀ ਸਰਕੋਜ਼ੀ ਅਤੇ ਯੂਰਪੀਨ ਨੇਤਾਵਾਂ ਨੇ ਵੀ ਮੰਗ ਕੀਤੀ ਕਿ ਤਾਜ਼ੇ ਫਲਾਂ, ਸਬਜ਼ੀਆਂ, ਪੋਲਟਰੀ, ਡੇਅਰੀ ਤੇ ਬਾਗ਼ਬਾਨੀ ਉਤਪਾਦਾਂ ਦੀ ਮਾਰਕੀਟ ਹੋਰ ਖੋਲ੍ਹੀ ਜਾਵੇ। ਇਸ 'ਤੇ ਲੱਗੀਆਂ ਰੋਕਾਂ ਹਟਾਈਆਂ ਜਾਣ। ਇਸ ਤੋਂ ਭਾਰਤੀ ਲੋਕਾਂ ਨੂੰ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਡੇਅਰੀ ਸੈਕਟਰ ਤੋਂ ਲਾਇਆ ਜਾ ਸਕਦਾ ਹੈ ਜਿਥੇ ਸਾਢੇ 9 ਕਰੋੜ ਛੋਟੇ ਦੁੱਧ ਉਤਪਾਦਕ ਨਿਰਭਰ ਕਰਦੇ ਹਨ ਜਿਨ੍ਹਾਂ ਨੂੰ ਫੀਡ ਦੀਆਂ ਵਧਦੀਆਂ ਕੀਮਤਾਂ ਨੇ ਪਹਿਲਾਂ ਹੀ ਨਿਚੋੜ ਰੱਖਿਆ ਹੈ। ਉਹ ਕਿਸੇ ਵੀ ਹਾਲਤ ਵਿਚ ਯੂਰਪ ਦੀ ਬੇਹੱਦ ਸਬਸਿਡੀ ਵਾਲੇ ਉਤਪਾਦਾਂ ਦਾ ਮੰਡੀ ਵਿਚ ਮੁਕਾਬਲਾ ਨਹੀਂ ਕਰ ਸਕਣਗੇ। ਸਾਡੇ ਖੇਤੀ ਮੰਤਰੀ ਸ਼ਰਦ ਪਵਾਰ ਤਾਂ ਪਹਿਲਾਂ ਹੀ ਅਜਿਹੀ ਇਜਾਜ਼ਤ ਦੇ ਚੁੱਕੇ ਹਨ।


*ਤਲਖ਼ ਸੱਚਾਈ ਇਹ ਹੈ ਕਿ ਵਿਕਸਿਤ ਦੇਸ਼ ਗਹਿਰੇ ਸੰਕਟ ਵਿਚ ਫਸੇ ਹੋਏ ਹਨ, ਉਨ੍ਹਾਂ ਦੀ ਵਿਕਾਸ ਦਰ ਬੇਹੱਦ ਧੀਮੀ 2% ਤਕ ਡਿੱਗ ਚੁੱਕੀ ਹੈ। ਸੰਕਟ ਦੇ ਇਸ ਸਮੇਂ ਵਿਚ ਰਾਜਨੀਤਕ ਅਤੇ ਫ਼ੌਜੀ ਗੁੱਟਬੰਦੀ ਵੀ ਦੁਨੀਆਂ ਪੱਧਰ 'ਤੇ ਨਵੀਂ ਸਫ਼ਬੰਦੀ ਨੂੰ ਸਾਹਮਣੇ ਲਿਆ ਰਹੀ ਹੈ। ਉਸ ਉਭਰ ਰਹੀ ਸਫ਼ਬੰਦੀ ਵਿਚ ਭਾਰਤ ਦਾ ਅਹਿਮ ਸਥਾਨ ਬਣ ਰਿਹਾ ਹੈ। ਦੌਰਿਆਂ ਦੌਰਾਨ ਹੋਏ ਸਮਝੌਤਿਆਂ ਅਤੇ ਵਿਚਾਰੇ ਗਏ ਮੁੱਦਿਆਂ ਨੂੰ ਜੇਕਰ ਸਾਂਝੇ ਨੁਕਤਾ-ਨਜ਼ਰ ਤੋਂ ਵੇਖਿਆ ਜਾਵੇ ਤਾਂ ਸਾਰਿਆਂ ਦਾ ਮੁੱਖ ਮੁੱਦਾ ਭਾਰਤੀ ਮੰਡੀ ਨੂੰ ਵਿਦੇਸ਼ੀ ਕੰਪਨੀਆਂ ਲਈ ਖੋਲ੍ਹਣਾ ਰਿਹਾ। ਉਹ ਵਿਕਸਤ ਦੇਸ਼ਾਂ ਵਿਚ ਆਈ ਖੜੋਤ ਨੂੰ ਤੋੜਨ ਲਈ ਸੰਕਟ ਦਾ ਬੋਝ ਭਾਰਤ ਵਰਗੇ ਮੁਲਕ 'ਤੇ ਸੁੱਟਣਾ ਚਾਹੁੰਦੇ ਹਨ।*

ਕਾਰਪੋਰੇਟ ਸੰਸਥਾ 'ਫਿੱਕੀ' ਦਾ ਅੰਦਾਜ਼ਾ ਹੈ ਕਿ 2020 ਤਕ ਰਵਾਇਤੀ ਪਰਚੂਨ ਮਾਰਕੀਟ ਸਿਰਫ਼ 5% ਦੀ ਦਰ ਨਾਲ ਵਧੇਗੀ ਜਦੋਂ ਕਿ 'ਜਥੇਬੰਦ ਪਰਚੂਨ ਮਾਰਕੀਟ' ਦੇ ਵਾਧੇ ਦੀ ਦਰ 25% ਹੋਵੇਗੀ ਤੇ 2020 ਤਕ ਇਹ ਕੁੱਲ ਮਾਰਕੀਟ ਦੇ ਚੌਥੇ ਹਿੱਸੇ 'ਤੇ ਕਾਬਜ਼ ਹੋ ਜਾਵੇਗੀ। ਬਰੋਕਰਜ਼ ਫਰਮ ਓਸਵਾਲ ਅਨੁਸਾਰ ਆਉਂਦੇ 24 ਮਹੀਨੇ ਬਾਦ ਇਹ ਰਿਟੇਲਰ ਆਪਣੇ ਏਰੀਏ 'ਚ 50-80% ਤਕ ਵਾਧਾ ਕਰਨਗੇ।

ਕਾਂਗਰਸੀ ਨੇਤਾ ਕਪਿਲ ਸਿੱਬਲ ਸਿੱਖਿਆ ਖੇਤਰ ਦੀ ਖੁੱਲ੍ਹੇਆਮ ਨਿਲਾਮੀ ਲਗਾ ਕੇ ਬੈਠੇ ਰਹੇ। ਉਨ੍ਹਾਂ ਨਿਊ ਯਾਰਕ ਸੰਮੇਲਨ ਦੌਰਾਨ ਐਲਾਨ ਕੀਤਾ ਕਿ 22 ਕਰੋੜ ਭਾਰਤੀ ਬੱਚੇ ਪ੍ਰਾਇਮਰੀ ਅਤੇ ਸੈਕੰਡਰੀ ਵਿਚ ਦਾਖ਼ਲ ਹੁੰਦੇ ਹਨ ਲੇਕਿਨ ਸਿਰਫ਼ ਇਕ ਕਰੋੜ ਚਾਲੀ ਲੱਖ ਹੀ ਕਾਲਜ ਪੱਧਰ ਤਕ ਪਹੁੰਚਦੇ ਹਨ। ਉਹ ਕਾਲਜ ਪੱਧਰ ਤਕ ਪੜ੍ਹਨ ਵਾਲਿਆਂ ਦੀ ਗਿਣਤੀ ਨੂੰ ਚਾਰ ਗੁਣਾ ਵਧਾਉਣਾ ਚਾਹੁੰਦੇ ਹਨ। ਇਹਦੇ ਲਈ 5000 ਨਵੇਂ ਕਾਲਜ ਅਤੇ ਯੂਨੀਵਰਸਿਟੀਆਂ ਦੀ ਲੋੜ ਹੈ। ਇਸ ਤੋਂ ਬਾਕੀ ਬਚੇ 15 ਕਰੋੜ ਵਿਦਿਆਰਥੀਆਂ ਲਈ ਕਿੱਤਾ-ਮੁਖੀ ਸਿੱਖਿਆ ਦੀ ਲੋੜ ਹੈ ਤਾਂ ਜੋ ਉਹ ਬਹੁਕੌਮੀ ਕੰਪਨੀਆਂ ਦੇ ਕਾਮਿਆਂ ਵਜੋਂ ਕੰਮ ਕਰ ਸਕਣ। ਉਨ੍ਹਾਂ ਅਨੁਸਾਰ ਸਿੱਖਿਆ ਦੇਣ ਦਾ ਇੰਨਾ ਵੱਡਾ ਕੰਮ ਭਾਰਤ ਸਰਕਾਰ ਨਹੀਂ ਕਰ ਸਕਦੀ ਅਤੇ ਉਨ੍ਹਾਂ ਓਬਾਮਾ ਸਮੇਤ ਸਭ ਤੋਂ ਮੰਗ ਕੀਤੀ ਕਿ ਵਿਦੇਸ਼ੀ ਸਿੱਖਿਆ ਸੰਸਥਾਵਾਂ ਭਾਰਤ ਵਿਚ ਖੋਲ੍ਹੀਆਂ ਜਾਣ। ਇਹਦੇ ਲਈ ਰਾਹ ਸੁਖਾਲਾ ਕਰਨ ਵਾਸਤੇ ਭਾਰਤ ਸਰਕਾਰ ਇਕ ਬਿਲ ਵੀ ਲਿਆ ਰਹੀ ਹੈ। ਇਹ ਸਪਸ਼ਟ ਸੰਕੇਤ ਹੈ ਕਿ ਸਰਕਾਰ ਸਿੱਖਿਆ ਜਿਹੇ ਬੁਨਿਆਦੀ ਹੱਕ ਦਾ ਵੀ ਵਪਾਰੀਕਰਨ ਕਰਕੇ ਇਸ ਨੂੰ ਵਿਦੇਸ਼ੀ ਵਪਾਰੀਆਂ ਹਵਾਲੇ ਕਰ ਰਹੀ ਹੈ।

ਇਨ੍ਹਾਂ ਸਾਰੇ ਨੇਤਾਵਾਂ ਦੇ ਦੌਰਿਆਂ ਦੌਰਾਨ ਹੋਏ ਸਮਝੌਤਿਆਂ ਅਤੇ ਵਿਚਾਰੇ ਗਏ ਮੁੱਦਿਆਂ ਨੂੰ ਜੇਕਰ ਸਾਂਝੇ ਨੁਕਤਾ-ਨਜ਼ਰ ਤੋਂ ਵੇਖਿਆ ਜਾਵੇ ਤਾਂ ਸਾਰਿਆਂ ਦਾ ਮੁੱਖ ਮੁੱਦਾ ਭਾਰਤੀ ਮੰਡੀ ਨੂੰ ਵਿਦੇਸ਼ੀ ਕੰਪਨੀਆਂ ਲਈ ਖੋਲ੍ਹਣਾ ਰਿਹਾ। ਇਹ ਸਪਸ਼ਟ ਤੌਰ 'ਤੇ ਇਸ ਨੁਕਤੇ 'ਤੇ ਕੇਂਦਰਿਤ ਹੈ ਕਿ ਉਹ ਵਿਕਸਤ ਦੇਸ਼ਾਂ ਵਿਚ ਆਈ ਖੜੋਤ ਨੂੰ ਤੋੜਨ ਲਈ ਸੰਕਟ ਦਾ ਬੋਝ ਭਾਰਤ ਵਰਗੇ ਮੁਲਕ 'ਤੇ ਸੁੱਟਣਾ ਚਾਹੁੰਦੇ ਹਨ। ਲੇਕਿਨ ਭਾਰਤ ਜਿਸ ਦੀ ਖੇਤੀ ਖੜੋਤ ਦਾ ਸ਼ਿਕਾਰ ਹੈ; ਜਿਸ ਖੇਤੀ 'ਤੇ ਦੇਸ਼ ਦੀ 65% ਜਨਤਾ ਨਿਰਭਰ ਹੈ। ਜੇਕਰ ਇਸ ਵਿਚ ਪਰਚੂਨ ਮਾਰਕੀਟ ਨੂੰ ਵੀ ਮਿਲਾ ਲਿਆ ਜਾਵੇ ਤਾਂ ਅੰਕੜਾ 75% ਤੋਂ ਵੀ ਉਪਰ ਚਲਿਆ ਜਾਂਦਾ ਹੈ। ਨਿਸਚਿਤ ਹੀ ਇਹ ਵਿਸ਼ਾਲ ਵਸੋਂ ਭਾਰਤੀ ਮੰਡੀ ਵਿਚ ਬਹੁਕੌਮੀ ਅਤੇ ਵੱਡੀਆਂ ਕੌਮੀ ਸਰਮਾਏਦਾਰ ਕੰਪਨੀਆਂ ਦੀ ਸਰਦਾਰੀ ਨਾਲ ਉਜਾੜੇ ਵੱਲ ਵਧੇਗੀ। ਓਬਾਮਾ ਦੇ ਦੌਰੇ ਉਪਰੰਤ ਜਿਵੇਂ ਭਾਰਤ, ਅਮਰੀਕੀ ਕੈਂਪ ਵੱਲ ਝੁਕਦਾ ਜਾ ਰਿਹਾ ਹੈ ਅਤੇ ਜਿਵੇਂ ਅਮਰੀਕਾ ਚੀਨ ਨੂੰ ਘੇਰਨ ਲਈ ਪੂਰਬੀ ਏਸ਼ੀਆ ਵਿਚ ਸਰਗਰਮ ਫ਼ੌਜੀ ਦਖ਼ਲ ਦੇ ਰਿਹਾ ਹੈ (ਜੋ ਤਾਜ਼ਾ ਉਤਰੀ-ਦੱਖਣੀ ਕੋਰੀਆ ਦੇ ਟਕਰਾਅ ਤੋਂ ਸਪਸ਼ਟ ਹੈ), ਤਾਂ ਇਹ ਲਾਜ਼ਮੀ ਏਸ਼ੀਆ ਦੇ ਇਸ ਖਿੱਤੇ ਨੂੰ ਜੰਗ ਵੱਲ ਧੱਕ ਸਕਦਾ ਹੈ, ਜਿਸ ਦੀ ਭਾਰਤ ਨੂੰ ਵੱਡੀ ਕੀਮਤ ਦੇਣੀ ਪੈ ਸਕਦੀ ਹੈ।

ਭਾਰਤੀ ਹਾਕਮਾਂ ਅਤੇ ਮੀਡੀਆ ਨੇ ਓਬਾਮਾ ਤੋਂ ਲੈ ਕੇ ਮੈਦਵੀਦੇਵ ਤਕ ਸਾਰਿਆਂ ਵੱਲੋਂ ਭਾਰਤ ਦੀ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਵਿਚ ਪੱਕੀ ਸੀਟ ਦੀ ਹਮਾਇਤ ਕਰਨ ਨੂੰ ਹੀ ਇਕੋ-ਇਕ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਉਂਜ ਤਾਂ ਸੁਰੱਖਿਆ ਕੌਂਸਲ ਦੀ ਮੈਂਬਰਸ਼ਿਪ ਮਿਲਣ ਨਾਲ ਵੀ ਭਾਰਤੀ ਲੋਕਾਂ ਜਾਂ ਭਾਰਤ ਦੀ ਹਾਲਤ 'ਚ ਕੋਈ ਚਮਤਕਾਰੀ ਬਦਲਾਅ ਆਉਣ ਵਾਲਾ ਨਹੀਂ ਹੈ, ਫੇਰ ਵੀ ਜਿਵੇਂ ਅਮਰੀਕੀ ਪ੍ਰਸ਼ਾਸਨ ਨੇ ਓਬਾਮਾ ਦੇ ਦੌਰੇ ਤੋਂ ਤੁਰੰਤ ਬਾਅਦ ਸਪਸ਼ਟ ਕਰ ਦਿੱਤਾ ਹੈ ਕਿ ਇਹ ਕੋਈ ਨੇੜ ਭਵਿੱਖ ਵਿਚ ਹੋਣ ਵਾਲਾ ਆਸਾਨ ਕੰਮ ਨਹੀਂ ਹੈ। ਇਹ ਦਰਅਸਲ ਅਮਲੀ ਕਾਰਵਾਈ ਨਾਲੋਂ ਸ਼ੋਸ਼ੇਬਾਜ਼ੀ ਵਧੇਰੇ ਹੈ।



*ਸ੍ਰੀ ਓਬਾਮਾ ਭਾਰਤ ਫੇਰੀ ਦੌਰਾਨ 'ਗੋਲਡਨ ਵਿਜ਼ਿਟਰਜ਼ ਬੁੱਕ' 'ਤੇ ਹਸਤਾਖਰ ਕਰਦੇ ਹੋਏ*



*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਫ਼ਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਦੀ ਭਾਰਤ ਫੇਰੀ ਦੌਰਾਨ ਕੋਈ ਨੁਕਤਾ ਸਾਂਝਾ ਕਰਦੇ ਹੋਏ*

# ਤੰਬਾਕੂ ਦਾ ਤਬਸਰਾ?...ਤੋਬਾ ਤੋਬਾ!!

“ਇਸ ਮੇਂ ਤੋ ਕੋਈ ਬੁਰੀ ਬਾਤ ਨਹੀਂ ਹੈ, ਲੇਕਿ... !” ਪੈਨਸ਼ਨੀਏਂ ਫ਼ੌਜੀ ਰਾਮ ਸਿੰਘ ਤੋਂ ‘ਲੇਕਿਨ’ ਲਫ਼ਜ਼ ਪੂਰਾ ਨਾ ਕਹਿ ਹੋਇਆ ਹੋਇਆ। ਧੂਣੀ ’ਚੋਂ ਉਠਦੇ ਧੂੰਏਂ ਕਰਕੇ ਉਸ ਨੂੰ ਹੁੱਥੂ ਆ ਗਿਆ। ਉਹ ਤਾਂ ਆਪਣੇ ਮੂੰਹ ਅੱਗੇ ਰੁਮਾਲ ਰੱਖ ਕੇ ‘ਖਊਂ ਖਊਂ’ ਕਰਨ ਲੱਗ ਪਿਆ ਪਰ ਉਹਦੇ ਮੂੰਹੋਂ ਨਿਕਲਿਆ ਅਧੂਰਾ ਵਾਕ ਸੁਣ ਕੇ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਜਿਹੜਾ ਫ਼ੌਜੀ ਹੁੱਕਾ-ਸਿਗਰਟ ਪੀਣ ਵਾਲਿਆਂ ਦੀ ਸ਼ਾਮਤ ਲੈ ਆਉਂਦਾ ਹੈ ਅਤੇ ਕੋਈ ਜਣਾ ਉਹਦੇ ਘਰ ਅੱਗਿਉਂ ਸੁਲਗਦੀ ਸਿਗਰਟ-ਬੀੜੀ ਲੈ ਕੇ ਨਹੀਂ ਸੀ ਲੰਘ ਸਕਦਾ, ਅੱਜ ਉਹੀ ਫ਼ੌਜੀ ਤੰਬਾਕੂ-ਜ਼ਰਦਾ ਚੱਬਣ ਨੂੰ ‘ਕੋਈ ਬੁਰੀ ਗੱਲ ਨਹੀਂ’ ਕਿਵੇਂ ਕਹਿਣ ਲੱਗ ਪਿਆ?...ਅੱਜ ਇਹਦੀ ‘ਸਿੱਖੀ’ ਕਿਧਰ ਗਈ?

ਭਰ ਸਿਆਲ ਦੇ ਦਿਨ। ਲੰਬੜਾਂ ਦੇ ਵਿਹੜੇ ਵਿਚ ਮਘੀ ਹੋਈ ਧੂਣੀ। ਖੇਸ-ਖੇਸੀਆਂ ਦੇ ਝੁੰਬ ਮਾਰੀ ਬੈਠੇ ਮੇਰੇ ਪੇਂਡੂਆਂ ਦੀ ਢਾਣੀ। ਜਦ ਅੱਗ ਮੱਠੀ ਪੈਣ ਲੱਗਦੀ ਤਾਂ ਸਣ ਦੀਆਂ ਸੇਂਗਣੀਆਂ ਹੋਰ ਸੁੱਟ ਦਿੱਤੀਆਂ ਜਾਂਦੀਆਂ। ਇਸ ਧੂਣੀ ਸਭਾ ਵਿਚ ਸਿਰਮੌਰ ਬੁਲਾਰਾ ਬਣੀ ਬੈਠਾ ਸੀ ਸਾਡੇ ਪਿੰਡ ਦਾ ਰਿਟਾਇਰ ਫ਼ੌਜੀ ਰਾਮ ਸਿੰਘ ਜਿਸ ਨੂੰ ਸਾਰੇ ਪਿੰਡ ਵਾਸੀ ‘ਪਿਲਸਣੀਆ’ ਆਖਦੇ ਸਨ। ਉਦੋਂ ਪਿੰਡਾਂ ’ਚ ਹਾਲੇ ਵਿਰਲੇ-ਟਾਵੇਂ ਘਰਾਂ ਵਿਚ ਬਿਹਾਰੀ ਭੱਈਏ ਆਉਣੇ ਸ਼ੁਰੂ ਹੋਏ ਸਨ। ਮਿਹਨਤ-ਮਜ਼ਦੂਰੀ ਕਰਨ ਵਾਲੇ ਸਥਾਨਕ ਲੋਕ, ਭੱਈਆਂ ਦੀ ਆਮਦ ਨੂੰ ਆਪਣੀ ਰੋਜ਼ੀ-ਰੋਟੀ ਲਈ ਵੱਡਾ ਖ਼ਤਰਾ ਸਮਝ ਰਹੇ ਸਨ। ਇਸ ਧੂਣੀ ’ਤੇ ਜੁੜੇ ਇਕੱਠ ਵਿਚ ਇਸ ਭਖ਼ਵੇਂ ਮਸਲੇ ’ਤੇ ਚਰਚਾ ਹੋ ਰਹੀ ਸੀ। ਮਜ਼ਦੂਰ ਵਰਗ ਨਾਲ ਸਬੰਧਤ ਇਕ ਜਣਾ ਜ਼ਿਮੀਂਦਾਰਾਂ ਵੱਲੋਂ ਭੱਈਏ ਰੱਖਣ ਨੂੰ ਨਿੰਦਦਾ ਹੋਇਆ ਇਸ ਨੁਕਤੇ ਨੂੰ ਵਿਸ਼ੇਸ਼ ਤੌਰ ’ਤੇ ਉਭਾਰ ਰਿਹਾ ਸੀ ਕਿ ਇਨ੍ਹਾਂ ਪੂਰਬੀਆਂ ਦੇ ਰੀਸੋ-ਰੀਸੀ ਪੰਜਾਬੀ ਮੁੰਡੇ ਵੀ ਜ਼ਰਦੇ-ਤੰਬਾਕੂ ਦੀਆਂ ਪੁੜੀਆਂ ਫੱਕਣ ਲੱਗ ਪਏ ਹਨ ਪਰ ਫ਼ੌਜੀ ਰਾਮ ਸਿੰਘ ਦੇ ਮੂੰਹੋਂ ‘ਇਸ ਮੇਂ ਕੋਈ ਬੁਰੀ ਬਾਤ ਨਹੀਂ’ ਸੁਣ ਕੇ ਉਹ ਬੰਦਾ ਹਿਰਖ ਨਾਲ ਬੋਲਿਆ: “ਸੂਬੇਦਾਰਾ, ਹੱਟੀ ਵਾਲੇ ਲਾਲੇ ਕੋਲੋਂ ਜਾਂ ਕਿਸੇ ਫੇਰੀ ਵਾਲਿਆਂ ਪਾਸੋਂ ਕੋਈ ਚੀਜ਼-ਵਸਤ ਲੈਣ ਵੇਲੇ ਤਾਂ ਤੂੰ ਉਨ੍ਹਾਂ ਦੇ ਦੋ-ਦੋ ਵਾਰੀ ਹੱਥ ਧੁਆਉਂਦਾ ਰਹਿਨੈਂ। ਜ਼ਰਦੇ ਨੂੰ ਕਹਿਨੈਂ ਕੋਈ ਗੱਲ ਨ੍ਹੀਂ?”

“ਓਏ ਪਾਗਲ, ਤੰਬਾਕੂ ਕੋ ਨਹੀਂ, ਮੈਂ ਤੋ ਭੱਈਓਂ ਕੀ ਆ ਰਹੀ ‘ਲੇਬਰ’ ਨੂੰ ਕਹਿ ਰਿਹਾਂ ਕਿ ਵਿਕਾਸ ਦੀ ਲੀਹ ਪਏ ਪੰਜਾਬ ਵਿਚ ਉਨ੍ਹਾਂ ਦੇ ਆਉਣ ਦਾ ਕੋਈ ਹਰਜ ਨਹੀਂ!” ਫ਼ੌਜੀ-ਸਟਾਈਲ ਵਾਲੀ ਹਿੰਦੀ ਦੀ ਪੁੱਠ ਚੜ੍ਹੀ ਪੰਜਾਬੀ ਬੋਲਦਿਆਂ ਰਾਮ ਸਿੰਘ ਕਹਿਣ ਲੱਗਾ, “ਹਮਾਰੇ ਮੁੰਡੇ, ਭੱਈਓਂ ਕੀ ਰੀਸੇ ਤੰਬਾਕੂ ਕੈਸੇ ਖਾ ਸਕਦੇ ਹੈਂ...? ਕਮ-ਅਜ਼-ਕਮ ਸਿੱਖ ਮੁੰਡੇ ਤੋ ਕਭੀ ਐਸਾ ਨਹੀਂ ਕਰ ਸਕਦੇ?” ਰਮੀ ਹੋਈ ਧੂਣੀ ’ਤੇ ਚੱਲ ਰਹੀ ਚੁੰਝ-ਚਰਚਾ ਦਾ ਵਿਸ਼ਾ ਹੁਣ ਇਹ ਬਣ ਗਿਆ ਕਿ ਕੀ ਭੱਈਆਂ ਵੱਲ ਦੇਖ ਕੇ ਪੰਜਾਬੀ (ਜਾਂ ਸਿੱਖ) ਵੀ ਜ਼ਰਦਾ-ਤੰਬਾਕੂ ਖਾਣ ਲੱਗ ਪੈਣਗੇ? ਆਪਣੇ ਵਿਚਾਰ ਨੂੰ ਸੌ ਫ਼ੀਸਦ ਸਹੀ ਸਾਬਤ ਕਰਨ ਲਈ ਸੂਬੇਦਾਰ ਨੇ ਹਮੇਸ਼ਾ ਵਾਂਗ ਫ਼ੌਜੀ ਜੀਵਨ ਦਾ ਇਕ ਕਿੱਸਾ ਛੋਹ ਲਿਆ। ਖੂਹ ਦੇ ਡੱਡੂ ਪੇਂਡੂਆਂ ਨੂੰ ਵੀ ਉਦੋਂ ਫ਼ੌਜੀਆਂ ਦੀਆਂ ਕਹਾਣੀਆਂ ਸੁਣਨ ਦਾ ਭੁਸ ਹੁੰਦਾ ਸੀ।

“ਬਾਤ ਐਸੇ ਹੂਈ” ਕਹਿ ਕੇ ਉਸ ਨੇ ਜਿਹੜੀ ਦਾਸਤਾਨ ਬਿਆਨ ਕੀਤੀ, ਉਸ ਦਾ ਸਬੰਧ ਇਕ ਸਿੱਖ ਫ਼ੌਜੀ ਜਾਸੂਸ ਨਾਲ ਸੀ ਜੋ ਸੰਨ ਪੈਂਹਠ ਦੀ ਲੜਾਈ ਵੇਲੇ ਪਾਕਿਸਤਾਨੀ ਫ਼ੌਜ ਦੇ ਅੜਿੱਕੇ ਆ ਗਿਆ ਸੀ।

ਆਪਣੇ ਦੇਸ਼ ਦੀਆਂ ਫ਼ੌਜਾਂ ਲਈ ਖ਼ੁਫ਼ੀਆ ਸੂਹਾਂ ਲੈਂਦੇ ਫਿਰਦੇ ਇਸ ਸਿੱਖ ਸੂਹੀਏ ‘ਤੇ ਪਾਕਿਸਤਾਨੀ ਸੈਨਿਕਾਂ ਨੂੰ ਸ਼ੱਕ ਪੈ ਗਿਆ। ਉਹ ਇਸ ਨੂੰ ਪਕੜ ਕੇ ਆਪਣੇ ਕੈਂਪ ‘ਚ ਲੈ ਗਏ। ਪੁੱਛ-ਪੜਤਾਲ ਦੌਰਾਨ ਇਹ ਸਿੱਖ ਸੂਹੀਆ



ਆਪਣੇ ਆਪ ਨੂੰ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਦਾ ਵਸਨੀਕ ਦੱਸਣ ਲੱਗਾ ਅਤੇ ਖ਼ੁਦ ਨੂੰ ਮੁਸਲਮਾਨ ਦੱਸ ਰਿਹਾ ਸੀ। ਦੁਸ਼ਮਣ ਸੈਨਿਕਾਂ ਵੱਲੋਂ ਕਲਮਾ ਪੜ੍ਹਨ ਲਈ ਕਹੇ ਜਾਣ ‘ਤੇ ਇਸ ਨੇ ਪੱਕੇ ਮੁਸਲਿਮ ਵਾਂਗ ਕਲਮਾ ਪੜ੍ਹ ਦਿੱਤਾ। ਸੁੰਨਤ ਦਿਖਾਉਣ ਲਈ ਜਦ ਇਸ ਨੂੰ ਕਿਹਾ ਗਿਆ ਤਾਂ ਇਸ ਨੇ ਆਪਣਾ ਕੁਰਸੀ-ਨਾਮਾ ਸ਼ੀਆ ਮੁਸਲਿਮ ਪਰਿਵਾਰ ਨਾਲ ਜੋੜਿਆ। ਹੋਰ ਸ਼ੱਕ ਮਿਟਾਉਣ ਲਈ ਜਦ ਉਨ੍ਹਾਂ ਇਕ-ਦੋ ਨਮਾਜ਼ਾਂ ਸੁਣਾਉਣ ਲਈ ਆਖਿਆ, ਉਹ ਵੀ ਉਸ ਨੇ ਇਸਲਾਮੀ ਤਰੀਕੇ ਨਾਲ ਗੋਡੇ ਮੂਧੇ ਮਾਰ ਕੇ ਪੜ੍ਹ ਸੁਣਾਈਆਂ। ਪਾਕਿਸਤਾਨੀ ਸੈਨਿਕ ਟੁਕੜੀ ਨੂੰ ਇਸ ‘ਤੇ ਯਕੀਨ ਆ ਗਿਆ ਪਰ ਇਕ ਸੀਨੀਅਰ ਅਫ਼ਸਰ ਜੋ ਇਹ ਸਾਰਾ ਕੁਝ ਦੇਖ ਰਿਹਾ ਸੀ, ਇਸ ਜਾਸੂਸ ਨੂੰ ਆਪਣੇ ਤੰਬੂ ਵਿਚ ਲੈ ਗਿਆ। ਪੰਜਾਂ ਕੁ ਮਿੰਟਾਂ ਬਾਅਦ ਹੀ ਉਹ ਅਫ਼ਸਰ ਤੰਬੂ ‘ਚੋਂ ਬਾਹਰ ਆ ਕੇ ਸਿਪਾਹੀਆਂ ਨੂੰ ਦੱਸਣ ਲੱਗਾ ਕਿ ਫੜਿਆ ਗਿਆ ਜਾਸੂਸ ਮੁਸਲਮਾਨ ਨਹੀਂ ਸਗੋਂ ਭਾਰਤੀ ਪੰਜਾਬ ਦਾ ਸਿੱਖ ਹੈ!

“ਸਰ, ਤੁਸੀਂ ਕੁਝ ਮਿੰਟਾਂ ਵਿਚ ਹੀ ਇਹ ਭੇਤ ਕਿਵੇਂ ਕੱਢ ਲਿਆ?” ਸਿਪਾਹੀਆਂ ਨੇ ਹੈਰਾਨ ਹੁੰਦਿਆਂ ਪੁੱਛਿਆ।

“ਬਸ...ਅੰਦਰ ਆਉਂਦਿਆਂ ਹੀ ਮੈਂ ਉਸ ਨੂੰ ਆਪਣੇ ਟੇਬਲ ’ਤੇ ਪਈ ਸਿਗਰਟ ਦੀ ਡੱਬੀ ਚੁੱਕ ਕੇ ਫੜਾਉਣ ਲਈ ਆਖਿਆ। ਉਹ ਗਹਿਰੀਆਂ ਅੱਖਾਂ ਕਰ ਕੇ ਬੋਲਿਆ, “ਖ਼ਾਨ ਸਾਹਿਬ, ਮੈਂ ਆਪਣੀ ਹਿੱਕ ਵਿਚ ਗੋਲੀ ਤਾਂ ਹੱਸ ਕੇ ਖਾ ਸਕਦਾ ਹਾਂ ਪਰ ਤੰਬਾਕੂ ਦੀ ਡੱਬੀ ਨੂੰ ਮੈਂ ਹੱਥ ਨਹੀਂ ਲਾਉਣਾ। ਇਹ ਮੇਰੇ ਧਰਮ ਦਾ ਮਾਮਲਾ ਹੈ!”

ਰੱਬ ਦਾ ਸ਼ੁਕਰ ਹੈ ਕਿ ਸਿੱਖ ਜਾਸੂਸ ਦੀ ਇਹ ਅਸਚਰਜ ਕਥਾ ਸੁਣਾਉਣ ਵਾਲਾ ਸੂਬੇਦਾਰ ਰਾਮ ਸਿੰਘ ਪੰਜਾਬ ਦੇ ਪਿੰਡਾਂ-ਸ਼ਹਿਰਾਂ ਦੀਆਂ ਦੁਕਾਨਾਂ ‘ਤੇ ਤੰਬਾਕੂ ਦੀਆਂ ਰੰਗ-ਬਰੰਗੀਆਂ ਪੁੜੀਆਂ ਧੜਾਧੜ ਵਿਕਦੀਆਂ ਦੇਖਣ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਿਆ ਸੀ!

ਆਰੀਆ ਸਮਾਜ ਦੇ ਸੰਚਾਲਕ ਸਵਾਮੀ ਦਯਾ ਨੰਦ ਦੇ ਦਿਲ ਵਿਚ ਤੰਬਾਕੂ ਪ੍ਰਤੀ ਕਹਿਰਾਂ ਦੀ ਨਫ਼ਰਤ ਦਾ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਨੇ ਆਪਣੀ ਵਸੀਅਤ ਵਿਚ ਇਹ ਖ਼ਾਸ ਤੌਰ ‘ਤੇ ਲਿਖਿਆ ਸੀ ਕਿ ਮੇਰੇ (ਦਯਾ ਨੰਦ) ਮ੍ਰਿਤਕ ਸਰੀਰ ਨੂੰ ਵੀ ਉਹ ਵਿਅਕਤੀ ਹੱਥ ਨਾ ਲਾਉਣ ਜਿਨ੍ਹਾਂ ਜ਼ਿੰਦਗੀ ਵਿਚ ਕਦੇ ਤੰਬਾਕੂ ਨੂੰ ਛੂਹਿਆ ਵੀ ਹੋਵੇ। ਰਾਜਸਥਾਨ ਦੇ ਜੈਪੁਰ ਸ਼ਹਿਰ ਵਿਚ ਜਦੋਂ ਸਵਾਮੀ ਹੋਰੀਂ ਪੂਰੇ ਹੋਏ ਤਾਂ ਉਨ੍ਹਾਂ ਦਾ ਅੰਤਿਮ ਇਸ਼ਨਾਨ ਵਗੈਰਾ ਉਸੇ ਗੁਰੂ ਨਾਨਕ ਦੇ ਸਿੱਖਾਂ ਹੱਥੋਂ ਹੋਇਆ ਸੀ ਜਿਸ ਸਤਿਗੁਰੂ ਦੀ ਅਜ਼ਮਤ ਵਿਰੁੱਧ ਉਸ ਨੇ ਆਪਣੇ ਗ੍ਰੰਥ ‘ਸਤਿਆਰਥ ਪ੍ਰਕਾਸ਼’ ਵਿਚ ਅਪਸ਼ਬਦ ਲਿਖੇ ਹੋਏ ਹਨ।

ਬਨਸਪਤੀ ਗਿਆਨ ਦੇ ਇਕ ਮਾਹਿਰ ਦਾ ਕਹਿਣਾ ਹੈ ਕਿ ਧਤੂਰੇ ਅਤੇ ਅੱਕ ਵਰਗੇ ਅਤਿ-ਕੌੜੇ ਪੌਦਿਆਂ ਦੇ ਪੱਤਿਆਂ ਨੂੰ ਬੱਕਰੀ ਲਪਰ-ਲਪਰ ਖਾ ਜਾਂਦੀ ਹੈ ਪਰ ਜਦੋਂ ਤੰਬਾਕੂ ਦੇ ਪੌਦੇ ਦੇ ਹਰੇ-ਹਰੇ ਪੱਤੇ ਉਸ ਦੇ ਮੋਹਰੇ ਕੀਤੇ ਜਾਣ ਤਾਂ ਉਹ ਇਨ੍ਹਾਂ ਨੂੰ ਸੁੰਘਦੀ ਵੀ ਨਹੀਂ! ਬਾਂਦਰ ਨਾਂ ਦੇ ਜਾਨਵਰ ਨੂੰ ਭਾਵੇਂ ਮੂਰਖ ਮੰਨਿਆ ਜਾਂਦਾ ਹੈ ਪਰ ਉਸ ਤੋਂ ਵੀ ਨਖਿੱਧ ‘ਮਹਾਂ ਮੂਰਖ’ ਕੇਵਲ ਗਧੇ ਨੂੰ ਹੀ ਆਖਿਆ ਜਾਂਦਾ ਹੈ। ਇਸ ਮਹਾਂ ਮੂਰਖ ਦੀ ‘ਮਹਾਂ ਸਿਆਣਪ’ ਵੀ ਸੁਣੋ। ਢੇਰਾਂ ਉਤੇ ਗੰਦ-ਮੰਦ ਚੁਗ ਕੇ ਪੇਟ ਪੂਜਾ ਕਰਨ ਵਾਲਾ ਇਹ ਨਾਲਾਇਕ ਜਾਨਵਰ ਤੰਬਾਕੂ ਦੇ ਪੱਤੇ ਕਤੱਈ ਨਹੀਂ ਖਾਂਦਾ!

ਪੰਜਾਬ ਯੂਨੀਵਰਸਿਟੀ ‘ਚ ਪੜ੍ਹਦਾ ਇਕ ਗ਼ੈਰ ਸਿੱਖ ਦੱਖਣੀ ਭਾਰਤੀ ਵਿਦਿਆਰਥੀ ਕਿਹਾ ਕਰਦਾ ਸੀ ਕਿ ਕਿਸੇ ਸਿੱਖ ਵੱਲੋਂ ਕੋਈ ਭੈੜੀ ਚੀਜ਼ ਖਾ ਲੈਣ ਨੂੰ ਮੈਂ ਮੰਨ ਸਕਦਾ ਹਾਂ ਪਰ ਜੇ ਕੋਈ ਮੈਨੂੰ ਇਹ ਦੱਸੇ ਕਿ ਫ਼ਲਾਣੀ ਥਾਂ ਕੋਈ ਸਿੱਖ ਤੰਬਾਕੂ ਪੀ ਰਿਹਾ ਸੀ, ਮੈਂ ਇਸ ਗੱਲ ਨੂੰ ਹਰਗਿਜ਼ ਨਹੀਂ ਮੰਨ ਸਕਦਾ!

ਕਿਸੇ ਬਾਹਰਲੇ ਪਿੰਡੋਂ ਆਏ ਇਕ ‘ਕਾਮਰੇਡ ਸਿੱਖ’ ਨੇ ਸਾਡੇ ਪਿੰਡ ਕਰਿਆਨੇ ਦੀ ਦੁਕਾਨ ਖੋਲ੍ਹ ਲਈ। ਦੁਕਾਨ-ਮਾਲਕ ਸੁਭਾਅ ਦਾ ਨਿੱਘਾ ਹੋਣ ਕਾਰਨ ਹੱਟੀ ਚੰਗੀ ਚੱਲ ਪਈ। ਮੇਰਾ ਬਾਪ ਇਕ ਵਾਰ ਦੁਕਾਨਦਾਰ ਨੂੰ ਪੁੱਛਣ ਲੱਗਾ ਕਿ ਕਾਮਰੇਡ ਜੀ, ਤੁਸੀਂ ਦੁਕਾਨ ਵਿਚ ਸਿਗਰਟਾਂ-ਬੀੜੀਆਂ ਜਾਂ ਜ਼ਰਦਾ ਵਗੈਰਾ ਵੀ ਰੱਖਿਆ ਹੋਇਐ? ਉਹ ਅੱਗਿਓਂ ਕਹਿੰਦਾ, “ਤੋਬਾ...ਤੋਬਾ ਗਿਆਨ ਜੀ!...ਬੰਦੇ ਦਾ ਕੋਈ ਦੀਨ-ਧਰਮ ਵੀ ਹੁੰਦੈ!!”

ਨਵਾਂ ਸ਼ਹਿਰ ਦੇ ਦੁਆਬਾ ਸਕੂਲ ਵਿਚ ਸਾਨੂੰ ਪੰਜਾਬੀ ਪੜ੍ਹਾਉਣ ਵਾਲੇ ਗਿਆਨੀ ਉਜਾਗਰ ਸਿੰਘ (ਬਹਿਰਾਮ ਨਿਵਾਸੀ) ਸਾਨੂੰ ਫ਼ਖ਼ਰ ਨਾਲ ਦੱਸਿਆ ਕਰਦੇ ਸਨ ਕਿ ਪੰਜਾਬ ਦੀ ਧਰਤੀ ‘ਤੇ ਸਾਜਿਆ ਖ਼ਾਲਸਾ ਪੰਥ, ਸੰਸਾਰ ਵਿਚ ਇਕੋ-ਇਕ ਅਜਿਹਾ ਧਰਮ ਹੈ ਜਿਸ ਵਿਚ ਤੰਬਾਕੂ ‘ਤੇ ਪੂਰਨ ਪਾਬੰਦੀ ਹੈ। ਦੁਨੀਆਂ ਵਿਚ ਕੇਵਲ ਪੰਜਾਬੀ ਜ਼ਬਾਨ ਦੀਆਂ ਹੀ ਅਖ਼ਬਾਰਾਂ ਹਨ ਜਿਨ੍ਹਾਂ ਵਿਚ ਤੰਬਾਕੂਨੋਸ਼ੀ ਦੀ ਇਸ਼ਤਿਹਾਰਬਾਜ਼ੀ ਨਹੀਂ ਹੁੰਦੀ। ਕੁੱਲ ਦੁਨੀਆਂ ਦੀਆਂ ਜ਼ਬਾਨਾਂ ਦੀਆਂ ਲਿਪੀਆਂ ਵਿਚ ਇਕੋ-ਇਕ ਗੁਰਮੁਖੀ ਲਿਪੀ ਐਸੀ ਹੈ ਜਿਸ ਦੇ ਅੱਖਰਾਂ ਦੀ ਵਰਤੋਂ ਕਰਕੇ ਤੰਬਾਕੂ ਦੇ ਇਸ਼ਤਿਹਾਰ ਨਹੀਂ ਲਿਖੇ ਜਾਂਦੇ।

ਗਰਮੀਆਂ ਦੀ ਰੁੱਤੇ ਸਾਡੇ ਇਲਾਕੇ ਵਿਚ ਹਨ੍ਹੇਰੀਆਂ ਚੜ੍ਹ ਚੜ੍ਹ ਆਉਂਦੀਆਂ ਹੁੰਦੀਆਂ ਸਨ। ਹਨੇਰੀ ਥੰਮ੍ਹ ਜਾਣ ਮਗਰੋਂ ਜੇ ਅਚਨਚੇਤ ਸਾਡੇ ਖੁੱਲ੍ਹੇ ਵਿਹੜੇ ਵਿਚ ਸਿਗਰਟਾਂ ਦੀ ਕੋਈ ਫਟੀ-ਪੁਰਾਣੀ ਖ਼ਾਲੀ ਡੱਬੀ ਦਿਖਾਈ ਦੇਣੀ ਤਾਂ ਸਾਡੇ ਬਾਪ ਨੇ ਝਾੜੂ ਨਾਲ ਨਹੀਂ ਸਗੋਂ ਲਾਠੀ ਨਾਲ ਘੜੀਸ-ਘੜੀਸ ਕੇ ਦੂਰ ਜਾ ਦੱਬਣੀ। ਫਿਰ ਨਲਕਾ ਗੇੜ ਕੇ ਲਾਠੀ ਇਉਂ ਧੋਣੀ ਜਿਵੇਂ ਕਿਤੇ ਇਹਦੇ ਨਾਲ ਜ਼ਹਿਰੀ ਸੱਪ ਮਾਰਿਆ ਹੋਵੇ!

ਸੋਚੀਂ ਪਾ ਦੇਣ ਵਾਲੀ ਅਖ਼ੀਰਲੀ ਕਥਾ ਵੀ ਮੈਂ ਖ਼ੁਦ ਆਪਣੇ ਕੰਨਾਂ ਨਾਲ ਸੁਣੀ ਹੋਈ ਹੈ ਅਤੇ ਬਿਆਨ ਕਰ ਰਹੇ ਸਿੱਖ ਨੂੰ ਅੱਖੀਂ ਦੇਖਿਆ ਹੋਇਐ। ਵਿਦੇਸ਼ ਦੀ ਧਰਤੀ ਦੇ ਬਾਸ਼ਿੰਦੇ ਇਹ ਸਿੰਘ ਜੀ, ਲਿਕਰ ਸਟੋਰ ਖੋਲ੍ਹਣ ਦਾ ਲਾਇਸੈਂਸ ਲੈਣ ਵਾਸਤੇ ਸਬੰਧਤ ਦਫ਼ਤਰ ਗਏ। ਕਾਗ਼ਜ਼-ਪੱਤਰਾਂ ਦੀ ਜਾਂਚ-ਪੜਤਾਲ ਕਰਕੇ ਲਾਇਸੈਂਸ ਇਸ਼ੂ ਕਰ ਰਹੇ ਗੋਰੇ ਅਫ਼ਸਰ ਨੇ ਸਾਬਤ-ਸੂਰਤ ਦਸਤਾਰਧਾਰੀ ਸਿੰਘ ਜੀ ਦੇ ਚਿਹਰੇ-ਮੁਹਰੇ ਵੱਲ ਤਿਰਛੀ ਨਜ਼ਰ ਸੁੱਟਦਿਆਂ ਆਖਿਆ, “ਮਿਸਟਰ ਸਿੰਘ, ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਕਾਰਨ ਮੈਂ ਤੁਹਾਨੂੰ ਲਿਕਰ ਸਟੋਰ ਖੋਲ੍ਹਣ ਦਾ ਲਾਇਸੈਂਸ ਜਾਰੀ ਰਿਹਾ ਹਾਂ ਪਰ ਮੁਆਫ਼ ਕਰਨਾ...! ਮੈਂ ਤੁਹਾਡੇ ਧਰਮ ਬਾਰੇ ਪੜ੍ਹਿਆ ਹੋਇਆ ਹੈ ਕਿ ਇਸ ਦੇ ਪੈਰੋਕਾਰ, ਤੰਬਾਕੂ ਤੋਂ ਬਣਨ ਵਾਲੀ ਚੀਜ਼ਾਂ ਨਾ ਵਰਤਦੇ ਹਨ ਤੇ ਨਾ ਹੀ ਇਨ੍ਹਾਂ ਦਾ ਕਾਰੋਬਾਰ ਕਰਦੇ ਹਨ। ਕੀ ਮੇਰੀ ਜਾਣਕਾਰੀ ਗ਼ਲਤ ਹੈ ਜਾਂ ਅਧੂਰੀ?”

ਨਿੰਮੋਝੂਣੇ ਜਿਹੇ ਹੋ ਕੇ ‘ਮਿਸਟਰ ਸਿੰਘ’ ਦੱਸ ਰਹੇ ਸਨ, “ਗੋਰੇ ਦਾ ਸਵਾਲ ਸੁਣ ਕੇ ਮੇਰੇ ਸਿਰ ਸੌ ਘੜਾ ਪਾਣੀ ਪੈ ਗਿਆ!”

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

## ‘ਜਾਤਿ ਗੋਤ ਸਿੰਘਨ ਕੀ ਦੰਗਾ’

ਪੰਜਾਬ ਟਾਈਮਜ਼ ਦੇ 27 ਨਵੰਬਰ ਦੇ ਅੰਕ ਵਿਚ ‘ਲਿਖਤੁਮ’ ਕਾਲਮ ਹੇਠ ਸ. ਤਰਲੋਚਨ ਸਿੰਘ ਦੁਪਾਲਪੁਰ ਦਾ ਲੇਖ ‘ਜਾਤਿ ਗੋਤ ਸਿੰਘਨ ਕੀ ਦੰਗਾ’ ਪੜ੍ਹੀ ਤਾਂ ਮਨ ਵਿਚ ਅਜੀਬ ਜਹੀ ਹਲਚਲ ਹੋਈ। ਬਹੁਤ ਸਾਰੀਆਂ ਘਟਨਾਵਾਂ ਜਿਹੜੀਆਂ ਅੱਖਾਂ ਦੇ ਸਾਹਮਣੇ ਵਾਪਰੀਆਂ ਸਨ, ਮੇਰੀਆਂ ਅੱਖਾਂ ਸਾਹਮਣੇ ਆ ਗਈਆਂ। ਬੇਸ਼ਕ ਮੈਂ ਪੂਰਨ ਗੁਰਸਿੱਖ ਨਹੀਂ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਥਾਹ ਸਤਿਕਾਰ ਹੈ। ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੇ ਗੁਰੂ ਘਰਾਂ ਵਿਚ ਧੜੇਬੰਦਕ ਖਿੱਚੋਤਾਣ ਕਰਕੇ ਜੋ ਕੁਝ ਵਾਪਰਦਾ ਰਿਹਾ ਹੈ, ਉਸੇ ਦੇ ਡੂੰਘੇ ਅਸਰ ਹੇਠ ਉਠੇ ਭਾਵਾਂ ਨੂੰ ਮੈਂ ਇਸ ਕਵਿਤਾ ਵਿਚ ਸ਼ਬਦਾਂ ਦਾ ਰੂਪ ਦਿੱਤਾ ਹੈ। ‘ਇਕ ਸਿੰਘ ਨੇ ਦੂਜੇ ਸਿੰਘ’ ਵਾਲੀ ਸਤਰ ਵਿਚ ਮੈਂ ਸਿੱਖ ਸ਼ਬਦ ਨਹੀਂ ਵਰਤਿਆ ਕਿਉਂਕਿ ਮੇਰੇ ਵਿਚਾਰ ਮੁਤਾਬਕ ਸਿੱਖ ਦਾ ਮਤਲਬ ਹੈ ਜੋ ਸਿੱਖ ਗਿਆ ਹੈ, ਜੋ ਗੁਣੀ ਗਿਆਨੀ ਹੈ, ਜੋ ਗੁਰੂ ਦੇ ਦੱਸੇ ਮਾਰਗ ’ਤੇ ਚੱਲਦਾ ਹੈ।

ਇਹ ਰਚਨਾ ਕਿਸੇ ਇਕ ਗੁਰੂ ਘਰ ਦੇ ਪ੍ਰਬੰਧਕਾਂ ਵਿਰੁਧ ਨਹੀਂ ਹੈ ਸਗੋਂ ਸਿੱਖ ਭਾਈਚਾਰੇ ਦੇ ਅਜੋਕੇ ਸਮੁੱਚੇ ਹਾਲਾਤ ਉਤੇ ਮੇਰੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੈ।

***-ਸੁਖਵਿੰਦਰ ਬੋਦਲਾਂਵਾਲਾ, ਫੋਨ:360-281-2624***

### ਪੱਗ

ਸੱਚੀ ਹੈ ਇਹ ਕਹਾਣੀ,
ਗੁਰੂ ਘਰ ਗਏ ਸੁਣਨ ਲਈ ਬਾਣੀ।
ਧਿਰਾਂ ਵਿਚ ਤਕਰਾਰ ਹੋ ਗਈ,
ਨਾ-ਹੋਣੀ ਉਹ ਯਾਰ ਹੋ ਗਈ।
ਗੁਰੂ ਦੀ ਹਾਜ਼ਰੀ ਵਿਚ ਇਨ੍ਹਾਂ
ਕਰ ਇਹ ਕਰਾਮਾਤ ਦਿੱਤੀ।
ਇਕ ਸਿੰਘ ਦੇ ਦੂਜੇ ਸਿੰਘ ਦੀ
ਪੱਗ ਉਤਾਰ ਦਿੱਤੀ।

ਆਏ ਹਾਂ ਵਿਚ ਵਿਦੇਸ਼ਾਂ,
ਸੋਚਿਆ ਸੀ, ਖੁਸ਼ਹਾਲ ਹੋਵਾਂਗੇ।
ਸਿੱਖੀ ਪ੍ਰਫੁੱਲਤ ਹੋਊ,
ਸਾਰੇ ਸੁਰ-ਤਾਲ ਹੋਵਾਂਗੇ।
ਬੱਚੇ ਡਰਦੇ ਨੇ ਸਾਥੀਆ,
ਗੁਰੂ ਘਰਾਂ ਵਿਚ ਹੋਣ ਲੜਾਈਆਂ,
ਉਨ੍ਹਾਂ ਨੂੰ ਕੀ ਸਮਝਾਈਏ?
ਰਾਹੇ ਕਿਵੇਂ ਸਿੱਖੀ ਪਾਈਏ?
ਆਪਣੇ ਹੱਥੀਂ ਆਪਾਂ ਆਪਣੀ
ਪੱਤ ਉਲਾਰ ਦਿੱਤੀ...।

ਹੋਇਆ ਇਕ ਜੋੜ-ਮੇਲ ਬਈ,
ਰੱਬ ਨੇ ਪਾਣੀ ਵਰ੍ਹਾਇਆ
*(ਯੂਬਾ ਸਿਟੀ ਨਗਰ ਕੀਰਤਨ 2010)।*
ਸਭਨਾਂ ਨੂੰ ਠੰਢੇ ਕੀਤਾ,
ਉਨ੍ਹਾਂ ਨੂੰ ਹੋਸ਼ ਆ ਆਇਆ।
ਉਥੇ ਵੀ ਉਹੀ ਕਹਾਣੀ,
ਤੰਦ ਨਹੀਂ, ਉਲਝੀ ਏ ਤਾਣੀ।

ਬਾਬੇ ਨਾਨਕ ਦੀ ਬਾਣੀ,
ਮਿੱਠਤਾ ਦੀ ਕਹੇ ਕਹਾਣੀ।
ਗੁਰੂ ਘਰਾਂ ਦੇ ਪ੍ਰਬੰਧਕਾਂ ਨੇ,
ਲੱਗਦੈ ਵਿਸਾਰ ਦਿੱਤੀ...।

ਨਾ ਹੀ ਨੇ ਸਾਹਿਤ ‘ਚ ਰੁਚੀਆਂ,
ਘਰ ਵਿਚ ਨਾ ਰੱਖੀਆਂ ਕਿਤਾਬਾਂ।
ਗਿਆਨ ਤੋਂ ਨਿਰੇ ਵਿਹੂਣੇ,
ਉਲਝੇ ਵਿਚ ਜਾਤਾਂ-ਪਾਤਾਂ।
ਗੁਰੂਆਂ ਭਿੰਨ-ਭੇਦ ਮਿਟਾਏ,
ਸਿੱਧੇ ਨੇ ਰਾਹ ਦਿਖਾਏ।
ਬੱਚਿਆਂ ਵੀ ਉਹੀ ਸਿੱਖਣਾ,
ਆਪਾਂ ਜਿਹੜੇ ਪੂਰਨੇ ਪਾਏ।
ਇਨ੍ਹਾਂ ਮਨ ਵਿਚੋਂ ਗੁਰੂ ਦੇ ਡਰ ਵਾਲੀ
ਮਿਟਾ ਹੀ ਕਾਰ ਦਿੱਤੀ...।

ਆਓ ਅਰਦਾਸਾਂ ਕਰੀਏ,
ਗੁਰੂਆਂ ਦਾ ਪੱਲਾ ਫੜੀਏ।
ਮਿਲ ਕੇ ਮਸਲੇ ਵਿਚਾਰੋ,
ਸਿੱਖੀ ਪ੍ਰਫੁੱਲਤ ਕਰੀਏ।
ਸੰਗਤ ਮਿਲ ਪੜ੍ਹੀਏ ਬਾਣੀ,
ਸੰਗਤ ਮਿਲ ਗਾਵੀਏ ਬਾਣੀ।
ਆਈ ਹੈ ਧੁਰ ਤੋਂ ਬਾਣੀ,
ਗੁਰੂਆਂ, ਭਗਤਾਂ ਦੀ ਬਾਣੀ।
ਫਿਰ ਨਾ ਹੋਵੇ ਕਿ ਸਿੰਘ ਨੇ ਸਿੰਘ ਦੀ
ਪੱਗ ਉਤਾਰ ਦਿੱਤੀ।
ਬੱਸ ਇਹ ਸੁਣੀਏ ਕਿ ਸਿੰਘ ਨੇ ਸਿੰਘ ਦੀ,
ਸ਼ਾਨ ਸੁਆਰ ਦਿੱਤੀ।

## ਪੂਰੇ ਗੁਰ ਕੀ ਪੂਰੀ ਸੇਵ

**ਗੁਰਬਾਣੀ ਗਿਆਨ**

ੴ ਸਤਿਗੁਰ ਪ੍ਰਸਾਦਿ॥
ਬਿਲਾਵਲ ਮਹਲਾ 5
ਪੂਰੇ ਗੁਰ ਕੀ ਪੂਰੀ ਸੇਵ
ਆਪੇ ਆਪਿ ਵਰਤੈ ਸੁਆਮੀ ਕਾਰਜੁ ਰਾਸਿ ਕੀਆ ਗੁਰਦੇਵ। ਰਹਾਉ॥
ਆਦਿ ਮਧਿ ਪ੍ਰਭ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ॥
ਅਪਨੇ ਸੇਵਕ ਕੀ ਆਪੇ ਰਾਖੈ ਪ੍ਰਭ ਮੇਰੇ ਕੋ ਵਡ ਪਰਤਾਪੁ॥
ਪਾਰਬ੍ਰਹਮ ਪਰਮੇਸ਼ਰ ਸਤਿਗੁਰ ਵਸਿ ਕੀਨੇ ਜਿਨਿ ਸਗਲੇ ਜੰਤ॥
ਚਰਨ ਕਮਲ ਨਾਨਕ ਸਰਣਾਈ ਰਾਮਨਾਮ ਜਪਿ ਨਿਰਮਲ ਮੰਤ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਸ਼ਬਦ ਰਾਹੀਂ ਜਿਥੇ ਅਕਾਲ ਪੁਰਖ਼ ਦੀ ਉਸਤਤ ਕਰਦੇ ਹਨ, ਉਥੇ ਜੀਵਾਂ ਨੂੰ ਸੇਵਾ ਸਿਮਰਨ ਲਈ ਵੀ ਪ੍ਰੇਰਿਤ ਕਰਦੇ ਹਨ।

ਸਤਿਗੁਰੂ ਫ਼ੁਰਮਾਉਂਦੇ ਹਨ ਕਿ ਹੇ ਭਾਈ, ਜੋ ਜੀਵ ਪੂਰੇ ਗੁਰੂ ਦੀ ਸ਼ਰਨ ਵਿਚ ਆ ਕੇ ਸੇਵਾ ਸਿਮਰਨ ਕਰਦੇ ਹਨ ਭਾਵ ਉਸ ਦਾ ਆਸਰਾ ਲੈਂਦੇ ਹਨ, ਉਨ੍ਹਾਂ ਦੇ ਸਾਰੇ ਕਾਰਜ ਗੁਰੂ ਆਪ ਹੀ ਪੂਰੇ ਕਰਦਾ ਹੈ ਕਿਉਂਕਿ ਗੁਰੂ ਦੀ ਕ੍ਰਿਪਾ ਸਦਕਾ ਹੀ ਜਦ ਜੀਵਾਂ ਦਾ ਇਹ ਨਿਸ਼ਚਾ ਪੱਕਾ ਹੋ ਜਾਂਦਾ ਹੈ ਕਿ ਉਹ ਪ੍ਰਭੂ ਤਾਂ ਹਰ ਥਾਂ ‘ਤੇ ਆਪ ਹੀ ਵੱਸ ਰਿਹਾ ਹੈ ਤਾਂ ਫਿਰ ਉਹ ਜੀਵ ਪ੍ਰਭੂ ਦੀ ਕ੍ਰਿਪਾ ਦੇ ਪਾਤਰ ਬਣ ਜਾਂਦੇ ਹਨ।

ਆਦਿ ਮਧਿ ਪ੍ਰਭ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ॥
ਅਪਨੇ ਸੇਵਕ ਕੀ ਆਪੇ ਰਾਖੈ ਪ੍ਰਭ ਮੇਰੇ ਕੋ ਵਡ ਪਰਤਾਪੁ॥

ਹੇ ਭਾਈ! ਜੋ ਜੀਵ ਗੁਰੂ ਦੀ ਸ਼ਰਨ ਵਿਚ ਰਹਿੰਦੇ ਹਨ, ਪੂਰੇ ਸਤਿਗੁਰ ਦੀ ਮਿਹਰ ਸਦਕਾ ਉਨ੍ਹਾਂ ਜੀਵਾਂ ਦੇ ਅੰਦਰ ਇਹ ਯਕੀਨ ਅਤੇ ਵਿਸ਼ਵਾਸ ਵੀ ਬਣ ਜਾਂਦਾ ਹੈ ਕਿ ਇਸ ਸੰਸਾਰ ਦੀ ਰਚਨਾ ਕਰਨ ਵਾਲਾ ਜੋ ਪ੍ਰਭੂ ਹੈ, ਉਹ ਇਸ ਸੰਸਾਰ ਦੀ ਰਚਨਾ ਤੋਂ ਪਹਿਲਾਂ ਵੀ ਸੀ, ਹੁਣ ਵੀ ਹੈ ਅਤੇ ਅੰਤ ਅਖ਼ੀਰ ਤਕ ਸਦਾ ਹੀ ਰਹਿਣ ਵਾਲਾ ਹੈ। ਉਹ ਸਭ ਸ਼ਕਤੀਆਂ ਦਾ ਮਾਲਕ ਵੀ ਹੈ ਅਤੇ ਦਰ ਡਿੱਗਿਆਂ ਦੀ ਲਾਜ ਵੀ ਸਦਾ ਹੀ ਰੱਖਦਾ ਹੈ।

ਪਾਰਬ੍ਰਹਮ ਪਰਮੇਸ਼ਰ ਸਤਿਗੁਰ ਵਸਿ ਕੀਨੇ ਜਿਨਿ ਸਗਲੇ ਜੰਤ॥
ਚਰਨ ਕਮਲ ਨਾਨਕ ਸਰਣਾਈ ਰਾਮ ਨਾਮ ਜਪਿ ਨਿਰਮਲ ਮੰਤ॥

ਹੇ ਭਾਈ! ਉਹ ਪਾਰਬ੍ਰਹਮ ਪਰਮੇਸ਼ਵਰ ਨੇ ਸਾਰੇ ਜਗਤ ਦੇ ਜੀਵਾਂ ਨੂੰ ਆਪਣੇ ਵਸ ਵਿਚ ਰੱਖਿਆ ਹੋਇਆ ਹੈ। ਇਸ ਲਈ ਇਹ ਨਾਨਕ ਆਖਦਾ ਹੈ ਕਿ ਸਾਨੂੰ ਉਸ ਸੋਹਣੇ ਪ੍ਰਭੂ ਪ੍ਰੀਤਮ ਦੇ ਚਰਨਾਂ ਵਿਚ ਭਾਵ ਸ਼ਰਣ ਵਿਚ ਸਦਾ ਹੀ ਪਏ ਰਹਿਣਾ ਚਾਹੀਦਾ ਹੈ। ਪੂਰੇ ਗੁਰੂ ਦੀ ਸ਼ਰਨ ਵਿਚ ਹੀ ਰਹਿਣਾ ਚਾਹੀਦਾ ਹੈ ਜਿਸ ਦੀ ਕ੍ਰਿਪਾ ਸਦਕਾ ਨਾਮ ਰੂਪੀ ਮੰਤਰ ਜਪ ਕੇ ਜੀਵ ਸੰਸਾਰ ਸਮੁੰਦਰ ਤੋਂ ਪਾਰ ਉਤਰਦਾ ਹੈ।

ਆਓ, ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦੇ ਲੜ ਲੱਗੀਏ!

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, 916-687-3536***

# ਸਿਆਸੀ ਨਿਘਾਰ:ਸਹੁੰ ਖਾ ਕੇ ਵੀ ਲੀਡਰ ਕਰਦੇ ਨੇ ਪੱਖਪਾਤ

**ਜਤਿੰਦਰ ਪਨੂੰ**

ਭਾਰਤੀ ਸੰਵਿਧਾਨ ਮੁਤਾਬਕ ਜਦੋਂ ਵੀ ਕੋਈ ਕਿਸੇ ਚੁਣੇ ਹੋਏ ਅਹੁਦੇ ਦੀ ਸਹੁੰ ਚੁੱਕਦਾ ਹੈ ਤਾਂ ਇਹ ਗੱਲ ਆਖਦਾ ਹੈ ਕਿ ਉਹ ਬਿਨਾਂ ਪੱਖਪਾਤ ਤੋਂ ਰਾਜ-ਪ੍ਰਬੰਧ ਦੀ ਇਹ ਜ਼ਿੰਮੇਵਾਰੀ ਨਿਭਾਵੇਗਾ। ਸਾਡੇ ਕੋਲ ਬਹੁਤ ਸਾਰੀਆਂ ਮਿਸਾਲਾਂ ਹਨ ਜਦੋਂ ਇਸ ਮਾਮਲੇ ਵਿਚ ਲੋਕਾਂ ਦੇ ਚੁਣੇ ਹੋਏ ਆਗੂਆਂ ਨੇ ਚੁੱਕੀ ਹੋਈ ਸਹੁੰ ਦਾ ਚੇਤਾ ਭੁਲਾ ਕੇ ਨੰਗਾ-ਚਿੱਟਾ ਪੱਖਪਾਤ ਕੀਤਾ। ਮੌਜੂਦਾ ਸਮੇਂ ਵਿਚ ਇਕ ਭੱਦੀ ਮਿਸਾਲ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਚਵਾਨ ਨੇ ਪੇਸ਼ ਕੀਤੀ ਹੈ ਜਿਸ ਨੇ ਆਦਰਸ਼ ਸੁਸਾਇਟੀ ਦੇ ਕਰੋੜਾਂ ਰੁਪਏ ਦੀ ਕੀਮਤ ਦੇ ਫਲੈਟ ਕੌਡੀਆਂ ਦੇ ਭਾਅ ਆਪਣੀ ਸੱਸ, ਸਾਲੀ, ਬਾਪੂ ਆਦਿ ਦੇ ਨਾਂ ਕਰਵਾ ਲਏ ਸਨ। ਕਰਤੂਤ ਜ਼ਾਹਿਰ ਹੋਈ ਤਾਂ ਮੁੱਖ ਮੰਤਰੀ ਦੀ ਕੁਰਸੀ ਉਸ ਨੂੰ ਛੱਡਣੀ ਪੈ ਗਈ। ਉਸ ਤੋਂ ਭੱਦੀ ਮਿਸਾਲ ਕਰਨਾਟਕ ਦੇ ਮੁੱਖ ਮੰਤਰੀ ਯੇਦੂਰੱਪਾ ਦੀ ਹੈ ਜਿਸ ਨੇ ਨਾਮ-ਨਿਹਾਦ ਕੰਪਨੀ ਖੜ੍ਹੀ ਕਰਕੇ ਸਰਕਾਰੀ ਜ਼ਮੀਨ ਉਸ ਨੂੰ ਅਲਾਟ ਕੀਤੀ ਅਤੇ ਕੁਝ ਦਿਨਾਂ ਬਾਅਦ ਆਪਣੇ ਪੁੱਤਰ ਅਤੇ ਪਰਿਵਾਰ ਦੇ ਹੋਰ ਜੀਆਂ ਦੇ ਨਾਂ ਲਿਖਾ ਲਈ ਸੀ। ਪੱਖਪਾਤ ਜਾਂ ਧੋਖਾਧੜੀ ਹੀ ਨਹੀਂ, ਸਰਕਾਰੀ ਖ਼ਾਤੇ ਵਿਚੋਂ ਆਪਣਾ ਕੋੜਮਾ ਪਾਲਣ ਦੀ ਵੀ ਇਹ ਬੜੀ ਘਟੀਆ ਪੱਧਰ ਸੀ। ਇੰਨਾ ਕੁਝ ਕਰਨ ਪਿੱਛੋਂ ਵੀ ਉਹ ਮੁੱਖ ਮੰਤਰੀ ਦੀ ਕੁਰਸੀ ਉਤੇ ਡਟਿਆ ਬੈਠਾ ਹੈ। ਉਸ ਤੋਂ ਪਹਿਲਾਂ ਵਾਜਪਾਈ ਸਰਕਾਰ ਵੇਲੇ ਪੈਟਰੋਲ ਪੰਪ ਅਤੇ ਗੈਸ ਏਜੰਸੀਆਂ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੇ ਲੀਡਰਾਂ ਦੇ ਘਰਾਂ ਦੇ ਜੀਆਂ ਦੇ ਨਾਂ ਅਲਾਟ ਕੀਤੇ ਗਏ ਸਨ। ਬਦਨਾਮੀ ਉਦੋਂ ਵੀ ਇੰਨੀ ਹੋਈ ਸੀ ਕਿ ਸਾਰੀਆਂ ਅਲਾਟਮੈਂਟਾਂ ਰੱਦ ਕਰਨੀਆਂ ਪਈਆਂ ਸਨ। ਬੇਸ਼ਰਮੀ ਲੀਡਰਾਂ ਦੀ ਉਦੋਂ ਵੀ ਇੰਨੀ ਜ਼ਿਆਦਾ ਸੀ ਕਿ ਆਰ.ਐਸ.ਐਸ. ਦਾ ਇਕ ਲੀਡਰ ਇਹ ਕਹਿਣ ਤਕ ਚਲਾ ਗਿਆ ਕਿ "ਹੁਣ ਸਾਡੀ ਸਰਕਾਰ ਹੈ, ਜੇ ਹੁਣ ਵੀ ਸਾਨੂੰ ਪੰਪ ਤੇ ਏਜੰਸੀਆਂ ਨਹੀਂ ਮਿਲਣੇ, ਤਾਂ ਕਦੋਂ ਮਿਲਣਗੇ?" ਸਾਫ਼ ਹੈ ਕਿ ਸਹੁੰ ਚੁੱਕਣ ਨੂੰ ਰੀਤ ਜਿਹੀ ਸਮਝ ਕੇ ਵਗਦੀ ਗੰਗਾ ਵਿਚੋਂ ਹੱਥ ਧੋਣਾ ਹੁਣ ਬੁਰਾ ਨਹੀਂ ਸਮਝਿਆ ਜਾਂਦਾ।



ਇਕ ਪੁਰਾਣੀ ਤਸਵੀਰ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਭੱਠਲ ਆਪਣੇ ਸਮਰਥਕਾਂ ਨਾਲ

ਪੰਜਾਬ ਦੀ ਮੌਜੂਦਾ ਸਰਕਾਰ ਨੇ ਵੀ ਇਹੋ ਜਿਹੇ ਬਥੇਰੇ ਕੰਮ ਕੀਤੇ ਹੋਏ ਹਨ ਅਤੇ ਸਰਕਾਰ ਦਾ ਆਖ਼ਰੀ ਸਾਲ ਸ਼ੁਰੂ ਹੋਣ ਵਾਲਾ ਹੋਣ ਦੇ ਬਾਵਜੂਦ ਉਸ ਦੇ ਚਾਲੇ ਨਹੀਂ ਬਦਲ ਰਹੇ। ਜੇ ਇਸ ਦੇ ਭ੍ਰਿਸ਼ਟਾਚਾਰ ਦੇ ਕਿੱਸੇ ਕੋਈ ਫੋਲਣਾ ਚਾਹੁੰਦਾ ਹੋਵੇ ਤਾਂ ਚੰਡੀਗੜ੍ਹ ਰਾਜਧਾਨੀ ਵਿਚ ਜਾਣ ਦੀ ਲੋੜ ਨਹੀਂ, ਮੁੱਖ ਮੰਤਰੀ ਦੇ ਪਿੰਡ ਬਾਦਲ ਵਿਚ ਹੀ ਪੈਨਸ਼ਨਾਂ ਦਾ ਬਥੇਰਾ ਰੌਲ-ਰੱਪਾ ਪੈ ਚੁੱਕਾ ਹੈ। ਹੱਕਦਾਰਾਂ ਨੂੰ ਮਿਲੀਆਂ ਨਹੀਂ ਅਤੇ ਨਾਜਾਇਜ਼ ਲੋਕਾਂ ਦੀਆਂ ਲੱਗੀਆਂ ਪਈਆਂ ਹਨ। ਫਿਰ ਵੀ ਇਸ ਪੁਰਾਣੇ ਕੂੜੇ ਨੂੰ ਫੋਲਣ ਦੀ ਬਜਾਏ ਇਸ ਸਰਕਾਰ ਵੱਲੋਂ ਕੀਤੇ ਜਾਂਦੇ ਉਸ ਵਿਹਾਰ ਨੂੰ ਵਾਚਣਾ ਵੱਧ ਜ਼ਰੂਰੀ ਹੈ ਜਿਹੜਾ ਸਪਸ਼ਟ ਤੌਰ 'ਤੇ ਸਿਆਸੀ ਪੱਖਪਾਤ ਕਿਹਾ ਜਾ ਸਕਦਾ ਹੈ।

ਇਕ ਬਹੁਤ ਵੱਡਾ ਮਾਮਲਾ ਹੈ, ਕੈਪਟਨ ਅਮਰਿੰਦਰ ਸਿੰਘ ਵਾਲਾ, ਜਿਸ ਨੂੰ ਪੰਜਾਬ ਵਿਧਾਨ ਸਭਾ ਵਿਚੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਇੰਜ ਕਰਨਾ ਸਰਾਸਰ ਰਾਜਸੀ ਬਦਲਾਖ਼ੋਰੀ ਦੀ ਓਦਾਂ ਦੀ ਕਾਰਵਾਈ ਸੀ ਜਿੱਦਾਂ ਦੀ ਕਦੇ ਮੁਰਾਰਜੀ ਦੇਸਾਈ ਦੀ ਸਰਕਾਰ ਵੇਲੇ ਇੰਦਰਾ ਗਾਂਧੀ ਵਿਰੁਧ ਕੀਤੀ ਗਈ ਸੀ। ਇੰਦਰਾ ਗਾਂਧੀ ਨੂੰ ਇਸ ਦਾ ਰਾਜਸੀ ਪੱਖ ਤੋਂ ਨੁਕਸਾਨ ਦੀ ਥਾਂ ਲਾਭ ਹੋਇਆ ਸੀ, ਕੈਪਟਨ ਅਮਰਿੰਦਰ ਸਿੰਘ ਨੂੰ ਵੀ ਹੋ ਜਾਣਾ ਹੈ। ਕੈਪਟਨ ਦੇ ਪੈਰ ਚੰਡੀਗੜ੍ਹ ਵਿਚ ਨਹੀਂ ਲੱਗ ਸਕੇ ਅਤੇ ਉਸ ਨੂੰ ਸੁਪਰੀਮ ਕੋਰਟ ਤਕ ਦੌੜ ਲਾਉਣੀ ਪੈ ਗਈ ਸੀ। ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਇਨਸਾਫ਼ ਦਾ ਪੱਧਰ ਵੱਖੋ-ਵੱਖ ਹੋਣਾ ਤਾਂ ਨਹੀਂ ਚਾਹੀਦਾ ਪਰ ਇਹ ਹੁੰਦਾ ਹੈ।

> **ਪੰਜਾਬ ਦੀ ਮੌਜੂਦਾ ਸਰਕਾਰ ਨੇ ਵੀ ਇਹੋ ਜਿਹੇ ਬਥੇਰੇ ਕੰਮ ਕੀਤੇ ਹੋਏ ਹਨ ਅਤੇ ਸਰਕਾਰ ਦਾ ਆਖ਼ਰੀ ਸਾਲ ਸ਼ੁਰੂ ਹੋਣ ਵਾਲਾ ਹੋਣ ਦੇ ਬਾਵਜੂਦ ਉਸ ਦੇ ਚਾਲੇ ਨਹੀਂ ਬਦਲ ਰਹੇ। ਜੇ ਇਸ ਦੇ ਭ੍ਰਿਸ਼ਟਾਚਾਰ ਦੇ ਕਿੱਸੇ ਕੋਈ ਫੋਲਣਾ ਚਾਹੁੰਦਾ ਹੋਵੇ ਤਾਂ ਚੰਡੀਗੜ੍ਹ ਰਾਜਧਾਨੀ ਵਿਚ ਜਾਣ ਦੀ ਲੋੜ ਨਹੀਂ, ਮੁੱਖ ਮੰਤਰੀ ਦੇ ਪਿੰਡ ਬਾਦਲ ਵਿਚ ਹੀ ਪੈਨਸ਼ਨਾਂ ਦਾ ਬਥੇਰਾ ਰੌਲ-ਰੱਪਾ ਪੈ ਚੁੱਕਾ ਹੈ।**

ਇਕ ਵਾਰੀ ਕੁਝ ਅਕਾਲੀ ਵਿਧਾਇਕਾਂ ਦੇ ਖ਼ਿਲਾਫ਼ ਹਾਈ ਕੋਰਟ ਵਿਚ ਪਟੀਸ਼ਨਾਂ ਕੀਤੀਆਂ ਗਈਆਂ ਸਨ ਪਰ ਉਸੇ ਤਰ੍ਹਾਂ ਇਕ ਅਕਾਲੀ ਵਿਧਾਇਕ ਹਰਚੰਦ ਸਿੰਘ ਫੱਤਣਵਾਲਾ ਦੇ ਖ਼ਿਲਾਫ਼ ਅਰਜ਼ੀ ਸੁਪਰੀਮ ਕੋਰਟ ਵਿਚ ਜਾ ਪਹੁੰਚੀ ਸੀ। ਦਲੀਲ ਚੰਡੀਗੜ੍ਹ ਵੀ ਉਹੋ ਸੀ ਅਤੇ ਸੁਪਰੀਮ ਕੋਰਟ ਵਿਚ ਵੀ ਉਹੋ ਪਰ ਜਿਹੜੀਆਂ ਹਾਈ ਕੋਰਟ ਤਕ ਰਹਿ ਗਈਆਂ, ਉਨ੍ਹਾਂ ਦਾ ਬਣਿਆ ਕੁਝ ਨਹੀਂ ਸੀ ਅਤੇ ਸੁਪਰੀਮ ਕੋਰਟ ਵਿਚ ਫ਼ੈਸਲਾ ਅਕਾਲੀ ਵਿਧਾਇਕ ਦੇ ਖ਼ਿਲਾਫ਼ ਹੋਇਆ ਸੀ। ਕੈਪਟਨ ਅਮਰਿੰਦਰ ਸਿੰਘ ਦੇ ਮਾਮਲੇ ਵਿਚ ਵੀ ਪੰਜਾਬ ਸਰਕਾਰ ਦੀਆਂ ਦਲੀਲਾਂ ਉਥੇ ਜਾ ਕੇ ਇੰਨੀਆਂ ਥੋਥੀਆਂ ਨਿਕਲੀਆਂ ਕਿ ਉਸ ਦੀ ਮੈਂਬਰੀ ਬਹਾਲ ਹੋ ਗਈ ਅਤੇ ਇਨ੍ਹਾਂ ਉਤੇ ਪੱਖਪਾਤ ਨਾ ਕਰਨ ਦੀ ਸਹੁੰ ਤੋੜਨ ਦਾ ਠੱਪਾ ਲੱਗ ਗਿਆ।

ਦੂਜਾ ਵੱਡਾ ਮਾਮਲਾ ਬੀਬੀ ਰਾਜਿੰਦਰ ਕੌਰ ਭੱਠਲ ਦਾ ਹੈ। ਉਸ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਜਿਹੜਾ ਕੇਸ ਕਈ ਸਾਲ ਚੱਲਦਾ ਰਿਹਾ, ਉਹ ਪਿਛਲੇ ਸਾਲ ਖ਼ਤਮ ਹੋ ਗਿਆ। ਆਮ ਪ੍ਰਭਾਵ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਕੇਸ ਖ਼ਤਮ ਕਰਾਉਣ ਲਈ ਆਪ ਹੀ ਵਿਜੀਲੈਂਸ ਵਾਲਿਆਂ ਨੂੰ ਪੈਰਵੀ ਨਾ ਕਰਨ ਦਾ ਸੰਕੇਤ ਦਿੱਤਾ ਸੀ। ਕਾਰਨ ਇਸ ਦਾ ਇਹ ਕਿ ਬੀਬੀ ਭੱਠਲ ਅਤੇ ਕਾਂਗਰਸ ਦੇ ਮੌਜੂਦਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਖਿੱਚੋਤਾਣ ਵਿਚ ਉਹ ਬੀਬੀ ਨੂੰ ਇਸ ਪਾਸਿਓਂ ਰਾਹਤ ਦੇ ਕੇ ਆਹਮੋ-ਸਾਹਮਣੇ ਦੇ ਭੇੜ ਲਈ ਵਿਹਲਾ ਕਰਨਾ ਚਾਹੁੰਦੇ ਸਨ। ਲੰਮੇ ਸਮੇਂ ਵਿਚ ਇਸ ਦਾ ਲਾਭ ਮਿਲੇ ਜਾਂ ਨਾ, ਉਹ ਵੱਖਰੀ ਗੱਲ ਹੈ ਪਰ ਦੇਖਣ ਵਾਲੀ ਗੱਲ ਇਹ ਹੈ ਕਿ ਜਦੋਂ 1997 ਵਿਚ ਬੀਬੀ ਭੱਠਲ ਵਿਰੁਧ ਕੇਸ ਬਣਿਆ ਸੀ, ਉਦੋਂ ਵੀ ਮੁੱਖ ਮੰਤਰੀ ਦੀ ਕੁਰਸੀ ਬਾਦਲ ਸਾਹਿਬ ਕੋਲ ਹੀ ਸੀ। ਇਕ ਵਾਰੀ ਮੁੱਖ ਮੰਤਰੀ ਬਣ ਕੇ ਸਾਬਕਾ ਮੁੱਖ ਮੰਤਰੀ ਵਿਰੁਧ ਕੇਸ ਬਣਾ ਦੇਣਾ ਅਤੇ ਦੂਜੀ ਵਾਰੀ ਮੁੱਖ ਮੰਤਰੀ ਬਣ ਕੇ ਬਦਲੇ ਹੋਏ ਹਾਲਾਤ ਵਿਚ ਉਹੋ ਕੇਸ ਵਾਪਸ ਕਰਵਾ ਦੇਣਾ ਵੀ ਰਾਜਸੀ ਪੱਖਪਾਤ ਦੀ ਮਿਸਾਲ ਹੀ ਤਾਂ ਹੈ। ਇਹੋ ਨਹੀਂ, ਭਾਜਪਾ ਐਮ.ਪੀ. ਨਵਜੋਤ ਸਿੱਧੂ ਦੇ ਖ਼ਿਲਾਫ਼ ਕਤਲ ਦਾ ਕੇਸ ਜਦੋਂ ਹੇਠਲੀ ਅਦਾਲਤ ਨੇ ਰੱਦ ਕਰ ਦਿੱਤਾ, ਉਦੋਂ ਵੀ ਬਾਦਲ ਸਰਕਾਰ ਸੀ ਅਤੇ ਅਦਾਲਤੀ ਫ਼ੈਸਲੇ ਨੂੰ ਹਾਈ ਕੋਰਟ ਵਿਚ ਉਨ੍ਹਾਂ ਨੇ ਹੀ ਚੈਲੇਂਜ ਕਰਵਾਇਆ ਸੀ ਕਿਉਂਕਿ ਨਵਜੋਤ ਸਿੱਧੂ ਕਾਂਗਰਸੀ ਪਰਿਵਾਰ ਵਿਚੋਂ ਸੀ। ਜਦੋਂ ਹਾਈ ਕੋਰਟ ਵਿਚ ਸਿੱਧੂ ਨੂੰ ਸਜ਼ਾ ਹੋਈ, ਉਦੋਂ ਉਹ ਭਾਜਪਾ ਦਾ ਐਮ.ਪੀ. ਬਣ ਚੁੱਕਾ ਸੀ ਅਤੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਹੋਣ ਕਰਕੇ ਇਹ ਪ੍ਰਚਾਰ ਕਰ ਦਿੱਤਾ ਗਿਆ ਕਿ ਸਿੱਧੂ ਕਾਂਗਰਸੀ ਧੱਕੇਸ਼ਾਹੀ ਦਾ ਸ਼ਿਕਾਰ ਬਣਿਆ ਹੈ।

ਉਹ ਸਭ ਮਾਮਲੇ ਪੁਰਾਣੇ ਹਨ, ਹੁਣ ਜਦੋਂ ਬਾਦਲ ਪਰਿਵਾਰ ਆਪੋ ਵਿਚ ਪਾਟਾ ਪਿਆ ਹੈ ਅਤੇ ਮਨਪ੍ਰੀਤ ਸਿੰਘ ਬਾਦਲ ਨੇ ਵੱਖਰਾ ਕਾਫ਼ਲਾ ਤੋਰ ਲਿਆ ਹੈ, ਉਸ ਨਾਲ ਰਾਜਸੀ ਲੜਾਈ ਵਿਚ ਫਿਰ ਸਰਕਾਰੀ ਪੱਧਰ 'ਤੇ ਉਸੇ ਪੱਖਪਾਤ ਦੀਆਂ ਮਿਸਾਲਾਂ ਸਾਹਮਣੇ ਆਉਣ ਲੱਗ ਪਈਆਂ ਹਨ ਜਿਸ ਤੋਂ ਲਾਂਭੇ ਰਹਿ ਕੇ ਰਾਜ ਕਰਨ ਦੀ ਸਹੁੰ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੋਵਾਂ ਨੇ ਚੁੱਕੀ ਹੋਈ ਹੈ।

ਇਸ ਦੀ ਇਕ ਮਿਸਾਲ ਮਨਪ੍ਰੀਤ ਸਿੰਘ ਬਾਦਲ ਦੇ ਹਲਕੇ ਗਿੱਦੜਬਾਹਾ ਵਿਚ ਜਾ ਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਇਹ ਕਹਿਣਾ ਹੈ ਕਿ "ਏਥੇ ਲੋਕਾਂ ਉਤੇ ਝੂਠੇ ਕੇਸ ਬਣਾਏ ਜਾਂਦੇ ਰਹੇ ਹਨ।" ਇਹ ਦੋਸ਼ ਤਾਂ ਬੜੇ ਚਿਰਾਂ ਤੋਂ ਲੱਗਦੇ ਸਨ ਪਰ ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਦੇ ਵੀ ਨਾ ਤਾਂ ਬਣਦੇ ਮੰਨੇ ਅਤੇ ਨਾ ਰੋਕੇ ਸਨ। ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਇਹ ਗੱਲ ਕਈ ਵਾਰੀ ਕਹੀ ਸੀ ਕਿ ਅਕਾਲੀ-ਭਾਜਪਾ ਰਾਜ ਵਿਚ ਲੋਕਾਂ ਉਤੇ ਝੂਠੇ ਕੇਸ ਬਣਾਏ ਜਾਂਦੇ ਹਨ। ਸੁਖਬੀਰ ਸਿੰਘ ਬਾਦਲ ਨੇ ਇਸ ਦਾ ਲਗਾਤਾਰ ਖੰਡਨ ਕਰਦੇ ਹੋਏ ਜਦੋਂ ਗਿੱਦੜਬਾਹਾ ਜਾ ਕੇ ਮਨਪ੍ਰੀਤ ਬਾਦਲ ਦੇ ਹਲਕੇ ਵਿਚ ਲੋਕਾਂ ਉਤੇ ਝੂਠੇ ਕੇਸ ਬਣਾਏ ਜਾਣ ਦੀ ਗੱਲ ਕਹਿ ਦਿੱਤੀ ਤਾਂ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਮੌਕਾ ਮਿਲ ਗਿਆ। ਉਸ ਨੇ ਉਸੇ ਵੇਲੇ ਕਹਿ ਦਿੱਤਾ ਕਿ "ਇਸ ਨਾਲ ਸਾਡਾ ਦੋਸ਼ ਸੱਚਾ ਸਾਬਤ ਹੋ ਗਿਆ ਹੈ ਕਿ ਇਸ ਰਾਜ ਵਿਚ ਝੂਠੇ ਕੇਸ ਬਣਦੇ ਹਨ। ਹੁਣ ਮਨਪ੍ਰੀਤ ਦੇ ਵੱਖ ਹੋਣ ਪਿੱਛੋਂ ਗਿੱਦੜਬਾਹਾ ਵਿਚ ਇਹ ਕੇਸ ਬਣੇ ਮੰਨੇ ਹਨ, ਜਿਹੜੇ ਵਿਧਾਇਕ ਅਜੇ ਵੀ ਨਾਲ ਹਨ, ਉਨ੍ਹਾਂ ਦੇ ਹਲਕਿਆਂ ਬਾਰੇ ਹਾਲੇ ਨਹੀਂ ਮੰਨਦੇ, ਜੇ ਉਹ ਵੱਖ ਹੋ ਜਾਣ ਤਾਂ ਆਪੇ ਮੂੰਹੋਂ ਨਿਕਲ ਜਾਣਗੇ।"

ਦੂਜੀ ਮਿਸਾਲ ਹੈ ਬੀਰ ਦਵਿੰਦਰ ਸਿੰਘ ਦੀ ਸੁਰੱਖਿਆ ਵਾਪਸ ਲੈਣ ਦੀ ਜਿਸ ਨੂੰ ਇਸ ਦੇ ਵਿਰੁਧ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਾ ਪੈ ਗਿਆ। ਪਿਛਲੇ ਸਾਲ ਜਦੋਂ ਉਹ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋਇਆ ਸੀ, ਉਸ ਦੇ ਅੱਗੇ-ਪਿੱਛੇ ਗਾਰਦਾਂ ਵਧਾ ਦਿੱਤੀਆਂ ਗਈਆਂ ਸਨ ਕਿਉਂਕਿ ਪਾਰਲੀਮੈਂਟ ਚੋਣਾਂ ਵਿਚ 'ਘਰ ਦੇ ਭੇਤੀ' ਨੂੰ ਵਿਰੋਧੀਆਂ ਦੇ ਵਿਰੁਧ ਵਰਤਣ ਦੀ ਲੋੜ ਸੀ। ਜਦੋਂ ਪਿਛਲੇ ਮਹੀਨੇ ਉਸ ਨੇ ਇਹ ਕਹਿ ਦਿੱਤਾ ਕਿ ਉਹ ਅਕਾਲੀ ਦਲ ਛੱਡ ਰਿਹਾ ਹੈ ਤਾਂ ਉਸ ਦੀ ਫੋਰਸ ਘਟਾ ਦਿੱਤੀ ਪਰ ਜਦੋਂ ਉਸ ਨੇ ਮਨਪ੍ਰੀਤ ਬਾਦਲ ਦੇ ਨਾਲ ਜਾਣ ਦਾ ਐਲਾਨ ਕਰ ਦਿੱਤਾ, ਉਸ ਦੀ ਵੀਹਾਂ ਸਾਲਾਂ ਤੋਂ ਤੁਰੀ ਆਉਂਦੀ ਸੁਰੱਖਿਆ ਵੀ ਬੇਲੋੜੀ ਮੰਨ ਲਈ ਗਈ ਸੀ। ਬੀਰ ਦਵਿੰਦਰ ਨੇ ਹਾਈ ਕੋਰਟ ਵਿਚ ਜਾ ਅਰਜ਼ੀ ਪਾਈ ਤੇ ਜਦੋਂ ਓਥੋਂ ਸੁਰੱਖਿਆ ਬਹਾਲ ਕਰਨ ਦਾ ਹੁਕਮ ਹੋ ਗਿਆ, ਨਾਲ ਹੀ ਇਹ ਵੀ ਸਾਬਤ ਹੋ ਗਿਆ ਕਿ ਸਰਕਾਰ ਨੇ ਇਥੇ ਵੀ ਪੱਖਪਾਤ ਨਾ ਕਰਨ ਦਾ ਅਸੂਲ ਤੋੜਿਆ ਹੈ।

ਤੀਜਾ ਮਾਮਲਾ ਹੈ ਬਿਆਸ ਹਲਕੇ ਦੇ ਅਕਾਲੀ ਵਿਧਾਇਕ ਮਨਜਿੰਦਰ ਸਿੰਘ ਕੰਗ ਦਾ। ਉਸ ਵਿਧਾਇਕ ਦੇ ਆਪਣੇ ਹਲਕੇ ਵਿਚ ਉਸ ਬਾਰੇ ਜਿੰਨੇ ਚਰਚੇ ਚੱਲਦੇ ਰਹਿੰਦੇ ਹਨ, ਚੱਲਦੇ ਵੀ ਕਈ ਚਿਰਾਂ ਤੋਂ ਹਨ, ਉਨ੍ਹਾਂ ਬਾਰੇ ਸਭ ਨੂੰ ਪਤਾ ਹੈ ਪਰ ਪਿਛਲੀ ਬਾਦਲ ਸਰਕਾਰ ਵੇਲੇ ਉਸ ਨੂੰ ਇਕ ਕਾਰਪੋਰੇਸ਼ਨ ਦਾ ਚੇਅਰਮੈਨ ਲਾਉਣ ਅਤੇ ਅਗਲੀ ਵਾਰ ਚੋਣ ਲਈ ਉਸ ਨੂੰ ਪਾਰਟੀ ਟਿਕਟ ਦੇਣ ਵੇਲੇ ਬਾਦਲ ਬਾਪ-ਬੇਟੇ ਨੇ ਉਹ ਗੱਲਾਂ ਅਣਗੌਲੀਆਂ ਕਰ ਦਿੱਤੀਆਂ ਸਨ। ਇਕ ਚੰਗੇ ਅਕਸ ਵਾਲੇ ਅਕਾਲੀ ਲੀਡਰ ਦੀ ਥਾਂ ਉਸ ਨੂੰ ਟਿਕਟ ਦੇਣ ਵੇਲੇ ਬਾਦਲ ਪਰਿਵਾਰ ਦਾ ਨੇੜੇ ਦਾ ਰਿਸ਼ਤੇਦਾਰ ਵੀ ਪ੍ਰਚਾਰਿਆ ਗਿਆ ਪਰ ਹੁਣ ਜਦੋਂ ਉਸ ਨੇ ਮਨਪ੍ਰੀਤ ਬਾਦਲ ਨਾਲ ਜਾਣ ਦਾ ਐਲਾਨ ਕਰ ਦਿੱਤਾ ਹੈ ਤਾਂ ਉਸ ਦੇ ਪੋਤੜੇ ਵੀ ਫੋਲੇ ਜਾ ਰਹੇ ਹਨ। ਉਸ ਦੀ ਸੁਰੱਖਿਆ ਘਟਾ ਦਿੱਤੀ ਗਈ ਤਾਂ ਉਸ ਨੂੰ ਹਾਈ ਕੋਰਟ ਵਿਚੋਂ ਜਾ ਕੇ ਹੁਕਮ ਲਿਆਉਣੇ ਪੈ ਗਏ। ਫਿਰ ਉਸ ਦਾ ਇਹ ਕੇਸ ਨਿਕਲ ਆਇਆ ਜਾਂ ਉਸ ਦੇ ਆਪਣੇ ਮੂੰਹੋਂ ਨਿਕਲ ਗਿਆ ਕਿ ਫ਼ਲਾਣਾ ਬੰਦਾ 'ਅਤਿਵਾਦੀ' ਸੀ ਅਤੇ ਕੰਗ ਦੇ ਪਿਤਾ ਨੇ ਉਸ ਨੂੰ ਮਾਰਿਆ ਹੋਣ ਕਰਕੇ ਪੂਰੇ ਕੰਗ ਪਰਿਵਾਰ ਨੂੰ ਆਪਣੀ ਜਾਨ ਦਾ ਖ਼ਤਰਾ ਹੈ। ਮਰਨ ਵਾਲੇ ਦੇ ਪਰਿਵਾਰ ਤੋਂ ਮਜੀਠਾ ਹਲਕੇ ਦੇ ਅਕਾਲੀ ਵਿਧਾਇਕ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਾਲੇ ਬਿਕਰਮਜੀਤ ਸਿੰਘ ਮਜੀਠੀਆ ਨੇ ਪ੍ਰੈਸ ਕਾਰਨਫਰੰਸ ਕਰਵਾ ਦਿੱਤੀ ਕਿ ਕੰਗ ਦੇ ਖ਼ਿਲਾਫ਼ ਕਤਲ ਦਾ ਮੁਕੱਦਮਾ ਚੱਲਣਾ ਚਾਹੀਦਾ ਹੈ। ਮੁਕੱਦਮਾ ਜੇ ਬਣਦਾ ਹੈ ਤਾਂ ਜ਼ਰੂਰ ਬਣਾ ਦੇਣ ਪਰ ਉਹ ਇਸ ਗੱਲ ਦਾ ਚੇਤਾ ਵੀ ਰੱਖਣ ਕਿ ਓਸੇ ਮਨਜਿੰਦਰ ਕੰਗ ਦੇ ਪਰਿਵਾਰ ਨੂੰ ਓਸੇ ਮਾਮਲੇ ਵਿਚ 'ਸ਼ੌਰੀਆ ਚੱਕਰ' ਦਾ ਬਹਾਦਰੀ ਇਨਾਮ ਜਦੋਂ ਭਾਰਤ ਸਰਕਾਰ ਤੋਂ ਮਿਲਿਆ ਸੀ, ਉਹ ਵੀ ਬਾਦਲ ਸਰਕਾਰ ਨੇ ਹੀ ਵਾਜਪਾਈ ਸਰਕਾਰ ਤੋਂ ਦਿਵਾਇਆ ਸੀ। ਕੱਲ੍ਹ ਤਕ ਉਹ 'ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨੀ ਕਰਨ ਵਾਲਾ ਹੀਰੋ' ਬਣਾਇਆ ਪਿਆ ਸੀ, ਹੁਣ ਉਸੇ ਨੂੰ ਕਾਤਲ ਸਾਬਤ ਕਰਨ ਤੁਰ ਪਏ ਹਨ ਤਾਂ ਲੋਕ ਕਿਵੇਂ ਨਾ ਗੱਲਾਂ ਕਰਨਗੇ?



ਹੁਣ ਉਹ ਗੱਲਾਂ ਨਹੀਂ:ਬੀਰ ਦਵਿੰਦਰ ਸਿੰਘ ਦੇ ਅਕਾਲੀ ਦਲ 'ਚ ਸ਼ਾਮਲ ਹੋਣ ਸਮੇਂ ਫੁੱਲ ਦੇ ਕੇ ਉਨ੍ਹਾਂ ਦਾ ਸਵਾਗਤ ਕਰਦੇ ਹੋਏ ਸੁਖਬੀਰ ਸਿੰਘ ਬਾਦਲ

ਹੁਣ ਆਈਏ ਇਕ ਨਵੀਂ ਖ਼ਬਰ ਵੱਲ, ਜਿਹੜੀ ਉਸੇ ਮਨਜਿੰਦਰ ਸਿੰਘ ਕੰਗ ਵਿਰੁਧ ਭ੍ਰਿਸ਼ਟਾਚਾਰ ਦੇ ਕੇਸ ਨਾਲ ਸਬੰਧਤ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਆਪਣੇ ਪਹਿਲੇ ਸਾਲ ਵਿਚ ਜਿਨ੍ਹਾਂ ਲੋਕਾਂ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਮੁਕੱਦਮੇ ਬਣਾਏ ਸਨ, ਉਨ੍ਹਾਂ ਵਿਚ ਮਨਜਿੰਦਰ ਕੰਗ ਵੀ ਸ਼ਾਮਲ ਸੀ ਅਤੇ ਉਸ ਨੂੰ ਕਈ ਦਿਨ ਸੀ.ਆਈ.ਏ. ਸਟਾਫ਼ ਦੀ ਮਹਿਮਾਨ-ਨਿਵਾਜ਼ੀ ਵੀ ਮਾਣਨੀ ਪਈ ਸੀ। ਪੰਜਾਂ ਸਾਲਾਂ ਬਾਅਦ ਕੈਪਟਨ ਸਰਕਾਰ ਜਾਂਦੀ ਰਹੀ ਅਤੇ ਮੁੜ ਕੇ ਬਾਦਲ ਸਾਹਿਬ ਦੀ ਅਕਾਲੀ-ਭਾਜਪਾ ਸਰਕਾਰ ਆ ਗਈ। ਅਮਰਿੰਦਰ ਸਿੰਘ ਦੇ ਵਕਤ ਬਣੇ ਮੁਕੱਦਮਿਆਂ ਦੀ ਮੁੜ ਕੇ ਸਮੀਖਿਆ ਹੋਣ ਲੱਗੀ ਅਤੇ ਕਈ ਕੇਸ ਵਾਪਸ ਲੈਣ ਦੀ ਕਾਰਵਾਈ ਅਰੰਭ ਦਿੱਤੀ ਗਈ। ਮਨਜਿੰਦਰ ਸਿੰਘ ਕੰਗ ਦਾ ਮਾਮਲਾ ਵੀ ਇਨ੍ਹਾਂ ਵਿਚ ਸ਼ਾਮਲ ਸੀ ਅਤੇ ਇਸ ਦੀ ਕਲੋਜ਼ਰ ਰਿਪੋਰਟ ਦਿੱਤੀ ਜਾ ਚੁੱਕੀ ਸੀ ਜਿਸ ਦਾ ਭਾਵ ਸੀ ਕਿ ਪੰਜਾਬ ਦੀ ਮੌਜੂਦਾ ਸਰਕਾਰ ਇਹ ਸਮਝਦੀ ਹੈ ਕਿ ਇਹ ਮੁਕੱਦਮਾ ਚਲਾਉਣ ਲਈ ਯੋਗ ਆਧਾਰ ਹੀ ਨਹੀਂ ਹੈ। ਜਦੋਂ ਮਨਜਿੰਦਰ ਕੰਗ ਨੇ ਮਨਪ੍ਰੀਤ ਬਾਦਲ ਦੇ ਨਾਲ ਜਾਣ ਦਾ ਫ਼ੈਸਲਾ ਕਰ ਲਿਆ ਤਾਂ ਉਸ ਦੇ ਕੇਸ ਦੀ 'ਸਮੀਖਿਆ' ਦੀ ਵੀ ਇਕ ਹੋਰ 'ਸਮੀਖਿਆ' ਕਰ ਕੇ ਅਕਾਲੀ-ਭਾਜਪਾ ਸਰਕਾਰ ਨੇ ਆਪਣਾ ਇਰਾਦਾ ਬਦਲ ਲਿਆ ਅਤੇ ਹੁਣ 24 ਦਸੰਬਰ ਨੂੰ ਮੁਕੱਦਮਾ ਬੰਦ ਕਰਨ ਵਾਲੀ ਪਹਿਲੀ ਕਲੋਜ਼ਰ ਰਿਪੋਰਟ ਵਾਪਸ ਲੈ ਲਈ ਗਈ ਹੈ। ਕਮਾਲ ਦੀ ਗੱਲ ਇਹ ਕਿ ਜਿਹੜੇ ਵਿਜੀਲੈਂਸ ਮਹਿਕਮੇ ਨੇ ਕੈਪਟਨ ਅਮਰਿੰਦਰ ਸਿੰਘ ਦੇ ਵਕਤ ਕੇਸ ਬਣਾਇਆ, ਉਸੇ ਨੇ ਇਹ ਰਿਪੋਰਟ ਬਾਦਲ ਸਰਕਾਰ ਵੇਲੇ ਦਿੱਤੀ ਕਿ ਕੇਸ ਵਾਪਸ ਲੈ ਲੈਣਾ ਬਣਦਾ ਹੈ ਅਤੇ ਬਾਦਲ ਸਰਕਾਰ ਨੇ ਹਾਈ ਕੋਰਟ ਵਿਚ ਕਲੋਜ਼ਰ ਰਿਪੋਰਟ ਦੇ ਦਿੱਤੀ ਪਰ ਹੁਣ ਉਹੋ ਬਾਦਲ ਸਰਕਾਰ ਇਸ ਕੇਸ ਨੂੰ ਬੰਦ ਕਰਨ ਦੀ ਅਰਜ਼ੀ ਵਾਪਸ ਲੈ ਰਹੀ ਹੈ ਤਾਂ ਇਸ ਨੂੰ 'ਨੰਗਾ-ਚਿੱਟਾ ਪੱਖਪਾਤ' ਕਿੱਦਾਂ ਨਾ ਕਿਹਾ ਜਾਵੇਗਾ?

ਸਰਕਾਰਾਂ ਚਲਾਉਣ ਲਈ ਸਹੁੰ ਸੰਵਿਧਾਨ ਦੀ ਖਾਧੀ ਜਾਂਦੀ ਹੈ ਅਤੇ ਕਿਹਾ ਇਹ ਜਾਂਦਾ ਹੈ ਕਿ ਰਾਜ ਪ੍ਰਬੰਧ ਦੇ ਫ਼ਰਜ਼ ਨਿਭਾਉਂਦਿਆਂ ਕਿਸੇ ਨਾਲ ਕੋਈ ਪੱਖਪਾਤ ਨਹੀਂ ਕੀਤਾ ਜਾਵੇਗਾ ਪਰ ਪੱਖਪਾਤ ਇੰਨਾ ਜ਼ਿਆਦਾ ਹੁੰਦਾ ਹੈ ਕਿ ਉਸ ਤੋਂ ਪਰਾਏ ਹੀ ਨਹੀਂ, ਆਪਣੇ ਵੀ ਰਾਜਸੀ ਤੌਰ 'ਤੇ ਬਲੈਕਮੇਲ ਕੀਤੇ ਜਾ ਰਹੇ ਜਾਪਦੇ ਹਨ। ਜੇ ਚੁੱਕੀ ਗਈ ਸਹੁੰ ਦਾ ਸਤਿਕਾਰ ਹੀ ਕਿਸੇ ਨੇ ਨਹੀਂ ਕਰਨਾ ਤਾਂ ਇਸ ਰਸਮ ਦੀ ਲੋੜ ਵੀ ਕੀ ਰਹਿ ਜਾਂਦੀ ਹੈ?



ਫਾਈਲ ਫੋਟੋ:ਮਨਪ੍ਰੀਤ ਸਿੰਘ ਬਾਦਲ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ

# ਬਾਦਲ ਸਰਕਾਰ ਨੇ ਫੜਾਂ ਮਾਰਨ ਤੋਂ ਬਗੈਰ ਕੁਝ ਨਹੀਂ ਕੀਤਾ:ਅਮਰਿੰਦਰ

**ਫਤਿਹਗੜ੍ਹ ਸਾਹਿਬ (ਪੰਜਾਬੀ ਟਾਈਮਜ਼ ਬਿਊਰੋ:** ਸ਼ਹੀਦੀ ਜੋੜ ਮੇਲੇ ਮੌਕੇ ਕਾਂਗਰਸ ਨੇ ਸੱਤਾਧਾਰੀ ਅਕਾਲੀ-ਭਾਜਪਾ ਨੂੰ ਚੰਗੇ ਰਗੜੇ ਲਾਏ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀ ਤਿੱਖੀ ਅਲੋਚਨਾ ਕਰਦਿਆਂ ਇਸ ਨੂੰ ਇਤਿਹਾਸ ਵਿਚ ਹੁਣ ਤੱਕ ਦੀ ਸਭ ਤੋਂ ਨਿਕੰਮੀ ਸਰਕਾਰ ਕਰਾਰ ਦਿੱਤਾ ਤੇ ਕਿਹਾ ਕਿ ਫੜ੍ਹਾਂ ਮਾਰਨ ਤੋਂ ਇਲਾਵਾ ਬਾਦਲ ਦੇ ਪੱਲੇ ਕੁਝ ਵੀ ਨਹੀਂ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਕਹਿਣੀ ਤੇ ਕਰਨੀ ਦੀ ਪਰਿਪੱਕ ਹੈ ਇਸ ਨੇ ਫਤਹਿਗੜ੍ਹ ਸਾਹਿਬ ਤੇ ਮੁਕਤਸਰ ਨੂੰ ਜ਼ਿਲ੍ਹਿਆਂ ਦਾ ਦਰਜਾ ਦਿੱਤਾ, ਚਾਰ ਯਾਦਗਾਰੀ ਗੇਟ ਬਣਵਾਏ ਤੇ ਸ਼ਤਾਬਦੀਆਂ ਮਨਾਈਆਂ ਜਦੋਂਕਿ ਇਸ ਦੇ ਮੁਕਾਬਲੇ ਅਕਾਲੀ ਦਲ ਦੀ ਸਰਕਾਰ ਬਣਦੇ ਹੀ ਮਹਿਜ਼ ਐਲਾਨ ਹੀ ਕੀਤੇ ਗਏ ਤੇ ਅਮਲੀ ਤੌਰ ‘ਤੇ ਕੁਝ ਵੀ ਨਹੀਂ ਕੀਤਾ ਗਿਆ ਜਿਸ ਕਰਕੇ ਪੰਜਾਬ ਆਰਥਿਕ ਪੱਖੋਂ ਤਬਾਹ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹਕੂਮਤਾਂ ਲੋਕਾਂ ਦੀ ਬਿਹਤਰੀ ਲਈ ਹੁੰਦੀਆਂ



***ਕਾਨਫਰੰਸ ਦੌਰਾਨ ਸਟੇਜ ’ਤੇ ਬੈਠੇ ਕੈਪਟਨ ਅਮਰਿੰਦਰ ਸਿੰਘ, ਸ਼ਮਸ਼ੇਰ ਸਿੰਘ ਦੂਲੋਂ, ਹਰਬੰਸ ਲਾਲ, ਬਲਬੀਰ ਸਿੱਧੂ ਤੇ ਹੋਰ***

ਹਨ ਪਰ ਬਾਦਲ ਨੇ ਤਾਂ ਆਪਣੇ ਟੱਬਰ ਦੀ ਬਿਹਤਰੀ ਤੋਂ ਇਲਾਵਾ ਹੋਰ ਕੁਝ ਨਹੀਂ ਕੀਤਾ। ਇਸੇ ਲਈ ਹੁਣ ਪੰਜਾਬ ਵਿਚ ਰੇਤਾ 8 ਰੁਪਏ ਕਿਲੋ ਵਿਕ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਵਰਕਰਾਂ ਖ਼ਿਲਾਫ਼ ਝੂਠੇ ਮੁਕੱਦਮੇ ਬਣਾਉਣ ਵਾਲੇ ਨੇਤਾਵਾਂ ਤੇ ਅਫ਼ਸਰਾਂ ਨਾਲ ਸੱਤਾ ‘ਚ ਆਉਂਦਿਆਂ ਹੀ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

ਰਾਜ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਸਮੇਂ ਪੰਜਾਬ ਦੇ ਕਿਸਾਨਾਂ ਨੂੰ ਇਕ ਦਿਨ ਵੀ ਆਪਣੀ ਜਿਣਸ ਵੇਚਣ ਲਈ ਉਡੀਕ ਨਹੀਂ ਸੀ ਕਰਨੀ ਪਈ ਤੇ 24 ਘੰਟੇ ਦੇ ਅੰਦਰ-ਅੰਦਰ ਅਦਾਇਗੀ ਹੁੰਦੀ ਰਹੀ ਸੀ ਪਰ ਹੁਣ ‘ਕਿਸਾਨ ਹਿਤੂ’ ਅਖਵਾਉਣ ਵਾਲੀ ਸਰਕਾਰ ਦੇ ਰਾਜ ਵਿਚ ਕਿਸਾਨਾਂ ਨੂੰ ਕਈ ਕਈ ਦਿਨ ਮੰਡੀਆਂ ਵਿਚ ਰੁਲਣ ਲਈ ਮਜਬੂਰ ਹੋਣਾ ਪਿਆ ਤੇ ਮਜਬੂਰ ਹੋ ਕੇ ਆਪਣੀ ਜਿਣਸ ਗੁਆਂਢੀ ਸੂਬੇ ਹਰਿਆਣਾ ਵਿਚ ਜਾ ਕੇ ਵੇਚਣੀ ਪਈ। ਉਨ੍ਹਾਂ ਕਿਹਾ ਕਿ ਟੀ.ਵੀ. ਚੈਨਲਾਂ, ਕੇਬਲ, ਸ਼ਰਾਬ ਦੇ ਠੇਕਿਆਂ, ਟਰਾਂਸਪੋਰਟ ਅਤੇ ਨਹਿਰਾਂ ‘ਤੇ ਬਾਦਲਕਿਆਂ ਦਾ ਕਬਜ਼ਾ ਹੈ ਤੇ ਉਹ ਦੋਵੇਂ ਹੱਥੀਂ ਲੋਕਾਂ ਨੂੰ ਲੁੱਟਣ ਲੱਗੇ ਹੋਏ ਹਨ। ਪੰਜਾਬ ਦੀ 2 ਕਰੋੜ 44 ਲੱਖ ਦੀ ਅਬਾਦੀ ਵਿਚੋਂ 44 ਲੱਖ ਨੌਜਵਾਨ ਬੇਰੁਜ਼ਗਾਰ ਹਨ।

ਪੰਜਾਬ ਵਿਧਾਨ ਸਭਾ ਦੀ ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਥੇਦਾਰਾਂ ਨੂੰ ਇਹ ਹੁਕਮ ਗੁਰੂ ਦੀ ਗੋਲਕ ਚੋਰੀ ਕਰਨ ਵਾਲੇ ਲੋਕਾਂ ‘ਤੇ ਲਾਗੂ ਕਰਨੇ ਚਾਹੀਦੇ ਸਨ ਜਿਹੜੇ ਗੁਰਦੁਆਰਿਆਂ ਵਿਚ ਬੈਠ ਕੇ ਸਿਆਸੀ ਰੋਟੀਆਂ ਸੇਕਦੇ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਮੌਜੂਦਾ ਸਰਕਾਰ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਇਸ ਨੇ ਪੰਜਾਬ ਦੇ ਭਲੇ ਲਈ ਕੁਝ ਨਹੀਂ ਕੀਤਾ ਸਗੋਂ ਧਰਮ ਦੀ ਆੜ ਹੇਠ ਰਾਜਸੀ ਰੋਟੀਆਂ ਸੇਕਣ ਦਾ ਯਤਨ ਕੀਤਾ। ਅਮਲੋਹ ਹਲਕੇ ਦੇ ਵਿਧਾਇਕ ਸਾਧੂ ਸਿੰਘ ਧਰਮਸੋਤ, ਸਰਹਿੰਦ ਹਲਕੇ ਦੇ ਸਾਬਕਾ ਵਿਧਾਇਕ ਡਾ. ਹਰਬੰਸ ਲਾਲ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਲਖਵੀਰ ਸਿੰਘ ਰਾਏ ਐਡਵੋਕੇਟ ਨੇ ਵੀ ਸਰਕਾਰ ਦੀ ਅਲੋਚਨਾ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਵਿਧਾਇਕ ਹਰਬੰਸ ਕੌਰ ਦੂਲੋਂ, ਜ਼ਿਲਾ ਯੂਥ ਕਾਂਗਰਸ ਦੇ ਪ੍ਰਧਾਨ ਸੰਦੀਪ ਵਰਮਾ, ਅਮ੍ਰਿਤਪਾਲ ਸਿੰਘ ਟਿਵਾਣਾ ਆਦਿ ਆਗੂ ਵੀ ਹਾਜ਼ਰ ਸਨ।

# ਕਾਂਗਰਸ ਗੁਰਦੁਆਰਿਆਂ ‘ਤੇ ਕਬਜ਼ਾ ਕਰਨ ਦੀ ਤਾਕ ‘ਚ: ਬਾਦਲ

**ਫਤਿਹਗੜ੍ਹ ਸਾਹਿਬ (ਪੰਜਾਬੀ ਟਾਈਮਜ਼ ਬਿਊਰੋ):** ਸ਼ਹੀਦੀ ਜੋੜ ਮੇਲੇ ਮੌਕੇ ਕਰਵਾਈ ਅਕਾਲੀ ਕਾਨਫਰੰਸ ‘ਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਨੂੰ ਟਿੱਚ ਜਾਣਦਿਆਂ ਜਿੱਥੇ ਪੰਜਾਬ ਤੇ ਕੇਂਦਰ ਦੀ ਕਾਂਗਰਸ ਪਾਰਟੀ ਨੂੰ ਹਰ ਪੱਖੋਂ ਭੰਡਿਆ ਉਥੇ ਪੰਜਾਬ ਵਾਸੀਆਂ ਨੂੰ ਹੋਕਾ ਦਿੱਤਾ ਕਿ ਗੁਰਧਾਮਾਂ ਦੇ ਪ੍ਰਬੰਧ ਤੇ ਪੰਜਾਬ ਦੀ ਸੱਤਾ ਨੂੰ ਕਾਂਗਰਸ ਦੇ ਸ਼ਿਕੰਜੇ ਤੋਂ ਬਚਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇ। ਅਕਾਲੀ ਆਗੂਆਂ ਨੇ ਕਿਹਾ ਕਿ ਸਿੱਖ ਸੰਗਤਾਂ ਨੇ ਗੁਰਧਾਮਾਂ ਨੂੰ ਕੁਰਬਾਨੀਆਂ ਦੇ ਕੇ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਵਾਇਆ ਸੀ ਤੇ ਹੁਣ ਕਾਂਗਰਸ ਤੇ ਇਸ ਦੇ ਏਜੰਟ ਜਨਤਾ ਨੂੰ ਗੁੰਮਰਾਹ ਕਰਕੇ ਇਨ੍ਹਾਂ ਗੁਰਧਾਮਾਂ ਉਤੇ ਕਬਜ਼ੇ ਕਰਨ ਦੀਆਂ ਚਾਲਾਂ ਚੱਲ ਰਹੇ ਹਨ ਜਿਨ੍ਹਾਂ ਤੋਂ ਬਚਣ ਦੀ ਲੋੜ ਹੈ।

ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ ਵਿਚ ਸ਼ਹੀਦੀ ਜੋੜ ਮੇਲੇ ਮੌਕੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਕਿ ਪੰਜਾਬ ਨੂੰ ਗਰਕ ਕਰਨ ਵਾਲੀ ਕਾਂਗਰਸ ਹੁਣ ਅਕਾਲੀ ਦਲ ਨੂੰ ਦੋਫਾੜ ਕਰਨ ਲਈ ਨਵੇਂ ਤੋਂ ਨਵੇਂ ਹੱਥਕੰਡੇ ਵਰਤ ਰਹੀ ਹੈ। ਉਨ੍ਹਾਂ ਸ੍ਰੀ ਸੁਰਜੀਤ ਸਿੰਘ ਬਰਨਾਲਾ ਦਾ ਨਾਂ ਲਏ ਬਿਨਾਂ ਆਖਿਆ ਕਿ ਪੰਜਾਬ ਅੰਦਰ ਕਈ ਅਜਿਹੇ ਸਿੱਖ ਵੀ ਹਨ ਜੋ ਕਾਂਗਰਸ ਤੋਂ ਆਪਣੇ ਮੁਫ਼ਾਦ ਲਈ ਕਦੇ ਗਵਰਨਰੀਆਂ ਲੈਂਦੇ ਹਨ ਤੇ ਕਦੇ ਹੋਰ ਅਹੁਦੇ। ਸਰਨਾ ਭਰਾਵਾਂ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਦਿੱਲੀ ਵਿਚ ਬੈਠੇ



***ਸ. ਪਰਕਾਸ਼ ਸਿੰਘ ਬਾਦਲ ਸ਼ਹੀਦੀ ਜੋੜ ਮੇਲ ਮੌਕੇ ਸ਼ਹੀਦੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ। ਮੰਚ ‘ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਮੱਕੜ ਅਤੇ ਹੋਰ ਸੀਨੀਅਰ ਆਗੂ***

ਹਨ ਤੇ ਕਾਂਗਰਸ ਦੇ ਇਸ਼ਾਰਿਆਂ ਉਤੇ ਪੰਜਾਬ, ਹਰਿਆਣਾ ਵਿਚਲੇ ਗੁਰਧਾਮਾਂ ‘ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਉਨ੍ਹਾਂ ਪੰਜਾਬ ਦੇ ਪਾਣੀਆਂ ਦੀ ਗੱਲ ਕਰਦਿਆਂ ਕਿਹਾ ਕਿ ਦਰਿਆਵਾਂ ਦਾ ਪਾਣੀ ਕਾਂਗਰਸ ਨੇ ਹੀ ਖੋਹਿਆ ਹੈ ਤੇ ਇਸੇ ਪਾਰਟੀ ਨੇ ਮੁਗਲ ਸਾਮਰਾਜ ਤੋਂ ਵੱਧ ਜਬਰ ਜ਼ੁਲਮ ਸਿੱਖਾਂ ‘ਤੇ ਕੀਤੇ ਹਨ।

ਸ੍ਰੀ ਬਾਦਲ ਨੇ ਕਿਹਾ ਕਿ ਜਿਹੜੀ ਕਾਂਗਰਸ ਪਾਰਟੀ ਸੱਤਾ ਵਿਚ ਹੁੰਦਿਆਂ ਦੇਸ਼ ਦੀ ਇੱਜ਼ਤ ਨਹੀਂ ਬਚਾ ਸਕਦੀ ਉਹ ਪੰਜਾਬ ਦੇ ਲੋਕਾਂ ਨੂੰ ਕਿਵੇਂ ਬਚਾ ਸਕੇਗੀ। ਕੈਪਟਨ ਅਮਰਿੰਦਰ ਸਿੰਘ ਬਾਰੇ ਉਨ੍ਹਾਂ ਬੜੇ ਪਿਆਰ ਨਾਲ ਆਖਿਆ ਕਿ ਰਾਜਾ ਸਾਡਾ ਸਤਿਕਾਰਯੋਗ ਵੀਰ ਹੈ। ਪਹਿਲਾਂ ਤਾਂ ਚਾਰ ਸਾਲ ਇਥੇ ਕਿਤੇ ਦਿਖਿਆ ਨਹੀਂ। ਕਦੇ ਇਹ ਵਿਦੇਸ਼ਾਂ ਵਿਚ ਤੇ ਕਦੇ ਪਹਾੜਾਂ ਦੀ ਸੈਰ ਕਰਦਾ ਰਿਹਾ। ਹੁਣ ਪਤਾ ਨਹੀਂ ਕਿਹੜੀ ਖੁੱਡ ਵਿਚੋਂ ਨਿਕਲ ਆਇਆ ਹੈ ਜਿਹੜਾ ਕਹਿੰਦਾ ਹੈ ਕਿ ਅਕਾਲੀਆਂ ਦਾ ਇਥੋਂ ਸਫਾਇਆ ਕਰ ਦੇਣਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਛੋਟੇ ਸਾਹਿਬਜ਼ਾਦਿਆਂ, ਵੱਡੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਤੇ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਵਿਚ ਨਿਘਾਰ ਆ ਚੁੱਕਾ ਹੈ ਤੇ ਇਹ ਪੀੜ੍ਹੀ ਨਸ਼ਿਆਂ ਵਿਚ ਗਲਤਾਨ ਹੁੰਦੀ ਜਾ ਰਹੀ ਹੈ। ਬੱਚਿਆਂ ਦੇ ਭਵਿੱਖ ਦੀ ਸਿਰਜਣਾ ਦੀ ਜ਼ਿੰਮੇਵਾਰੀ ਨੂੰ ਸਮਝਣਾ ਚਾਹੀਦਾ ਹੈ ਤੇ ਇਸ ਨੂੰ ਸੰਜੀਦਗੀ ਨਾਲ ਲੈਣਾ ਹੈ।

ਇਸ ਮੌਕੇ ਹਰਿਆਣਾ ਤੋਂ ਕਰਤਾਰ ਸਿੰਘ ਟੱਕਰ ਨੇ ਸਟੇਜ ‘ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।

## ਏਸ਼ੀਆ ਖਿਤੇ ‘ਚ ਅਮਨ ਕਾਇਮ ਰੱਖਣ ਲਈ ਖਾਲਿਸਤਾਨ ਦੀ ਹੋਂਦ ਜ਼ਰੂਰੀ: ਮਾਨ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦੀ ਜੋੜ ਮੇਲੇ ਦੀ ਕਾਨਫਰੰਸ ਮੌਕੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਪੰਜਾਬੀਆਂ ਤੇ ਸਿੱਖ ਕੌਮ ਦੀਆਂ ਸਮੂਹ ਮੁਸ਼ਕਲਾਂ ਦਾ ਇਕੋ ਇਕ ਹੱਲ ‘ਖਾਲਿਸਤਾਨ’ ਹੈ ਤੇ ਏਸ਼ੀਆ ਖ਼ਿੱਤੇ ਦੇ ਅਮਨ ਨੂੰ ਕਾਇਮ ਰੱਖਣ ਹਿੱਤ ਬਫਰ ਸਟੇਟ ਵਜੋਂ ‘ਖਾਲਿਸਤਾਨ’ ਕਾਇਮ ਕੀਤਾ ਜਾਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਵਿਚ ਜਿਥੇ ਵੀ ਕਿਸੇ ਕੌਮ ਦੀ ਨਸਲਕੁਸ਼ੀ ਹੋਈ ਉਨ੍ਹਾਂ ਕੌਮਾਂ ਦੇ ਰਾਜ ਤੇ ਮੁਲਕ ਹੋਂਦ ਵਿਚ ਆਏ। ਉਨ੍ਹਾਂ ਕਿਹਾ ਕਿ 1947 ਵਿਚ ਸਿੱਖ ਕੌਮ ਦੀ ਹੁਣ ਤੱਕ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਨਸਲਕੁਸ਼ੀ ਹੋਈ ਤੇ ਇਹ ਹਿੰਦੂਤਵ ਹਕੂਮਤ ਵੱਲੋਂ ਅੱਜ ਵੀ ਜਾਰੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਖ਼ਾਲਿਸਤਾਨ ਵਿਚ ਸਭ ਕੌਮਾਂ, ਧਰਮਾਂ, ਫਿਰਕਿਆਂ, ਰੰਗ, ਨਸਲ ਆਦਿ ਨਾਲ ਬਰਾਬਰ ਦਾ ਵਿਹਾਰ ਕੀਤਾ ਜਾਵੇਗਾ। ਉਨ੍ਹਾਂ ਦਸਤਾਰ ਦੇ ਮੁੱਦੇ ਉਤੇ ਰਾਜਨੀਤਕ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਇਹ ਸਭ ਜਮਾਤਾਂ ਤੇ ਆਗੂ ਸਿੱਖ ਕੌਮ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਅਸਫ਼ਲ ਰਹੇ ਹਨ।

ਸ. ਮਾਨ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਨੂੰ ਦਸਤਾਰ ਦੀ ਇਤਿਹਾਸਕ ਤੇ ਸਭਿਆਚਾਰਕ ਜਾਣਕਾਰੀ ਨਹੀਂ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ’84 ਦੇ ਕਤਲੇਆਮ ਬਾਰੇ ਪਾਰਲੀਮੈਂਟ ਵਿਚ ‘ਮੁਆਫ਼ੀ ਮਤਾ’ ਪਾਸ ਕਰੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਬੀਤੇ 62 ਸਾਲਾਂ ਤੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਹੈਡਵਰਕਸ ਤੇ ਪੰਜਾਬੀ ਬੋਲਦੇ ਇਲਾਕੇ ਜੋ ਪੰਜਾਬ ਦੇ ਕੰਟਰੋਲ ਤੋਂ ਬਾਹਰ ਰੱਖੇ ਗਏ ਹਨ, ਉਨ੍ਹਾਂ ਨੂੰ ਪੰਜਾਬ ਦੇ ਹਵਾਲੇ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਬਾਦਲ ਹਕੂਮਤ ਕਿਸਾਨਾਂ, ਮੁਲਾਜ਼ਮਾਂ, ਮਜ਼ਦੂਰਾਂ ਤੇ ਵਿਦਿਆਰਥੀਆਂ ਨਾਲ ਗੈਰ-ਵਿਧਾਨਕ ਤਰੀਕੇ ਪੇਸ਼ ਆ ਕੇ ਸਮਾਜਿਕ ਕਦਰਾਂ-ਕੀਮਤਾਂ ਦਾ ਜਨਾਜ਼ਾ ਕੱਢ ਰਹੀ ਹੈ। ਇਸ ਇਕੱਠ ਵਿਚ 14 ਮਤੇ ਪਾਸ ਕੀਤੇ ਜਿਨ੍ਹਾਂ ’ਚ ਬੱਫ਼ਰ ਸਟੇਟ ਕਾਇਮ ਕਰਨ, ਦਹਿਸ਼ਤਗਰਦੀ ਨੂੰ ਕਾਬੂ ਕਰਨ, ਦਸਤਾਰ ਦੇ ਮਸਲੇ ਹੱਲ ਕਰਨ, ਪੰਜਾਬ ਤੇ ਗੁਆਂਢੀ ਸੂਬਿਆਂ ਨੂੰ ਨੋ ਫਲਾਈ ਜ਼ੋਨ ਐਲਾਨ ਕਰਨਾ ਸ਼ਾਮਲ ਸਨ।



***ਕਾਨਫਰੰਸ ਦੌਰਾਨ ਸੰਬੋਧਨ ਕਰਦੇ ਹੋਏ ਸ. ਸਿਮਰਨਜੀਤ ਸਿੰਘ ਮਾਨ***

# ਸਿੱਖ ਕੌਮ ਨੂੰ ਆਜ਼ਾਦੀ ਲਈ ਹੰਭਲਾ ਮਾਰਨ ਦਾ ਸੱਦਾ

**ਫਤਿਹਗੜ੍ਹ ਸਾਹਿਬ:** ਸ਼ਹੀਦੀ ਜੋੜ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਖ਼ਾਲਸਾ ਐਕਸ਼ਨ ਕਮੇਟੀ, ਦਲ ਖਾਲਸਾ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਆਗੂਆਂ ਨੇ ਸਾਂਝੀ ਕਾਨਫਰੰਸ ਕੀਤੀ। ਇਨ੍ਹਾਂ ਪੰਥਕ ਆਗੂਆਂ ਨੇ ਇਲਜ਼ਾਮ ਲਗਾਇਆ ਕਿ ਅਕਾਲੀ ਦਲ (ਬਾਦਲ) ਤੇ ਕਾਂਗਰਸ ਨੇ ਪੰਜਾਬ ਦੀ ਰਾਜਨੀਤੀ ਦਾ ਅਪਰਾਧੀਕਰਨ ਤੇ ਵਪਾਰੀਕਰਨ ਕਰ ਦਿੱਤਾ ਹੈ। ਪੰਚ ਪ੍ਰਧਾਨੀ ਦੇ ਸਕੱਤਰ ਜਨਰਲ ਭਾਈ ਹਰਪਾਲ ਸਿੰਘ ਚੀਮਾ ਨੇ ਸੱਦਾ ਦਿੱਤਾ ਕਿ ਸਮੁੱਚੀ ਕੌਮ ਸ਼ਹੀਦਾਂ ਤੋਂ ਸੇਧ ਲੈਂਦਿਆਂ ਗੁਲਾਮੀ ਦੀ ਮਾਨਸਿਕਤਾ ਛੱਡ ਕੇ ਆਜ਼ਾਦੀ ਦਾ ਰਾਹ ਚੁਣੇ। ਇਸ ਤਰ੍ਹਾਂ ਸ਼ਹੀਦਾਂ ਦੇ ਮਿਸ਼ਨ ਨੂੰ ਅੰਜਾਮ ਤੱਕ ਪਹੁੰਚਾਉਣਾ ਹੀ ਉਨ੍ਹਾਂ ਨੂੰ ਸੱਚੀ ਸਰਧਾਂਜਲੀ ਹੋਵੇਗੀ।

ਦਲ ਖ਼ਾਲਸਾ ਦੇ ਹਰਚਰਨਜੀਤ ਸਿੰਘ ਧਾਮੀ ਨੇ ਬਾਦਲਾਂ ‘ਤੇ ਸ਼੍ਰੋਮਣੀ ਕਮੇਟੀ ਦੀ ਸੁਤੰਤਰ ਹਸਤੀ ਨੂੰ ਖੋਰਾ ਲਗਾਉਣ ਦਾ ਦੋਸ਼ ਲਗਾਇਆ। ਭਾਈ ਕੰਵਰਪਾਲ ਸਿੰਘ ਬਿੱਟੂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਤੇ ਮਨਪ੍ਰੀਤ ਸਿੰਘ ਬਾਦਲ ਵਿਚਕਾਰ ਚੱਲ ਰਹੀ ਜੰਗ ਸਿਰਫ਼ ਹਉਮੈ ਤੇ ਈਰਖਾ ਦੀ ਲੜਾਈ ਹੈ। ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਅੱਜ 26 ਸਾਲ ਬੀਤ ਜਾਣ ‘ਤੇ ਵੀ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ



ਇਨਸਾਫ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ।

ਮਨੁੱਖੀ ਅਧਿਕਾਰਾਂ ਦੀ ਐਡਵੋਕੇਟ ਨਵਕਿਰਨ ਸਿੰਘ ਨੇ ਕਿਹਾ ਕਿ ਅੱਜ ਵੀ ਸਿੱਖਾਂ ‘ਤੇ ਤਸ਼ੱਦਦ, ਗੈਰ-ਕਾਨੂੰਨੀ ਹਿਰਾਸਤਾਂ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਦੌਰ ਜਾਰੀ ਹੈ। ਇਸ ਮੌਕੇ ਬਲਦੇਵ ਸਿੰਘ ਸਿਰਸਾ, ਅਤਿੰਦਰਪਾਲ ਸਿੰਘ ਖਾਲਿਸਤਾਨੀ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਗਾਜ਼ੀ ਨੇ ਕਾਨਫਰੰਸ ਨੂੰ ਸੰਬੋਧਨ ਕੀਤਾ।

ਇਸ ਮੌਕੇ ਪਾਸ ਕੀਤੇ ਗਏ ਇਕ ਮਤੇ ਰਾਹੀਂ ਆਗੂਆਂ ਨੇ ਇਕਮੱਤ ਹੋ ਕੇ ਭਾਈ ਦਲਜੀਤ ਸਿੰਘ ਤੇ ਸਾਥੀਆਂ ਦੀਆਂ ਗ੍ਰਿਫ਼ਤਾਰੀਆਂ ਦੀ ਨਿੰਦਾ ਕਰਦਿਆਂ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਸਲਾਖਾਂ ਪਿੱਛੇ ਡੱਕੀਂ ਰੱਖਣ ਲਈ ਸਰਕਾਰ ਕਾਨੂੰਨੀ ਪ੍ਰਕਿਰਿਆ ਨਾਲ ਛੇੜ-ਛਾੜ ਕਰ ਰਹੀ ਹੈ। ਇਕ ਹੋਰ ਮਤੇ ਰਾਹੀਂ ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਕੀਤੇ ਜਾਣ ਦਾ ਸਖ਼ਤ ਨੋਟਿਸ ਲੈਂਦਿਆਂ ਅਹਿਦ ਲਿਆ ਗਿਆ ਕਿ 14 ਅਪਰੈਲ 2003 ਨੂੰ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾਵੇਗਾ। ਇਕ ਹੋਰ ਮਤੇ ਰਾਹੀਂ ਡਾ. ਬਿਨਾਇਕ ਸੇਨ ਨੂੰ ਉਮਰ ਕੈਦ ਦੀ ਸਜ਼ਾ, ਅਰੁੰਧਤੀ ਰਾਏ ਤੇ ਸੱਯਦ ਅਲੀ ਸ਼ਾਹ ਗਿਲਾਨੀ ‘ਤੇ ਦੇਸ਼ ਧਰੋਹ ਦੇ ਮੁਕੱਦਮੇ ਚਲਾਉਣ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਕਤਲ ਦੱਸਿਆ ਗਿਆ।




## 2011

### January

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### February

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | | | | | |

### March

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### April

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### May

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### June

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### July

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### August

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### September

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

### October

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### November

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### December

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

**Call today 1-888-242-2276**

Requires additional International Basic package for $10/mo. or any America's Top package.
All prices, packages and programming subject to change without notice. Local and state sales taxes may apply. All DISH Network programming, and any other services that are provided, are subject to the terms and conditions of the promotional agreement and Residential Customer Agreement, which is available upon request. Hardware and programming sold separately. Service Access fee will apply. A second dish antenna may be required to view both International and American programming. All services marks and trademarks belong to their respective owners. (c)2010, DISH Network L.L.C. All rights reserved.

dish NETWORK.

ਭਾਰਤ ਅਤੇ ਵਿਦੇਸ਼ੀ ਧਰਤੀ 'ਤੇ ਖੇਡਾਂ ਖਾਸ ਕਰਕੇ ਪਹਿਲਵਾਨੀ ਨੂੰ
ਉਤਸ਼ਾਹਤ ਕਰਨ ਵਾਲੇ ਪੰਜਾਬੀ ਭਾਈਚਾਰੇ 'ਚ ਮੰਨੇ-ਪ੍ਰਮੰਨੇ ਦਾਨੀ ਸੱਜਣ

# ਜਸਵਿੰਦਰ ਸਿੰਘ ਜੌਹਲ ਅਤੇ ਦੀਪਕ ਭਾਰਦਵਾਜ

ਵਲੋਂ ਸਮੂਹ ਪੰਜਾਬੀਆਂ ਨੂੰ

# ਨਵੇਂ ਸਾਲ ਦੀ ਲੱਖ ਲੱਖ ਵਧਾਈ

ਨਿਊ ਯਾਰਕ ਅਤੇ ਨਿਊ ਜਰਸੀ ਦੇ ਸਭਿਆਚਾਰਕ ਮੇਲਿਆਂ ਅਤੇ ਖੇਡਾਂ ਤੋਂ ਇਲਾਵਾ ਪੰਜਾਬੀਆਂ ਦੀਆਂ ਘਰੇਲੂ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਸੱਤੇ ਦਿਨ 24 ਘੰਟੇ ਖੁੱਲ੍ਹਣ ਵਾਲੇ ਪੰਜਾਬੀਆਂ ਦੇ ਹਰ ਇਲਾਕੇ ਦੀਆਂ ਸਹੂਲਤਾਂ ਨੂੰ ਕਈ ਸਾਲਾਂ ਤੋਂ ਪੂਰਦੇ ਹੋਏ ਹਾਜ਼ਰ ਹਨ, ਜਿਥੋਂ ਹਰ ਚੀਜ਼ ਉਪਲਬਧ ਹੋ ਸਕਦੀ ਹੈ।

# Apna Bazar Cash & Carry

*Main Office*
Apna Bazar Cash & Carry
72-20 37th Ave., Jackson Heights, NY 11372
Ph: 718-565-5960

Apna Bazar Cash & Carry
113-18 Liberty Ave.,
Richmond Hill, NY 11419
Ph: 718-322-7036

Apna Bazar Cash & Carry
260-04 Hill Side Ave.,
Floral Park, NY 11004
Ph: 718-343-2536

Apna Bazar Cash & Carry
1700 Sugar Tree Plaza,
Oak Tree Rd.,
Edison, NJ 08820
Ph: 732-603-9701

Apna Bazar Cash & Carry
485 Geores Rd,
Dayton, NJ 08810
Ph: 732-274-9701

Dynasty Deli & Pizza
73-02 37th Ave.,
Jackson Heights, NY 11372

ਰਾਮਗੜ੍ਹੀਆ ਕਾਲਜ ਫਗਵਾੜਾ ਦੀ
ਪਹਿਲਵਾਨੀ ਤੋਂ ਅਮਰੀਕਾ ਦਾ ਸਫਲ
ਬਿਜਨਸਮੈਨ ਅਤੇ ਸੇਵਾਦਾਰ
ਜਸਵਿੰਦਰ ਸਿੰਘ ਜੌਹਲ
ਫੋਨ: 917-442-9798
ਦੀਪਕ ਭਾਰਦਵਾਜ
ਫੋਨ: 917-254-5436



ਦੀਪਕ ਭਾਰਦਵਾਜ ਅਤੇ ਜਸਵਿੰਦਰ ਜੌਹਲ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ ਅਤੇ ਘਰਾਂ ਦੀ ਇੰਸ਼ੋਰੈਂਸ ਦੀ
ਸੇਵਾ ਕਰਦੇ ਆ ਰਹੇ ਤਜ਼ਰਬੇਕਾਰ ਅਤੇ ਤੁਹਾਡੇ ਆਪਣੇ



ਓਂਕਾਰ ਸਿੰਘ ਬੌਬੀ ਵਲੋਂ
ਸਮੂਹ ਭਾਈਚਾਰੇ ਨੂੰ

ਨਵਾਂ ਸਾਲ 2011 ਮੁਬਾਰਕ !

ਪੰਜਾਬੀ ਭਰਾਵਾਂ ਦੀ ਸੇਵਾ
ਵਿਚ ਹਰ ਪਲ ਹਾਜ਼ਰ

ਚੰਗੀਆਂ ਸੇਵਾਵਾਂ ਲਈ ਓਂਕਾਰ
ਸਿੰਘ ਬੌਬੀ ਨੂੰ ਕਾਲ ਕਰੋ

ਗੱਡੀਆਂ ਅਤੇ ਘਰਾਂ ਦੀ
ਇੰਸ਼ੋਰੈਂਸ ਸਬੰਧੀ
ਸਲਾਹ-ਮਸ਼ਵਰਾ ਕਰਕੇ
ਪੈਸੇ ਦੀ ਬੱਚਤ ਕਰੋ।






(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418

Address: 1st Park Ave., 2FL, Manhasset, NY 11030

---

ਯਾਰਾਂ ਦਾ ਟਰੱਕ ਬੱਲੀਏ,
ਹੁਣ ਏ ਪੀ ਪੈਟਰੋ ਤੋਂ ਤੇਲ ਪਵਾਵੇ...

AP AMERICAN PETRO



ਸਭ ਤੋਂ ਵਧੀਆ
ਸਹੂਲਤਾਂ ਵਾਲਾ
Truck
Stop

*2 Cent/Gallon Rebate
* Cash/Credit Card/Fleet Card (Same Price on All)

ਸਹੂਲਤਾਂ
*ਸਸਤਾ Diesel
*Liquor Bar



*ਪੰਜਾਬੀ ਢਾਬਾ
*Liquor Store

Taste of India
ਪੰਜਾਬੀ ਢਾਬਾ
ਕੀਮਤਾਂ ਬਹੁਤ ਹੀ ਵਾਜਬ !

ਇਥੇ ਹਰ ਰੋਜ਼ ਮੱਕੀ
ਦੀਆਂ ਤਾਜ਼ੀਆਂ
ਰੋਟੀਆਂ ਤੇ ਤਾਜ਼ਾ
ਸਾਗ ਮਿਲਦਾ ਹੈ।



ਇਥੇ ਆਓ, ਬੈਠ ਕੇ ਖਾਓ-ਪੀਓ
ਅਤੇ ਨਾਲ ਲੈ ਕੇ ਜਾਓ...।
ਸੁਆਦ ਅਤੇ ਮਾਹੌਲ, ਜਿਵੇਂ
ਆਪਣਾ ਪੰਜਾਬ ਹੋਵੇ ਤੇ ਘਰ ਦੀ...।

Brand New
Shower ਹੈ।
ਨਹਾਓ ਤੇ ਫਰੈਸ਼ ਹੋ ਕੇ
ਕੰਮ 'ਤੇ ਜਾਓ।

Spiceland, Indiana
I-70, Exit 123

Call: 765-987-8786

ਨਸ਼ਿਆਂ ਤੋਂ ਬਚੋ ਦੋਸਤੋ, ਖੇਡ ਮੈਦਾਨ ਜਾਓ ਦੋਸਤੋ। ਜਿਉਣਾ ਚੰਗੀ ਜ਼ਿੰਦਗੀ ਤਾਂ ਸਿਹਤ ਬਣਾਓ ਦੋਸਤੋ।

# ਰਾਜਾ ਸਾਹਿਬ ਸਪੋਰਟਸ ਕਲੱਬ (ਨਵਾਂ ਸ਼ਹਿਰ) ਦੋਆਬਾ

## ਮਾਸਟਰ ਗਿਆਨ ਸਿੰਘ ਕਲੱਬ ਤੇ ਟੂਰਨਾਮੈਂਟ ਕਮੇਟੀ ਜੱਬੋਵਾਲ ਦੇ ਸਮੂਹ ਮੈਂਬਰਾਂ ਵਲੋਂ

# ਨਵਾਂ ਸਾਲ ਮੁਬਾਰਕ !

ਖਿਡਾਰੀਆਂ, ਖੇਡ ਪ੍ਰੇਮੀਆਂ, ਇਲਾਕਾ ਨਿਵਾਸੀਆਂ, ਯਾਰਾਂ ਦੋਸਤਾਂ ਅਤੇ ਪਿਆਰੇ ਪਾਠਕਾਂ ਲਈ ਨਵਾਂ ਸਾਲ ਖੁਸ਼ੀਆਂ ਖੇੜਿਆਂ ਭਰਿਆ ਆਵੇ। ਪਰਮਾਤਮਾ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇ।

ਯੋਗ ਗਰੀਬ ਖਿਡਾਰੀਆਂ ਦੀ ਸੇਵਾ 'ਚ ਰਾਜਾ ਸਾਹਿਬ ਸਪੋਰਟਸ ਮਹਾਂਪੁਰਸ਼ਾਂ ਦੇ ਹਰ ਦਮ ਹਾਜ਼ਰ ਸੇਵਾਦਾਰ

ਬਲਦੇਵ ਮਾਨ, ਇਕਬਾਲ ਜੱਬੋਵਾਲੀਆ, ਗੁਰਨਾਮ ਸਿੰਘ ਰਸੂਲਪੁਰ (ਨਿਊ ਜਰਸੀ), ਜੋਗਿੰਦਰ ਸਿੰਘ ਜੱਬੋਵਾਲ (ਨਿਊ ਜਰਸੀ), ਜਰਨੈਲ ਸਿੰਘ ਸ਼ੋਕਰ, ਹਰਜਿੰਦਰ ਸਿੰਘ ਖੱਖ (ਮੋਹਣੋਆਲ) ਅਤੇ ਪਾਲ ਥਿਆੜਾ

ਹੋਰ ਜਾਣਕਾਰੀ ਲਈ ਕਾਲ ਕਰੋ
516-603-2523 ਅਤੇ 917-375-6395

ਕਈ ਸਾਲਾਂ ਤੋਂ ਯੈਲੋ ਕੈਬ, ਲਿੰਕਨ ਅਤੇ ਪ੍ਰਾਈਵੇਟ ਗੱਡੀਆਂ ਦਾ ਤਸੱਲੀਬਖ਼ਸ਼ ਕੰਮ ਕਰਦੇ ਆ ਰਹੇ

# ਪਾਲ ਆਟੋ ਰਿਪੇਅਰ ਵਲੋਂ

# ਸਮੂਹ ਪੰਜਾਬੀਆਂ ਨੂੰ ਨਵਾਂ ਸਾਲ ਮੁਬਾਰਕ !

ਸ਼ਾਲਾ ! ਨਵਾਂ ਸਾਲ ਸਭਨਾਂ ਲਈ ਭਾਗਾਂ ਭਰਿਆ ਚੜ੍ਹੇ

ਹਰ ਤਰ੍ਹਾਂ ਦੀਆਂ ਪ੍ਰਾਈਵੇਟ ਕਾਰਾਂ ਦੇ ਤਜ਼ਰਬੇਕਾਰ ਅਤੇ ਭਰੋਸੇਯੋਗ ਮਕੈਨਿਕ 24 ਘੰਟੇ ਅਤੇ ਸੱਤੇ ਦਿਨ ਤੁਹਾਡੀ ਸੇਵਾ ਵਿਚ ਹਾਜ਼ਰ

ਪਾਲ ਨਾਲ ਸੰਪਰਕ ਕਰੋ

ਟੈਲੀਫੋਨ:718-729-4371, ਸੈਲ:917-443-0464

**Address: 22-08 37 Ave., L.I.C, NY 11101**



## ਐਸ ਐਨ ਕਾਲਜ ਬੰਗਾ ਦੇ ਸਿਰਮੌਰ ਫੁੱਟਬਾਰ ਖਿਡਾਰੀ ਅਤੇ ਗੁਰਦੇਵ ਸਿੰਘ ਗਿੱਲ ਤੇ ਇੰਦਰ ਸਿੰਘ ਵਰਗੇ ਅਰਜਨ ਐਵਾਰਡੀ ਸਟਾਰ ਖਿਡਾਰੀਆਂ ਨਾਲ ਖੇਡਦੇ ਰਹੇ

# ਗੁਰਦੇਵ ਸਿੰਘ ਦੇਬੀ ਗੁੱਜਰਪੁਰ (ਨੇੜੇ ਮੋਰਾਂਵਾਲੀ) ਵਲੋਂ

# ਸਮੂਹ ਖਿਡਾਰੀਆਂ ਅਤੇ ਮਾਣਮੱਤੇ ਪੰਜਾਬੀਆਂ ਨੂੰ

# ਨਵਾਂ ਸਾਲ ਬਹੁਤ ਬਹੁਤ ਮੁਬਾਰਕ !

ਦੇਸ਼ ਅਤੇ ਵਿਦੇਸ਼ੀ ਧਰਤੀ 'ਤੇ ਉਠੇ ਨਵੇਂ ਫੁੱਟਬਾਲ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਅਤੇ ਦੋਆਬੇ ਦੇ ਖੇਡ ਮੇਲਿਆਂ ਵਿਚ ਵਧ ਚੜ੍ਹ ਕੇ ਯੋਗਦਾਨ ਪਾਉਣ ਵਾਲੇ ਗੁਰਦੇਵ ਸਿੰਘ ਦੇਬੀ, ਕਾਰਟਰੇਟ (ਨਿਊ ਜਰਸੀ) ਵਲੋਂ ਖੇਡਾਂ 'ਚ ਸ਼ੌਕ ਰੱਖਣ ਵਾਲੇ ਮਾਪਿਆਂ ਲਈ ਖਾਸ ਸੁਨੇਹਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਨਸ਼ਿਆਂ ਵਗੈਰਾ ਤੋਂ ਬਚਾਈ ਰੱਖਣ ਲਈ ਅਤੇ ਤੰਦਰੁਸਤ ਸਿਹਤ ਵਾਸਤੇ ਖੇਡਾਂ ਵੱਲ ਪ੍ਰੇਰਤ ਕਰਨ।



ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਿੱਖ ਪੰਥਕ ਸੁਸਾਇਟੀ ਦੇ ਸਾਂਝੇ ਯਤਨਾਂ ਨਾਲ ਕਰਵਾਏ ਗਏ ਪਹਿਲੇ ਫੁੱਟਬਾਲ ਖੇਡ ਮੇਲੇ 'ਤੇ ਓਵਰ 40 (ਚਾਲੀ ਸਾਲ ਤੋਂ ਉਪਰ) ਫੁੱਟਬਾਲ ਮੈਚ ਜਿੱਤਣ ਉਪਰੰਤ ਗੁਰਦੇਵ ਸਿੰਘ ਦੇਬੀ ਟਰਾਫੀ ਪ੍ਰਾਪਤ ਕਰਦੇ ਹੋਏ।




ਸਿੱਖ ਨੈਸ਼ਨਲ ਕਾਲਜ, ਬੰਗਾ ਦੀ ਫੁੱਟਬਾਲ ਟੀਮ (1970-71) ਦੀ ਇਕ ਯਾਦਗਾਰੀ ਤਸਵੀਰ। ਖੜ੍ਹਿਆਂ ਵਿਚ (ਖੱਬਿਓਂ ਸੱਜੇ) ਚੌਥੇ ਨੰਬਰ 'ਤੇ ਸ੍ਰੀ ਗੁਰਦੇਵ ਸਿੰਘ ਦੇਬੀ



ਗੁਰਦੇਵ ਸਿੰਘ ਦੇਬੀ ਅਤੇ ਅਰਜੁਨ ਐਵਾਰਡੀ ਜੇਤੂ ਗੁਰਦੇਵ ਸਿੰਘ ਗਿੱਲ (ਐਸ ਐਸ ਪੀ)

## ਗੁਰਦੇਵ ਸਿੰਘ ਦੇਬੀ, ਫੋਨ:732-261-7993

## ਹੈਲਰ ਐਂਡ ਹੈਲਰ (ਰਾਜੂ ਲਿੱਕਰ ਸਟੋਰ)

ਸਟੋਰ ਟੈਲੀਫੋਨ: 973-673-2677 (ਚਰਨਜੀਤ ਸਿੰਘ)

Address: 39-4 Ave., E. Orange, NJ 07017

## ਬਾਬਾ ਰਾਮਦੇਵ ਡਟਿਆ ਮਮਤਾ ਦੇ ਹੱਕ ’ਚ

**ਕੋਲਕਾਤਾ:** ਸਿਆਸੀ ਬਿਆਨਾਂ ਨਾਲ ਲਗਾਤਾਰ ਚਰਚਾ ਰਹਿਣ ਵਾਲੇ ਯੋਗ ਗੁਰੂ ਸਵਾਮੀ ਰਾਮਦੇਵ ਨੇ ਬੰਗਾਲ ‘ਚ ਤ੍ਰਿਣਮੂਲ ਕਾਂਗਰਸ ਦੀ ਹਮਾਇਤ ਕਰਦੇ ਹੋਏ ਲੋਕਾਂ ਨੂੰ ਅਪੀਲ ਕੀਤੀ ਹੈ ਕਿ 2011 ‘ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਨੂੰ ਅੱਗੇ ਲਿਆਉਣ।

ਇਕ ਜਲਸੇ ਵਿਚ ਸੰਬੋਧਨ ਕਰਦਿਆਂ ਸਵਾਮੀ ਰਾਮਦੇਵ ਨੇ ਕਿਹਾ ਕਿ ਬੰਗਾਲ ‘ਚ ਸੱਤਾ ਤਬਦੀਲੀ ਦੀ ਲੋੜ ਹੈ। ਖੱਬੀਆਂ ਪਾਰਟੀਆਂ ਦੇ ਮੁਕਾਬਲੇ ਮਮਤਾ ਬੈਨਰਜੀ ਤੇ ਉਨ੍ਹਾਂ ਦੀ ਤ੍ਰਿਣਮੂਲ ਕਾਂਗਰਸ ਲੋਕਾਂ ਲਈ ਚੰਗੀ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਮਮਤਾ ਬੈਨਰਜੀ ਬੰਗਾਲ ਲਈ ਕੁਝ ਚੰਗਾ ਕੰਮ ਕਰਨਾ ਚਾਹੁੰਦੀ ਹੈ। ਇਸ ਲਈ ਉਸ ਨੂੰ ਮੌਕਾ ਮਿਲਣਾ ਚਾਹੀਦਾ ਹੈ। ਸਵਾਮੀ ਰਾਮਦੇਵ ਨੇ ਆਪਣੇ ਭਾਸ਼ਨ ‘ਚ ਪੱਛਮੀ ਬੰਗਾਲ ਦੀ ਖੱਬਾ ਮੋਰਚਾ ਤੇ ਕੇਂਦਰ ਦੀ ਯੂ.ਪੀ.ਏ. ਸਰਕਾਰ ਦੀ ਆਲੋਚਨਾ ਕੀਤੀ। ਕਾਲੇ ਧਨ ਦੀ ਵਸੂਲੀ ਦੀ ਆਪਣੀ ਮੰਗ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਜੇ ਕਾਲਾ ਧਨ ਵਸੂਲ ਨਾ ਕੀਤਾ ਗਿਆ ਤਾਂ ਲੋਕ ਕਾਂਗਰਸ ਨੂੰ ਗਦਾਰ ਕਹਿਣਗੇ।

## ਅਸਾਂਜੇ ਨੂੰ ਆਤਮਕਥਾ ਲਈ ਮਿਲਣਗੇ 15 ਲੱਖ ਡਾਲਰ

**ਮਾਸਕੋ:** ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜੇ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਆਤਮਕਥਾ ਲਿਖਣ ਲਈ 15 ਲੱਖ ਡਾਲਰ ਦੇ ਕਰਾਰ ‘ਤੇ ਦਸਤਖ਼ਤ ਕੀਤੇ ਹਨ।

ਖ਼ਬਰ ਏਜੰਸੀ ਅਨੁਸਾਰ ਅਸਾਂਜੇ ਨੇ ਕਿਹਾ ਕਿ ਇਹ ਪੈਸਾ ਉਨ੍ਹਾਂ ਨੂੰ ਆਪਣੇ ‘ਤੇ ਸਵੀਡਨ ‘ਚ ਦੋ ਔਰਤਾਂ ਵੱਲੋਂ ਲਗਾਏ ਸਰੀਰਕ ਸ਼ੋਸ਼ਣ ਦੇ ਦੋਸ਼ਾਂ ਤੋਂ ਬਚਾਉਣ ‘ਚ ਮਦਦ ਕਰੇਗਾ। ਅਸਾਂਜੇ ਨੇ ਦੱਸਿਆ ਕਿ ਉਹ ਇਸ ਕਿਤਾਬ ਨੂੰ ਨਹੀਂ ਲਿਖਣਾ ਨਹੀਂ ਸੀ ਚਾਹੁੰਦਾ ਪਰ ਲਿਖਣਾ ਪੈ ਰਿਹਾ ਹੈ ਕਿਉਂਕਿ ਉਸ ਨੂੰ ਆਪਣਾ ਬਚਾਅ ਕਰਨ ਤੇ ਵਿਕੀਲੀਕਸ ਨੂੰ ਜਾਰੀ ਰੱਖਣ ਲਈ ਪੈਸੇ ਦੀ ਜ਼ਰੂਰਤ ਹੈ।

## ਉਮਾ ਭਾਰਤੀ ਵੱਲੋਂ ਭਾਜਪਾ ’ਚ ਵਾਪਸੀ ਦੀ ਸੰਭਾਵਨਾ ਰੱਦ

**ਨਾਗਪੁਰ:** ਭਾਜਪਾ ਦੀ ਸਾਬਕਾ ਨੇਤਾ ਉਮਾ ਭਾਰਤੀ ਨੇ ਕਿਹਾ ਕਿ ਉਨ੍ਹਾਂ ਦੀ ਮੌਜੂਦਾ ਸਮੇਂ ਭਾਜਪਾ ‘ਚ ਮੁੜ ਸ਼ਾਮਲ ਹੋਣ ਦੀ ਕੋਈ ਯੋਜਨਾ ਨਹੀਂ ਹੈ।

ਭਾਜਪਾ ਨੇ ਉਮਾ ਨੂੰ 2005 ਵਿਚ ਪਾਰਟੀ ‘ਚੋਂ ਕੱਢ ਦਿੱਤਾ ਸੀ। ਤੇਜ਼ ਤਰਾਰ ਕੱਟੜ ਨੇਤਾ ਨੇ ਕਿਹਾ ਕਿ ਭਾਵੇਂ ਉਨ੍ਹਾਂ ਦੇ ਭਾਜਪਾ ਦੇ ਸੀਨੀਅਰ ਆਗੂ ਐਲ. ਕੇ. ਅਡਵਾਨੀ ਤੇ ਪਾਰਟੀ ਪ੍ਰਧਾਨ ਨਿਤਿਨ ਗਡਕਰੀ ਨਾਲ ਚੰਗੀ ਸੁਰ ਮਿਲਦੀ ਹੈ ਪਰ ਉਹ ਅਜੇ ਭਾਜਪਾ ‘ਚ ਸ਼ਾਮਲ ਨਹੀਂ ਹੋ ਰਹੀ। ਉਨ੍ਹਾਂ ਕਿਹਾ ਪਾਰਟੀ ਲਈ ਲੰਬਾ ਸਮਾਂ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਨਾਲ ਮਾੜਾ ਵਰਤਾਅ ਕੀਤਾ ਗਿਆ ਸੀ।

## ਚੀਨ ਵਿਚ 4 ਤਸਕਰਾਂ ਨੂੰ ਮੌਤ ਦੀ ਸਜ਼ਾ

**ਬੀਜਿੰਗ:** ਚੀਨ ਦੀ ਅਦਾਲਤ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਗਰੋਹ ਦੇ ਚਾਰ ਮੈਂਬਰਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ ਜਦੋਂਕਿ 4 ਹੋਰ ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ।

ਅਖ਼ਬਾਰ ‘ਚਾਇਨਾ ਡੇਲੀ’ ਅਨੁਸਾਰ ਕਵਾਂਗਚੋ ਇੰਟਰਮੀਡੀਏਟ ਪੀਪਲਜ਼ ਅਦਾਲਤ ਨੇ ਇਕ ਅਪਰਾਧਕ ਗਰੋਹ ਚਲਾਉਣ ਕਾਰਨ ਵੂ ਝਿਜਿਆਨ ਸਮੇਤ ਚਾਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਵੂ ਨੂੰ ਹਥਿਆਰ, ਧਮਾਕਾਖੇਜ਼ ਸਮੱਗਰੀ ਦੀ ਖਰੀਦੋ-ਫਰੋਖ਼ਤ, ਅਗਵਾ ਕਰਨ ਤੇ ਲੋਕਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਕੈਦ ਰੱਖਣ ਦੇ ਮਾਮਲੇ ’ਚ ਵੀ ਦੋਸ਼ੀ ਠਹਿਰਾਇਆ ਗਿਆ ਸੀ।

# ...ਜਦੋਂ ਭਾਜਪਾ ਭ੍ਰਿਸ਼ਟਾਚਾਰ ਦੇ ਮੁੱਦੇ ’ਤੇ ਕਸੂਤੀ ਫਸੀ



*ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਸੰਬੋਧਨ ਕਰਦੇ ਹੋਏ ਭਾਜਪਾ ਆਗੂ ਸ਼ਾਂਤਾ ਕੁਮਾਰ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਵੇਂ ਲੋਕ ਸਭਾ ‘ਚ ਵਿਰੋਧੀ ਧਿਰ ਭਾਜਪਾ ਨੇ 2-ਜੀ ਸਪੈਕਟ੍ਰਮ ਮਾਮਲੇ ‘ਤੇ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਬੁਰੀ ਤਰ੍ਹਾਂ ਘੇਰਿਆ ਹੋਇਆ ਹੈ ਪਰ ਜਦੋਂ ਭਾਜਪਾ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਗੱਲ ਚਲਦੀ ਹੈ ਤਾਂ ਪਾਰਟੀ ਆਗੂਆਂ ਦੀ ਜ਼ੁਬਾਨ ਥਥਲਾਉਣ ਲੱਗ ਜਾਂਦੀ ਹੈ। ਅਜਿਹਾ ਹੀ ਨਜ਼ਾਰਾ ਚੰਡੀਗੜ੍ਹ ਵਿਖੇ ਸੀਨੀਅਰ ਭਾਜਪਾ ਆਗੂਆਂ ਦੀ ਪ੍ਰੈਸ ਕਾਨਫਰੰਸ ‘ਚ ਵੇਖਣ ਨੂੰ ਮਿਲਿਆ।

ਇਸ ਪ੍ਰੈਸ ਕਾਨਫਰੰਸ ’ਚ ਜਦੋਂ ਭਾਜਪਾ ਆਗੂ 2-ਜੀ ਸਪੈਰਟ੍ਰਮ ਮਾਮਲੇ ‘ਤੇ ਵੱਡੇ-ਵੱਡੇ ਬਿਆਨ ਦਾਗ ਰਹੇ ਸਨ ਤਾਂ ਪੱਤਰਕਾਰਾਂ ਨੇ ਪੰਜਾਬ ਦੀ ਸਿਹਤ ਮੰਤਰੀ ਲਸ਼ਕਮੀ ਕਾਂਤਾ ਚਾਵਲਾ ‘ਤੇ ਪਾਰਟੀ ਦੇ ਹੀ ਆਗੂ ਜਗਦੀਸ਼ ਸਾਹਨੀ ਵੱਲੋਂ ਲਾਏ ਭ੍ਰਿਸ਼ਟਾਚਾਰ ਦੇ ਦੋਸ਼ ਵੱਲ ਦਵਾਇਆ ਤਾਂ ਉਹ ਇਕਦਮ ਘਬਰਾ ਗਏ। ਭਾਜਪਾ ਦੇ ਸੀਨੀਅਰ ਆਗੂ ਤੇ ਪਾਰਟੀ ਦੀ ਪੰਜਾਬ ਮਾਮਲਿਆਂ ਬਾਰੇ ਕਮੇਟੀ ਦੇ ਮੁਖੀ ਸ਼ਾਂਤਾ ਕੁਮਾਰ ਇਥੇ ਪਲੇਠੀ ਮੀਟਿੰਗ ਕਰਨ ਆਏ ਸਨ। ਉਨ੍ਹਾਂ ਨੇ ਕਾਂਗਰਸ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ 2-ਜੀ ਸਪੈਕਟ੍ਰਮ, ਆਦਰਸ਼ ਸੁਸਾਇਟੀ, ਰਾਸ਼ਟਰਮੰਡਲ ਖੇਡਾਂ ਤੇ ਹੋਰ ਅਨੇਕਾਂ ਹੀ ਘੁਟਾਲੇ ਹਨ ਜਿਨ੍ਹਾਂ ਨੇ ਕਾਂਗਰਸ ਦਾ ਅਸਲ ਚਿਹਰਾ ਸਾਹਮਣੇ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਭ੍ਰਿਸ਼ਟ ਲੋਕਾਂ ਦਾ ਸਵਿੱਸ ਬੈਂਕਾਂ ਵਿਚ 70 ਲੱਖ ਕਰੋੜ ਰੁਪਈਆ ਪਿਆ ਹੈ ਜਿਸ ਨੂੰ ਵਾਪਸ ਲਿਆਉਣ ਲਈ ਸੰਯੁਕਤ ਰਾਸ਼ਟਰ ਨੇ ਮਤਾ ਪਾਸ ਕਰਕੇ ਰਾਹ ਖੋਲ੍ਹ ਦਿੱਤਾ ਪਰ ਕੇਂਦਰ ਦੀ ਕਾਂਗਰਸ ਸਰਕਾਰ ਬੇਈਮਾਨਾਂ ਨਾਲ ਰਲੀ ਹੋਈ ਹੈ। ਭਾਜਪਾ ਆਗੂ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦਾ ਮੰਨਣਾ ਹੈ ਕਿ ਬੇਈਮਾਨੀ ਤੇ ਭ੍ਰਿਸ਼ਟਾਚਾਰ ਦਾ ਪੈਸਾ ਗਰੀਬੀ, ਅਪਰਾਧ ਤੇ ਵੱਖਵਾਦੀ ਸੋਚ ਪੈਦਾ ਕਰਨ ਦਾ ਆਧਾਰ ਬਣਦਾ ਹੈ।

ਭਾਜਪਾ ਆਗੂ ਇਹ ਬਿਆਨ ਦਾਗ ਹੀ ਰਹੇ ਸਨ ਕਿ ਪੱਤਰਕਾਰਾਂ ਨੇ ਉਨ੍ਹਾਂ ਦਾ ਧਿਆਨ ਪਾਰਟੀ ਦੀ ਸੀਨੀਅਰ ਆਗੂ ਤੇ ਸਿਹਤ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਤੇ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਜਗਦੀਸ਼ ਸਾਹਨੀ ਦੇ ਮਾਮਲੇ ਵੱਲ ਦਵਾਇਆ ਤਾਂ ਉਨ੍ਹਾਂ ਨੂੰ ਬੇਹੱਦ ਕਸੂਤੀ ਹਾਲਤ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਵਾਰ-ਵਾਰ ਇਹੀ ਕਹਿੰਦੇ ਰਹੇ ਕਿ ‘ਇਹ ਮਾਮਲਾ ਨਿਬੇੜ ਲਿਆ ਹੈ’। ਪੱਤਰਕਾਰਾਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਭਾਰਤੀ ਜਨਤਾ ਪਾਰਟੀ ਭ੍ਰਿਸ਼ਟਾਚਾਰ ਦੇ ਮਾਮਲੇ ’ਤੇ ਸਰਕਾਰ ਨੂੰ ਘੇਰ ਰਹੀ ਹੈ ਜਦੋਂਕਿ ਇਕ ਮੰਤਰੀ ’ਤੇ ਪਾਰਟੀ ਦੇ ਹੀ ਸੀਨੀਅਰ ਆਗੂ ਨੇ ਦੋਸ਼ ਲਾਏ ਤੇ ਉਸ ਬਾਰੇ ਕਮੇਟੀ ਵੀ ਬਣੀ ਪਰ ਹੋਇਆ ਕੀ, ਇਸ ਬਾਰੇ ਦੱਸਿਆ ਜਾਵੇ।

ਸ੍ਰੀ ਸ਼ਾਂਤਾ ਕੁਮਾਰ ਜਦੋਂ ਬੁਰੀ ਤਰ੍ਹਾਂ ਘਿਰ ਗਏ ਤਾਂ ਉਨ੍ਹਾਂ ਕਿਹਾ ‘ਮੈਂ ਇੱਥੇ ਕੋਈ ਪਹਿਲੀ ਵਾਰੀ ਤਾਂ ਆਇਆ ਨਹੀਂ ਤੁਸੀਂ ਮੇਰੇ ਪੁਰਾਣੇ ਦੋਸਤ ਹੋ ਮੇਰੇ ਨਾਲ ਕੁਝ ਤਾਂ ਲਿਹਾਜ਼ ਕਰੋ’। ਭਾਜਪਾ ਆਗੂ ਨੇ ਕਿਹਾ ‘ਤੁਹਾਡਾ ਅਧਿਕਾਰ ਹੈ ਸਵਾਲ ਪੁੱਛੋ ਪਰ ਜਵਾਬ ਦੇਣਾ ਤਾਂ ਮੇਰੀ ਮਰਜ਼ੀ ਹੈ ਕਿ ਮੈਂ ਦੇਵਾਂ ਜਾਂ ਨਹੀਂ’। ਪੰਜਾਬ ਮਾਮਲਿਆਂ ਬਾਰੇ ਵਿਚਾਰ ਕਰਨ ਆਏ ਆਗੂ ਨੇ ਇਥੋਂ ਤੱਕ ਕਹਿ ਦਿੱਤਾ ਕਿ ਸਿਰਫ ਕੇਂਦਰ ਬਾਰੇ ਹੀ ਸਵਾਲ ਪੁੱਛੋ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ ’ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

# ਪੰਜਾਬ ਵਿਚ 1947 ਤੋਂ ਬਾਅਦ ਉਭਰੀਆਂ ਪਛਾਣਾਂ

**ਸੁਰਜੀਤ ਸਿੰਘ (ਡਾ.)**

ਸੰਸਾਰ ਵਿਚ ਸਬਾਲਟਰਨ (ਸ਼ਾਬਦਿਕ ਅਰਥ ਮਾਤਹਿਤ) ਸਮੂਹਾਂ ਦੀ ਨਿਸ਼ਾਨਦੇਹੀ ਅਤੇ ਉਨ੍ਹਾਂ ਦੇ ਅਧਿਐਨ ਦੀ ਪਰੰਪਰਾ ਵਿਚ ਅਜਿਹੇ ਸਮੂਹਾਂ ਨੂੰ ਸਬਾਲਟਰਨ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਗਿਆ ਜਿਹੜੇ ਇਤਿਹਾਸਕਾਰੀ ਵਿਚੋਂ ਗ਼ੈਰਹਾਜ਼ਰ ਜਾਂ ਹਾਸ਼ੀਆਗਤ ਹੋਂਦ ਰੱਖਦੇ ਹਨ, ਖ਼ਾਮੋਸ਼ ਕਰ ਦਿੱਤੇ ਗਏ ਹਨ। ਜਿਨ੍ਹਾਂ ਕੋਲ ਆਪਣੇ ਅਨੁਭਵ, ਕਾਰਜ, ਸੋਚ, ਦ੍ਰਿਸ਼ਟੀ ਅਤੇ ਹੁੰਗਾਰੇ ਨੂੰ ਪ੍ਰਗਟ ਕਰਨ ਲਈ ਉਹ ਸੰਦ ਸਾਧਨ ਨਹੀਂ ਜਿਸ ਨਾਲ ਉਹ ਆਪਣੀ ਹੋਂਦ ਦਾ ਅਹਿਸਾਸ ਕਰਵਾ ਸਕਣ। ਅਜਿਹੇ ਸਮੂਹ ਜਿਹੜੇ ਸਮਾਜਕ, ਸਿਆਸੀ ਜਾਂ ਭੂਗੋਲਿਕ ਤੌਰ 'ਤੇ ਸਰਦਾਰੀ ਵਾਲੇ ਸ਼ਕਤੀ ਢਾਂਚੇ ਵਿਚੋਂ ਬਾਹਰ ਧੱਕ ਦਿੱਤੇ ਗਏ ਹਨ।

ਏਸ਼ੀਆ ਦੀ ਇਤਿਹਾਸਕਾਰੀ ਦੇ ਹਵਾਲੇ ਨਾਲ ਉਨ੍ਹਾਂ ਲੋਕਾਂ ਨੂੰ ਸਬਾਲਟਰਨ ਕਿਹਾ ਗਿਆ ਜਿਨ੍ਹਾਂ ਨੂੰ ਬਸਤੀਵਾਦ ਅਤੇ ਉਨ੍ਹਾਂ ਦੇ ਵਿਰੋਧ ਵਿਚ ਖੜ੍ਹੇ ਹੋਏ ਕੌਮਵਾਦੀ ਅੰਦੋਲਨਾਂ ਅਤੇ ਉਨ੍ਹਾਂ ਦੇ ਪ੍ਰਵਚਨਾਂ ਵਿਚ ਦੁਜੈਲਾ ਸਥਾਨ ਦਿੱਤਾ ਗਿਆ। ਇੰਜ ਕੌਮਵਾਦੀ ਅੰਦੋਲਨਾਂ ਦੇ ਇਲੀਟਿਸਟ ਦ੍ਰਿਸ਼ਟੀਕੋਣ ਅਨੁਸਾਰ ਸਿਆਸੀ ਸਰਗਰਮੀ ਵਿਚ ਦੁਜੈਲਾ, ਘਟੀਆ, ਨਿਗੂਣਾ ਅਤੇ ਕਈ ਵਾਰ ਨਿੰਦਣਯੋਗ ਕਾਰਜ ਕਰਨ ਵਾਲੇ ਸਮੂਹਾਂ ਨੂੰ ਸਬਾਲਟਰਨ ਕਿਹਾ ਗਿਆ। ਇਹ ਉਹ ਲੋਕ ਸਨ ਜਿਹੜੇ ਬਸਤੀਵਾਦੀ ਆਧੁਨਿਕਤਾ ਦੇ ਪੱਛਮਵਾਦੀ ਸੰਕਲਪ ਅਨੁਸਾਰ ਧਰਮਨਿਰਪੇਖ, ਤਰਕਸ਼ੀਲ, ਜਮਹੂਰੀ ਦ੍ਰਿਸ਼ਟੀਕੋਣ ਅਤੇ ਕਾਰਜਵਿਧੀ ਦੇ ਅਨੁਸਾਰ ਨਹੀਂ ਸਨ। ਬਸਤੀਵਾਦੀ ਆਧੁਨਿਕਤਾ ਦੁਆਰਾ ਪ੍ਰੇਰਕ ਸਿਆਸੀ ਸਰਗਰਮੀ ਦੇ ਧਰਮਨਿਰਪੇਖ ਸਰੂਪ ਕਾਰਨ ਇਨ੍ਹਾਂ ਲੋਕਾਂ ਨੂੰ ਮਹੱਤਵ ਨਹੀਂ ਦਿੱਤਾ ਗਿਆ। ਇਨ੍ਹਾਂ ਵਿਚ ਮੁੱਖ ਤੌਰ 'ਤੇ ਭਾਰਤ ਦੇ ਵੱਖ ਵੱਖ ਖੇਤਰਾਂ ਦੀ ਕਿਸਾਨੀ ਆਉਂਦੀ ਹੈ ਜਿਹੜੀ ਆਪਣੇ ਇਤਿਹਾਸਕ ਪਿਛੋਕੜ ਅਤੇ ਸਭਿਆਚਾਰਕ ਅਵਚੇਤਨ ਦੇ ਵਿਸ਼ੇਸ਼ ਸਰੂਪ ਕਾਰਨ ਆਪਣੇ ਆਪ ਨੂੰ ਧਾਰਮਿਕਤਾ (ਸ਼ਾਇਦ ਸੰਪਰਦਾਇਕਤਾ) ਅਤੇ ਹਿੰਸਾਤਮਕਤਾ ਤੋਂ ਵੱਖ ਨਹੀਂ ਕਰ ਸਕੀ।

ਦਿਪੇਸ਼ ਚੱਕਰਵਰਤੀ ਨੇ ਆਧੁਨਿਕ ਭਾਰਤ ਦੇ ਮੁਕਤੀਵਾਦੀ ਅੰਦੋਲਨਾਂ ਵਿਚ ਅਤਿ ਦੇ ਤਰਕਵਾਦ ਅਤੇ ਧਰਮ ਤੇ ਧਾਰਮਿਕਤਾ ਦੇ ਗ਼ਲਤ ਅਨੁਵਾਦ ਕਾਰਨ ਪੈਦਾ ਹੋਏ ਦੁਫੇੜ ਵੱਲ ਧਿਆਨ ਦਿਵਾਇਆ ਹੈ ਜਿਸ ਕਾਰਨ 'ਸ਼ਰਧਾ ਅਤੇ ਧਰਮ' ਨਾਲ ਜੁੜੇ ਇਨ੍ਹਾਂ ਜਨ ਸਮੂਹਾਂ ਨੂੰ 'ਵਿਗਿਆਨ ਅਤੇ ਤਰਕ' ਨਾਲ ਪ੍ਰਤੀਬੱਧ ਬੁੱਧੀਜੀਵੀਆਂ ਨੇ ਦੁਰਕਾਰ ਦਿੱਤਾ। ਇੰਜ ਕੌਮਵਾਦੀ ਅੰਦੋਲਨ ਦੇ ਅਤਿ ਤਰਕਵਾਦ ਕਾਰਨ ਰੱਦ ਦਿੱਤੇ ਗਏ ਹੁੰਗਾਰਿਆਂ, ਕਾਰਜਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਧਾਰਨ ਕਰਨ ਵਾਲੇ ਲੋਕ ਸਮੂਹਾਂ ਨੂੰ ਸਬਾਲਟਰਨ ਕਿਹਾ ਗਿਆ ਹੈ। ਇਸ ਲਈ ਬਸਤੀਵਾਦ ਅਤੇ ਕੌਮਵਾਦੀ ਅੰਦੋਲਨ ਵਿਚ ਗ਼ੈਰ ਪ੍ਰਸੰਗਿਕ ਲੋਕ ਸਮੂਹ ਸਬਾਲਟਰਨ ਦਾ ਦਰਜਾ ਰੱਖਦੇ ਹਨ।

ਇਥੇ ਸਵਾਲ ਇਹ ਹੈ ਕਿ 'ਖ਼ਾਮੋਸ਼' ਕਰ ਦਿੱਤੇ ਗਏ ਸਮੂਹਾਂ ਦੀ ਖ਼ਾਮੋਸ਼ੀ ਕਦੋਂ ਉਨ੍ਹਾਂ ਨੂੰ ਸਬਾਲਟਰਨ ਦੇ ਦਾਇਰੇ ਵਿਚ ਲੈ ਆਉਂਦੀ ਹੈ? 'ਬੋਲਣ ਦਾ ਅਧਿਕਾਰ ਰੱਖਣ' ਵਾਲੇ ਕੇਂਦਰੀ ਪ੍ਰਭੁੱਤਵ ਵਾਲੇ ਲੋਕ ਸਮੂਹਾਂ ਜਾਂ ਧਿਰਾਂ ਨਾਲ ਸੰਪਰਕ ਵਿਚ ਆਉਣ ਤੋਂ ਪਹਿਲਾਂ ਜਾਂ ਇਸ ਸੰਪਰਕ ਦੇ ਟੁੱਟੇ ਹੋਏ ਸਮੂਹ, ਸਬਾਲਟਰਨ ਦੇ ਪਰਿਭਾਸ਼ਕ ਦਾਇਰੇ ਵਿਚ ਨਹੀਂ ਆਉਂਦੇ। ਇਸ ਲਈ ਇਨ੍ਹਾਂ ਸਮੂਹਾਂ ਨਾਲ ਸੰਪਰਕ ਸਬਾਲਟਰਨ ਹੋਂਦ ਦੇ ਤੌਰ 'ਤੇ ਪਰਿਭਾਸ਼ਤ ਹੋਣ ਲਈ ਲਾਜ਼ਮੀ ਸ਼ਰਤ ਹੈ। ਇਹ ਸੰਪਰਕ ਹੀ ਹੈ ਜਿਸ ਕਾਰਨ ਹਾਸ਼ੀਏ 'ਤੇ ਧੱਕੇ ਸਮੂਹ, ਕੇਂਦਰੀ ਸਰਦਾਰੀ ਵਾਲੀ ਸੱਤਾ ਲਈ ਪ੍ਰਸੰਗਿਕ ਬਣ ਜਾਂਦੇ ਹਨ। ਇਸ ਸੰਪਰਕ ਨੂੰ ਸਥਾਪਤ ਕਰਨ ਵਿਚ ਅਸਮਰਥ ਜਾਂ ਅਣਇੱਛਤ ਲੋਕ ਸਮੂਹ ਸਬਾਲਟਰਨ ਦੇ ਦਾਇਰੇ ਵਿਚ ਨਹੀਂ ਆਉਂਦੇ ਜਾਂ ਉਨ੍ਹਾਂ ਨੂੰ ਇਸ ਰੂਪ ਵਿਚ ਪਛਾਣਨ ਦੀ ਜ਼ਰੂਰਤ ਨਹੀਂ ਹੁੰਦੀ। ਇਸੇ ਤਰ੍ਹਾਂ ਜਿਨ੍ਹਾਂ ਲੋਕ ਸਮੂਹਾਂ ਨੂੰ ਕੇਂਦਰੀ ਸਰਦਾਰੀ ਵਾਲੀ ਸੱਤਾ ਆਪਣੇ ਸੰਪਰਕ ਵਿਚ ਲਿਆਉਣਾ ਹੀ ਨਹੀਂ ਚਾਹੁੰਦੀ, ਉਹ ਵੀ ਸਬਾਲਟਰਨ ਦਾ ਰੁਤਬਾ ਹਾਸਲ ਨਹੀਂ ਕਰ ਸਕਦੇ। ਭਾਰਤ ਵਿਚਲੇ ਸਾਰੇ ਉਹ ਕਬੀਲੇ ਜਿਨ੍ਹਾਂ ਦਾ ਸਭਿਆਚਾਰੀਕਰਨ ਅਤੇ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ, ਸਬਾਲਟਰਨ ਹਨ ਜਿਨ੍ਹਾਂ ਦੇ ਮੂਲਵਾਸ ਵਿਚ ਭਾਰਤੀ ਹਾਕਮ ਜਮਾਤ ਦਖ਼ਲਅੰਦਾਜ਼ੀ ਕਰਨਾ ਚਾਹੁੰਦੀ ਹੈ। ਇਨ੍ਹਾਂ ਲੋਕਾਂ ਦੇ ਰਹਿਣ ਸਥਾਨ ਕੀਮਤੀ ਖਣਿਜਾਂ ਜਾਂ ਧਾਤਾਂ ਨਾਲ ਭਰਪੂਰ ਹਨ, ਇਸ ਲਈ ਭਾਰਤੀ ਸੱਤਾ ਇਨ੍ਹਾਂ ਨਾਲ ਸੰਪਰਕ ਕਰਨ ਲਈ ਇੱਛੁਕ ਹੈ। ਉਹ ਇਨ੍ਹਾਂ ਨੂੰ ਭਾਰਤੀ ਸਭਿਆਚਾਰਕ, ਜੀਵਨ-ਜਾਚ, ਮਾਲੀ, ਸਿਆਸੀ ਪ੍ਰਕਿਰਿਆਵਾਂ ਦੀ ਮੁੱਖ ਧਾਰਾ ਵਿਚ ਲਿਆਉਣਾ ਚਾਹੁੰਦੀ ਹੈ। ਇੰਜ ਇਹ ਲੋਕ ਸੱਤਾ ਦੀ ਚਾਹਤ ਅਨੁਸਾਰ ਕੇਂਦਰੀ ਸੱਤਾ ਦੇ ਸੰਪਰਕ ਵਿਚ ਆਉਣਗੇ ਅਤੇ ਆਪਣੀ ਬੋਲੀ, ਸਭਿਆਚਾਰ, ਦ੍ਰਿਸ਼ਟੀ ਕਾਰਨ ਕੇਂਦਰੀ ਸੱਤਾ ਵਿਚ ਮਿਆਰਾਂ ਅਨੁਸਾਰ ਨਿਗੂਣੇ ਬਣਨਗੇ। ਉਨ੍ਹਾਂ ਦੀ ਭਾਸ਼ਾ ਵਿਚ ਸੰਪਰਕ 'ਚ ਨਿਗੂਣੀ ਸਾਬਤ ਹੋਵੇਗੀ ਤੇ ਉਹ ਖ਼ਾਮੋਸ਼ ਧਿਰ ਦੇ ਤੌਰ 'ਤੇ ਪਛਾਣੇ ਜਾਣਗੇ ਤੇ ਸਬਾਲਟਰਨ ਬਣ ਜਾਣਗੇ। ਇੰਜ ਸੰਪਰਕ ਸਬਾਲਟਰਨ ਬਣਨ ਦੀ ਮੁੱਖ ਸ਼ਰਤ ਜਾਪਦੀ ਹੈ। ਇੰਜ ਸਬਾਲਟਰਨ ਨੂੰ ਰਿਕਵਰ ਵੀ ਕੀਤਾ ਜਾਂਦਾ ਹੈ (ਜਿਵੇਂ ਰੋਜ਼ਾਲਿੰਡ ਓ ਹੈਨਲੋਨ ਨੇ ਕਿਹਾ ਹੈ) ਪਰ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਡਿਸਕਵਰ ਵੀ ਕੀਤਾ ਜਾਂਦਾ ਹੈ।

ਪੰਜਾਬੀ ਸਾਹਿਤ ਅਧਿਐਨ ਵਿਚ ਭਾਵੇਂ ਸਬਾਲਟਰਨ ਸ਼ਬਦ ਦੀ ਵਰਤੋਂ ਪ੍ਰਚਲਤ ਨਹੀਂ ਹੋਈ ਪਰ ਇਸ ਇਕਾਈ ਦੇ ਤਹਿਤ ਜਿਨ੍ਹਾਂ ਮਨੁੱਖੀ ਪਛਾਣਾਂ ਦੀ ਗੱਲ ਕੀਤੀ ਜਾਂਦੀ ਹੈ, ਉਨ੍ਹਾਂ ਵਿਚੋਂ ਦਲਿਤਾਂ ਅਤੇ ਔਰਤਾਂ ਦੀ ਵੱਖਰੀ ਹੋਂਦ ਹੋਣੀ, ਅਨੁਭਵ ਅਤੇ ਪ੍ਰਗਟਾਵੇ ਦੀਆਂ ਖ਼ਾਸੀਅਤਾਂ ਦੇ ਹਵਾਲੇ ਨਾਲ ਪੰਜਾਬੀ ਸਾਹਿਤਕ ਰਚਨਾਵਾਂ ਦਾ ਵਿਸ਼ਲੇਸ਼ਣ ਹੁੰਦਾ ਰਹਿੰਦਾ ਹੈ ਪਰ ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਸਾਰੇ ਪਛਾਣ ਸਮੂਹ ਹਨ ਜਿਨ੍ਹਾਂ ਦੀ ਨਿਸ਼ਾਨਦੇਹੀ ਅਤੇ ਉਨ੍ਹਾਂ ਦੀ ਸਾਹਿਤਕ ਬਿਆਨ ਸਾਡੇ ਅਧਿਐਨ ਦਾ ਸਰੋਕਾਰ ਨਹੀਂ ਬਣੀ। ਇਨ੍ਹਾਂ ਸਮੂਹਾਂ ਵਿਚ ਮੇਰੀ ਜਾਚੇ ਹੋਰ ਪੱਛਮੀ ਪੰਜਾਬ ਵਿਚੋਂ ਇਧਰ ਆਏ ਖੱਤਰੀ ਹਿੰਦੂ, ਸਿੱਖਾਂ; ਜਿਨ੍ਹਾਂ ਨੂੰ ਹਿਕਾਰਤ ਨਾਲ 'ਭਾਪੇ' ਕਿਹਾ ਜਾਂਦਾ ਹੈ, ਦੇ ਨਾਲ ਪਰਵਾਸੀ ਮਜ਼ਦੂਰ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਅਸੀਂ 'ਭੱਈਏ' ਕਰ ਕੇ ਜਾਣਦੇ ਹਾਂ। ਇਨ੍ਹਾਂ ਵਿਚ ਪੋਠੋਹਾਰੀ ਖੱਤਰੀ ਸਿੱਖ ਹੁਣ ਆਰਥਿਕ ਪੱਖੋਂ ਮਜ਼ਬੂਤ ਹੋ ਚੁੱਕੇ ਹਨ ਪਰ ਉਨ੍ਹਾਂ ਦਾ ਸਮਾਜਕ ਦਰਜਾ ਬਹੁਤਾ ਉਚਾ ਨਹੀਂ। ਇਹ ਹੌਲੀ ਹੌਲੀ ਆਪਣੀ ਭਾਸ਼ਾ ਤੋਂ ਦੂਰ ਹੋ ਗਏ ਹਨ ਕਿਉਂਕਿ ਇਸ ਭਾਸ਼ਾ ਨੂੰ ਬੋਲਣ ਵਾਲਾ ਜਨਤਕ ਦਾਇਰਿਆਂ ਵਿਚ ਅਕਸਰ ਮਜ਼ਾਕ ਦਾ ਪਾਤਰ ਬਣਦਾ ਹੈ। ਇਥੇ ਮੈਂ ਉਨ੍ਹਾਂ ਨੂੰ



ਇਨ੍ਹਾਂ ਅਰਥਾਂ ਵਿਚ ਸਬਾਲਟਰਨ ਮੰਨਦਾ ਹਾਂ ਕਿ ਉਹ ਸਾਡੀ ਭਾਸ਼ਾਈ ਅਤੇ ਸਭਿਆਚਾਰਕ ਸਥਾਪਤੀ ਵਿਚ ਨਿਗੂਣੇ ਮੰਨੇ ਜਾਂਦੇ ਹਨ।

1947 ਵਿਚ ਪੰਜਾਬ ਦੀ ਵੰਡ ਮਗਰੋਂ ਪੰਜਾਬੀ ਸਮਾਜ ਦੀ ਸੰਰਚਨਾ ਵਿਚ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ। ਅਸੀਂ ਆਮ ਕਰਕੇ ਇਸ ਘਟਨਾ ਨੂੰ ਹਿੰਦੂ-ਸਿੱਖ ਵਸੋਂ ਦੇ ਤਬਾਦਲੇ ਦੇ ਤੌਰ 'ਤੇ ਹੀ ਸਮਝਦੇ ਹਾਂ ਪਰ ਇਸ ਵਸੋਂ ਦੇ ਤਬਾਦਲੇ ਨਾਲ ਪੰਜਾਬੀ ਸਮਾਜ ਦੀ ਪੂਰਬਲੀ ਸੰਰਚਨਾ ਵਿਚ ਜੋ ਪਰਿਵਰਤਨ ਵਾਪਰੇ, ਉਨ੍ਹਾਂ ਵੱਲ ਅਸੀਂ ਗ਼ੌਰ ਨਹੀਂ ਕਰਦੇ। ਇਸ ਤਬਾਦਲੇ ਦੌਰਾਨ ਸਿਰਫ਼ ਲੋਕ ਆਪਣੀ ਮਾਤ-ਭੂਮੀ ਛੱਡ ਕੇ ਨਹੀਂ ਆਏ ਸਗੋਂ ਉਹ ਇਕ ਸਭਿਆਚਾਰ, ਜੀਵਨ ਜਾਚ ਅਤੇ ਆਪਣੀ ਭਾਸ਼ਾ ਵੀ ਲੈ ਕੇ ਆਏ। ਇਨ੍ਹਾਂ ਲੋਕਾਂ ਨੂੰ ਇਧਰਲੇ ਪੰਜਾਬ ਵਿਚ ਆਉਣ ਉਤੇ ਸਥਾਨਕ ਲੋਕਾਂ ਨੇ ਕਈ ਨਾਮ ਦਿੱਤੇ। ਇਨ੍ਹਾਂ ਵਿਚ ਮੁੱਖ ਤੌਰ 'ਤੇ ਰਿਫਿਊਜੀ ਜੱਟ ਅਤੇ ਪੋਠੋਹਾਰੀ ਹਿੰਦੂ ਤੇ ਸਿੱਖ ਖੱਤਰੀ ਸਨ। ਆਮ ਬੋਲਚਾਲ ਵਿਚ ਇਨ੍ਹਾਂ ਨੂੰ ਹਿਕਾਰਤੀ ਵਿਸ਼ੇਸ਼ਣਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਨ੍ਹਾਂ ਲਈ 'ਭਾਪੇ' ਸ਼ਬਦ ਵਰਤਿਆ ਜਾਂਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਇਹ ਸ਼ਬਦ ਉਨ੍ਹਾਂ ਦੇ ਮੂਲ ਸਥਾਨ 'ਤੇ ਸਤਿਕਾਰ ਦੀ ਭਾਵਨਾ ਵਾਲੇ ਸ਼ਬਦ ਸਨ ਪਰ ਆਪਣੀ ਮਾਤਭੂਮੀ ਤੋਂ ਟੁੱਟ ਕੇ ਇਹੀ ਸ਼ਬਦ ਨਾਪਸੰਦੀ ਅਤੇ ਨਫ਼ਰਤ ਦੇ ਭਾਵਾਂ ਨੂੰ ਪ੍ਰਗਟ ਕਰਨ ਲੱਗ ਪਏ। ਇਸ ਦਾ ਸਿੱਟਾ ਇਹ ਹੋਇਆ ਕਿ ਇਹ ਲੋਕ ਆਪਣੀ ਪਛਾਣ ਲੁਕੋਣ ਲੱਗੇ ਅਤੇ ਇਨ੍ਹਾਂ ਦੀ ਭਾਸ਼ਾ ਮਜ਼ਾਕ ਦਾ ਵਿਸ਼ਾ ਬਣਨ ਲੱਗੀ। ਇਨ੍ਹਾਂ ਦੀ ਪੋਠੋਹਾਰੀ ਜਿਹੜੀ ਆਜ਼ਾਦੀ ਤੋਂ ਪਹਿਲਾਂ ਦੇ ਦੌਰ ਵਿਚ ਸਾਹਿਤਕ ਭਾਸ਼ਾ ਦੇ ਤੌਰ 'ਤੇ ਸਤਿਕਾਰੀ ਜਾਂਦੀ ਸੀ, ਇਕਦਮ ਸਾਹਿਤਕ ਦਾਇਰੇ ਵਿਚੋਂ ਬਾਹਰ ਹੋਣ ਲੱਗੀ ਅਤੇ ਇਹ ਸਾਹਿਤ ਦੀ ਥਾਂ ਛੋਟੀ-ਮੋਟੀ ਦੁਕਾਨਦਾਰੀ ਅਤੇ ਵਪਾਰ ਵਾਲੇ ਲੋਕਾਂ ਦੀ ਭੱਦੀ ਭਾਸ਼ਾ ਬਣ ਗਈ।

ਪੰਜਾਬ ਵਿਚ ਉਨ੍ਹਾਂ ਦੇ ਵਿਹਾਰ, ਪਹਿਰਾਵੇ, ਪੱਗ, ਕੰਮ-ਧੰਦਿਆਂ, ਭਾਸ਼ਾ, ਰਿਸ਼ਤਾ-ਨਾਤਾ ਪ੍ਰਬੰਧ, ਕਿਰਦਾਰ ਅਤੇ ਸਮੁੱਚੀ ਜੀਵਨ ਜਾਚ ਦਾ ਮਜ਼ਾਕ ਉਡਾਇਆ ਜਾਂਦਾ ਹੈ। ਉਨ੍ਹਾਂ ਨੂੰ ਅਸਲੀ ਸਿੱਖ ਨਹੀਂ ਮੰਨਿਆ ਜਾਂਦਾ। ਇਸ ਦਾ ਕੋਝਾ ਪ੍ਰਮਾਣ ਦਿੱਲੀ ਦੰਗਿਆਂ ਤੋਂ ਬਾਅਦ ਉਨ੍ਹਾਂ ਨਾਲ ਹਮਦਰਦੀ ਜਤਾਉਣ ਦੀ ਬਜਾਏ ਕਿਹਾ ਗਿਆ ਕਿ ਦਿੱਲੀ ਵਿਚ ਸਿੱਖਾਂ ਦੇ ਭੁਲੇਖੇ 'ਭਾਪੇ' ਮਾਰੇ ਗਏ। ਆਰਥਿਕ ਪੱਖੋਂ ਮਜ਼ਬੂਤ ਹੋਣ ਦੇ ਬਾਵਜੂਦ ਇਹ ਲੋਕ ਸਮਾਜਕ ਦਾਇਰਿਆਂ ਵਿਚ ਦੂਜੇ ਦਰਜੇ ਦੇ ਸ਼ਹਿਰੀ ਸਮਝੇ ਜਾਂਦੇ ਹਨ।

ਇਹ ਉਹ ਲੋਕ ਸਮੂਹ ਹੈ ਜਿਹੜਾ ਆਜ਼ਾਦੀ ਤੋਂ ਪਹਿਲਾਂ ਪੰਜਾਬੀ ਸਾਹਿਤਕ ਵਿਰਾਸਤ ਦਾ ਆਲਮ-ਬਰਦਾਰ ਸੀ। ਇਸ ਵਿਚੋਂ ਹੀ ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ ਅਤੇ ਮੋਹਨ ਸਿੰਘ ਨੇ ਪੰਜਾਬੀ ਕਵਿਤਾ, ਨਾਵਲ ਤੇ ਕਹਾਣੀ ਦੇ ਖੇਤਰ ਵਿਚ ਪਹਿਲੀਆਂ ਪ੍ਰਾਪਤੀਆਂ ਕੀਤੀਆਂ। ਇਨ੍ਹਾਂ ਤੋਂ ਬਾਅਦ ਨਰਿੰਜਨ ਤਸਨੀਮ ਅਤੇ ਸੁਰਜੀਤ ਸਿੰਘ ਸੇਠੀ ਨੇ ਇਨ੍ਹਾਂ ਦੇ ਅਨੁਭਵਾਂ ਨੂੰ ਪੇਸ਼ ਕੀਤਾ ਅਤੇ ਬਾਅਦ ਵਿਚ ਐਸ. ਸੋਜ਼ ਤੇ ਗੁਰਮੁੱਖ ਸਿੰਘ ਸਹਿਗਲ ਨੇ ਆਪਣੇ ਨਾਵਲਾਂ ਅਤੇ ਕੇਸਰਾ ਰਾਮ ਨੇ ਆਪਣੀਆਂ ਕਹਾਣੀਆਂ ਵਿਚ ਇਨ੍ਹਾਂ ਦੀ ਉਚਾਰਨੀ ਭਾਸ਼ਾ ਨੂੰ ਕੁਝ ਜਗ੍ਹਾ ਦਿੱਤੀ। ਇਨ੍ਹਾਂ ਸਾਹਿਤਕ ਰਚਨਾਵਾਂ ਨੂੰ ਸਾਹਿਤਕ ਪੱਖੋਂ ਦਮ ਵਾਲੀਆਂ ਹੋਣ ਦੇ ਬਾਵਜੂਦ ਪੰਜਾਬੀ ਸਾਹਿਤਕ ਅਧਿਐਨ ਦੇ ਦਾਇਰਿਆਂ ਵਿਚ ਕੋਈ ਬਹੁਤੀ ਮਾਨਤਾ ਨਹੀਂ ਦਿੱਤੀ ਗਈ। ਉਨ੍ਹਾਂ ਦੀਆਂ ਰਚਨਾਵਾਂ ਨੂੰ ਅਧਿਐਨ ਦੇ ਯੋਗ ਹੀ ਨਹੀਂ ਸਮਝਿਆ ਗਿਆ।

ਇਸੇ ਤਰ੍ਹਾਂ ਪਰਵਾਸੀ ਮਜ਼ਦੂਰ ਵੀ ਅਜਿਹੀ ਪਛਾਣ ਇਕਾਈ ਹੈ ਜਿਹੜੀ ਪੱਕੇ ਤੌਰ 'ਤੇ ਪੰਜਾਬ ਦੇ ਸਮਾਜਕ ਜੀਵਨ ਦਾ ਭਾਗ ਬਣ ਚੁੱਕੀ ਹੈ। ਇਹ ਲੋਕ ਪੰਜਾਬ ਦੀਆਂ ਜ਼ਰੂਰਤਾਂ ਕਰਕੇ ਹੀ ਪੰਜਾਬ ਵੱਲ ਆਉਂਦੇ ਹਨ। ਇਹ ਸਥਾਪਤ ਧਾਰਨਾ ਹੈ ਕਿ ਕੋਈ ਮਹਿਮਾਨ ਮੇਜ਼ਬਾਨ ਦੀ ਆਗਿਆ ਅਤੇ ਉਸ ਦੀ ਲੋੜ ਤੋਂ ਬਿਨਾਂ ਆਪਣੀ ਮਾਤਭੂਮੀ ਛੱਡ ਕੇ ਬੇਗਾਨੀਆਂ ਥਾਵਾਂ ਉਤੇ ਨਹੀਂ ਜਾਂਦਾ। ਇਹ ਮਹਿਮਾਨ ਸਭਿਆਚਾਰਕ ਸਮੂਹ ਅਤੇ ਮੇਜ਼ਬਾਨ ਦੇ ਸਾਂਝੇ ਹਿੱਤਾਂ ਕਰਕੇ ਹੀ ਸੰਭਵ ਹੁੰਦਾ ਹੈ ਕਿ ਲੋਕ ਪਰਵਾਸ ਕਰਦੇ ਹਨ। ਪੰਜਾਬ ਵਿਚ ਹਰੀ ਕ੍ਰਾਂਤੀ ਨੂੰ ਨੇਪਰੇ ਚੜ੍ਹਾਉਣ ਦਾ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ। ਇਸੇ ਤਰ੍ਹਾਂ ਪੰਜਾਬ ਵਿਚ ਸਨਅਤ ਅਤੇ ਹੋਰ ਕਿੰਨੇ ਹੀ ਛੋਟੇ-ਮੋਟੇ ਸਰੀਰਕ ਮਿਹਨਤ-ਮਜ਼ਦੂਰੀ ਦੇ ਕੰਮ ਪੈਦਾ ਹੋਏ ਕਿ ਭਾਰਤ ਦੇ ਕਿੰਨੇ ਹੀ ਪ੍ਰਾਂਤਾਂ ਤੋਂ ਮਜ਼ਦੂਰ ਪਰਵਾਸ ਕਰਕੇ ਪੰਜਾਬ ਆਉਣ ਲੱਗੇ। ਇਥੇ ਇਹ ਵੀ ਯਾਦ ਰੱਖਣਾ ਲੋੜੀਂਦਾ ਹੈ ਕਿ ਪੰਜਾਬੀ ਪੇਂਡੂ ਮਿੱਟੀ ਵਿਚ ਨਵੇਂ ਕੰਮ-ਧੰਦਿਆਂ ਨੂੰ ਅਪਣਾਉਣ ਪ੍ਰਤੀ ਬਹੁਤਾ ਉਤਸ਼ਾਹ ਨਹੀਂ ਸੀ। ਪੰਜਾਬ ਦੇ ਪਿੰਡਾਂ ਦੀ ਮਿੱਟੀ ਨਾਲ ਬੰਨ੍ਹੇ ਹੋਣ ਕਾਰਨ ਵੀ ਉਹ ਵੱਖਰੀ ਕਿਸਮ ਦੀ ਕਿਰਤ ਕਰਨ ਪੱਖੋਂ ਬਹੁਤੇ ਗਤੀਸ਼ੀਲ ਨਹੀਂ ਸਨ। ਇਸੇ ਲਈ ਸ਼ਹਿਰਾਂ ਵਿਚ ਬਹੁਤ ਦੇਰ ਤਕ ਕੋਈ ਪੰਜਾਬੀ ਰਿਕਸ਼ਾ ਚਲਾਉਂਦਾ ਨਹੀਂ ਸੀ

***ਇਨ੍ਹਾਂ ਦੀ ਪੋਠੋਹਾਰੀ ਜਿਹੜੀ ਆਜ਼ਾਦੀ ਤੋਂ ਪਹਿਲਾਂ ਦੇ ਦੌਰ ਵਿਚ ਸਾਹਿਤਕ ਭਾਸ਼ਾ ਦੇ ਤੌਰ 'ਤੇ ਸਤਿਕਾਰੀ ਜਾਂਦੀ ਸੀ, ਇਕਦਮ ਸਾਹਿਤਕ ਦਾਇਰੇ ਵਿਚੋਂ ਬਾਹਰ ਹੋਣ ਲੱਗੀ ਅਤੇ ਇਹ ਸਾਹਿਤ ਦੀ ਥਾਂ ਛੋਟੀ-ਮੋਟੀ ਦੁਕਾਨਦਾਰੀ ਅਤੇ ਵਪਾਰ ਵਾਲੇ ਲੋਕਾਂ ਦੀ ਭੱਦੀ ਭਾਸ਼ਾ ਬਣ ਗਈ।***

ਦੇਖਿਆ ਜਾ ਸਕਦਾ। ਇਸ ਲਈ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਪਰਵਾਸੀ ਮਜ਼ਦੂਰ ਪੰਜਾਬ ਦੀ ਆਰਥਿਕਤਾ ਦੀਆਂ ਜ਼ਰੂਰਤਾਂ ਕਾਰਨ ਪੰਜਾਬ ਆਏ ਹਨ। ਇਸ ਗੱਲ ਦੇ ਪ੍ਰਮਾਣ ਲਈ ਲੁਧਿਆਣਾ ਵਿਚ ਹੋਈ ਹਿੰਸਾ ਤੋਂ ਬਾਅਦ ਡਰ ਕਾਰਨ ਪਰਵਾਸੀ ਮਜ਼ਦੂਰਾਂ ਦੀ ਆਮਦ ਘਟਣ ਅਤੇ ਵਾਪਸੀ ਵਧਣ ਕਰ ਕੇ ਲੁਧਿਆਣਾ ਦੇ ਕਾਰਖ਼ਾਨੇਦਾਰਾਂ ਨੂੰ ਪਈ ਚਿੰਤਾ ਦੀ ਉਦਾਹਰਣ ਲਈ ਜਾ ਸਕਦੀ ਹੈ।

ਹੁਣ ਇਹ ਪਰਵਾਸੀ ਮਜ਼ਦੂਰ ਸਿਰਫ਼ ਖੇਤ ਮਜ਼ਦੂਰ ਨਹੀਂ ਰਹੇ। ਸਨਅਤ ਵਿਚ ਪਰਵਾਸੀ ਮਜ਼ਦੂਰਾਂ ਦੀ ਬਹੁਤਾਤ ਹੈ, ਇੰਜ ਹੀ ਮਕਾਨ ਉਸਾਰੀ ਨਾਲ ਜੁੜੇ ਉਹ ਕਿੰਨੇ ਹੀ ਧੰਦਿਆਂ ਨੂੰ ਸੰਭਾਲੀ ਬੈਠੇ ਹਨ। ਮਜ਼ਦੂਰੀ, ਰਾਜ ਮਿਸਤਰੀ, ਪਲੰਬਰ, ਰੰਗ/ਕਲੀ ਕਰਨ ਵਾਲੇ, ਫ਼ਰਸ਼ ਬਣਾਉਣ ਵਾਲੇ, ਪੀ.ਓ.ਪੀ. ਰਾਹੀਂ ਸਜਾਵਟ ਕਰਨ ਵਾਲੇ; ਸਾਰੇ ਹੀ ਕਾਰੀਗਰ ਪਰਵਾਸੀ ਹਨ। ਹੋਰ ਤਾਂ ਹੋਰ, ਨਕਲੀ ਦੰਦ ਬਣਾਉਣ ਵਾਲੇ ਅਤੇ ਜਰੀ, ਕਢਾਈ ਦਾ ਕੰਮ ਕਰਨ ਵਾਲੇ ਵੀ ਪਰਵਾਸੀ ਹਨ। ਇਹ ਲੋਕ ਹੁਣ ਪੱਕੇ ਤੌਰ 'ਤੇ ਪੰਜਾਬ ਨਾਲ ਜੁੜ ਚੁੱਕੇ ਹਨ ਅਤੇ ਇਥੇ ਇਨ੍ਹਾਂ ਦੇ ਪੱਕੇ ਟਿਕਾਣੇ ਹਨ। ਇਸ ਲੋਕ ਸਮੂਹ ਨੂੰ ਪੰਜਾਬ ਦੇ ਲੋਕਾਂ ਨੇ ਅਜੇ ਤਕ ਆਪਣੇ ਨਹੀਂ ਬਣਾਇਆ ਅਤੇ ਇਨ੍ਹਾਂ ਨੂੰ ਸੁਭਾਵਿਕ ਜਮਹੂਰੀ ਹੱਕਾਂ ਤੋਂ ਵਾਂਝੇ ਰੱਖਿਆ ਹੋਇਆ ਹੈ। ਇਨ੍ਹਾਂ ਨੂੰ ਜਾਂ ਤਾਂ ਅਪਰਾਧੀ ਬਿਰਤੀ ਵਾਲੇ ਲੋਕਾਂ ਵਜੋਂ ਜਾਣਿਆ ਜਾਂਦਾ ਹੈ ਅਤੇ ਜਾਂ ਇਨ੍ਹਾਂ ਦੇ ਭਾਸ਼ਾਈ ਉਚਾਰ ਨੂੰ ਲੈ ਕੇ ਮਜ਼ਾਕ ਦਾ ਵਿਸ਼ਾ ਬਣਾਇਆ ਜਾਂਦਾ ਹੈ। ਮਿੱਤਰ ਸੈਨ ਮੀਤ ਦੇ ਨਾਵਲਾਂ 'ਕੌਰਵ ਸਭਾ' ਅਤੇ 'ਸੁਧਾਰ ਘਰ' ਵਿਚ ਇਨ੍ਹਾਂ ਦਾ ਨਕਾਰਾਤਮਕ ਰੂਪ ਪੇਸ਼ ਕੀਤਾ ਗਿਆ ਹੈ ਅਤੇ ਜਸਵੰਤ ਸਿੰਘ ਕੰਵਲ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚੋਂ ਭੱਈਆਂ ਨੂੰ ਬਾਹਰ ਕੱਢ ਕੇ ਪੰਜਾਬ ਨੂੰ ਸ਼ੁੱਧ ਕਰਨ ਲਈ ਭਾਸ਼ਣਬਾਜ਼ੀ ਕਰ ਰਿਹਾ ਹੈ। ਇਸ ਪ੍ਰਸੰਗ 'ਚ ਰਾਮ ਸਰੂਪ ਅਣਖੀ ਦਾ ਨਾਵਲ 'ਭੀਮਾ' ਅਪਵਾਦ ਹੈ ਜਿਸ ਵਿਚ ਪਰਵਾਸੀ ਮਜ਼ਦੂਰ ਦਾ ਸਾਕਾਰਾਤਮਕ ਬਿੰਬ ਪੇਸ਼ ਕੀਤਾ ਗਿਆ ਹੈ।

ਸੁਰਜੀਤ ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਵਿਚ ਪਰਵਾਸੀ ਮਜ਼ਦੂਰਾਂ ਦਾ ਹਮਦਰਦਾਨਾ ਅਤੇ ਭਾਸ਼ਾ ਦੇ ਪ੍ਰਸੰਗ ਵਿਚ ਅਰਥਪੂਰਨ ਬਿੰਬ ਸਿਰਜਿਆ ਗਿਆ ਹੈ। ਇਹ ਸ਼ਾਇਦ ਪੰਜਾਬੀ ਦੀ ਪਹਿਲੀ ਕਵਿਤਾ ਹੋਵੇਗੀ ਜੋ ਪਰਵਾਸੀ ਮਜ਼ਦੂਰਾਂ ਦੇ ਪੰਜਾਬੀਕਰਨ ਦੀ ਪ੍ਰਕਿਰਿਆ ਵੱਲ ਇਸ਼ਾਰਾ ਕਰਦੀ ਹੈ ਅਤੇ ਉਨ੍ਹਾਂ ਨੂੰ ਬੇਗਾਨੇ ਮੰਨਣ ਦੀ ਬਜਾਏ ਆਪਣੇ ਸਮਝਦੀ ਹੈ। ਇਥੇ ਭਾਵੇਂ ਉਹ ਆਪਣੀ ਮਾਤ-ਭਾਸ਼ਾ ਅਤੇ ਉਸ ਵਿਚਲੀ ਲੋਕਧਾਰਾਈ ਵਿਰਾਸਤ ਤੋਂ ਟੁੱਟ ਜਾਂਦੇ ਹਨ ਪਰ ਨਵੇਂ ਹਾਲਾਤ ਵਿਚ ਰਿਜ਼ਕ ਦੀ ਭਾਲ ਵਿਚ ਆ ਕੇ 'ਸ਼ਬਦ' ਨਾਲ ਦੁਬਾਰਾ ਤੋਂ ਰਿਸ਼ਤਾ ਗੰਢਦੇ ਹਨ। ਇਸ ਨਵੇਂ ਸ਼ਬਦ ਗਿਆਨ ਦਾ ਪਰਵਾਸੀ ਹੋਂਦ, ਹਾਲਾਤ ਵਿਚੋਂ ਉਪਜੀ ਸੰਵੇਦਨਾ ਦਾ ਕੀ ਰਿਸ਼ਤਾ ਬਣਦਾ ਹੈ, ਇਹ ਆਪਣੇ ਆਪ ਵਿਚ ਬੜਾ ਟੇਢਾ ਸਵਾਲ ਹੈ ਪਰ ਇਥੋਂ ਦੇ ਸਥਾਨਕ ਲੋਕਾਂ ਦੀਆਂ ਅਕਾਂਖਿਆਵਾਂ ਦੀ ਪੂਰਤੀ ਦੀ ਭਾਸ਼ਾ ਅੰਗਰੇਜ਼ੀ ਬਣ ਰਹੀ ਹੈ ਅਤੇ ਉਹ ਆਪਣੀ ਮਾਤ-ਭਾਸ਼ਾ ਨਾਲੋਂ ਨਾਤਾ ਤੋੜ ਰਹੇ ਹਨ। ਇਸ ਹਾਲਤ ਵਿਚ ਪਰਵਾਸੀਆਂ ਦਾ ਪੰਜਾਬ ਅਤੇ ਪੰਜਾਬੀ ਨਾਲ ਰਿਸ਼ਤਾ ਮਹੱਤਵਪੂਰਨ ਅਧਿਐਨ ਵਸਤੂ ਜਾਂਦਾ ਹੈ। ਪਾਤਰ ਦੀ ਕਵਿਤਾ ਹੈ:

ਆਇਆ ਨੰਦ ਕਿਸ਼ੋਰ
ਪਿੱਛੇ ਪਿੱਛੇ ਰਿਜ਼ਕ ਦੇ
ਆਇਆ ਨੰਦ ਕਿਸ਼ੋਰ
ਚੱਲ ਕੇ ਦੂਰ ਬਿਹਾਰ ਤੋਂ
ਗੱਡੀ ਬੈਠ ਸਿਆਲਦਾ।
ਨਾਲ ਬਥੇਰੇ ਹੋਰ
ਰਾਮਕਲੀ ਵੀ ਨਾਲ ਸੀ
ਸੁਘੜ ਲੁਗਾਈ ਓਸ ਦੀ
ਲੁਧਿਆਣੇ ਦੇ ਕੋਲ ਹੀ
ਇਕ ਪਿੰਡ ਬਾੜੇਵਾਲ ਵਿਚ
ਜੜ੍ਹ ਲੱਗੀ ਤੇ ਪੁੰਗਰੀ
ਰਾਮਕਲੀ ਦੀ ਕੁੱਖ 'ਚੋਂ
ਜਨਮੀ ਬੇਟੀ ਓਸ ਦੀ
ਨਾਂ ਧਰਿਆ ਸੀ ਮਾਧੁਰੀ।
ਕੱਲ੍ਹ ਮੈਂ ਦੇਖੀ ਮਾਧੁਰੀ
ਓਸੇ ਪਿੰਡ ਸਕੂਲ ਵਿਚ
ਗੁੱਤਾਂ ਬੰਨ੍ਹ ਕੇ ਰਿਬਨ ਵਿਚ
ਸੁਹਣੀ ਪੱਟੀ ਪੋਚਕੇ
ਊੜਾ ਐੜਾ ਲਿਖ ਰਹੀ
ਬੇਟੀ ਨੰਦ ਕਿਸ਼ੋਰ ਦੀ।
ਕਿੰਨਾ ਗੂੜ੍ਹਾ ਸਾਕ ਹੈ
ਅੱਖਰਾਂ ਤੇ ਰਿਜ਼ਕ ਦਾ
ਏਸੇ ਪਿੰਡ ਦੇ ਲਾਡਲੇ
ਪੋਤੇ ਅੱਛਰ ਸਿੰਘ ਦੇ
ਆਪਣੇ ਪਿਓ ਦੀ ਕਾਰ ਵਿਚ
ਬਹਿ ਲੁਧਿਆਣੇ ਆਂਵਦੇ
ਕੌਨਵੈਂਟ ਵਿਚ ਪੜ੍ਹ ਰਹੇ
ਏ.ਬੀ.ਸੀ.ਡੀ. ਸਿੱਖਦੇ
ਪੋਤੇ ਅੱਛਰ ਸਿੰਘ ਦੇ।
ਕਿੰਨਾ ਗੂੜ੍ਹਾ ਸਾਕ ਹੈ
ਅੱਖਰ ਅਤੇ ਅਕਾਂਖਿਆ-
ਪਿੱਛੇ ਪਿੱਛੇ ਰਿਜ਼ਕ ਕੇ
ਆਇਆ ਨੰਦ ਕਿਸ਼ੋਰ।

ਇਹੀ ਪੰਜਾਬੀ ਪੜ੍ਹਨ ਵਾਲੀ ਪਰਵਾਸੀ ਮਜ਼ਦੂਰਾਂ ਦੀ ਅਗਲੀ ਪੀੜ੍ਹੀ ਵਿਚੋਂ ਕੋਈ ਸੱਤਪਾਲ ਭੀਖੀ ਵਰਗਾ ਪੰਜਾਬੀ ਕਵੀ ਬਣ ਜਾਂਦਾ ਹੈ। ਉਸ ਦੀ ਕਵਿਤਾ ਦੀ ਕਿਤਾਬ 'ਪਲਕਾਂ ਹੇਠ ਦਰਿਆ' ਦੀ ਭਾਸ਼ਾ, ਬਿੰਬਾਵਲੀ, ਸੰਵੇਦਨਾ ਅਤੇ ਅਨੁਭਵ ਯਥਾਰਥ ਤੋਂ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਇਸ ਕਵੀ ਦਾ ਸਬੰਧ ਪੰਜਾਬ ਤੋਂ ਬਿਨਾਂ ਭਾਰਤ ਦੇ ਕਿਸੇ ਹੋਰ ਖਿੱਤੇ ਨਾਲ ਹੈ। ਉਹ ਪ੍ਰਤੱਖ ਤੌਰ 'ਤੇ ਕਦੇ ਵੀ ਪੰਜਾਬ ਵਿਚ ਪਰਵਾਸੀ ਦੀ ਹੋਂਦ ਸਥਿਤੀ ਅਨੁਸਾਰ ਅਤੇ ਦ੍ਰਿਸ਼ਟੀ ਦੇ ਦਰਸ਼ਨ ਨਹੀਂ ਹੋਣ ਦਿੰਦਾ। ਫਿਰ ਵੀ ਕਿਤੇ ਕਿਤੇ ਪਿਛੋਕੜ ਵਿਚ ਅਜਿਹੀ ਧੁਨੀ ਸੁਣਦੀ ਹੈ ਜਿਸ ਵਿਚੋਂ ਉਸ ਦੀ ਪਰਵਾਸੀ ਹੋਂਦ ਝਲਕ ਨਜ਼ਰ ਆਉਂਦੀ ਹੈ। ਉਹ ਲਿਖਦਾ ਹੈ:

ਦੁਆ ਮੰਗਦਾ ਹਾਂ ਕਿ
ਇਸ ਵਰ੍ਹੇ
ਤੁਹਾਡੇ ਮਿੱਤਰਾਂ ਦਾ ਘੇਰਾ
ਏਨਾ ਵਿਸ਼ਾਲ ਹੋ ਜਾਵੇ
ਕਿ ਗ਼ਮ, ਹਿਜਰਤ, ਬੇਵਸੀ,
ਬੇਗਾਨਾਪਣ ਜਿਹੇ ਸ਼ਬਦ
ਚੇਤੇ ਆਉਣ ਦਾ
ਤੁਹਾਨੂੰ ਮਿਲੇ ਹੀ ਨਾ ਵਕਤ।
ਆਵਾਜ਼ ਬਣਨਾ ਚਾਹੁੰਦੇ ਹਾਂ
ਧਰਤੀ ਦੀਆਂ ਤੈਹਾਂ 'ਚ
ਕੋਲੇ ਨਾਲ ਕੋਲਾ ਬਣੇ 'ਕੋਲਿਆਂ' ਲਈ
ਜਿਨ੍ਹਾਂ ਦੀ ਧੁਖਦੀ ਦਗਦੀ ਆਵਾਜ਼
ਧਰਤ ਦੀਆਂ ਪਰਤਾਂ 'ਚ ਹੀ ਗੁੰਮ ਹੋ ਜਾਂਦੀ।

ਇੰਜ ਪੰਜਾਬੀ ਸਾਹਿਤ ਪੂਰਬਲੀ ਸਮਾਜ ਵਿਵਸਥਾ ਵਿਚਲੇ ਦਲਿਤਾਂ ਅਤੇ ਨਾਰੀਆਂ ਦੀ ਹੋਂਦ ਹੋਣੀ ਅਤੇ ਦ੍ਰਿਸ਼ਟੀ ਦਾ ਵਾਹਕ ਬਣਦਾ ਉਨ੍ਹਾਂ ਨੂੰ ਆਵਾਜ਼ ਮੁਹੱਈਆ ਕਰਦਾ ਹੈ ਪਰ ਇਨ੍ਹਾਂ ਸਮੂਹਾਂ ਦੀ ਪੰਜਾਬੀ ਸਾਹਿਤ ਅਤੇ ਹੋਰ ਕਲਾ ਮਾਧਿਅਮਾਂ ਵਿਚ ਹੋਂਦ ਮਨਫ਼ੀ ਹੈ। ਇਹ ਲੋਕ ਪਰਵਾਸ ਕਾਰਨ ਆਪਣੀ ਲੋਕਧਾਰਾ ਤੋਂ ਵੀ ਟੁੱਟ ਚੁੱਕੇ ਹਨ, ਇਸ ਲਈ ਇਨ੍ਹਾਂ ਕੋਲ ਆਪਣੇ ਪ੍ਰਗਟਾਵੇ ਦੇ ਮੌਲਿਕ ਮਾਧਿਅਮ ਵੀ ਖੁੱਸ ਚੁੱਕੇ ਹਨ। ਪੋਠੋਹਾਰੀ ਪੰਜਾਬੀਆਂ ਦੇ ਮੁਕੰਮਲ ਲੋਕ-ਨਾਚ ਲੁੱਡੀ ਅਤੇ ਸੰਮੀ ਪੂਰਬੀ ਪੰਜਾਬ ਦੇ ਭੰਗੜੇ ਦੇ ਛੋਟੇ-ਛੋਟੇ ਅੰਗ ਬਣ ਕੇ ਰਹਿ ਗਏ ਹਨ। ਉਨ੍ਹਾਂ ਦੀ ਲੋਕਧਾਰਾ ਹੁਣ ਪੰਜਾਬੀ ਲੋਕਧਾਰਾਈ ਅਧਿਐਨ ਦਾ ਵਿਸ਼ਾ ਵੀ ਨਹੀਂ ਰਹੀ। ਇੰਜ ਇਹ ਦੋਵੇਂ ਲੋਕ ਸਮੂਹ ਆਪਣੀ ਭਾਸ਼ਾ ਤੋਂ ਮਹਿਰੂਮ ਕੀਤੇ ਜਾ ਰਹੇ ਹਨ ਅਤੇ ਸਥਾਨ ਬਦਲੀ ਕਰ ਕੇ ਇਹ ਆਪਣੀ ਲੋਕਧਾਰਾਈ ਵਿਰਾਸਤ ਤੋਂ ਵੀ ਵਿਛੁੰਨੇ ਗਏ ਹਨ। ਇੰਜ ਇਹ ਲੋਕ ਸਾਡੀ ਭਾਸ਼ਾਈ ਅਤੇ ਸਭਿਆਚਾਰਕ ਸਥਾਪਤੀ ਲਈ ਸਬਾਲਟਰਨ, ਨਿਗੂਣੇ, ਦੁਜੈਲੇ ਤੇ ਹਾਸ਼ੀਏ ਉਤੇ ਧੱਕੇ ਜਾਣ ਦੀ ਹੋਣੀ ਦੇ ਮਾਲਕ ਕਹੇ ਜਾ ਸਕਦੇ ਹਨ।

# ਕਸ਼ਮੀਰ ਦੀ ਜੱਦੋ-ਜਹਿਦ:ਭਾਰਤੀ ਸਿਆਸਤ ਦਾ ਸੱਚ

*ਕਸ਼ਮੀਰ ਦੇ ਕੌਮੀ ਰੁਤਬੇ ਬਾਰੇ ਪ੍ਰੋ. ਹਰਭਜਨ ਸੋਹੀ ਨੇ ਵਿਸਥਾਰ ਪੂਰਵਕ, ਪੜਚੋਲਵੀਂ ਲੰਮੀ ਲਿਖਤ ਲਿਖੀ ਸੀ। ਪਿਛਲੇ ਅੰਕ ਵਿਚ ਇਸ ਲਿਖਤ ਦਾ ਇਕ ਹਿੱਸਾ ਛਾਪਿਆ ਗਿਆ ਸੀ ਜਿਸ ਵਿਚ ਕਸ਼ਮੀਰੀ ਜੱਦੋਜਹਿਦ ਦੇ ਕੁਝ ਵਿਲੱਖਣ ਅਤੇ ਉਘੜਵੇਂ ਪੱਖਾਂ ਬਾਰੇ ਚਰਚਾ ਕੀਤੀ ਗਈ ਸੀ। ਇਸੇ ਲੜੀ ਵਿਚ ਲਿਖਤ ਦਾ ਦੂਜਾ ਹਿੱਸਾ ਛਾਪਿਆ ਜਾ ਰਿਹਾ ਹੈ ਜਿਸ ਵਿਚ ਕਸ਼ਮੀਰ ਦੇ ਪਿਛੋਕੜ ਬਾਰੇ ਗੱਲ ਕਰਦਿਆਂ ਭਾਰਤੀ ਹਾਕਮ ਜਮਾਤਾਂ ਵੱਲੋਂ ਆਵਾਮ ਵਿਚ ਪਾਏ ਗਏ ਭੁਲੇਖਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਹ ਦੋਵੇਂ ਹੀ ਹਿੱਸੇ ਮੁਕੰਮਲ ਲਿਖਤ ਦਾ ਰਤਾ ਕੁ ਸੰਖੇਪ ਰੂਪ ਹਨ। -ਸੰਪਾਦਕ*

---

**ਪ੍ਰੋ. ਹਰਭਜਨ ਸੋਹੀ**

ਕਸ਼ਮੀਰ ਜਿਸ ਤਰ੍ਹਾਂ ਭਾਰਤੀ ਰਾਜ ਖ਼ਿਲਾਫ਼ ਗੁੱਸੇ ਅਤੇ ਬਗ਼ਾਵਤ ਦੇ ਜਵਾਲਾਮੁਖੀ 'ਚ ਤਬਦੀਲ ਹੋ ਗਿਆ ਹੈ, ਇਹ ਤੇਜ਼ੀ ਨਾਲ ਬਦਲਦੀ ਭਾਰਤੀ ਸਿਆਸੀ ਹਾਲਤ ਦੀ ਮੂੰਹ-ਬੋਲਦੀ ਤਸਵੀਰ ਪੇਸ਼ ਕਰਦਾ ਹੈ। ਇਹ ਹਾਲਤ ਦੇਸ਼ ਦੇ ਉਨ੍ਹਾਂ ਹਿੱਸਿਆਂ ਵਿਚ ਵਧੇਰੇ ਹੈ ਜਿਥੇ ਆਮ ਰੂਪ ਵਿਚ ਸਾਮਰਾਜੀ-ਜਗੀਰੂ ਦਾਬੇ ਨਾਲ ਕੌਮੀ ਅਤੇ ਕਬਾਇਲੀ ਸ਼ਨਾਖ਼ਤ ਦੇ ਨਿਰਾਦਰ ਦਾ ਪੱਖ ਜੁੜ ਜਾਂਦਾ ਹੈ। ਕਸ਼ਮੀਰ ਸਮੱਸਿਆ ਦੀਆਂ, ਨਿਰਸੰਦੇਹ ਆਪਣੀਆਂ ਗੁੰਝਲਾਂ ਹਨ-ਇਤਿਹਾਸਕ ਵੀ ਅਤੇ ਭੂਗੋਲਿਕ-ਸਿਆਸੀ ਵੀ; ਤਾਂ ਵੀ ਇਹ ਭਾਰਤੀ ਲੋਕਾਂ ਦੇ ਵਿਸ਼ਾਲ ਜਨ-ਸਮੂਹਾਂ ਦੇ ਜਾਨ-ਮਾਲ ਬਾਰੇ ਭਾਰਤੀ ਆਪਾ-ਸ਼ਾਹ ਹਾਕਮਾਂ ਦੀ ਗ਼ੈਰ ਮਨੁੱਖੀ ਬੇਕਦਰੀ ਦੀ ਆਮ ਸੱਚਾਈ ਦਾ, ਉਨ੍ਹਾਂ ਦੇ ਬੁਰੀ ਤਰ੍ਹਾਂ ਖੁਰ ਚੁੱਕੇ ਸਿਆਸੀ ਸਰਮਾਏ ਅਤੇ ਆਮ ਲੋਕਾਂ 'ਤੇ ਵਧੇ ਪ੍ਰਬੰਧਕੀ ਕਹਿਰ ਦੀ ਆਮ ਸੱਚਾਈ ਦਾ ਅਤੇ "ਹਰ ਕੀਮਤ 'ਤੇ ਭਾਰਤ ਦੀ ਏਕਤਾ ਤੇ ਅਖੰਡਤਾ" ਦੇ ਉਨ੍ਹਾਂ ਦੇ ਬੁਨਿਆਦੀ ਨਾਅਰੇ ਦੇ ਲੋਕ-ਵਿਰੋਧੀ ਅਤੇ ਕੌਮ-ਵਿਰੋਧੀ ਤੱਤ ਦੀ ਆਮ ਸੱਚਾਈ ਦਾ ਸਪਸ਼ਟ ਮੁਜ਼ਾਹਰਾ ਕਰਦੀ ਹੈ।

**ਕੁੱਟ-ਕੁੱਟ ਕੇ ਪੱਧਰ ਕਰੋ ਦੀ ਨੀਤੀ:** ਕਮਸ਼ੀਰੀ ਲੋਕਾਂ ਖ਼ਿਲਾਫ਼ ਚੁਤਰਫ਼ੇ ਹਮਲੇ ਦੀ ਰਿਆਸਤੀ ਦਹਿਸ਼ਤਵਾਦੀ ਨੀਤੀ ਸਿਆਸੀ ਕਪਟ, ਪੱਤੇਬਾਜ਼ੀ ਅਤੇ ਜਨਤਕ ਵਿਰੋਧ ਨੂੰ ਜਬਰ ਨਾਲ ਕੁਚਲਣ ਰਾਹੀਂ ਕਸ਼ਮੀਰੀ ਲੋਕਾਂ ਦਾ ਟਾਕਰਾ ਭੰਨ ਕੇ ਕਸ਼ਮੀਰ ਨੂੰ ਹੌਲੀ ਹੌਲੀ ਭਾਰਤ ਵਿਚ ਮਿਲਾਉਣ ਦੀ ਲੰਮੇ ਸਮੇਂ ਤੋਂ ਲਾਗੂ ਹੋ ਰਹੀ ਨੀਤੀ ਦਾ ਸਿਖ਼ਰ ਹੈ। ਭਾਰਤੀ ਰਾਜ ਦੀ ਕਸ਼ਮੀਰ ਨੀਤੀ ਦਾ ਦਬਾਉ ਤੱਤ ਅਤੇ ਇਸ ਨੂੰ ਹੜੱਪ ਕਰ ਜਾਣ ਦੀ ਧੁੱਸ 1953 ਵਿਚ ਹੀ ਉਜਾਗਰ ਹੋ ਗਈ ਸੀ ਜਦੋਂ ਕਸ਼ਮੀਰ ਦੇ ਚੁਣੇ ਗਏ ਪਹਿਲੇ ਅਤੇ ਆਖ਼ਰੀ ਹਾਕਮ ਸ਼ੇਖ਼ ਅਬਦੁੱਲਾ ਨੂੰ ਨਹਿਰੂ ਸਰਕਾਰ ਦੇ ਹੁਕਮਾਂ 'ਤੇ ਬਰਖ਼ਾਸਤ ਕਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਇਸ ਵਧੀਕੀ ਖ਼ਿਲਾਫ਼ ਵਿਸ਼ਾਲ ਜਨਤਕ ਵਿਰੋਧ ਨੂੰ ਦਬਾਉਣ ਲਈ 1500 ਤੋਂ ਵੱਧ ਕਸ਼ਮੀਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ।

ਫੇਰ ਵੀ, ਪਿਛਲੇ ਸਮੇਂ 'ਚ ਭਾਰਤੀ ਹਾਕਮ ਕਸ਼ਮੀਰ ਅੰਦਰ ਆਪਣੀ ਸਿਆਸੀ ਮਰਜ਼ੀ ਠੋਸਣ ਲਈ ਹਮੇਸ਼ਾ ਕਿਸੇ ਸਥਾਨਕ ਸਿਆਸੀ ਸਾਧਨ ਨੂੰ ਵਰਤਦੇ ਆ ਰਹੇ ਸਨ ਅਤੇ ਇਸ ਤਰ੍ਹਾਂ ਕਸ਼ਮੀਰ ਦੇ ਮਾਮਲਿਆਂ ਦੀ ਵਾਗਡੋਰ ਸਥਾਨਕ ਲੀਡਰਸ਼ਿਪ ਦੇ ਹੱਥਾਂ ਵਿਚ ਹੋਣ ਦਾ ਪਰਦਾ ਰੱਖਦੇ ਆ ਰਹੇ ਸਨ। ਸ਼ੇਖ਼ ਅਬਦੁੱਲਾ ਦੀ ਬਰਖ਼ਾਸਤਗੀ ਅਤੇ ਨਜ਼ਰਬੰਦੀ ਵੀ ਉਸ ਵੇਲੇ ਦੇ 'ਸਦਰ-ਇ-ਰਿਆਸਤ' ਕਰਨ ਸਿੰਘ ਦੀ ਰਸਮੀ ਛਤਰ-ਛਾਇਆ ਹੇਠ ਕੀਤੀ ਗਈ ਸੀ ਜਦਕਿ 'ਸ਼ੇਰ-ਇ-ਕਸ਼ਮੀਰ' ਨੂੰ 1975 ਤਕ ਲਗਭਗ ਦੋ ਦਹਾਕੇ 'ਚ ਪਾਲਤੂ ਬਣਾ ਕੇ ਮੁੜ-ਬਹਾਲ ਕਰਨ ਤਕ, ਜ਼ਬਰਦਸਤੀ ਜਾਮ ਰੱਖਿਆ ਗਿਆ। ਬਖ਼ਸ਼ੀ ਗ਼ੁਲਾਮ ਮੁਹੰਮਦ ਅਤੇ ਜੀ.ਐਮ. ਸਾਦਿਕ ਵਰਗਿਆਂ ਰਾਹੀਂ ਕਸ਼ਮੀਰੀ ਸਰਕਾਰ ਦੀ ਦਿੱਖ ਕਾਇਮ ਰੱਖੀ ਜਾਂਦੀ ਰਹੀ ਹੈ।



ਭਾਰਤੀ ਹਾਕਮ ਭਾਰਤ ਦੇ ਕਿਸੇ ਵੀ ਹੋਰ ਸੂਬੇ ਵਾਂਗ ਹੀ ਕਸ਼ਮੀਰ 'ਤੇ ਹਕੂਮਤ ਕਰਨੀ ਲੋਚਦੇ ਹਨ। (ਧਾਰਾ 370 ਦੇ ਆਪਣੇ ਰਸਮੀ ਰੱਟਣ ਮੰਤਰ ਦੇ ਬਾਵਜੂਦ ਇਸ ਨੂੰ ਵਿਉਂਤਬੰਦ ਢੰਗ ਰਾਹੀਂ ਸਾਰੇ ਸਿਆਸੀ ਤੱਤ ਤੋਂ ਵਾਂਝਿਆ ਕਰ ਦਿੱਤਾ ਗਿਆ ਹੈ। ਹੁਣ ਸਿਰਫ਼ ਗ਼ੈਰ ਕਸ਼ਮੀਰੀਆਂ ਵੱਲੋਂ ਕਸ਼ਮੀਰੀ ਜ਼ਮੀਨ-ਜਾਇਦਾਦ ਦੀ ਖ਼ਰੀਦੋ-ਫ਼ਰੋਖ਼ਤ ਖ਼ਿਲਾਫ਼ ਕਾਨੂੰਨੀ ਸੁਰੱਖਿਆ ਹੈ) ਇਉਂ ਭਾਰਤੀ ਹਾਕਮ, ਕਸ਼ਮੀਰੀ ਲੋਕਾਂ ਲਈ ਇਹ ਚੋਣ ਲੈ ਕੇ ਸਾਹਮਣੇ ਆ ਚੁੱਕੇ ਹਨ ਕਿ ਜਾਂ ਤਾਂ ਉਹ ਭਾਰਤੀ ਰਿਆਸਤ ਦੀ ਰਜ਼ਾ ਨੂੰ ਬਿਨਾਂ ਸ਼ਰਤ ਕਬੂਲ ਕਰਨ ਜਾਂ ਫੇਰ ਜ਼ੋਰ-ਓ-ਜਬਰੀ ਹੋ ਰਹੀ ਭਾਰਤੀ ਰਿਆਸਤੀ ਸੱਤਾ ਖ਼ਿਲਾਫ਼ ਬਗ਼ਾਵਤ ਕਰਨ। ਕਸ਼ਮੀਰੀ ਲੋਕਾਂ ਨੇ ਪਿਛਲੇ ਰਾਹ ਦੀ ਚੋਣ ਕੀਤੀ ਹੈ।

ਭਾਰਤੀ ਹਾਕਮਾਂ ਦੀ ਰਜ਼ਾ ਤੋਂ ਨਾਬਰ ਹੋਣ ਦੇ ਜਨਤਕ ਲੱਛਣ ਅਤੇ ਭਾਰਤੀ ਪਾਰਲੀਮਾਨੀ ਜਮਹੂਰੀਅਤ ਦੇ ਪਾਖੰਡ ਤੋਂ ਭਰਮ ਮੁਕਤ ਹੋਏ ਕਸ਼ਮੀਰੀ ਨੌਜਵਾਨਾਂ ਦੇ ਇਕ ਨਿਸ਼ਚਾਵਾਨ ਹਿੱਸੇ ਵੱਲੋਂ ਹਥਿਆਰ ਚੁੱਕ ਲੈਣ ਦੇ ਇਨ੍ਹਾਂ ਦੋ ਜੁੜਵੇਂ ਪੱਖਾਂ ਨੇ ਪੁਰਾਣੀ ਕਸ਼ਮੀਰ ਸਮੱਸਿਆ ਨੂੰ ਬਿਲਕੁਲ ਨਵੀਂ ਦਿੱਖ ਮੁਹੱਈਆ ਕੀਤੀ ਹੈ। ਬਿਨਾਂ ਸ਼ੱਕ, ਪਹਿਲਾ ਇਨ੍ਹਾਂ ਦੋਹਾਂ ਵਿਚੋਂ ਬੁਨਿਆਦੀ ਪੱਖ ਹੈ। ਕੌਮੀ ਅਤੇ ਭਾਰਤੀ ਰਿਆਸਤ ਤੋਂ ਕੌਮੀ ਬਦਜ਼ਨੀ ਅਤੇ ਉਪਰਾਮਤਾ ਦਾ ਵਿਆਪਕ ਅਹਿਸਾਸ, ਨੌਜਵਾਨਾਂ ਵੱਲੋਂ ਹਥਿਆਰਾਂ ਦਾ ਆਸਰਾ ਲੈਣ ਨੂੰ ਤੈਅ ਕਰ ਰਿਹਾ ਹੈ। ਦੂਜੇ ਪਾਸੇ, ਹਥਿਆਰਬੰਦ ਨੌਜਵਾਨ ਬਾਗ਼ੀਆਂ ਦਾ ਉਭਾਰ, ਕਸ਼ਮੀਰੀਆਂ ਵੱਲੋਂ ਭਾਰਤੀ ਰਿਆਸਤ ਦੇ ਮੁਕਾਬਲੇ ਆਪਣੀ ਖ਼ੁਦਮੁਖ਼ਤਿਆਰ ਕੌਮੀ ਹੈਸੀਅਤ ਨੂੰ ਜਤਲਾਉਣ ਵਿਚ ਉਨ੍ਹਾਂ ਦੇ ਇਰਾਦਿਆਂ ਨੂੰ ਪਾਣ ਚਾੜ੍ਹਨ ਅਤੇ ਮਜ਼ਬੂਤ ਕਰਨ ਵਿਚ ਅਹਿਮ ਰੋਲ ਨਿਭਾਅ ਰਿਹਾ ਹੈ। ਇਹ ਨਵਾਂ ਲੱਛਣ ਹੀ ਹੈ ਜਿਸ ਨੇ ਭਾਰਤੀ ਹਾਕਮ ਹਲਕਿਆਂ 'ਚ ਖ਼ਤਰੇ ਦੀ ਘੰਟੀ ਖੜਕਾਈ ਹੈ ਅਤੇ ਉਹ ਕਸ਼ਮੀਰੀ ਲੋਕਾਂ ਦੇ ਮਨਾਂ 'ਤੇ ਭਾਰਤੀ ਰਿਆਸਤੀ ਤਾਕਤ ਦਾ ਭੈਅ ਬਿਠਾਉਣ ਲਈ ਉਨ੍ਹਾਂ 'ਤੇ ਟੁੱਟ ਕੇ ਪੈ ਗਏ ਹਨ।

**ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਨਹੀਂ:** ਸਭੇ ਵੰਨਗੀਆਂ ਦੇ ਭਾਰਤੀ ਹਾਕਮ-ਜਮਾਤੀ ਸਿਆਸਤਦਾਨ ਦਿਨ-ਰਾਤ ਇਹ ਰਟਣ-ਮੰਤਰ ਕਰਦਿਆਂ ਕਿ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ-ਇਤਿਹਾਸ ਨੂੰ ਝੁਠਲਾਉਣ ਦੀ ਕੋਸ਼ਿਸ਼ ਕਰਦੇ ਹਨ। ਕਸ਼ਮੀਰ ਭਾਰਤੀ ਸੰਘ ਦਾ ਅਨਿੱਖੜਵਾਂ ਅੰਗ ਕਿਵੇਂ ਅਤੇ ਕਦੋਂ ਬਣਿਆ ਹੈ, ਇਸ ਸਵਾਲ ਦਾ ਉਨ੍ਹਾਂ ਕੋਲ ਕੋਈ ਬੱਝਵਾਂ ਅਤੇ ਸਾਂਝਾ ਜਵਾਬ ਨਹੀਂ। ਇਸ ਮਸਲੇ ਬਾਰੇ ਆਮ ਬੰਦਿਆਂ ਦੀ ਅਨਜਾਣਤਾ ਦਾ ਲਾਹਾ ਲੈਂਦਿਆਂ, ਉਹ ਕਸ਼ਮੀਰ ਦੀ ਰਿਆਸਤੀ ਹੈਸੀਅਤ ਦੇ ਅਣਸੁਲਝੇ ਸਵਾਲ ਬਾਰੇ ਨਿਰਵਿਵਾਦ ਤੱਥਾਂ ਨੂੰ ਟਿੱਚ ਸਮਝਦੇ ਹਨ।

ਇਲਹਾਕ ਦਸਤਾਵੇਜ਼ (ਜਿਸ 'ਤੇ ਜੰਮੂ-ਕਸ਼ਮੀਰ ਰਿਆਸਤ ਦੇ ਉਸ ਮੌਕੇ ਦੇ ਹਾਕਮਾਂ ਵੱਲੋਂ ਠੇਕਾਨੁਮਾ ਪ੍ਰਬੰਧ ਵਜੋਂ ਦਸਤਖ਼ਤ ਕੀਤੇ ਗਏ ਸਨ ਤਾਂ ਜੋ ਪਾਕਿਸਤਾਨੀ ਸ਼ਹਿ 'ਤੇ ਕਮਸ਼ੀਰ ਉਪਰ ਕੀਤੇ ਕਬਾਇਲੀ ਹਮਲੇ ਨੂੰ ਰੋਕਣ ਲਈ ਭਾਰਤੀ ਸੰਘੀ ਫ਼ੌਜ ਦੇ ਦਖ਼ਲ ਨੂੰ ਵਾਜਬੀਅਤ ਦਿੱਤੀ ਜਾ ਸਕੇ) ਆਰਜ਼ੀ ਦਸਤਾਵੇਜ਼ ਸੀ। ਇਸ ਦੀਆਂ ਸ਼ਰਤਾਂ ਤਹਿਤ ਕਸ਼ਮੀਰ ਦੇ ਲੋਕਾਂ ਕੋਲ ਆਪਣੀ ਰਿਆਸਤੀ ਹੈਸੀਅਤ ਤੈਅ ਕਰਨ, ਭਾਵ ਭਾਰਤੀ ਸੰਘੀ ਰਿਆਸਤ ਦਾ ਜੜੁਤ ਅੰਗ ਬਣਨ ਦੀ ਜਾਂ ਫਿਰ ਖ਼ੁਦਮੁਖ਼ਤਿਆਰ ਕਸ਼ਮੀਰੀ ਰਿਆਸਤ ਦੀ ਚੋਣ ਕਰਨ ਦਾ ਹੱਕ ਬਿਨਾਂ ਸ਼ਰਤ ਰਾਖਵਾਂ ਸੀ। ਮੌਕੇ ਦੀ ਭਾਰਤੀ ਹਕੂਮਤ ਨੇ ਵਾਰ ਵਾਰ ਐਲਾਨ ਕਰਦਿਆਂ ਕਿਹਾ ਸੀ ਕਿ ਭਾਰਤ ਇਕਰਾਰਨਾਮੇ ਦਾ ਪਾਬੰਦ ਰਹੇਗਾ ਅਤੇ ਜਿੰਨੀ ਜਲਦੀ ਕਸ਼ਮੀਰ ਵਿਚ ਸਾਧਾਰਨ ਹਾਲਾਤ ਬਹਾਲ ਹੋ ਜਾਣਗੇ, ਕਸ਼ਮੀਰ ਦੇ ਲੋਕਾਂ ਨੂੰ ਇਹ ਚੋਣ ਕਰਨ ਦਾ ਮੌਕਾ ਦਿੱਤਾ ਜਾਵੇਗਾ। ਇਸ ਤੋਂ ਹੋਰ ਉਚੇ ਪੱਧਰ 'ਤੇ ਭਾਰਤੀ ਵਿਧਾਨ-ਸਾਜ਼ ਸਭਾ ਦੁਆਰਾ ਭਾਰਤੀ ਰਿਆਸਤ ਦੀ ਧਾਰਾ 370 ਤਹਿਤ ਕਸ਼ਮੀਰ ਨੂੰ ਸਵੈ-ਸ਼ਾਸਤ ਹੈਸੀਅਤ ਦਿੰਦਿਆਂ ਕਸ਼ਮੀਰ ਦੇ ਲੋਕਾਂ ਨੂੰ ਆਪਣੇ ਆਜ਼ਾਦਾਨਾ ਆਤਮ-ਨਿਰਣੇ ਰਾਹੀਂ ਇਸ ਸਮਝੌਤੇ ਨੂੰ ਪ੍ਰਵਾਨ ਕਰਨ ਜਾਂ ਰੱਦ ਕਰਨ ਦੇ ਹੱਕ ਦੀ ਮੁੜ ਪੁਸ਼ਟੀ ਕੀਤੀ ਗਈ ਸੀ ਪਰ ਕਸ਼ਮੀਰ ਦੇ ਲੋਕਾਂ ਨੂੰ ਅਜਿਹੀ ਚੋਣ ਕਰਨ ਦੇ ਹੱਕ ਨੂੰ ਵਰਤਣ ਦਾ ਕਦੇ ਵੀ ਮੌਕਾ ਨਹੀਂ ਦਿੱਤਾ ਗਿਆ। ਹੁਣ ਭਾਰਤੀ ਹਾਕਮ ਇਸ ਮਾਮਲੇ ਸਬੰਧੀ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਂਦਿਆਂ ਅਤੇ ਆਪਣੇ ਇਕਰਾਰ ਤੋਂ ਭੱਜ ਨਿਕਲਣ ਨੂੰ ਵਾਜਬ ਨਹੀਂ ਠਹਿਰਾ ਸਕਦੇ। ਇਹ ਦਲੀਲ ਕਿ ਪਾਕਿਸਤਾਨ ਵੱਲੋਂ ਕਸ਼ਮੀਰ ਦੇ ਇਕ ਹਿੱਸੇ 'ਤੇ ਜਬਰੀ ਕੀਤੇ ਕਬਜ਼ੇ ਨੂੰ ਛੱਡਣ ਤੋਂ ਇਨਕਾਰ ਕਰਨਾ ਭਾਰਤ ਨੂੰ ਕਸ਼ਮੀਰ ਦੇ ਲੋਕਾਂ ਦੀ ਸਪਸ਼ਟ ਰਜ਼ਾ ਤੋਂ ਬਗ਼ੈਰ ਹੀ ਕਸ਼ਮੀਰ ਦੇ ਦੂਸਰੇ ਹਿੱਸੇ 'ਤੇ ਕਬਜ਼ਾ ਬਣਾਈ ਰੱਖਣ ਦਾ ਹੱਕ ਬਖ਼ਸ਼ਦਾ ਹੈ, ਮਹਿਜ਼ ਧਾੜਵੀ ਦਲੀਲ ਹੈ।

**ਲੋਕਾਂ ਦੇ ਆਤਮ-ਨਿਰਣੇ ਦਾ ਹੱਕ ਸਾਲਮ ਹੈ, ਭਾਰਤੀ ਰਿਆਸਤ ਦੀ ਅਖੰਡਤਾ ਦਾ ਨਹੀਂ:** ਕਸ਼ਮੀਰੀ ਲੋਕਾਂ ਦੇ ਆਤਮ-ਨਿਰਣੇ ਦਾ ਹੱਕ ਇਸ ਮਸਲੇ ਦੇ ਸਿਰਫ਼ ਇਤਿਹਾਸਕ ਤੱਥਾਂ 'ਤੇ ਹੀ ਆਧਾਰਤ ਨਹੀਂ। ਕਸ਼ਮੀਰ ਚਾਹੇ ਭਾਰਤ ਦਾ ਅਨਿੱਖੜਵਾਂ ਅੰਗ ਵੀ ਹੁੰਦਾ, ਤਾਂ ਵੀ ਭਾਰਤ ਵਿਚਲੀਆਂ ਦੂਸਰੀਆਂ ਕੌਮੀਅਤਾਂ ਵਾਂਗੂ ਕਸ਼ਮੀਰੀ ਲੋਕਾਂ ਦਾ ਇਹ ਹੱਕ ਉਨ੍ਹਾਂ ਦੇ ਜਮਹੂਰੀ ਹੱਕ ਵਜੋਂ ਸਹੀ ਸਲਾਮਤ ਰਹਿਣਾ ਸੀ। ਅਜੋਕੀ ਦੁਨੀਆਂ ਵਿਚ ਸਾਰੀਆਂ ਕੌਮਾਂ ਦਾ ਇਹ ਸਰਬਵਿਆਪੀ ਪ੍ਰਵਾਨਤ ਜਮਹੂਰੀ ਹੱਕ ਹੈ ਕਿ ਕੋਈ ਵੀ, ਕੌਮਾਂ ਦੇ ਆਪਾ-ਨਿਰਣੇ ਦੇ ਹੱਕ ਨੂੰ ਰੱਦ ਕਰਦਿਆਂ ਜਮਹੂਰੀਅਤ ਦੇ ਬੁਨਿਆਦੀ ਅਸੂਲਾਂ ਦਾ ਝੰਡਾ ਬਰਦਾਰ ਹੋਣ ਦਾ ਦਾਅਵਾ ਨਹੀਂ ਕਰ ਸਕਦਾ।

ਭਾਰਤੀ ਹਾਕਮ ਭਾਰਤ ਦੇ ਇਕਜੁੱਟ ਵਜੂਦ ਅੰਦਰ ਸਭ ਕਿਸਮ ਦੀ ਅਨੇਕਤਾ ਦੀਆਂ ਗੱਲਾਂ ਕਰਨ ਦੇ ਖ਼ਾਸੇ ਸ਼ੌਕੀਨ ਹਨ ਪਰ ਉਹ ਭਾਰਤ ਦਾ ਕੌਮੀ ਅਨੇਕਤਾ ਦਾ ਜ਼ਿਕਰ ਕਰਨ ਤੋਂ ਐਨ ਉਰ੍ਹਾਂ ਰੁਕ ਜਾਂਦੇ ਹਨ। ਜਿਵੇਂ ਕਿਤੇ ਉਨ੍ਹਾਂ ਵੱਲੋਂ ਭਾਰਤ ਦੀ ਬਹੁਕੌਮੀ ਮੁਲਕ ਹੋਣ ਦੀ ਜ਼ਾਹਰਾ ਹਕੀਕਤ ਨੂੰ ਪ੍ਰਵਾਨ ਕਰਨ ਤੋਂ ਇਨਕਾਰੀ ਹੋਣ ਨਾਲ ਭਾਰਤ ਅੰਦਰ ਕੌਮੀ ਸਵਾਲ ਆਇਆ ਗਿਆ ਹੋ ਸਕਦਾ ਹੈ। ਫਿਰ ਵੀ ਉਨ੍ਹਾਂ ਵੱਲੋਂ "ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ" ਨੂੰ ਚਲਾਉਣ ਦੇ ਖੇਖਣ ਕੌਮਾਂ ਦੇ ਆਪਾ-ਨਿਰਣੇ ਦੇ ਹੱਕ ਨੂੰ ਰਸਮੀ ਤੌਰ 'ਤੇ ਰੱਦ ਕਰਨ 'ਚ ਅੜਿੱਕਾ ਬਣਦੇ ਹਨ। ਇਸ ਲਈ ਭਾਰਤ ਅੰਦਰ ਕੌਮੀ ਸਵਾਲ ਨੂੰ ਲਾਂਭੇ ਛੱਡਦਿਆਂ ਉਹ 'ਵੱਖਵਾਦ' ਖ਼ਿਲਾਫ਼ ਜੰਗੀ ਹੋਕਰੇ ਮਾਰਦਿਆਂ ਅਤੇ ਭਾਰਤੀ ਰਿਆਸਤ ਦੀ ਅਖੰਡਤਾ ਦੀ ਸਾਲਮੀਅਤ 'ਤੇ ਜ਼ੋਰ ਦਿੰਦਿਆਂ ਕੌਮੀ ਆਪਾ-ਨਿਰਣੇ ਦੇ ਹੱਕ ਨੂੰ ਰੱਦ ਕਰਨ ਦੀ ਕੋਸ਼ਿਸ਼ ਕਰਦੇ ਹਨ।

ਭਾਰਤੀ ਹਾਕਮ ਇਹ ਨਹੀਂ ਦੱਸਦੇ ਕਿ ਭਲਾ ਭਾਰਤੀ ਰਿਆਸਤ ਦੀ ਇਹ ਅਖੰਡਤਾ ਕਿਸ ਸ਼ੈਅ ਦੀ ਬਣੀ ਹੋਈ ਹੈ। ਕਿਸੇ ਜਮਹੂਰੀ ਰਿਆਸਤ ਦੀ ਅਖੰਡਤਾ ਇਸ ਦੇ ਲੋਕਾਂ ਦੀ ਕੌਮੀ ਅਖੰਡਤਾ ਦੁਆਰਾ ਤੈਅ ਹੁੰਦੀ ਹੈ। ਇਹ ਕੌਮੀ ਅਖੰਡਤਾ ਖ਼ੁਦ ਲੋਕਾਂ ਦੀ ਆਰਥਿਕ, ਸਮਾਜਕ ਅਤੇ ਸਭਿਆਚਾਰਕ ਜ਼ਿੰਦਗੀ ਦੇ ਬਾਹਰਮੁਖੀ ਸੰਜੋਗ ਦਾ ਅਤੇ ਨਤੀਜੇ ਵਜੋਂ ਪੈਦਾ ਹੋਈ ਚੇਤਨਾ ਤੇ ਪ੍ਰਤੀਬੱਧਤਾ ਦਾ ਸਿੱਟਾ ਹੁੰਦੀ ਹੈ। ਇਸੇ ਤਰ੍ਹਾਂ ਬਹੁਕੌਮੀ ਜਮਹੂਰੀ ਰਿਆਸਤ ਦੀ ਅਖੰਡਤਾ, ਜੁੜੀਆਂ ਕੌਮਾਂ ਜਾਂ ਲੋਕਾਂ ਦੀ ਬਰਾਬਰ ਹੈਸੀਅਤ, ਪਰਸਪਰ ਆਦਰ ਤੇ ਪਰਸਪਰ ਲਾਹੇ ਦੇ ਆਧਾਰ 'ਤੇ ਸਵੈ-ਇੱਛਤ ਸੰਘ ਰਾਹੀਂ ਤੈਅ ਹੁੰਦੀ ਹੈ। ਫਿਰ ਵੀ, ਬਾਹਰੀ ਤਾਕਤਾਂ ਦੇ ਹਵਾਲੇ ਨਾਲ ਜਮਹੂਰੀ ਰਿਆਸਤ ਦੀ ਅਖੰਡਤਾ ਨੂੰ ਉਲੰਘਣਾ ਰਹਿਤ ਸਮਝਿਆ ਜਾਂਦਾ ਹੈ।

ਕਿਸੇ ਬਹਿਰੂਨੀ ਤਾਕਤ ਵੱਲੋਂ ਇਸ ਅਖੰਡਤਾ ਵਿਚ ਕੋਈ ਵੀ ਭੰਗਣਾ ਲੋਕਾਂ ਦੀ ਕੌਮੀ ਰਜ਼ਾਮੰਦੀ ਜਾਂ ਸੰਘ ਵਿਚ ਜੁੜੀਆਂ ਕੌਮਾਂ ਦੀ ਸਾਂਝੀ ਰਜ਼ਾਮੰਦੀ ਦੀ ਉਲੰਘਣਾ ਬਣਦੀ ਹੈ। ਇਸ ਦੇ ਉਲਟ, ਬਸਤੀਆਨਾ ਜਾਂ ਜਗੀਰੂ ਰਿਆਸਤ ਦੀ ਅਖੰਡਤਾ ਦਾ ਸਬੰਧਤ ਲੋਕਾਂ ਦੀ ਕੌਮੀ ਰਜ਼ਾਮੰਦੀ ਜਾਂ ਆਮ ਜਮਹੂਰੀ ਹੱਕਾਂ ਨਾਲ ਕੋਈ ਲਾਗਾ-ਦੇਗਾ ਨਹੀਂ ਹੁੰਦਾ, ਇਸ ਲਈ ਇਹ ਹਾਕਮ ਦੀ ਤਲਵਾਰ ਦੇ ਜ਼ੋਰ ਤੈਅ ਹੁੰਦੀ ਹੈ। ਅਜਿਹੀ ਰਿਆਸਤ ਦੀ ਅਖੰਡਤਾ ਸਬੰਧੀ ਕੁਝ ਵੀ ਸਾਲਮ ਨਹੀਂ ਹੁੰਦਾ। ਇਸ ਦੇ ਆਪਣੇ ਤਰਕ ਦੇ ਨਤੀਜੇ ਵਜੋਂ ਬਸਤੀਆਨਾ ਜਾਂ ਜਗੀਰੂ ਰਿਆਸਤ ਦੀ ਅਖੰਡਤਾ, ਦੂਜੀਆਂ ਰਿਆਸਤਾਂ ਦੇ ਹਾਕਮਾਂ, ਕਿਸੇ ਸਰਦਾਰ ਦੀ ਬਗ਼ਾਵਤ ਜਾਂ ਅੰਦਰੋਂ ਉਠੀ ਲੋਕਾਂ ਦੀ ਕਿਸੇ ਆਜ਼ਾਦੀ ਦੀ ਜੱਦੋਜਹਿਦ ਦੇ ਮੁਕਾਬਲੇ ਵਿਚ ਇਸ ਦਾ ਹਾਕਮ ਦੀ ਤਲਵਾਰ ਦੇ ਪ੍ਰਤਾਪ ਦੇ ਤੇਜ਼ ਹੋਣ 'ਤੇ ਨਿਰਭਰ ਹੁੰਦਿਆਂ ਹਮੇਸ਼ਾ ਅਦਲਾ-ਬਦਲੀਆਂ ਲਈ ਸਰਾਪੀ ਹੁੰਦੀ ਹੈ। ਇਸ ਲਈ ਜਮਹੂਰੀਅਤ ਦੇ ਨੁਕਤਾ-ਨਿਗਾਹ ਤੋਂ ਜਿਹੜੀ ਚੀਜ਼ ਉਲੰਘਣਾ ਰਹਿਤ ਹੈ, ਉਹ ਲੋਕਾਂ ਦੀ ਕੌਮੀ ਰਜ਼ਾਮੰਦੀ ਹੈ। ਲੋਕ ਚਾਹੇ ਇਕੱਠੇ ਹੋਣ ਜਾਂ ਅੱਡੋ-ਅੱਡ, ਰਿਆਸਤ ਦੀ ਅਖੰਡਤਾ ਉਦੋਂ ਤਕ ਉਲੰਘਣਾ ਰਹਿਤ ਹੈ ਜਦੋਂ ਤਕ ਇਹ ਕੌਮੀ ਰਜ਼ਾਮੰਦੀ ਦਾ ਸਾਕਾਰ ਰੂਪ ਹੈ।

*ਕਸ਼ਮੀਰ ਭਾਰਤੀ ਸੰਘ ਦਾ ਅਨਿੱਖੜਵਾਂ ਅੰਗ ਕਿਵੇਂ ਅਤੇ ਕਦੋਂ ਬਣਿਆ ਹੈ? ਇਸ ਸਵਾਲ ਦਾ ਹਾਕਮਾਂ ਕੋਲ ਕੋਈ ਬੱਝਵਾਂ ਅਤੇ ਸਾਂਝਾ ਜਵਾਬ ਨਹੀਂ। ਇਸ ਮਸਲੇ ਬਾਰੇ ਆਮ ਬੰਦਿਆਂ ਦੀ ਅਨਜਾਣਤਾ ਦਾ ਲਾਹਾ ਲੈਂਦਿਆਂ, ਉਹ ਕਸ਼ਮੀਰ ਦੀ ਰਿਆਸਤੀ ਹੈਸੀਅਤ ਦੇ ਅਣਸੁਲਝੇ ਸਵਾਲ ਬਾਰੇ ਨਿਰਵਿਵਾਦ ਤੱਥਾਂ ਨੂੰ ਟਿੱਚ ਸਮਝਦੇ ਹਨ।*

*ਇਲਹਾਕ ਦਸਤਾਵੇਜ਼ ਆਰਜ਼ੀ ਦਸਤਾਵੇਜ਼ ਸੀ। ਇਸ ਦੀਆਂ ਸ਼ਰਤਾਂ ਤਹਿਤ ਕਸ਼ਮੀਰ ਦੇ ਲੋਕਾਂ ਕੋਲ ਆਪਣੀ ਰਿਆਸਤੀ ਹੈਸੀਅਤ ਤੈਅ ਕਰਨ, ਭਾਵ ਭਾਰਤੀ ਸੰਘੀ ਰਿਆਸਤ ਦਾ ਜੜੁਤ ਅੰਗ ਬਣਨ ਦੀ ਜਾਂ ਫਿਰ ਖ਼ੁਦਮੁਖ਼ਤਿਆਰ ਕਸ਼ਮੀਰੀ ਰਿਆਸਤ ਦੀ ਚੋਣ ਕਰਨ ਦਾ ਹੱਕ ਬਿਨਾਂ ਸ਼ਰਤ ਰਾਖਵਾਂ ਸੀ।*

ਭਾਰਤ ਦਾ ਅਜੋਕੀ ਅਰਧ-ਬਸਤੀਆਨਾ, ਅਰਧ-ਜਗੀਰੂ ਖਾਸਾ ਨਿਸ਼ਚਿਤ ਤੌਰ 'ਤੇ ਭਾਰਤ ਦੀ ਬਰਤਾਨਵੀ ਬਸਤੀਵਾਦੀ ਰਿਆਸਤ ਦੀ ਵਿਰਾਸਤ ਹੈ। ਬਰਤਾਨਵੀ ਭਾਰਤ ਦੀ ਅਖੰਡਤਾ ਨੂੰ ਭਾਰਤੀ ਉਪ ਮਹਾਂਦੀਪ ਦੀਆਂ ਉਭਰ ਰਹੀਆਂ ਕੌਮਾਂ ਦੀ ਇੱਛਾ ਦੇ ਖ਼ਿਲਾਫ਼ ਜਾਂ ਆਮ ਕਰਕੇ ਭਾਰਤੀ ਲੋਕਾਂ ਦੀ ਇੱਛਾ ਦੇ ਖ਼ਿਲਾਫ਼ ਬਰਤਾਨਵੀ ਬਸਤੀਵਾਦੀ ਧੌਂਸ ਦੇ ਜ਼ਰੀਏ ਠੋਸਿਆ ਅਤੇ ਕਾਇਮ ਰੱਖਿਆ ਗਿਆ ਸੀ। ਇਥੋਂ ਤਕ ਕਿ ਭਾਰਤੀ ਯੂਨੀਅਨ ਅਤੇ ਪਾਕਿਸਤਾਨ ਵੀ ਬਰਤਾਨਵੀ ਭਾਰਤ ਵਿਚੋਂ ਹੀ ਘੜੇ ਗਏ ਸਨ। ਦੂਜੇ ਸ਼ਬਦਾਂ ਵਿਚ ਇਹ ਉਸ ਸਮੇਂ ਦੀ ਭਾਰਤੀ ਰਿਆਸਤ ਦੀ ਅਖੰਡਤਾ ਦੀ 'ਉਲੰਘਣਾ' ਕਰਕੇ ਹੀ ਹੋਂਦ ਵਿਚ ਆਈਆਂ ਸਨ, ਮਗਰੋਂ ਬੰਗਲਾਦੇਸ਼ ਦੀ ਰਿਆਸਤ ਵੀ (ਭਾਰਤੀ ਦਖ਼ਲਅੰਦਾਜ਼ੀ ਦੇ ਪੱਖ ਨੂੰ ਲਾਂਭੇ ਛੱਡਦਿਆਂ)। ਪਾਕਿਸਤਾਨ ਦੀ ਮੁੱਢਲੀ ਰਿਆਸਤ ਦੀ ਅਖੰਡਤਾ ਨੂੰ ਹੀ ਇਕੋ-ਇਕ ਰੱਬੀ ਵਰਦਾਨ ਬਣਾਉਣ ਬਾਰੇ ਕੋਈ ਵਿਸ਼ੇਸ਼ ਗੱਲ ਨਹੀਂ ਹੈ; ਸਗੋਂ ਭਾਰਤੀ ਹਾਕਮ, ਭਾਰਤੀ ਰਿਆਸਤ ਦੀ ਨਕਲੀ ਲਛਮਣ ਰੇਖਾ ਬਾਰੇ ਬੂ-ਦੁਹਾਈ ਉਦੋਂ ਹੀ ਪਾਉਂਦੇ ਹਨ ਜਦੋਂ ਹੀ ਉਨ੍ਹਾਂ ਨੂੰ ਕਿਸੇ ਕੌਮੀਅਤ ਵੱਲੋਂ ਭਾਰਤ ਨਾਲੋਂ ਤੋੜ-ਵਿਛੋੜਾ ਕਰਨ ਦੇ ਆਸਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਜਦ ਵੀ ਉਨ੍ਹਾਂ ਨੂੰ ਕਿਸੇ ਹੋਰ ਕੌਮੀਅਤ ਨੂੰ ਭਾਰਤ ਵਿਚ ਜਬਰੀ ਸ਼ਾਮਲ ਕਰਨ ਦਾ ਮੌਕਾ ਮਿਲਦਾ ਹੈ, ਜਿਵੇਂ ਸਿੱਕਮੀ ਲੋਕਾਂ ਦੇ ਸਬੰਧ ਵਿਚ ਵਾਪਰਿਆ ਹੈ, ਉਹ ਸਭ ਕਾਸੇ ਨੂੰ ਮੌਜ ਨਾਲ ਬਰਫ਼ ਵਿਚ ਲਾ ਦਿੰਦੇ ਹਨ। ਸਪਸ਼ਟ ਤੌਰ 'ਤੇ ਸਿੱਕਮ ਦੀ ਰਿਆਸਤ ਦਾ ਰਲੇਵਾਂ ਭਾਰਤੀ ਰਿਆਸਤ ਦੀ ਅਖੰਡਤਾ ਵਿਚ ਉਹੋ ਜਿਹੀ ਹੀ ਸੇਧ ਹੈ, ਜਿਹੋ ਜਿਹੀ ਕਿਸੇ ਕੌਮੀਅਤ ਦੇ (ਜਿਵੇਂ ਮੀਜ਼ੋ ਲੋਕਾਂ ਦੇ) ਭਾਰਤ ਨਾਲੋਂ ਟੁੱਟ ਜਾਣ ਨਾਲ ਹੋਣੀ ਹੈ।

ਇਸ ਤਰ੍ਹਾਂ ਭਾਰਤੀ ਰਿਆਸਤ ਦੀ ਅਖੰਡਤਾ ਭਾਰਤੀ ਹਾਕਮ ਜਮਾਤਾਂ ਦੀ ਭਾਵ ਸਾਮਰਾਜ ਦੇ ਪਿੱਠੂ ਵੱਡੇ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੀ ਭਰਮਾਊ ਘਾੜਤ ਹੈ। ਇਹ ਸੀਨਾਜ਼ੋਰੀ ਦੀ ਬਸਤੀਵਾਦੀ-ਜਗੀਰੂ ਹੱਕ ਜਤਲਾਈ ਹੈ ਜਿਹੜੀ ਕਿ ਭਾਰਤ ਅੰਦਰਲੀ ਕਿਸੇ ਕੌਮੀਅਤ ਦੇ ਕੌਮੀ ਆਪਾ-ਨਿਰਣੇ ਦੇ ਜਮਹੂਰੀ ਅਧਿਕਾਰ ਨੂੰ ਰੱਦ ਨਹੀਂ ਸਕਦੀ।

**ਕਸ਼ਮੀਰ ਸਮੱਸਿਆ ਬਾਰੇ ਟਕਰਾਵੀਆਂ ਪਹੁੰਚਾਂ:** ਭਾਰਤੀ ਹਾਕਮ ਅਤੇ ਭਾਰਤੀ ਲੋਕ ਆਪਣੇ ਬੁਨਿਆਦੀ ਤੌਰ 'ਤੇ ਟਕਰਾਵੇਂ ਸਮਾਜੀ ਹਿਤਾਂ ਕਾਰਨ ਕਸ਼ਮੀਰ ਸਮੱਸਿਆ ਬਾਰੇ ਇਕੋ ਜਿਹੀ ਪਹੁੰਚ ਧਾਰਨ ਨਹੀਂ ਕਰ ਸਕਦੇ। ਹੋਰ ਸਾਰੇ ਮਹੱਤਵਪੂਰਨ ਸਿਆਸੀ ਮਸਲਿਆਂ ਵਾਂਗ ਕਸ਼ਮੀਰ ਬਾਰੇ ਵੀ, ਜਾਬਰ ਭਾਰਤੀ ਹਾਕਮ ਅਤੇ ਦੱਬੇ-ਕੁਚਲੇ ਲੋਕ ਇਕ-ਦੂਜੇ ਦੇ ਖ਼ਿਲਾਫ਼ ਡਟਣ ਲਈ ਬੱਝੇ ਹੋਏ ਹਨ।

ਭਾਰਤ ਅੰਦਰ ਕੋਈ ਇਕੱਲੀ ਇਕਹਿਰੀ ਭਾਰੂ ਕੌਮ ਨਹੀਂ ਜਿਹੜੀ ਦੂਸਰੀਆਂ ਕੌਮਾਂ ਨੂੰ ਦਬਾਉਂਦੀ ਹੋਵੇ, ਕੌਮੀ ਦਾਬੇ ਦਾ ਕਾਰਨ ਤਾਂ ਸਾਮਰਾਜ ਦੀਆਂ ਪਿੱਠੂ ਹਾਕਮ ਜਮਾਤਾਂ ਯਾਨਿ ਵੱਡੀ ਸਰਮਾਏਦਾਰੀ ਅਤੇ ਜਗੀਰਦਾਰਾਂ ਨੂੰ ਹੱਥ-ਠੋਕੇ ਬਣਾ ਕੇ ਕਈ ਸਾਮਰਾਜੀਆਂ ਵੱਲੋਂ ਜਾਰੀ ਰੱਖੀ ਜਾ ਰਹੀ ਬਸਤੀਵਾਦੀ ਜਕੜ ਵਿਚ ਪਿਆ ਹੈ। ਕਹਿਣ ਦਾ ਅਰਥ ਇਹ ਹੈ ਕਿ ਵੱਖ-ਵੱਖ ਕੌਮੀਅਤਾਂ ਬਾਰੇ ਕਬਾਇਲੀ ਭਾਈਚਾਰਿਆਂ ਨਾਲ ਸਬੰਧਤ ਭਾਰਤੀ ਲੋਕ, ਅਸਿੱਧੇ ਸਾਮਰਾਜੀ ਦਾਬੇ ਦਾ ਸਾਂਝੇ ਤੌਰ 'ਤੇ ਸ਼ਿਕਾਰ ਹਨ ਜਿਹੜਾ ਉਨ੍ਹਾਂ ਦੇ ਸਮੁੱਚੇ ਕੌਮੀ ਵਿਕਾਸ ਅਤੇ ਇਸੇ ਤਰ੍ਹਾਂ ਹਰ ਕੌਮੀਅਤ ਦੇ ਵਿਸ਼ੇਸ਼ ਵਿਕਾਸ ਨੂੰ ਮੋਂਦਾ ਲਾਉਂਦਾ ਹੈ। ਇਸ ਤਰ੍ਹਾਂ ਭਾਰਤ ਦੇ ਵੱਖ-ਵੱਖ ਲੋਕਾਂ ਵਿਚਕਾਰ ਕੌਮੀ ਹਿਤਾਂ ਦਾ ਕੋਈ ਬੁਨਿਆਦੀ ਰੱਟਾ ਨਹੀਂ ਹੈ ਸਗੋਂ ਹਰ ਇਕ ਦੇ ਆਪਣੇ-ਆਪਣੇ ਕੌਮੀ ਹਿਤਾਂ ਦਾ ਬਾਹਰਮੁਖੀ ਤੌਰ 'ਤੇ ਸਾਮਰਾਜੀਆਂ ਅਤੇ ਇਨ੍ਹਾਂ ਦੇ ਪਿੱਠੂ ਭਾਰਤੀ ਭਾਈਵਾਲਾਂ ਦੇ ਰਾਜ ਨੂੰ ਉਲਟਾਉਣ ਦੇ ਸਾਂਝੇ ਬੁਨਿਆਦੀ ਕਾਰਜ ਵਿਚ ਸੰਗਮ ਹੁੰਦਾ ਹੈ ਜਿਸ ਨਾਲ ਉਨ੍ਹਾਂ ਦੇ ਸਵੈ-ਨਿਰਭਰ ਜਮਹੂਰੀ ਵਿਕਾਸ ਦਾ (ਇਕੱਲਿਆਂ ਜਾਂ ਸਮੂਹਿਕ ਰੂਪ ਵਿਚ ਸਿਰਫ਼ ਆਪਣੀ ਮਰਜ਼ੀ ਨਾਲ ਅਖ਼ਤਿਆਰ ਕੀਤਾ ਜਾਣ ਵਾਲਾ) ਰਾਹ ਖੁੱਲ੍ਹਦਾ ਹੈ।

ਬਿਨਾਂ ਸ਼ੱਕ, ਇਥੇ ਕੌਮੀ ਤੁਅੱਸਬ ਹਨ। ਵੱਖ-ਵੱਖ ਕੌਮੀਅਤਾਂ ਦੇ ਸਮਾਜੀ-ਆਰਥਿਕ ਵਿਕਾਸ ਦੇ ਪੱਧਰ ਅਣਸਾਵੇਂ ਹਨ ਅਤੇ ਛੋਟੀਆਂ ਤੇ ਵਿਸ਼ੇਸ਼ ਕਰਕੇ ਸਰਹੱਦੀ ਕੌਮੀਅਤਾਂ ਨੂੰ (ਕੌਮੀ ਆਰਥਿਕ ਸਾਧਨਾਂ ਦੀ ਵੰਡ, ਰੁਜ਼ਗਾਰ ਮੌਕਿਆਂ ਤਕ ਪਹੁੰਚ ਅਤੇ ਕੌਮੀ ਸਿਆਸਤ ਵਿਚ ਨਾਂਮਾਤਰ ਦੀ ਸ਼ਮੂਲੀਅਤ ਤੋਂ ਵੱਧ ਦੀ ਸਹੂਲਤ ਦੇਣ ਦੇ ਮਾਮਲਿਆਂ ਵਿਚ) ਮੁਕਾਬਲਤਨ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕੁਝ ਕੌਮੀਅਤਾਂ ਦੀਆਂ ਰਵਾਇਤੀ ਜ਼ਮੀਨਾਂ ਦੇ ਅਣਸੱਦੇ ਸ਼ਰਨਾਰਥੀਆਂ ਅਤੇ ਵਸੇਬਾ ਕਰਨ ਵਾਲਿਆਂ ਦੇ ਭਾਰੀ ਗਿਣਤੀ ਵਿਚ ਦਾਖ਼ਲ ਹੋਣ ਅਤੇ ਇਉਂ ਮੁੱਢ-ਕਦੀਮੀ ਲੋਕਾਂ ਦੀ ਭਾਰੂ ਕੌਮੀ ਹੈਸੀਅਤ ਨੂੰ ਰੋਲ ਦੇਣ ਦੇ ਮਾਮਲੇ ਵੀ ਹਨ ਅਤੇ ਗ਼ੈਰ ਹਿੰਦੀ ਭਾਸ਼ਾਈ ਲੋਕਾਂ ਦੀਆਂ ਕੌਮੀ ਸਭਿਆਚਾਰਕ ਸੂਖਮ ਭਾਵਨਾਵਾਂ ਦੀ ਬੇਕਦਰੀ ਕਰਨ ਦੀਆਂ ਪ੍ਰਚਲਤ ਰੁਚੀਆਂ ਵੀ ਹਨ।

ਜਿਥੋਂ ਤਕ ਕੌਮੀ ਖ਼ੁਦਮੁਖ਼ਤਿਆਰੀ ਅਤੇ ਕੌਮੀ ਵਿਕਾਸ ਦੀਆਂ ਸੰਭਾਵਨਾਵਾਂ ਤੋਂ ਵਾਂਝੇ ਹੋਣ ਦਾ ਸਵਾਲ ਹੈ, ਬਾਵਜੂਦ ਮੁਕਾਬਲਤਨ ਵਿਤਕਰੇਬਾਜ਼ੀ ਦੀ ਹਾਲਤ ਦੇ, ਸਾਰੀਆਂ ਕੌਮੀਅਤਾਂ ਹੀ (ਬਿਨਾਂ ਕਿਸੇ ਪੱਖਪਾਤ ਦੇ) ਫਾਡੀ ਖੜ੍ਹੀਆਂ ਹਨ। ਦੂਜੇ, ਕੁਝ ਕੌਮੀਅਤਾਂ ਖ਼ਿਲਾਫ਼ ਮੁਕਾਬਲਤਨ ਵਿਤਕਰੇਬਾਜ਼ੀ ਦੇ ਅੰਸ਼ਾਂ ਦੀ ਹੋਂਦ ਵੀ ਭਾਰਤੀ ਹਾਕਮਾਂ ਦੀਆਂ ਬਣਤਰ ਪੱਖੋਂ ਬਹੁਕੌਮੀ ਪਰ ਖ਼ਾਸੇ ਪੱਖੋਂ ਕੌਮ-ਵਿਰੋਧੀ ਪਿਛਾਂਹਖਿੱਚੂ ਨੀਤੀਆਂ ਦੀ ਉਪਜ ਹੈ। ਇਹ ਅੰਸ਼ ਜਾਂ ਤਾਂ ਉਨ੍ਹਾਂ ਦੀਆਂ ਅਰਧ-ਬਸਤੀਵਾਦੀ, ਅਰਧ-ਜਗੀਰੂ ਲੀਹਾਂ 'ਤੇ ਆਰਥਿਕ

# ਸ਼ਬਦਾਂ ਦਾ ਮੁਸਾਫਿਰ

ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਉਹ ਬੁਨਿਆਦੀ ਤੌਰ ਤੇ ਹਿੰਦੀ ਦਾ ਪੱਤਰਕਾਰ ਹੈ। ਪਿਛਲੇ ਪੱਚੀ ਵਰ੍ਹਿਆਂ ਤੋਂ ਉਹ ਪ੍ਰਿੰਟ ਤੇ ਟੀ ਵੀ ਨਾਲ ਜੁੜਿਆ ਹੋਇਆ ਹੈ। ਉਸਦਾ ਪਿਛੋਕੜ ਮਰਾਠੀ ਹੈ, ਰਹਿੰਦਾ ਭੁਪਾਲ ਹੈ, ਨਾਨਕੇ ਹਰਿਦਵਾਰ ਵਿਚ ਹਨ ਤੇ ਬਚਪਨ ਦੇ ਕਈ ਮਹੀਨੇ ਪੰਜਾਬ ਦੇ ਟਾਂਡਾ ਕਸਬੇ ਵਿਚ ਰਹਿ ਕੇ ਇਥੋਂ ਦੇ ਰਾਜਮਾਂਹ, ਛੋਲੇ ਤੇ ਸਾਗ ਦਾ ਸੁਆਦ ਚਖ ਚੁੱਕਾ ਹੈ। ਹਰਿਦਵਾਰ ਉਸਦੇ ਨਾਨਕੇ ਘਰ ਦੇ ਗੁਆਂਢ ਵਿਚ ਗੁਰਦਵਾਰਾ ਹੁੰਦਾ ਸੀ, ਜਿਥੋਂ ਬਚਪਨ ਵਿਚ ਗੁਰਬਾਣੀ ਦੇ ਕੀਰਤਨ ਦਾ ਰਸ ਉਸ ਦੇ ਕੰਨਾਂ ਵਿਚ ਦਿਨ ਰਾਤ ਘੁਲਦਾ ਰਹਿੰਦਾ ਸੀ। ਉਹ ਹਿੰਦੀ ਅਖਬਾਰ ਦੈਨਿਕ ਭਾਸਕਰ ਦੇ ਭੁਪਾਲ ਐਡੀਸ਼ਨ ਵਿਚ ਸੀਨੀਅਰ ਪੱਤਰਕਾਰ ਵਜੋਂ ਕੰਮ ਕਰ ਰਿਹਾ ਹੈ ਐਪਰ ਸ਼ਬਦਾਂ ਦੀਆਂ ਤਿਤਲੀਆਂ ਫੜਨਾ ਉਸ



*ਜੋ ਲਿਆ-ਸਿਖਿਆ, ਲੋਕਾਂ ਨੂੰ ਮੋੜਨਾ ਚਾਹੀਦਾ ਹੈ - ਅਜਿਤ ਵਡਨੇਰਕਰ*

ਦਾ ਚਸਕਾ ਹੈ। ਸ਼ਬਦਾਂ ਦੀ ਨਿਰੁਕਤੀ ਦਰਸਾਉਂਦਾ 'ਸ਼ਬਦਾਵਲੀ' ਨਾਂ ਦਾ ਉਸਦਾ ਚਿੱਠਾ (ਹਿੰਦੀ ਵਾਲੇ ਬਲਾਗ ਨੂੰ ਚਿੱਠਾ ਕਹਿੰਦੇ ਹਨ) ਲੱਗਭਗ ਹਰ ਰੋਜ਼ ਅਪਡੇਟ ਹੁੰਦਾ ਹੈ, ਜਿਸਦੇ ਪਾਠਕਾਂ ਦੀ ਗਿਣਤੀ ਇਕ ਹਜ਼ਾਰ ਤੋਂ ਟੱਪ ਚੁੱਕੀ ਹੈ। 15000 ਦੇ ਆਸਪਾਸ ਹਿੰਦੀ ਦੇ ਬਲਾਗਾਂ ਵਿਚੋਂ ਪਾਠਕਾਂ ਦੀ ਤਾਦਾਦ ਦੇ ਪੱਖ ਤੋਂ ਉਸ ਦਾ ਨੰਬਰ ਦੂਜੇ ਥਾਂ 'ਤੇ ਹੈ। ਇਹ ਇਕ ਚਮਤਕਾਰ ਹੀ ਹੈ ਕਿ ਨਿਰੇ ਸ਼ਬਦਾਂ ਦੁਆਲੇ ਘੁੰਮਦੇ ਚਿੱਠਿਆਂ ਦੇ ਏਨੇ ਰਸੀਏ ਹਨ। ਪੰਜਾਬੀ ਦੇ ਕਿਸੇ ਮਾਸਿਕ, ਤ੍ਰੈਮਾਸਿਕ ਦੀ ਏਨੀ ਗਿਣਤੀ ਨਹੀਂ ਹੈ ਜਿੰਨੀ ਇਸ ਰੋਜ਼ਾਨਾ ਬਲਾਗ ਦੀ ਹੈ। ਏਥੇ ਹੀ ਬੱਸ ਨਹੀਂ, ਕਈ ਹੋਰ ਬਲਾਗ ਤੇ ਵੈਬਸਾਈਟਾਂ ਉਸਦੇ ਆਲੇਖਾਂ ਨੂੰ ਲਗਾਤਾਰ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ। ਹਰ ਰੋਜ਼ ਬੇਸਬਰੀ ਨਾਲ ਅਪਡੇਟ ਉਡੀਕਦੇ ਉਸਦੇ ਪਾਠਕਾਂ ਵਿਚ ਹਿੰਦੀ ਦੇ ਉਘੇ ਸਾਹਿਤਕਾਰ, ਭਾਸ਼ਾ ਵਿਗਿਆਨੀ, ਕੰਪਿਊਟਰ ਮਾਹਰ ਤੇ ਬੁਧੀਜੀਵੀ ਸ਼ਾਮਿਲ ਹਨ। ਉਸ ਨੇ ਆਪਣੇ ਵਿਸ਼ਾਲ ਗਿਆਨ, ਤਾਰਕਿਕ ਵਿਵੇਚਨ ਅਤੇ ਕਿਸ੍ਹਮਈ ਸ਼ੈਲੀ ਨਾਲ ਪਾਠਕਾਂ ਦੇ ਪੱਲੇ ਇਹ ਗੱਲ ਪਾ ਦਿੱਤੀ ਹੈ ਕਿ ਨਿਮਾਣੇ ਜਿਹੇ ਸ਼ਬਦਾਂ ਦੇ ਪਰਦੇ ਹੇਠ ਸਾਡੀ ਸੰਸਕ੍ਰਿਤੀ, ਇਤਿਹਾਸ ਅਤੇ ਪੁਰਾਤਤਵ ਆਦਿ ਦਾ ਕਿੰਨਾ ਕੁਝ ਲੁਕਿਆ ਪਿਆ ਹੈ। ਇਸ ਪ੍ਰਤਿਭਾਸ਼ਾਲੀ ਸ਼ਬਦਾਰਥੀ ਦਾ ਨਾਂ ਹੈ ਅਜਿਤ ਵਡਨੇਰਕਰ।

ਦੋ ਕੁ ਸਾਲ ਪਹਿਲਾਂ 'ਪੰਜਾਬ ਟਾਈਮਜ਼' ਵਾਸਤੇ ਸਾਗ ਦਾ ਚਿੱਤਰ ਲਭਣ ਲਈ ਮੈਂ ਗੂਗਲ ਬਾਣ ਛੱਡਿਆ। ਅਜਿਤ ਵਡਨੇਰਕਰ ਦੇ ਬਲਾਗ ਦਾ ਹਵਾਲਾ ਮੇਰੇ ਸਾਹਮਣੇ ਆ ਖੜਾ ਹੋਇਆ। ਉਦੋਂ ਹਿੰਦੀ ਮੈਥੋਂ ਝੋਲੀ ਝੋਲੀ ਹੀ ਪੜ੍ਹੀ ਜਾਂਦੀ ਸੀ ਪਰ ਉਸਦੀ ਲਿਖਤ ਇਨੀ ਰੌਚਿਕ, ਗਿਆਨ ਭਰਪੂਰ ਤੇ ਤਾਰਕਿਕ ਸੀ ਕਿ ਮੈਨੂੰ ਪਤਾ ਹੀ ਨਾ ਲੱਗਾ, ਕਦੋਂ ਹਿੰਦੀ ਮੇਰੇ ਅੱਗੇ ਪਾਣੀ ਵਾਂਗ ਫਿਰਨ ਲੱਗ ਪਈ। ਹੋਰ ਤਾਂ ਹੋਰ ਮੈਂ ਉਸਦੀਆਂ ਪੋਸਟਾਂ ਤੇ ਟਿੱਪਣੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਅਜਿਤ ਭਾਈ ਨੇ ਗੰਭੀਰਤਾ ਨਾਲ ਮੇਰਾ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ। ਕਦੇ ਕਦੇ ਸਾਡੇ ਵਿਚ ਤਲਖੀ ਵੀ ਹੋਣ ਲੱਗੀ। ਉਹ ਮੇਰੇ ਤੇ ਨਾਰਾਜ਼ ਹੋ ਜਾਂਦੇ, ਮੈਂ ਕਾਹਲਾ ਵਗਦਾ ਹਾਂ, ਧਿਆਨ ਨਾਲ ਨਹੀਂ ਪੜ੍ਹਦਾ। ਉਨ੍ਹਾਂ ਦੀ ਗੱਲ ਅਕਸਰ ਠੀਕ ਹੁੰਦੀ ਪਰ ਮੈਂ ਵੀ ਸ਼ਬਦਾਂ 'ਤੇ ਦੋ ਕੋੜੀਆਂ ਤੋਂ ਵਧ ਸਾਲ ਗਾਲੇ ਹਨ। ਉਹ ਮੇਰੀਆਂ ਟਿੱਪਣੀਆਂ ਦਾ ਵਿਸਤ੍ਰਿਤ ਜਵਾਬ ਦਿੰਦੇ, ਈਮੇਲ ਰਾਹੀਂ ਨਿੱਜੀ ਤੌਰ ਤੇ ਵੀ ਅਤੇ ਬਲਾਗ ਰਾਹੀਂ ਵੀ। ਕੋਸ਼ ਮਹਿਕਮੇ ਦੇ ਲੰਮੇ ਤਜਰਬੇ ਨੇ ਮੈਨੂੰ ਸਿਖਾਇਆ ਸੀ ਕਿ ਗੰਢੇ ਦੀ ਤਰ੍ਹਾਂ ਸ਼ਬਦ ਦੀਆਂ ਬੇਅੰਤ ਪਰਤਾਂ ਹਨ, ਇਨ੍ਹਾਂ ਨੂੰ ਬੜੀ ਸਾਵਧਾਨੀ ਨਾਲ ਫੋਲਣਾ ਚਾਹੀਦਾ ਹੈ। ਟੁੱਟੇ-ਭੱਜੇ ਜਿਹੇ ਜਟਕੇ ਸ਼ਬਦ ਭਾਵੇਂ ਹੀ ਪਿੰਡ ਦੀਆਂ ਬੀਹੀਆਂ ਤੇ ਪੈਲੀਆਂ ਵਿਚ ਫਿਰਦੇ ਦਿਸਦੇ ਹੋਣ, ਉਨ੍ਹਾਂ ਦੀ ਆਤਮਾ ਅੰਤਰਰਾਸ਼ਟਰੀ ਹੁੰਦੀ ਹੈ, ਇਨ੍ਹਾਂ ਦੀ ਮਰਮ ਤੱਕ ਪਹੁੰਚਣ ਲਈ ਅੰਤਰਰਾਸ਼ਟਰੀ ਦ੍ਰਿਸ਼ਟੀ ਲੋੜੀਂਦੀ ਹੈ। ਵਡਨੇਰਕਰ ਸਾਹਿਬ ਕਈ ਵਾਰੀ ਮੇਰੀ ਗੱਲ ਮੰਨ ਕੇ ਆਪਣੇ ਲੇਖ ਨੂੰ ਸੋਧ ਲੈਂਦੇ ਪਰ ਮੈਨੂੰ ਵੀ ਬਹੁਤ ਵਾਰ ਨਮੋਸ਼ੀ ਸਹਿਣੀ ਪਈ। ਅੰਤ ਸਾਡੇ ਸਬੰਧਾਂ ਵਿਚ ਸੁਖਾਵਾਂਪਣ ਆ ਗਿਆ।

ਵਡਨੇਰਕਰ ਦੀ ਸ਼ਬਦ ਨਿਭਾਉਣ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਉਹ ਨਿਰੁਕਤੀ ਸੁਲਝਾਉਣ ਲਈ ਸ਼ਬਦ ਦੇ ਮੂਲ ਵਿਚ ਡੂੰਘਾ ਉਤਰਦੇ ਹਨ। ਉਨ੍ਹਾਂ ਦਾ ਸ਼ਬਦ-ਗਿਆਨ ਕੋਸ਼-ਸੀਮਿਤ ਨਹੀਂ ਬਲਕਿ ਵਿਸਤ੍ਰਿਤ ਅਧਿਐਨ ਤੋਂ ਉਪਜਿਆ ਹੈ ਜਿਸ ਵਿਚ ਵੇਦ, ਸ਼ਾਸਤਰ, ਪੁਰਾਣ ਤੇ ਹੋਰ ਘਸਮਾਨ ਸ਼ਾਮਿਲ ਹੈ। ਬਹੁਤ ਸਾਰੇ ਭਾਸ਼ਾ ਵਿਗਿਆਨੀ ਵਿਰਾਟ ਜੀਵਨ ਤੋਂ ਨਿਖੁੱਟੇ ਸ਼ਬਦ ਜਾਲ ਵਿਚ ਹੀ ਘੁਸੇ ਰਹਿੰਦੇ ਹਨ ਜਿਸ ਕਰਕੇ ਭਾਸ਼ਾ ਵਿਗਿਆਨ ਇਕ ਖੁਸ਼ਕ ਜਿਹਾ ਵਿਸ਼ਾ ਸਮਝਿਆ ਜਾਂਦਾ ਹੈ। ਸੁਲਝੇ ਹੋਏ ਵਡਨੇਰਕਰ ਦੀ ਸ਼ੈਲੀ ਬੋਝਲ ਨਹੀਂ ਬਲਕਿ ਮੰਜੀ ਹੋਈ, ਪ੍ਰੌੜ, ਲੌਕਿਕ ਤੇ ਅਕਸਰ ਉਦਾਤ ਹੈ ਜਿਸ ਵਿਚੋਂ ਇਕ ਨਿਵੇਕਲੀ ਵਿਧਾ ਉਦੈ ਹੋ ਰਹੀ ਪ੍ਰਤੀਤ ਹੁੰਦੀ ਹੈ। ਉਹ ਭਾਰਤ ਦੀਆਂ ਤਕਰੀਬਨ ਸਾਰੀਆਂ, ਖਾਸ ਤੌਰ ਤੇ ਉਤਰੀ ਭਾਸ਼ਾਵਾਂ ਦੀ ਨਿਰਾਲੀ ਰੂਹ ਦੇ ਵਾਕਿਫ਼ ਹਨ। ਮੇਰੇ ਦੇਖਦੇ ਦੇਖਦੇ ਹੀ ਉਹ ਕਿਤੇ ਦੀ ਕਿਤੇ ਅਪੜ ਗਏ ਹਨ; ਹੁਣ ਤਾਂ ਦੁਨੀਆਂ ਭਰ ਦੀਆ ਬੋਲੀਆਂ ਨੂੰ ਸਹਿਜ ਭਾ ਹੀ ਆਪਣੇ ਕਲਾਵੇ ਵਿਚ ਲੈ ਲੈਂਦੇ ਹਨ। ਨਿਰੁਕਤੀ ਵਿਸ਼ਾ ਹੀ ਐਸਾ ਹੈ, ਇਸਦਾ ਸਾਧਕ ਇਕ ਸਮੇਂ ਸਥਾਨ ਤੇ ਸਥਿਰ ਹੋ ਗਿਆ, ਸਮਝੋ ਗਿਆ। ਵਡਨੇਰਕਰ ਸਾਹਿਬ ਜਾਤ ਦੇ ਬ੍ਰਾਹਮਣ ਹਨ ਤੇ ਮੰਨਦੇ ਹਨ ਕਿ ਬ੍ਰਾਹਮਣਾਂ ਦਾ ਅਸਲੀ ਕੰਮ ਗਿਆਨ ਢੂੰਡਣਾ ਤੇ ਆਮ ਲੋਕਾਂ ਵਿਚ ਵੰਡਣਾ ਹੈ। ਉਹ ਰਾਤ ਡੇਢ ਵਜੇ ਡਿਊਟੀ ਤੋਂ ਫਾਰਗ ਹੁੰਦੇ ਸਾਰ ਘਰ ਭਜਦੇ ਹਨ ਜਿਥੇ ਮੇਜ਼ ਤੇ ਅਠਾਰਾਂ ਖੁਲ੍ਹੇ ਕੋਸ਼ ਤੇ ਢੇਰ ਸਾਰੀਆਂ ਹੋਰ ਪੁਸਤਕਾਂ ਉਨ੍ਹਾਂ ਨੂੰ ਉਡੀਕ ਰਹੀਆਂ ਹੁੰਦੀਆਂ ਹਨ। ਉਹ ਪੰਜ ਵਜੇ ਤੱਕ ਲਿਖਦੇ ਹਨ। ਫਿਰ ਨੌਂ ਵਜੇ ਉਠ ਕੇ ਪੋਸਟਿੰਗ ਦੀਆਂ ਕਮੀਆਂ ਦੂਰ ਕਰਦੇ ਹਨ। ਬੱਸ ਇਸ ਤੋਂ ਬਾਅਦ ਘੰਟਾ ਡੇਢ ਘੰਟਾ ਹੋਰ ਸੌਂ ਕੇ ਪਰਿਵਾਰ ਨਾਲ ਖਾਣਾ ਖਾਂਦੇ ਤੇ ਫਿਰ ਦਫ਼ਤਰ ਦੌੜ ਜਾਂਦੇ ਹਨ। ਟੁਕੜਿਆਂ ਵਿਚ ਵੰਡੀ ਨੀਂਦ ਕਦੇ ਪੂਰੀ ਨਹੀਂ ਹੁੰਦੀ। 'ਸ਼ਹਿਰ ਸੂਤਾ ਬ੍ਰਹਮ ਜਾਗੇ' ਵਾਲੀ ਨਾਥਾਂ ਜੋਗੀਆਂ ਵਾਲੀ ਕਹਾਵਤ ਉਨ੍ਹਾਂ ਤੇ ਲਾਗੂ ਹੁੰਦੀ ਹੈ।

ਉਨ੍ਹਾਂ ਸ਼ਬਦਾਂ ਦਾ ਇਹ ਪੰਗਾ ਕੋਈ ਸੱਤ ਅੱਠ ਸਾਲ ਤੋਂ ਲਿਆ ਹੋਇਆ ਹੈ। ਦੈਨਿਕ ਭਾਸਕਰ ਵਿਚ ਉਨ੍ਹਾਂ ਦਾ ਇਹ ਕਾਲਮ ਲਗਾਤਾਰ ਛਪ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ, "ਆਪਣੇ ਕਰਮ ਹੀ ਸਾਨੂੰ ਮਾਰਦੇ ਹਨ, ਉਨ੍ਹਾਂ ਨੂੰ ਹੀ ਭੁਗਤਣਾ ਹੈ। ਬੱਸ, ਗਲਤ ਨਹੀਂ ਕਰ ਰਹੇ, ਇਹ ਸਕੂਨ ਹੈ। ਜੋ ਲਿਆ-ਸਿੱਖਿਆ, ਉਹ ਸਭ ਨੂੰ ਮੋੜਨਾ ਵੀ ਚਾਹੀਦਾ ਹੈ, ਇਸ ਲਈ ਏਨੀ ਮਿਹਨਤ। ਬਦਲੇ ਮਾਹੌਲ ਵਿਚ ਪਹਾੜ ਤੇ ਜਾ ਕੇ ਸੰਨਿਆਸੀ ਤਾਂ ਬਣ ਨਹੀਂ ਸਕਦੇ। ਧੰਨ ਸੰਪਤੀ ਹੈ ਨਹੀਂ ਜਿਸਦੇ ਜ਼ਰੀਏ ਲੋਕਾਂ ਦਾ ਭਲਾ ਕਰ ਸਕੀਏ। ਜਨਮ ਤੋਂ ਬ੍ਰਾਹਮਣ, ਕਰਮ ਤੋਂ ਬ੍ਰਾਹਮਣ... ਏਹੀ ਕਰ ਸਕਦਾ ਹਾਂ।" ਸ਼ਬਦਾਂ ਨੂੰ ਹੀ ਪ੍ਰਣਾਏ ਇਸ ਸ਼ਖਸ ਨੇ ਦੋਸਤਾਂ ਮਿੱਤਰਾਂ ਨੂੰ ਮਿਲਣ-ਗਿਲਣ ਤੇ ਜ਼ਿੰਦਗੀ ਦੇ ਹੋਰ ਝਮੇਲਿਆਂ ਤੋਂ ਇਕ ਤਰ੍ਹਾਂ ਸੰਨਿਆਸ ਲਿਆ ਹੋਇਆ ਹੈ। ਉਨ੍ਹਾਂ ਦੇ ਇਸ ਜਨੂੰਨ ਬਾਰੇ ਕਿਸੇ ਨੇ ਕਟਾਖਸ਼ ਕੀਤਾ ਸੀ ਕਿ 26 ਨਵੰਬਰ 2008 ਨੂੰ ਬੰਬਈ ਵਿਚ ਦਹਿਸ਼ਤਗਰਦਾਂ ਦੇ ਹਮਲੇ ਦੌਰਾਨ ਜਦ ਸਾਰੇ ਭਾਰਤ ਵਿਚ ਹਾਹਾਕਾਰ ਮਚ ਗਈ ਸੀ, ਉਨ੍ਹਾਂ ਆਪਣਾ ਚਿੱਠਾ ਲਿਖਣਾ ਨਾ ਛੱਡਿਆ। ਉਹ ਤ੍ਰੈਕਾਲ ਤੇ ਸਮੁੱਚੇ ਬ੍ਰਹਿਮੰਡ ਦੇ ਦਰਸ਼ਨ ਸ਼ਬਦਾਂ ਤੋਂ ਹੀ ਕਰ ਲੈਂਦੇ ਹਨ। ਆਪਣੀ ਭਾਸ਼ਾ ਪ੍ਰਤੀ ਏਨੀ ਲਗਨ ਤੇ ਪ੍ਰਤੀਬਧਤਾ ਘੱਟ ਹੀ ਦੇਖਣ ਨੂੰ ਮਿਲਦੀ ਹੈ। ਸ਼ਬਦ-ਨਿਰੁਕਤੀ ਪ੍ਰਤੀ ਇਹੋ ਜਿਹਾ ਸ਼ੈਦਾਅ ਮੈਨੂੰ ਆਪਣੇ ਸਾਬਕਾ ਸਹਿਕਰਮੀ ਜੀ.ਐਸ. ਰਿਆਲ ਵਿਚ ਦੇਖਣ ਨੂੰ ਮਿਲਿਆ ਸੀ, ਜਿਨ੍ਹਾਂ ਇਸ ਕੰਮ ਵਿਚ ਮੇਰੀ ਵੀ ਚੇਟਕ ਲਾਈ ਪਰ ਰਿਆਲ ਸਾਹਿਬ ਦਾ ਵਧੇਰੇ ਗਿਆਨ ਕੋਸ਼ਾਂ ਤੱਕ ਹੀ ਸੀਮਿਤ ਸੀ; ਜਦ ਕਿ ਵਡਨੇਰਕਰ ਸਾਹਿਬ ਇਸਨੂੰ ਮੌਲਿਕ ਅਧਿਐਨ ਨਾਲ ਅਮੀਰ ਬਣਾਉਂਦੇ ਹਨ। ਕਈ ਵਾਰ ਤਾਂ ਇੰਜ ਲਗਦਾ ਹੈ ਕਿ ਇਕ ਹੀ ਸ਼ਬਦ ਨੂੰ ਡੂੰਘਾਈ ਵਿਚ ਸਮਝਣ ਲਈ ਉਨ੍ਹਾਂ ਘੱਟੋ ਘਟ ਇਕ ਕਿਤਾਬ ਜ਼ਰੂਰ ਪੜ੍ਹੀ ਹੈ।

ਇਕ ਦੂਜੇ ਤੋਂ ਵਿਸੰਗਤ ਜਾਪਦੇ ਸ਼ਬਦ ਉਹ ਆਪਣੇ ਕਮਾਲ ਦੇ ਨਿਰੁਕਤਕ ਜਾਦੂ ਨਾਲ ਜੋੜ ਦਿੰਦੇ ਹਨ। ਕੀ ਕੋਈ ਸੋਚ ਸਕਦਾ ਹੈ ਕਿ ਠਾਠ-ਬਾਠ ਜਿਹਾ ਸ਼ਬਦ ਟੱਟੀ ਤੋਂ ਵਿਕਸਿਤ ਹੋਇਆ ਹੈ? ਗਰੀਬਾਂ ਦੀ ਬਸਤੀ ਠੱਠੀ ਇਸੇ ਨਾਲ ਸਬੰਧਤ ਹੈ, ਸਾਡੇ ਕਈ ਪਿੰਡਾਂ ਦਾ ਨਾਂ ਠੱਠੀਆਂ ਹੈ। 'ਵਰ' ਸ਼ਬਦ ਦਾ ਅਰਥ ਹੁੰਦਾ ਹੈ ਮੰਗ ਜਾਂ ਚੋਣ। ਇਸਦਾ ਸਭ ਤੋਂ ਪ੍ਰਚਲਤ ਅਰਥ ਹੈ ਪਤੀ ਦਾ ਵਰ ਰੂਪ। ਪੂਰਵ ਵੈਦਿਕ ਕਾਲ ਵਿਚ ਕੰਨਿਆ ਜਾਂ ਉਸਦੇ ਘਰ ਵਾਲੇ ਖੁਦ ਪਤੀ-ਪਾਤਰ ਨੂੰ ਚੁਣਦੇ ਸਨ। ਵਰਣ ਜਾਂ ਸਵੰਬਰ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ। ਬਰਾਤ ਸ਼ਬਦ ਵੀ ਇਸੇ ਗੱਲ ਵੱਲ ਸੰਕੇਤ ਕਰਦਾ ਹੈ। 'ਵਰ' ਜਾਂ ਇਸ ਤੋਂ ਬਣਨ ਵਾਲੇ ਵਰਦਾਨ ਤੋਂ ਮੰਗਣਾ ਵਾਲੇ ਅਰਥ ਸਪਸ਼ਟ ਹੋ ਜਾਂਦੇ ਹਨ ਕਿਉਂਕਿ ਕਿਸੇ ਦੇਵਤਾ ਰਿਸ਼ੀ-ਮੁਨੀ ਜਾਂ ਰਾਜੇ ਤੋਂ ਇਸ ਦੇ ਜਾਚਕ ਵਰ ਹੀ ਮੰਗਦੇ ਹਨ। ਵਰ ਸ਼ਬਦ ਦੀ ਵਿਉਤਪਤੀ ਤੋਂ ਪਤਾ ਲਗਦਾ ਹੈ ਕਿ ਮਾਤਾ-ਪ੍ਰਧਾਨ ਉਸ ਕਾਲ ਵਿਚ ਲੜਕੀਆਂ ਆਪਣੇ ਪਤੀ ਦੀ ਚੋਣ ਕਰਦੀਆਂ ਸਨ। ਅਰਬੀ ਤੋਂ ਆਏ ਸ਼ਬਦ ਰਕਮ ਤੇ ਕ੍ਰਿਸ਼ਨ ਦੀ ਪਤਨੀ ਰੁਕਮਣੀ ਵਿਚ ਸਾਂਝ ਹੈ। ਖੁਦ ਕ੍ਰਿਸ਼ਨ ਆਕਰਸ਼ਣ, ਕ੍ਰਿਸ਼ੀ ਨਾਲ ਜੁੜਿਆ ਹੋਇਆ ਹੈ। ਕ੍ਰਿਸ਼ਨ ਕਾਲਾ ਹੈ ਕਿਉਂਕਿ ਉਹ ਸਾਰੇ ਰੰਗਾਂ ਨੂੰ ਆਕਰਸ਼ਤ ਕਰਕੇ ਆਪਣੇ ਅੰਦਰ ਸਮੋ ਲੈਂਦਾ ਹੈ। ਸਿਰ ਦੇ ਵਾਲ, ਕਣਕ ਦੀ ਬੱਲੀ, ਬਾਲਕੋਨੀ, ਬਾਲਾਖਾਨਾ, ਬਾਲਮ, ਬਲਮਾ, ਬਾਲਸੁਵਿਕ ਤੇ ਹੋਰ ਕਿੰਨੇ ਸਾਰੇ ਇਕ ਦੂਜੇ ਤੋਂ ਦੁਰਾਡੇ ਪ੍ਰਤੀਤ ਹੁੰਦੇ ਸ਼ਬਦ ਇਕ ਹੀ ਮੂਲ ਕਾਰਨ ਜੁੜੇ ਹੋਏ ਹਨ। ਪੰਜਾਬ ਦੇ ਸ਼ਹਿਰ ਕਸੂਰ ਦੇ ਨਾਂ ਬਾਰੇ ਪ੍ਰਚਲਿਤ ਧਾਰਨਾ ਹੈ ਕਿ ਇਹ ਰਾਮ ਦੇ ਬੇਟੇ




ਕੁਸ਼ ਤੋਂ ਬਣਿਆ ਹੈ ਪਰ ਵਡਨੇਰਕਰ ਦਲੀਲ ਦਿੰਦੇ ਹਨ ਕਿ ਇਸਦਾ ਮੁਢ ਅਰਬੀ ਦਾ ਧਾਤੂ ਕਸਰ ਹੈ ਜਿਸ ਦਾ ਮਤਲਬ ਕੱਟਣਾ, ਛਿਲਣਾ ਤਰਾਸ਼ਣਾ ਹੁੰਦਾ ਹੈ। ਇਸੇ ਤੋਂ ਵਿਕਸਿਤ ਹੋ ਕੇ ਅਰਥ ਕਿਲੇ ਬਣਾਉਣ ਵੱਲ ਚਲੇ ਗਿਆ ਹੈ। ਇਹ ਗੱਲ ਮੰਨਣਯੋਗ ਹੈ, ਕਸੂਰ ਵਿਚ 12 ਵੱਡੇ ਗੜ੍ਹ ਹਨ ਜੋ ਇਥੋਂ ਦੇ ਸ਼ਾਸਕਾਂ ਨੇ ਅਫਗਾਨ ਹਮਲਿਆਂ ਤੋਂ ਬਚਣ ਲਈ ਬਣਾਏ। ਇਤਿਹਾਸ ਵਿਚ ਹੋਰ ਵੀ ਕਈ ਕਸੂਰ ਆਉਂਦੇ ਹਨ।

ਸਿੱਖਾਂ ਨੂੰ ਇਹ ਜਾਣ ਕੇ ਅਚੰਭਾ ਹੋਵੇਗਾ ਕਿ ਜਿਸ ਕਾਰਸੇਵਾ ਨੂੰ ਉਹ ਆਪਣੇ ਧਰਮ ਦੀ ਵਿਸ਼ੇਸ਼ਤਾ ਸਮਝਦੇ ਹਨ, ਉਹ 'ਕਰਸੇਵਾ' ਦੇ ਰੂਪ ਵਿਚ ਮਹਾਰਾਸ਼ਟਰ ਦੇ ਮੰਦਿਰਾਂ 'ਚ ਪੁਰਾਣੇ ਸਮੇਂ ਤੋਂ ਚਲ ਰਹੀ ਹੈ। ਕਾਰਸੇਵਾ ਤੋਂ ਭਾਵ ਕਾਰਜਸੇਵਾ ਜਾਂ ਸਰੋਵਰ 'ਚੋਂ ਗਾਰ ਕਢਣ ਦੀ ਸੇਵਾ ਨਹੀਂ ਜਿਵੇਂ ਮਹਾਨ ਕੋਸ਼ ਦੇ ਕਰਤਾ ਨੇ ਬਿਆਨਿਆ ਹੈ, ਬਲਕਿ ਹੱਥਾਂ (ਕਰ = ਹੱਥ) ਦੀ ਸੇਵਾ ਹੈ। ਸ਼ਬਦਾਂ ਦੇ ਅਤੀਤ ਤੋਂ ਇਹ ਗੱਲ ਭਲੀਭਾਂਤ ਦ੍ਰਿੜ ਹੋ ਜਾਂਦੀ ਹੈ ਕਿ ਸ਼ਬਦ ਸਹੀ ਮਾਅਨਿਆਂ ਵਿਚ ਮਾਨਵ ਜਾਤੀ ਦੀ ਏਕਤਾ ਪ੍ਰਤੱਖ ਕਰਦੇ ਹਨ। ਇਨ੍ਹਾਂ ਦੀ ਪੇਸ਼ਕਦਮੀ ਅੱਗੇ ਦੇਸ, ਧਰਮ, ਭਾਸ਼ਾ ਦੀਆਂ ਹੱਦਾਂ ਅੜਿੱਕਾ ਨਹੀਂ ਹਨ। ਸੋਲ੍ਹਾਂ ਆਨੇ ਖਰੇ, ਇਹ ਝੂਠੀ ਹਉਮੈ 'ਤੇ ਠਾਹ ਸੋਟਾ ਮਾਰ ਦਿੰਦੇ ਹਨ। ਸੁਰਤ ਟਿਕਾਣੇ ਲਿਆਉਣ ਲਈ ਵਡਨੇਰਕਰ ਦੇ ਚਿੱਠਿਆਂ ਵਿਚ ਬੇਸ਼ੁਮਾਰ ਮਿਸਾਲਾਂ ਮੌਜੂਦ ਹਨ। ਮੈਨੂੰ ਇਹ ਲਿਖਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਮੈਂ ਆਪਣੇ ਲੇਖਾਂ ਵਿਚ ਉਨ੍ਹਾਂ ਦੀਆਂ ਲਿਖਤਾਂ ਤੋਂ ਵੀ ਸਹਾਇਤਾ ਲੈਂਦਾ ਹਾਂ।

ਇਹ ਨਿਬੰਧ ਲਿਖਣ ਦਾ ਸਬੱਬ ਇਸ ਲਈ ਬਣਿਆ ਕਿ ਪੜ੍ਹਨ ਵਾਲਿਆਂ ਦੀ ਸਹੂਲਤ ਲਈ ਉਨ੍ਹਾਂ ਬਹੁਤ ਸਾਰੇ ਚਿੱਠਿਆਂ ਨੂੰ ਸੰਕਲਿਤ ਕਰਕੇ ਪੁਸਤਕ ਰੂਪ ਵਿਚ ਪ੍ਰਕਾਸ਼ਤ ਕਰ ਦਿੱਤਾ ਹੈ। ਵਡਨੇਰਕਰ ਦੀ ਇਹ ਪ੍ਰਾਪਤੀ ਸਿਰਫ ਹਿੰਦੀ ਲਈ ਹੀ ਲਾਹੇਵੰਦ ਨਹੀਂ ਬਲਕਿ ਭਾਰਤ ਦੀਆਂ ਸਾਰੀਆਂ ਹਿੰਦ-ਆਰਿਆਈ ਭਾਸ਼ਾਵਾਂ ਲਈ ਹੈ ਕਿਉਂਕਿ ਸਭਨਾਂ ਦੀ ਮੁਢਲੀ ਸ਼ਬਦਾਵਲੀ ਇਕ ਹੈ। ਭਾਰਤ ਵਿਚ ਅੰਗਰੇਜ਼ ਵਿਦਵਾਨ ਮੋਨੀਅਰ ਵਿਲੀਅਮਜ਼ ਨੇ ਸੰਸਕ੍ਰਿਤ ਸ਼ਬਦਾਂ ਦਾ ਇਕ ਵਿਸਤ੍ਰਿਤ ਨਿਰੁਕਤ ਤਿਆਰ ਕੀਤਾ ਸੀ ਪਰ ਸਾਡੇ ਕਿਸੇ ਦੇਸੀ ਵਿਦਵਾਨ ਨੇ ਇਸ ਪਾਸੇ ਧਿਆਨ ਘੱਟ ਹੀ ਧਿਆਨ ਦਿੱਤਾ ਹੈ। ਪੰਜਾਬੀ ਵਿਚ ਤਾਂ ਬਹੁਤ ਹੀ ਮਾਮੂਲੀ ਕੰਮ ਹੋਇਆ ਹੈ। ਵਡਨੇਰਕਰ ਦੇ ਇਸ ਗ੍ਰੰਥ ਵਿਚ ਕੋਈ 1500 ਸ਼ਬਦਾਂ ਦੀ ਨਿਰੁਕਤੀ ਉਪਲਬਧ ਹੈ। ਉਨ੍ਹਾਂ ਦੀ ਯੋਜਨਾ ਦਸ ਹਜ਼ਾਰ ਸ਼ਬਦਾਂ ਦੀ ਵਿਉਤਪਤੀ ਅਤੇ ਵਿਵੇਚਨਾ ਦੀ ਹੈ ਜਿਸ ਲਈ ਦੋ ਹੋਰ ਖੰਡ ਵੀ ਛਪਣ ਹਿੱਤ ਤਿਆਰ ਪਏ ਹਨ। ਨੀਲਕਮਲ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਇਸ ਪੁਸਤਕ ਦੀ ਕੀਮਤ 600 ਰੁਪਏ ਹੋਣ ਦੇ ਬਾਵਜੂਦ ਰਿਲੀਜ਼ ਸਮਾਰੋਹ ਦੌਰਾਨ ਰੱਖੀਆਂ ਸਾਰੀਆਂ ਕਿਤਾਬਾਂ ਹੱਥੋ ਹੱਥ ਵਿਕ ਗਈਆਂ।

## ਕਸ਼ਮੀਰ ਦੀ ਜੱਦੋ-ਜਹਿਦ

ਵਿਕਾਸ ਨੂੰ ਅੱਗੇ ਵਧਾਉਣ ਦੀਆਂ ਨੀਤੀਆਂ ਦੀ ਵਿਸ਼ੇਸ਼ ਉਪ ਪੈਦਾਵਾਰ ਹਨ ਜਾਂ ਫਿਰ ਕੌਮੀਅਤਾਂ ਵਿਚਕਾਰ ਜੋੜ-ਮੇਲ, ਕੌਮੀਅਤਾਂ ਦੀ ਆਪਸੀ ਮਿੱਤਰਤਾ ਅਤੇ ਸਭ ਕੌਮੀਅਤਾਂ ਦੇ ਮਿਹਨਤਕਸ਼ ਲੋਕਾਂ ਦੀ ਇਕਮੁੱਠਤਾ ਨੂੰ ਨਾਕਾਮ ਕਰਨ ਦੀਆਂ ਵਿਸ਼ੇਸ਼ ਨੀਤੀਆਂ ਦਾ ਸਿੱਟਾ ਹਨ। ਮੁਕਾਬਲਤਨ ਵਿਤਕਰੇਬਾਜ਼ੀ ਦੇ ਇਨ੍ਹਾਂ ਅੰਸ਼ਾਂ ਦੀ ਮੌਜੂਦਗੀ ਜਾਂ ਗੈਰ ਮੌਜੂਦਗੀ ਕਿਉਂਕਿ ਕਿਸੇ ਵੀ ਤਰ੍ਹਾਂ ਭਾਰਤੀ ਲੋਕਾਂ ਉਪਰ ਕੌਮੀ ਦਾਬੇ ਦੀ ਹੋਣੀ ਨੂੰ ਨਿਰਧਾਰਤ ਨਹੀਂ ਕਰਦੀ, ਇਸ ਕਰਕੇ ਇਹ ਪੱਖ ਜਾਂ ਇਸ ਉਪਰ ਕੀਤਾ ਜਾਣ ਵਾਲਾ ਸੰਘਰਸ਼ ਆਪਣੇ ਆਪ ਵਿਚ ਨਾ ਤਾਂ ਜਾਬਰਾਂ (ਭਾਰਤੀ ਹਾਕਮ ਜਮਾਤਾਂ ਅਤੇ ਇਨ੍ਹਾਂ ਦੇ ਸਾਮਰਾਜੀ ਪ੍ਰਭੂਆਂ) ਲਈ ਅਤੇ ਨਾ ਹੀ ਦਬੇ-ਕੁਚਲਿਆਂ (ਭਾਰਤੀ ਲੋਕਾਂ) ਲਈ ਕੋਈ ਯੁੱਧਨੀਤਕ ਮਹੱਤਤਾ ਰੱਖਦਾ ਹੈ।

ਫੇਰ ਵੀ, ਇਹ ਪੱਖ ਜਿਥੋਂ ਤਕ ਇਹ ਭਾਰਤ ਅੰਦਰਲੀਆਂ ਕਈ ਕੌਮੀਅਤਾਂ ਦੇ ਆਪਸੀ ਸਬੰਧਾਂ ਨੂੰ ਮਾੜੇ ਰੁਖ ਪ੍ਰਭਾਵਤ ਕਰਦਾ ਹੈ, ਕੌਮੀ ਦਾਬੇ ਦੇ ਬੁਨਿਆਦੀ ਮਸਲੇ ਉਪਰ ਸੰਘਰਸ਼ ਨਾਲ ਜੁੜ ਕੇ ਦੋਹਾਂ ਲਈ ਹੀ ਗਿਣਨਯੋਗ ਮਹੱਤਤਾ ਰੱਖਦਾ ਹੈ। ਇਹ ਕਈ ਕੌਮੀਅਤਾਂ ਵਿਚਕਾਰ ਭੁਲੇਖੇ ਤੇ ਬੇਵਿਸ਼ਵਾਸੀ ਪੈਦਾ ਕਰਦਾ ਹੈ ਅਤੇ ਇਹ ਕਈ ਪਾਟਕ ਪਾਉਂਦਾ ਹੈ ਅਤੇ ਇਉਂ ਆਪਣੇ ਸਾਂਝੇ ਜਾਬਰ ਦੁਸ਼ਮਣ ਖਿਲਾਫ਼ ਕੌਮੀ ਮੁਕਤੀ ਦੇ ਸੰਘਰਸ਼ ਵਿਚ ਭਾਰਤ ਦੇ ਸਭ ਦੱਬੇ-ਕੁਚਲੇ ਲੋਕਾਂ ਦੀਆਂ ਸ਼ਕਤੀਆਂ ਦੀ ਏਕਤਾ ਅਤੇ ਮਜ਼ਬੂਤੀ ਵਿਚ ਵਿਘਨ ਪਾਉਂਦਾ ਹੈ। ਇਹ ਪੱਖ ਭਾਰਤੀ ਲੋਕਾਂ ਦੇ ਬੁਨਿਆਦੀ ਹਿਤਾਂ ਦੇ ਉਲਟ ਅਤੇ ਭਾਰਤੀ ਹਾਕਮਾਂ ਦੇ ਹਿਤ ਵਿਚ ਭੁਗਤਦਾ ਹੈ। ਇਸ ਲਈ ਭਾਰਤੀ ਲੋਕਾਂ ਦੇ ਹਿਤ ਹੀ ਇਹ ਮੰਗ ਕਰਦੇ ਹਨ ਕਿ ਉਨ੍ਹਾਂ ਨੂੰ ਭਾਰਤ ਦੀ ਕਿਸੇ ਵੀ ਕੌਮੀਅਤ ਨਾਲ ਮੁਕਾਬਲਤਨ ਵਿਤਕਰੇਬਾਜ਼ੀ ਦੇ ਹਰ ਇਜ਼ਹਾਰ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਰਨਾ ਚਾਹੀਦਾ ਹੈ।

ਭਾਰਤ ਅੰਦਰਲੇ ਕੌਮੀ ਸਵਾਲ ਦੇ ਉਪਰ ਬਿਆਨੇ ਲੱਛਣਾਂ ਤੋਂ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਆਮ ਭਾਰਤੀ ਲੋਕਾਂ ਦੇ ਹਿਤ ਭਾਰਤੀ ਹਾਕਮਾਂ ਦੇ ਹਿਤਾਂ ਦੇ ਉਲਟ, ਭਾਰਤ ਅੰਦਰਲੀ ਕਿਸੇ ਵੀ ਕੌਮੀਅਤ ਉਪਰ ਕੌਮੀ ਦਾਬੇ ਜਾਂ ਵਿਤਕਰੇਬਾਜ਼ੀ ਨਾਲ ਬੇਮੇਲ ਹਨ। ਸੋ, ਭਾਰਤੀ ਹਾਕਮਾਂ ਦੇ "ਭਾਰਤੀ ਰਿਆਸਤ ਦੀ ਅਖੰਡਤਾ ਦੇ ਝੰਡੇ" ਦੇ ਮੁਕਾਬਲੇ ਸਮੁੱਚੇ ਭਾਰਤੀ ਲੋਕਾਂ ਦੀ ਏਕਤਾ ਦੇ ਝੰਡੇ ਨੂੰ ਬੁਲੰਦ ਕਰਨ ਦਾ ਇਹ ਬਾਹਰਮੁਖੀ ਆਧਾਰ ਬਣਦਾ ਹੈ ਪਰ ਜਿੰਨਾ ਚਿਰ ਤਕ ਕੌਮੀ ਦਾਬੇ ਜਾਂ ਮੁਕਾਬਲਤਨ ਕੌਮੀ ਵਿਤਕਰੇਬਾਜ਼ੀ ਦੇ ਵਿਰੋਧ ਵਿਚ ਇਸ ਬਾਹਰਮੁਖੀ ਆਧਾਰ ਦਾ ਕੋਈ ਠੋਸ ਇਜ਼ਹਾਰ ਨਹੀਂ ਹੁੰਦਾ, ਓਨਾ ਚਿਰ ਤਕ ਸਮੂਹ ਭਾਰਤੀ ਲੋਕਾਂ ਦੀ ਏਕਤਾ ਦੇ ਝੰਡੇ ਦੀ ਉਨ੍ਹਾਂ ਕੌਮੀਅਤਾਂ ਵਿਚ ਕੋਈ ਵੁੱਕਤ ਨਹੀਂ ਬਣਨੀ ਜਿਹੜੀਆਂ ਭਾਰਤੀ ਹਾਕਮਾਂ ਦੇ ਦੁਰਵਿਹਾਰ ਕਾਰਨ ਵਿੱਥ ਤੇ ਪਾੜਾ ਮਹਿਸੂਸ ਕਰਦੀਆਂ ਜਾਂ ਮੁਕਾਬਲਤਨ ਵਿਤਕਰੇਬਾਜ਼ੀ ਤੋਂ ਪੀੜਤ ਹਨ। ਦੋ ਹਰਫ਼ੀ ਗੱਲ ਤਾਂ ਇਹ ਹੈ ਕਿ ਇਸ ਵਿਰੋਧ ਦੀ ਸਭ ਤੋਂ ਜਾਹਰਾ, ਇਕਸਾਰ ਅਤੇ ਭਰਵੀਂ ਸ਼ਕਲ ਤਾਂ ਭਾਰਤ ਅੰਦਰਲੀਆਂ ਸਭ ਕੌਮੀਅਤਾਂ ਦੇ ਆਪਾ-ਨਿਰਣੇ ਦੇ ਅਧਿਕਾਰ ਨੂੰ ਬੁਲੰਦ ਕਰਨ ਦਾ ਦ੍ਰਿੜ੍ਹ ਪੈਂਤੜਾ ਹੈ। ਕਿਸੇ ਵੀ ਕੌਮੀ ਧੜੇ ਨਾਲ ਸਬੰਧ ਰੱਖਣ ਵਾਲੇ ਆਮ ਲੋਕਾਂ ਦੇ ਪੱਖ ਤੋਂ ਕਿਸੇ ਵੀ ਹੋਰ ਕੌਮੀਅਤ ਦੇ ਕੌਮੀ ਆਪਾ-ਨਿਰਣੇ ਦੇ ਅਧਿਕਾਰ ਨੂੰ ਬੁਲੰਦ ਕਰਨਾ ਭਾਰਤੀ ਹਾਕਮਾਂ ਨਾਲੋਂ ਸਿਆਸੀ ਤੌਰ 'ਤੇ ਨਿਖੇੜਾ ਕਰਨ ਅਤੇ ਸਾਂਝੇ ਕੌਮੀ ਦੁਸ਼ਮਣਾਂ ਖਿਲਾਫ ਸਭ ਕੌਮੀਅਤਾਂ ਦੇ ਸਾਂਝੇ ਸੰਘਰਸ਼ ਲਈ ਮੈਦਾਨ ਸਾਫ਼ ਕਰਨ ਵੱਲ ਲਿਜਾਂਦਾ ਹੈ।

**ਕਸ਼ਮੀਰੀ ਜੱਦੋਜਹਿਦ ਦਾ ਮੁਲਾਂਕਣ ਕਾਹਦੇ ਲਈ?:** ਕਸ਼ਮੀਰੀ ਲੋਕਾਂ ਦੀ ਵਰਤਮਾਨ ਜੱਦੋਜਹਿਦ ਦਾ ਸਿਆਸੀ ਮੁਲਾਂਕਣ ਕਰਨ ਤੋਂ ਬਗੈਰ ਅਤੇ ਇਸ ਮੁਲਾਂਕਣ ਦੇ ਆਧਾਰ ਉਤੇ ਇਸ ਜੱਦੋਜਹਿਦ ਨੂੰ ਦਿੱਤੀ ਜਾਣ ਵਾਲੀ ਹਮਾਇਤ, ਕਿਹੋ ਜਿਹੀ ਅਤੇ ਕਿੰਨੀ ਹੋਵੇ, ਦਾ ਨਿਰਣਾ ਕਰੇ ਤੋਂ ਬਗੈਰ, ਦੂਜਿਆਂ ਵੱਲੋਂ ਕਸ਼ਮੀਰੀ ਲੋਕਾਂ ਦੇ ਕੌਮੀ ਆਪਾ-ਨਿਰਣੇ ਦੇ ਹੱਕ ਦੀ ਭਰਾਤਰੀ ਹਮਾਇਤ ਆਮ ਅਤੇ ਨਾਂਹ-ਪੱਖੀ ਕਿਸਮ ਦੀ ਹੀ ਹੋਵੇਗੀ। ਨਾਂਹ-ਪੱਖੀ ਕਿਸਮ ਦੀ ਇਸ ਕਰਕੇ ਕਿ ਉਹ ਆਮ ਕਸ਼ਮੀਰੀ ਲੋਕਾਂ ਦੀ ਇਸ ਜੱਦੋਜਹਿਦ ਨਾਲ ਸਾਂਝੇ ਕਾਜ ਵਜੋਂ ਜੁੜਨ ਤੋਂ ਬਗੈਰ, ਸਿਰਫ਼ ਭਾਰਤੀ ਹਾਕਮਾਂ ਦੁਆਰਾ ਤਾਕਤ ਦੀ ਵਰਤੋਂ ਆਸਰੇ ਕਸ਼ਮੀਰੀ ਲੋਕਾਂ ਨੂੰ ਭਾਰਤੀ ਰਿਆਸਤ ਨਾਲ ਨਰੜ ਕੇ ਰੱਖਣ ਦਾ ਵਿਰੋਧ ਕਰਨ ਤਕ ਸੀਮਤ ਕਰ ਰਹੇ ਹੋਣਗੇ। ਆਮ ਕਿਸਮ ਦੀ ਇਸ ਕਰਕੇ ਕਿ ਇਹ ਆਪਣੀ ਕੌਮੀ ਸ਼ਨਾਖਤ ਨੂੰ ਜਤਲਾਉਣ ਲਈ ਕੀਤੇ ਕਿਸੇ ਵੀ ਜਨਤਕ ਹੰਭਲੇ (ਵਰਤਮਾਨ ਲਈ ਵਿਸ਼ੇਸ਼ ਨਹੀਂ) ਜੋ ਕਸ਼ਮੀਰੀਆਂ ਵੱਲੋਂ ਹੋਵੇ (ਜਾਂ ਹੋਰ ਕਿਸੇ ਵੀ ਭਾਰਤੀ ਕੌਮੀਅਤ ਵੱਲੋਂ) ਲਈ ਕੀਤੀ ਜਾਣ ਵਾਲੀ ਭਰਾਤਰੀ ਹਮਾਇਤ ਹੋਵੇਗੀ।

ਜਿਵੇਂ ਸਾਰੇ ਸਿਆਸੀ ਮਸਲਿਆਂ ਬਾਰੇ ਸੱਚ ਹੈ, ਕਸ਼ਮੀਰੀ ਲੋਕਾਂ ਦੀ ਜੱਦੋਜਹਿਦ ਦੇ ਮਾਮਲੇ ਵਿਚ ਵੀ, ਇਸ ਦੀ ਹਾਂ-ਪੱਖੀ ਭਰਾਤਰੀ ਹਮਾਇਤ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਇਸ ਜੱਦੋਜਹਿਦ ਰਾਹੀਂ ਕੀ (ਸਾਰੀਆਂ ਕੌਮੀਅਤਾਂ ਦੇ ਆਮ ਲੋਕਾਂ ਦੇ) ਸਾਂਝੇ ਹਿਤ ਦਾ ਪ੍ਰਗਟਾਅ ਹੁੰਦਾ ਹੈ, ਅਤੇ ਕਿਸ ਹੱਦ ਤਕ ਹੁੰਦਾ ਹੈ? ਹੋਰ ਤਰ੍ਹਾਂ ਨਾਲ ਗੱਲ ਕਰਨੀ ਹੋਵੇ ਤਾਂ ਕਸ਼ਮੀਰੀ ਲੋਕਾਂ ਦੀ ਜੱਦੋਜਹਿਦ ਉਨ੍ਹਾਂ ਉਤੇ ਕੌਮੀ ਦਾਬੇ ਦੇ ਸਮਾਜਕ-ਸਿਆਸੀ ਸਰੋਤ ਲਈ ਜਿਸ ਹੱਦ ਤਕ ਚੁਣੌਤੀ ਬਣ ਕੇ ਉਠੇਗੀ ਅਤੇ ਇਸ ਤਰ੍ਹਾਂ ਸਾਮਰਾਜ-ਵਿਰੋਧੀ ਅਤੇ ਜਗੀਰਦਾਰੀ-ਵਿਰੋਧੀ ਦਿਸ਼ਾ ਅਖਤਿਆਰ ਕਰੇਗੀ, ਉਸੇ ਹਿਸਾਬ ਨਾਲ ਹੀ ਇਹ ਸਭ ਕੌਮੀਅਤਾਂ ਦੇ ਲੋਕਾਂ ਕੋਲੋਂ ਭਰਾਤਰੀ ਹਮਾਇਤ ਹਾਸਲ ਕਰ ਲਵੇਗੀ ਜਿਹੜੀ ਸਾਮਰਾਜੀਆਂ ਅਤੇ ਦੇਸੀ ਪਿਛ੍ਹਾਂ-ਖਿੱਚੂਆਂ ਦੇ ਰਾਜ ਨੂੰ ਪਲਟਾ ਮਾਰਨ ਲਈ ਸੰਘਰਸ਼ ਦੇ ਸਾਂਝੇ ਮੋਰਚੇ ਤਕ ਵੀ ਅਪੜ ਸਕਦੀ ਹੈ। *(ਸਮਾਪਤ)*

# ਖ਼ੁਸ਼ਵੰਤ ਸਿੰਘ ਤੇ ਉਸ ਦਾ 'ਦਿ ਸਨਸੈਟ ਕਲੱਬ'

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਖ਼ੁਸ਼ਵੰਤ ਸਿੰਘ ਭਾਰਤ ਦਾ ਐਸਾ ਪੰਜਾਬੀ ਹੈ ਜੋ ਉਸ ਦੇ ਖ਼ੁਦ ਦੱਸਣ ਅਨੁਸਾਰ ਅੰਗਰੇਜ਼ੀ 'ਚ ਸੋਚਦਾ ਹੈ। ਪੰਜਾਬੀ ਬੋਲਣ ਜਾਂ ਲਿਖਣ ਵੇਲੇ ਉਸ ਨੂੰ ਆਪਣੇ ਮਨ ਵਿਚੋਂ ਗੱਲ ਨੂੰ ਪੰਜਾਬੀ ਵਿਚ ਤਰਜਮਾ ਕਰ ਕੇ ਬਾਹਰ ਕੱਢਣਾ ਪੈਂਦਾ ਹੈ। ਉਸੇ ਤਰ੍ਹਾਂ ਜਿਸ ਤਰ੍ਹਾਂ ਅਸੀਂ ਆਮ ਪੰਜਾਬੀ ਲੋਕ ਜਦੋਂ ਸਾਨੂੰ ਅੰਗਰੇਜ਼ੀ ਲਿਖਣੀ ਜਾਂ ਬੋਲਣੀ ਪੈ ਜਾਵੇ, ਵਿਚਾਰਾਂ ਨੂੰ ਅੰਦਰੋਂ ਅੰਗਰੇਜ਼ੀ ਤਰਜਮਾ ਕਰ ਕੇ ਬਾਹਰ ਕੱਢਦੇ ਹਾਂ। ਇਸ ਗੱਲ ਨੂੰ ਉਹ ਕੋਈ ਮਾਣ ਵਾਲੀ ਗੱਲ ਵੀ ਨਹੀਂ ਸਮਝਦਾ। ਬਸ ਉਸ ਦੀ ਤਰਬੀਅਤ ਹੀ ਐਸੀ ਹੋਈ ਹੈ। ਇਸੇ ਕਰਕੇ ਉਸ ਦੀਆਂ ਸਾਰੀਆਂ ਲਿਖਤਾਂ ਮੂਲ ਰੂਪ ਵਿਚ ਅੰਗਰੇਜ਼ੀ 'ਚ ਛਪੀਆਂ ਹਨ। ਦੂਜਾ, ਉਸ ਦੀਆਂ



*ਸਾਦੀਆ ਦੇਹਲਵੀ*

ਧਾਰਮਿਕ ਤੇ ਇਤਿਹਾਸਕ ਲਿਖਤਾਂ ਨੂੰ ਛੱਡ ਕੇ ਬਾਕੀ ਸਾਰੀਆਂ ਲਿਖਤਾਂ ਕਿਸੇ ਨਾ ਕਿਸੇ ਤਰ੍ਹਾਂ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ ਹਨ; ਭਾਵੇਂ ਉਹ ਨਾਵਲ ਹਨ, ਸੰਪਾਦਕੀ ਜਾਂ ਕਾਲਮ। ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹ ਜੋ ਸੋਚਦਾ ਹੈ, ਲਗਭਗ ਉਹ ਹੀ ਲਿਖ ਜਾਂ ਬੋਲ ਵੀ ਦਿੰਦਾ ਹੈ। ਆਮ ਇਨਸਾਨਾਂ ਨੂੰ ਵੀ ਭਾਵੇਂ ਉਸੇ ਤਰ੍ਹਾਂ ਦੀਆਂ ਗੱਲਾਂ ਜਾਂ ਸੋਚਾਂ ਚੰਗੀਆਂ ਲਗਦੀਆਂ ਹਨ ਪਰ ਉਹ ਕਿਸੇ ਸਦਾਚਾਰ ਜਾਂ ਸਮਾਜੀ ਡਰ ਕਾਰਨ ਉਹ ਸਭ ਕੁਝ ਬੋਲ ਜਾਂ ਲਿਖ ਨਹੀਂ ਸਕਦੇ। ਉਹ ਖ਼ੁਦ ਲਿਖਦਾ ਹੈ ਕਿ ਲੇਖਕ ਵਜੋਂ inform, amuse and provoke (ਸੂਚਨਾ, ਮਨੋਰੰਜਨ ਅਤੇ ਭੜਕਾਹਟ) ਹਮੇਸ਼ਾ ਉਸ ਦਾ ਮਾਟੋ ਜਾਂ ਅਕੀਦਾ ਰਿਹਾ ਹੈ ਤੇ ਉਹ ਇਸ ਅਕੀਦੇ 'ਤੇ ਡਟਿਆ ਵੀ ਰਿਹਾ ਹੈ। ਉਸ ਵੱਲੋਂ ਲੋਕਾਂ ਨੂੰ ਸੂਚਿਤ ਕਰਨ ਵਾਲੀ ਗੱਲ ਨੂੰ ਹਰ ਇਕ ਨੇ ਸਲਾਹਿਆ ਹੈ। ਉਸ ਵੱਲੋਂ ਹੈਰਾਨ ਕਰਨ ਵਾਲੀ ਗੱਲ ਨੂੰ ਬਹੁਤਿਆਂ ਨੇ ਮਾਣਿਆ ਅਤੇ ਕੁਝ ਨੇ ਉਸ ਨੂੰ ਬੁਰਾ ਅਤੇ ਗੰਦਾ ਕਿਹਾ। ਉਸ ਵੱਲੋਂ ਭੜਕਾਏ ਗਏ ਲੋਕਾਂ, ਜੋ ਵੱਡੇ ਲੋਕ ਹੀ ਸਨ, ਨੇ ਉਸ ਨੂੰ ਸਬਕ ਸਿਖਾਉਣ ਦੀ ਕੋਸ਼ਿਸ਼ ਵੀ ਕੀਤੀ ਤੇ ਉਸ ਨੂੰ ਅਦਾਲਤਾਂ ਵਿਚ ਵੀ ਘਸੀਟਿਆ ਹੈ। ਜਿਵੇਂ ਗੋਇਨਕਾ ਦੇ ਵਿਰੋਧ ਅਤੇ ਇੰਦਰਾ ਗਾਂਧੀ ਦੇ ਹੱਕ ਵਿਚ ਲਿਖਣ ਬਦਲੇ ਗੋਇਨਕਾ ਨੇ ਉਸ ਨੂੰ 'ਰਾਂਡ ਕਾ ਭਾਂਡ' ਕਿਹਾ ਅਤੇ ਮੁਰਾਰਜੀ ਦੇਸਾਈ ਨੇ ਪ੍ਰਧਾਨ ਮੰਤਰੀ ਦੀ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਜਿਹੜਾ ਪਹਿਲਾ ਕੰਮ ਕੀਤਾ, ਉਹ ਖ਼ੁਸ਼ਵੰਤ ਸਿੰਘ ਨੂੰ 'ਇਲਸਟਰੇਟਿਡ ਵੀਕਲੀ' ਦੀ ਐਡੀਟਰੀ ਤੋਂ ਫ਼ਾਰਗ ਕਰਨ ਦਾ ਸੀ।


ਇਸੇ ਖ਼ੁਸ਼ਵੰਤ ਸਿੰਘ ਦਾ ਲਿਖਿਆ ਅਤੇ ਹੁਣੇ ਹੁਣੇ ਛਪਿਆ ਨਾਵਲ 'ਦਿ ਸਨਸੈਟ ਕਲੱਬ' (The Sunset Club) ਅੱਜ ਕੱਲ੍ਹ ਪੜ੍ਹਨ-ਲਿਖਣ ਵਾਲੇ ਭਾਰਤੀ ਸਰਕਲਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਨਾਵਲ ਬੜੇ ਸੰਖੇਪ ਜਿਹੇ ਪਲਾਟ ਦੁਆਲੇ ਉਸਾਰਿਆ ਗਿਆ ਹੈ। ਇਸ ਵਿਚ ਸਿਰਫ਼ ਤਿੰਨ ਪਾਤਰ ਹਨ ਜੋ ਆਪਣੇ ਜੀਵਨ ਦੇ 80-80 ਵਰ੍ਹੇ ਗੁਜ਼ਾਰ ਚੁੱਕੇ ਹਨ। ਇਸ ਵਿਚ ਕੋਈ ਐਕਸ਼ਨ ਨਹੀਂ, ਬਸ ਤਿੰਨਾਂ ਪਾਤਰਾਂ ਵਿਚ ਆਪਸੀ ਬਹਿਸ ਜਾਂ ਵਾਰਤਾਲਾਪ ਰਾਹੀਂ ਹੀ ਨਾਵਲ ਅੱਗੇ ਤੁਰਦਾ ਜਾਂਦਾ ਹੈ। ਇਹ ਨਾਵਲ ਇਕੋ ਥਾਂ 'ਤੇ ਹੀ ਵਾਪਰਦਾ ਹੈ ਜਿਥੇ ਇਹ ਤਿੰਨੋਂ ਬਜ਼ੁਰਗ ਰੋਜ਼ ਸ਼ਾਮ ਆ ਕੇ ਬੈਠਦੇ ਹਨ। ਇਨ੍ਹਾਂ ਗੱਲਾਂ ਦੇ ਬਾਵਜੂਦ ਇਹ ਨਾਵਲ ਵੀ ਖ਼ੁਸ਼ਵੰਤ ਸਿੰਘ ਦੇ ਦੂਸਰੇ ਨਾਵਲਾਂ ਵਾਂਗ ਸਲਾਹਿਆ ਅਤੇ ਵਿਚਾਰਿਆ ਜਾ ਰਿਹਾ ਹੈ। ਨਾਵਲ ਦੇ ਮੁੱਖ ਪਾਤਰ ਤਿੰਨ ਬਜ਼ੁਰਗ ਦੋਸਤ ਹਨ ਜੋ ਪਿਛਲੇ 40 ਸਾਲਾਂ ਤੋਂ ਹਰ ਸ਼ਾਮ ਲੋਧੀ ਗਾਰਡਨ ਆਉਂਦੇ ਹਨ ਅਤੇ ਹਮੇਸ਼ਾ ਉਸੇ ਬੈਂਚ 'ਤੇ ਬੈਠਦੇ ਹਨ ਅਤੇ ਆਪਸ 'ਚ ਗੱਲਬਾਤ ਜਾਂ ਬਹਿਸ ਕਰਦੇ ਰਹਿੰਦੇ ਹਨ। ਇਸ ਨਾਵਲ ਦਾ ਸਮਾਂ 26 ਜਨਵਰੀ, 2009 ਤੋਂ ਸ਼ੁਰੂ ਹੋ ਕੇ 26 ਜਨਵਰੀ, 2010 'ਤੇ ਖ਼ਤਮ ਹੋ ਜਾਂਦਾ ਹੈ ਯਾਨਿ 12 ਮਹੀਨੇ ਦਾ ਸਮਾਂ ਹੈ ਅਤੇ ਖ਼ੁਸ਼ਵੰਤ ਸਿੰਘ ਨੇ ਇਸ ਦੇ 12 ਹੀ ਕਾਂਡ ਬਣਾਏ ਹਨ।

ਇਨ੍ਹਾਂ ਤਿੰਨ ਬੁੱਢੇ ਮਿੱਤਰਾਂ ਵਿਚੋਂ ਇਕ ਦਾ ਨਾਂ ਪ੍ਰੀਤਮ ਸ਼ਰਮਾ ਹੈ ਜੋ ਹਿੰਦੂ ਹੈ। ਦੂਜੇ ਦਾ ਨਾਂ ਨਵਾਬ ਬਰਕਤ-ਉੱਲਾ ਬੇਗ ਹੈ ਜੋ ਮੁਸਲਮਾਨ ਹੈ ਅਤੇ ਤੀਜੇ ਦਾ ਨਾਂ ਬੂਟਾ ਸਿੰਘ ਹੈ ਜੋ ਸਿੱਖ ਹੈ। ਇਹ ਤਿੰਨੇ ਹੁਣ ਲੋਧੀ ਗਾਰਡਨ ਅਤੇ ਸੁਜਾਨ ਸਿੰਘ ਪਾਰਕ, ਜੋ ਖ਼ੁਸ਼ਵੰਤ ਸਿੰਘ ਦੇ ਦਾਦਾ ਜੀ ਸੁਜਾਨ ਸਿੰਘ ਦੇ ਨਾਂ 'ਤੇ ਬਣਿਆ ਹੈ, ਦੇ ਨੇੜੇ-ਤੇੜੇ ਰਹਿੰਦੇ ਹਨ। ਤਿੰਨੇ ਕਿਸੇ ਵੇਲੇ ਭਾਰਤ ਦੇ ਵੱਡੇ ਅਹੁਦਿਆਂ 'ਤੇ ਰਹੇ ਹਨ। ਸ਼ਾਮ ਨੂੰ ਲੋਧੀ ਗਾਰਡਨ ਦੇ ਖ਼ਾਸ ਬੈਂਚ 'ਤੇ ਕਦੇ ਆਪਣੇ-ਆਪਣੇ ਧਰਮ ਨੂੰ ਉਤਮ ਸਿੱਧ ਕਰਨ ਲਈ ਬਹਿਸ ਕਰਦੇ ਹਨ ਅਤੇ ਕਦੇ ਰਾਜਨੀਤੀ ਵਿਚ ਵਧ ਰਹੇ ਭ੍ਰਿਸ਼ਟਾਚਾਰ ਬਾਰੇ ਤਬਸਰਾ ਕਰਦੇ ਹਨ, ਦਿੱਲੀ ਵਿਚ ਵਾਪਰ ਰਹੇ ਸਕੈਂਡਲਾਂ ਦੀ ਗੱਲ ਕਰਦੇ ਹਨ। ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖ਼ੀਆਂ ਪੜ੍ਹ ਕੇ ਆਉਂਦੇ ਹਨ ਅਤੇ ਫੇਰ ਉਨ੍ਹਾਂ ਬਾਰੇ ਆਪਣੇ ਪ੍ਰਤੀਕਰਮ ਦਿੰਦੇ ਹਨ। ਕਈ ਵਾਰ ਬਹਿਸ ਗਰਮ ਹੋ ਜਾਂਦੀ ਹੈ ਕਿਉਂਕਿ ਇਹ ਤਿੰਨੇ ਹੀ ਖ਼ੁਦ ਕਿਸੇ ਸਰਕਾਰ 'ਚ ਰਹੇ ਹਨ ਜਾਂ ਸਰਕਾਰ ਦੇ ਨੇੜੇ-ਤੇੜੇ ਰਹੇ ਸਨ। ਨਾਵਲ ਦੇ ਇਹ ਪੱਖ ਜਿੰਨੀ ਸਾਦਗੀ ਨਾਲ ਮੈਂ ਦੱਸ ਰਿਹਾ ਹਾਂ, ਨਾਵਲ 'ਚ ਇਹ ਸਭ ਕੁਝ ਉਸੇ ਹੀ ਸਾਦਗੀ ਨਾਲ ਵਾਪਰਦਾ ਨਹੀਂ। ਬੜੇ ਦਿਲਚਸਪ ਜੁਮਲੇ ਤੇ ਖ਼ਿਆਲ ਮਿਲਦੇ ਹਨ ਪੜ੍ਹਨ ਨੂੰ! ਨਾਵਲ ਦਾ ਸਭ ਤੋਂ ਦਿਲਚਸਪ ਪੱਖ ਹੈ ਜਦੋਂ ਇਹ ਲੋਕ ਆਪਣੀ ਜਵਾਨੀ ਦੇ ਸਮੇਂ ਨੂੰ ਯਾਦ ਕਰਦੇ ਹਨ ਕਿਉਂਕਿ ਐਸੇ ਪਹਿਲੂ ਬਿਆਨਣ ਵਿਚ ਖ਼ੁਸ਼ਵੰਤ ਸਿੰਘ ਦਾ ਕੋਈ ਸਾਨੀ ਨਹੀਂ ਹੈ। ਜਦੋਂ ਸ਼ਾਮ ਦਾ ਸੂਰਜ ਜਾਮਾ ਮਸਜਿਦ ਦੇ ਗੋਲ ਜਿਹੇ ਗੁੰਬਦ ਦੇ ਓਹਲੇ ਹੁੰਦਾ ਹੈ ਅਤੇ ਗੁੰਬਦ 'ਤੇ ਸ਼ਾਮ ਦੀ ਰੱਤੀ ਰੌਸ਼ਨੀ ਪੈਂਦੀ ਹੈ ਤਾਂ ਇਨ੍ਹਾਂ ਨੂੰ ਵੀ ਆਪਣੀ ਰੱਤ ਦੇ ਗਰਮ ਹੋਣ ਵੇਲੇ ਦੇ ਦਿਨ ਯਾਦ ਆ ਜਾਂਦੇ ਹਨ। ਇਹ ਲੋਕ ਆਪਣੀ ਜਵਾਨੀ ਦੇ ਦਿਨਾਂ ਦੇ ਭੇਤ ਇਕ-ਦੂਜੇ ਨਾਲ ਸਾਂਝੇ ਕਰਦੇ ਹਨ। ਉਸ ਵੇਲੇ ਕੁਝ ਦੀਆਂ ਆਪਣੀਆਂ ਕੁਝ ਸੱਚੀਆਂ ਅਤੇ ਕੁਝ ਕਾਲਪਨਿਕ ਕਹਾਣੀਆਂ ਸੁਣਾਉਂਦੇ ਹਨ। ਨਾਵਲ ਦੇ ਇਸੇ ਪਹਿਲੂ ਬਾਰੇ ਅੱਜ ਕੱਲ੍ਹ ਬਹੁਤੀ ਚਰਚਾ ਹੋ ਰਹੀ ਹੈ। ਲੇਖਕ ਨੇ 12 ਦੇ 12 ਕਾਂਡਾਂ ਵਿਚ ਹਰ ਮਹੀਨੇ ਨਾਲ ਸਬੰਧਤ ਮੌਸਮ, ਬਨਸਪਤੀ ਤੇ ਫਲ-ਫੁੱਲਾਂ ਨੂੰ ਵੀ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ।

ਇਹ ਨਾਵਲ ਸਮੁੱਚੇ ਭਾਰਤ ਦੀ ਰਾਜਨੀਤੀ ਅਤੇ ਸਮਾਜ ਬਾਰੇ ਬੜੀ ਨਿਰਪੱਖ ਕੁਮੈਂਟਰੀ ਹੈ। ਦੇਸ਼ ਵਿਚ ਧਾਰਮਿਕ ਖ਼ਹਿਬਾਜ਼ੀ ਅਤੇ ਹੋਰ ਅੰਤਰ-ਵਿਰੋਧਾਂ ਵੱਲ ਵੀ ਨਾਵਲ ਇਸ਼ਾਰਾ ਕਰਦਾ ਹੈ। ਨਾਵਲ ਪੜ੍ਹਦਿਆਂ ਕਦੇ ਅਸੀਂ ਰੱਜ ਕੇ ਹੱਸਦੇ ਹਾਂ ਤੇ ਕਦੇ ਸਾਡੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ। ਕਦੇ ਨਾਵਲ ਗੰਭੀਰ ਲੱਗਦਾ ਤੇ ਕਦੇ-ਕਦੇ ਮਜ਼ਾਹੀਆ। ਕਦੇ ਦਿਲ ਨੂੰ ਹਲੂਣਦਾ ਹੈ ਤੇ ਕਦੇ ਕਾਮੇਡੀ ਦਾ ਆਨੰਦ ਦਿੰਦਾ ਹੈ। ਖ਼ੁਸ਼ਵੰਤ ਸਿੰਘ ਨੂੰ ਜਾਣਨ ਵਾਲੇ ਦੱਸਦੇ ਹਨ ਕਿ ਨਾਵਲ ਦਾ 'ਬੂਟਾ ਸਿੰਘ' ਖ਼ੁਦ ਲੇਖਕ ਹੈ ਤੇ ਪ੍ਰੀਤਮ ਸ਼ਰਮਾ ਅਤੇ ਨਵਾਬ ਬੇਗ਼ ਲੇਖਕ ਦੇ ਵਿਛੜ ਚੁੱਕੇ ਦੋਸਤ ਹਨ ਜਿਨ੍ਹਾਂ ਦੇ ਵਿਯੋਗ ਵਿਚ ਹੀ ਉਸ ਨੇ ਇਹ ਨਾਵਲ ਲਿਖਿਆ ਹੈ।

***

ਪਿਛਲੇ ਦਿਨੀਂ ਇਸ ਨਾਵਲ ਦਾ ਰਿਲੀਜ਼ ਸਮਾਰੋਹ ਦਿੱਲੀ ਦੇ ਮਸ਼ਹੂਰ ਹੋਟਲ 'ਲਾ ਮੈਰੀਡਨ' ਵਿਚ ਹੋਇਆ ਜਿਥੇ ਪ੍ਰਧਾਨ ਮੰਤਰੀ ਡਾ. ਮਨਮੋਹਨ




ਸਿੰਘ ਦੀ ਪਤਨੀ ਗੁਰਸ਼ਰਨ ਕੌਰ ਮੁੱਖ ਮਹਿਮਾਨ ਸਨ ਜਿਸ ਦੇ ਕਰ-ਕਮਲਾਂ ਨਾਲ ਇਸ ਨਾਵਲ ਦੀ ਘੁੰਡ-ਚੁਕਾਈ ਹੋਈ ਸੀ। ਸਟੇਜ 'ਤੇ 96 ਸਾਲਾ ਬੁੱਢਾ ਹੋਇਆ ਖ਼ੁਸ਼ਵੰਤ ਸਿੰਘ ਕੁਰਸੀ 'ਤੇ ਕੁਝ ਕੁੱਬਾ ਜਿਹਾ ਹੋਇਆ ਬੈਠਾ ਸੀ। ਸਿਰ 'ਤੇ ਟੋਪੀ ਅਤੇ ਸਾਹਮਣੇ ਸਕੌਚ ਦਾ ਮੱਗ ਸੀ। ਕੋਲ ਹੀ ਗੁਰਸ਼ਰਨ ਕੌਰ ਬੈਠੇ ਸਨ। ਨਾਵਲ ਰਿਲੀਜ਼ ਕਰਨ ਵੇਲੇ ਗੁਰਸ਼ਰਨ ਕੌਰ ਨੇ ਸੰਖੇਪ ਜਿਹੇ ਭਾਸ਼ਣ ਵਿਚ ਕਿਹਾ: "ਖ਼ੁਸ਼ਵੰਤ ਸਿੰਘ ਨੇ ਮੈਨੂੰ ਲੇਖਕ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਇਹ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਆਪਣੇ ਆਪ ਨੂੰ ਮੈਂ ਸੁਭਾਗੀ ਸਮਝਦੀ ਹਾਂ ਕਿ ਮੈਂ ਖ਼ੁਸ਼ਵੰਤ ਸਿੰਘ ਦੀਆਂ ਗੁੱਡ ਬੁੱਕਸ 'ਚ ਹਾਂ। ਮੈਨੂੰ ਅੱਜ ਇਸ ਮਹਾਨ ਲੇਖਕ ਦਾ ਇਹ ਨਾਵਲ ਜਾਰੀ ਕਰਦਿਆਂ ਬਹੁਤ ਹੀ ਜ਼ਿਆਦਾ ਮਾਣ ਮਹਿਸੂਸ ਹੋ ਰਿਹਾ ਹੈ।"

ਉਸ ਤੋਂ ਬਾਅਦ ਵਾਰੀ ਆਈ ਖ਼ੁਸ਼ਵੰਤ ਸਿੰਘ ਦੀ, ਤਾਂ ਪਤਾ ਲੱਗਾ ਕਿ ਇਹ ਦੋ ਬੰਦਿਆਂ ਦੇ ਸਹਾਰੇ ਨਾਲ ਉਠਣ-ਬੈਠਣ ਵਾਲਾ ਬੰਦਾ ਅੱਜ ਵੀ 40 ਸਾਲ ਪਹਿਲਾਂ ਦੇ ਆਪਣੇ ਵੇਲੇ ਵਾਂਗ ਬੋਲਦਾ ਅਤੇ ਸੋਚਦਾ ਹੈ। ਉਸ ਨੇ ਦੱਸਿਆ: "ਮੈਨੂੰ ਬੜੀ ਖ਼ੁਸ਼ੀ ਹੈ ਕਿ ਗੁਰਸ਼ਰਨ ਕੌਰ ਮੇਰੇ ਸੱਦੇ 'ਤੇ

**ਚਲਦੇ-ਚਲਦੇ**

ਮੇਰਾ ਨਾਵਲ ਜਾਰੀ ਕਰਨ ਆਈ ਹੈ ਪਰ ਕਈ ਵਾਰ ਇਹ ਬਿਨ ਬੁਲਾਏ ਵੀ ਆ ਜਾਂਦੀ ਹੈ।" (ਆਮ ਕਰਕੇ ਖ਼ੁਸ਼ਵੰਤ ਸਿੰਘ ਗੁਰਸ਼ਰਨ ਕੌਰ ਨੂੰ ਗੇਟਕਰੱਸ਼ਰ (gate crusher) ਕਹਿੰਦਾ ਹੈ) ਗੁਰਸ਼ਰਨ ਕੌਰ ਨਾਲ ਆਪਣੇ ਰਿਸ਼ਤੇ ਨੂੰ ਮੈਂ ਦੋਸਤਾਂ-ਮਿੱਤਰਾਂ ਵਿਚ ਬੜਾ ਹੁੱਬ ਕੇ ਪ੍ਰਚਾਰਦਾ ਹਾਂ। ਕਈ ਵਾਰ ਪ੍ਰਧਾਨ ਮੰਤਰੀ ਦੇ ਘਰੋਂ ਮੈਨੂੰ ਫੁੱਲ ਭੇਜੇ ਗਏ ਹਨ। ਮੈਂ ਉਨ੍ਹਾਂ ਫੁੱਲਾਂ ਨੂੰ ਕਈ-ਕਈ ਦਿਨ ਕਿਤਾਬਾਂ ਦੀ ਅਲਮਾਰੀ ਉਪਰ ਰੱਖੀ ਰੱਖਦਾ ਹਾਂ ਤੇ ਹਰ ਮਿਲਣ ਆਏ ਨੂੰ ਦੱਸਦਾ ਹਾਂ ਕਿ ਇਹ ਫੁੱਲ ਮੈਨੂੰ ਗੁਰਸ਼ਰਨ ਕੌਰ ਨੇ ਭੇਜੇ ਹਨ।"

ਨਾਵਲ ਦੇ ਛਾਪਕ ਪੈਂਗੂਇਨ ਪਬਲਿਸ਼ਰਜ਼ ਨੇ ਇਸ ਪ੍ਰੋਗਰਾਮ ਵਿਚ ਖ਼ੁਸ਼ਵੰਤ ਸਿੰਘ ਦੇ ਜਾਣੂਆਂ ਤੇ ਮਿੱਤਰਾਂ ਦੀਆਂ ਉਸ ਬਾਰੇ ਟਿੱਪਣੀਆਂ ਦੀ ਫ਼ਿਲਮ ਵੀ ਵਿਖਾਈ ਜਿਨ੍ਹਾਂ ਵਿਚ ਮਣੀਸ਼ੰਕਰ ਅਈਅਰ, ਐਮ.ਜੇ. ਅਕਬਰ, ਵਿਕਰਮ ਸੇਠ, ਪਾਕਿਸਤਾਨ ਤੋਂ ਆਸਮਾਂ ਜਹਾਂਗੀਰ, ਵਿਨੋਦ ਮਹਿਤਾ ਅਤੇ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਸ਼ਾਮਲ ਹਨ। ਇਸ ਵਿਚ ਖ਼ੁਸ਼ਵੰਤ ਸਿੰਘ ਦੀ ਖ਼ਾਸ ਦੋਸਤ ਸਾਦੀਆ ਦੇਹਲਵੀ ਦੀਆਂ ਟਿੱਪਣੀਆਂ ਵੀ ਸ਼ਾਮਲ ਸਨ। ਖ਼ੁਸ਼ਵੰਤ ਸਿੰਘ ਨੇ ਆਪਣੀ ਬਹੁਤ ਮਸ਼ਹੂਰ ਕਿਤਾਬ 'ਨੌਟ ਏ ਨਾਈਸ ਮੈਨ ਟੂ ਨੋਅ' ਸਾਦੀਆ ਦੇਹਲਵੀ ਨੂੰ ਸਮਰਪਿਤ ਕੀਤੀ ਸੀ। ਲਿਖਿਆ ਹੈ:

ਸਮਰਪਤ! ਸਾਦੀਆ ਦੇਹਲਵੀ ਨੂੰ ਜਿਸ ਨੇ ਮੈਨੂੰ ਮੇਰੇ ਹੱਕ ਨਾਲੋਂ ਜ਼ਿਆਦਾ ਪਿਆਰ ਤੇ ਬਦਨਾਮੀ ਬਖ਼ਸ਼ੀ ਹੈ।

ਇਹ ਸਾਦੀਆ ਦੇਹਲਵੀ ਬੜੀ ਮਸ਼ਹੂਰ ਲੇਖਕ ਹੈ, ਪੱਤਰਕਾਰ ਹੈ, ਟੀ.ਵੀ. ਸੀਰੀਅਲ ਤੇ ਡਾਕੂਮੈਂਟਰੀ ਨਿਰਮਾਤਾ ਹੈ ਅਤੇ ਸਮਾਜ ਸੇਵਕ ਹੈ। ਇਨ੍ਹਾਂ ਸਭ ਗੱਲਾਂ ਤੋਂ ਉਪਰ ਉਹ ਬਹੁਤ ਖ਼ੂਬਸੂਰਤ ਹੈ ਜੋ 1957 'ਚ ਜਨਮੀ ਸੀ। ਉਹ ਕਹਿੰਦੀ ਹੈ ਕਿ ਖ਼ੁਸ਼ਵੰਤ ਸਿੰਘ ਬੁੱਧੀਜੀਵੀ ਹੈ, ਮੂਰਖ ਹੈ, ਸ਼ੈਤਾਨ ਹੈ, ਭ੍ਰਿਸ਼ਟ ਹੈ ਪਰ ਈਮਾਨਦਾਰ ਅਤੇ ਸਪਸ਼ਟ ਹੈ। ਉਸ ਨੇ ਇਕ ਵਾਕਿਆ ਸੁਣਾਇਆ ਕਿ ਖ਼ੁਸ਼ਵੰਤ ਸਿੰਘ ਕੁਰਸੀ 'ਤੇ ਬੈਠਾ ਸੀ ਅਤੇ ਉਹ ਦੋਵੇਂ ਬਾਹਵਾਂ ਉਸ ਦੀ ਕੁਰਸੀ ਦੇ ਮੋਢਿਆਂ 'ਤੇ ਰੱਖੀ ਝੁਕੀ ਹੋਈ ਖੜ੍ਹੀ ਸੀ ਕਿ ਫ਼ੋਟੋ ਖਿੱਚੀ ਗਈ। ਖ਼ੁਸ਼ਵੰਤ ਸਿੰਘ ਨੇ ਉਹ ਫੋਟੋ ਮੁੰਬਈ ਆਪਣੇ ਦਫ਼ਤਰ ਦੇ ਨੋਟਿਸ ਬੋਰਡ 'ਤੇ ਲਗਵਾ ਦਿੱਤੀ ਅਤੇ ਸਾਦੀਆ ਨੂੰ ਕਹਿਣ ਲੱਗਾ, "ਵੇਖ! ਤੂੰ ਮੈਨੂੰ ਬਦਨਾਮ ਕੀਤਾ ਹੈ!" ਸਾਦੀਆ ਦੱਸਦੀ ਹੈ ਕਿ ਉਸ ਨੇ ਖ਼ੁਸ਼ਵੰਤ ਸਿੰਘ ਨੂੰ ਕਿਹਾ, "ਬਦਨਾਮ ਤਾਂ ਤੁਸੀਂ ਮੈਨੂੰ ਕੀਤਾ ਹੈ। ਮੇਰੇ ਬਾਰੇ ਤੁਸੀਂ ਕਾਲਮ ਲਿਖਦੇ ਰਹਿੰਦੇ ਹੋ ਅਤੇ ਆਹ ਹੁਣ ਫ਼ੋਟੋ ਸਭ ਨੂੰ ਵਿਖਾ ਰਹੇ ਹੋ, ਜਿਵੇਂ ਫ਼ੋਟੋ ਜਾਣ-ਬੁੱਝ ਕੇ ਖਿਚਵਾਈ ਗਈ ਹੋਵੇ।"

# ਵੇਖਦਿਆਂ ਸਾਡੇ, ਹਾਸੇ ਉਡ ਗਏ ਪੰਜਾਬ ਦੇ

**ਡਾ. ਨਿਰਮਲ ਸਿੰਘ**

ਪਲ ਪਲ ਬਦਲਣਾ, ਰੰਗ ਵਟਾਉਣਾ, ਪੁਰਾਣਿਆਂ ਦਾ ਝੜਨਾ ਅਤੇ ਨਵਿਆਂ ਦਾ ਪੁੰਗਰਨਾ ਕੁਦਰਤ ਦਾ ਸੁਭਾਅ ਹੈ। ਇਸ ਬਦਲਾਉ ਕਾਰਨ ਹੀ ਸਮੁੱਚੀ ਸਜੀਵ ਤੇ ਨਿਰਜੀਵ ਕੁਦਰਤ ਦੀਆਂ ਮਨਮੋਹਕ ਰੰਗੀਨੀਆਂ ਦੀ ਸਿਰਜਣਾ ਹੋਈ ਹੈ। ਇਹ ਸਹਿਜ ਵਰਤਾਰਾ ਅਨੰਤ ਕਾਲ ਤੋਂ ਨਿਰੰਤਰ ਕਿਰਿਆਸ਼ੀਲ ਹੈ। ਸਮੂਹ ਜਗਤ ਦੀ ਬਨਾਸਪਤੀ ਅਤੇ ਜੀਵ ਜੰਤੂਆਂ ਦਾ ਸਗਲ ਪਸਾਰਾ ਇਸੇ ਵਰਤਾਰੇ ਦਾ ਸਿੱਟਾ ਹੈ। ਸਾਡੇ ਵਾਲੇ ਸੂਰਜੀ ਮੰਡਲ ਦਾ ਇਕ ਗ੍ਰਹਿ ਸਾਡੀ ਧਰਤੀ ਇਸ ਅਨੰਤ ਲੀਲਾ ਦਾ ਇਕ ਛੋਟਾ ਜਿਹਾ ਹਿੱਸਾ ਹੈ, ਜਿਸਦੀ ਸਾਨੂੰ ਥੋੜੀ ਬਹੁਤ ਜਾਣਕਾਰੀ ਹੈ। ਸਾਡੀ ਸੋਝੀ ਵਾਲੇ ਜੀਵਨ ਦੀ ਕਹਾਣੀ ਅਰਬਾਂ ਸਾਲ ਪਹਿਲਾਂ ਇਸੇ ਧਰਤੀ ਉਤੇ ਆਏ ਵੱਡੇ ਭੂਗੋਲਿਕ ਬਦਲਾਵਾਂ ਤੋਂ ਸ਼ੁਰੂ ਹੁੰਦੀ ਹੈ। ਕਰੋੜਾਂ ਵੰਨਗੀਆਂ ਦੇ ਪਾਣੀ ਵਾਲੇ ਅਤੇ ਖੁਸ਼ਕੀ ਵਾਲੇ ਬਿਰਖ ਬੂਟੇ ਤੇ ਜੀਵ ਜੰਤੂ ਇਥੇ ਵਿਗਸਦੇ ਵੀ ਰਹੇ ਅਤੇ ਆਪੋ ਆਪਣੀ ਅਉਧ ਪੁਗਾ ਸਦਾ ਸਦਾ ਲਈ ਅਲੋਪ ਵੀ ਹੁੰਦੇ ਰਹੇ। ਧੜਕਦੇ ਜੀਵਨ ਦੀ ਇਸ ਸੰਗਲੀ ਦੀਆਂ ਕੜੀਆਂ ਆਪੋ ਆਪਣੇ ਥਾਂ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਦੀ ਵੰਨ-ਸੁਵੰਨਤਾ, ਭਿੰਨਤਾ ਹੀ ਧਰਤੀ ਉਤੇ ਜੀਵਨ ਦੀ ਹੋਂਦ ਹਸਤੀ ਦੀ ਜਾਮਨ ਹੈ। ਜੇ ਜੀਵਨ ਸੰਗਲੀ ਦੀ ਕੋਈ ਨਿੱਕੀ ਤੋਂ ਨਿੱਕੀ ਕੜੀ ਵੀ ਆਪਣੀ ਥਾਂ ਤੋਂ ਖਿਸਕ ਜਾਵੇ ਤਾਂ ਨਤੀਜੇ ਬੜੇ ਭਿਆਨਕ ਨਿਕਲਦੇ ਹਨ। ਇਸ ਭਾਣੇ ਦੇ ਕਾਰਨ ਕੁਦਰਤੀ ਵੀ ਹੋ ਸਕਦੇ ਨੇ ਅਤੇ ਗੈਰ ਕੁਦਰਤੀ ਵੀ।

ਕੁਦਰਤ ਵਿਚ ਤਾਂ ਕਦੀ ਵੀ ਕੁਝ ਅਣਵਿਗਿਆਨਕ ਨਹੀਂ ਵਾਪਰਦਾ, ਹਰ ਘਟਨਾ ਨੂੰ ਤਰਕ ਅਨੁਸਾਰ ਸਮਝਿਆ ਜਾ ਸਕਦਾ ਹੈ। ਇਸ ਤੋਂ ਉਲਟ ਮਨੁੱਖ ਵੱਲੋਂ ਮਨਮਰਜ਼ੀ ਨਾਲ ਕੀਤੀ ਕੋਤਾਹੀ ਨੂੰ ਕੁਦਰਤ ਕਦੀ ਵੀ ਨਹੀਂ ਬਖਸ਼ਦੀ। ਇਨਸਾਨੀ ਜੀਵਨ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਜੀਵਨ ਸੰਗਲੀ ਦੇ ਦੂਜੇ ਕਈ ਜੀਵਾਂ ਨੇ ਵੀ ਸਾਡੀ ਪ੍ਰਿਥਵੀ ਦੇ ਇਤਿਹਾਸ ਵਿਚ ਕਈ ਵਾਰ ਅਜਿਹੀਆਂ ਕੋਤਾਹੀਆਂ ਕਾਰਨ ਸਜਾਵਾਂ ਭੁਗਤੀਆਂ। ਇਸ ਮਹੱਤਵਪੂਰਨ ਵਿਸ਼ੇ ਸਬੰਧੀ ਅਜੇ ਕਿਆਸਅਰਾਈਆਂ ਹੀ ਲਾਈਆਂ ਜਾਂਦੀਆਂ ਨੇ ਖੋਜਾਂ ਨਹੀਂ ਹੋਈਆਂ। ਪਰ ਇਕ ਕਿਆਸ ਜ਼ਰੂਰ ਸੱਚ ਸਾਬਤ ਹੋਇਆ ਏ। ਧੜਵੈਲ ਜੀਵ ਡਾਇਨਾਸੋਰਾਂ ਦਾ ਇਸ ਧਰਤੀ ਤੋਂ ਅਲੋਪ ਹੋਣਾ ਹਕੀਕਤ ਹੈ। ਸੂਝਵਾਨ ਵਿਦਵਾਨ ਇਸ ਮਹਾਂਵਰਤਾਰੇ ਨੂੰ ਵੀ ਇਸ ਜੀਵ ਦੀਆਂ ਆਪਹੁਦਰੀਆਂ ਨਾਲ ਜੋੜ ਕੇ ਹੀ ਸਮਝਦੇ ਨੇ। ਕਹਿੰਦੇ ਨੇ 'ਅਤਿ ਦਾ ਤੇ ਰੱਬ ਦਾ ਵੈਰ ਹੁੰਦਾ ਹੈ।' ਡਾਇਨਾਸੋਰਾਂ ਨੇ ਵੀ ਆਪਣੇ ਸਮਿਆਂ ਵਿਚ ਹਰ ਪੱਖੋਂ ਅਤਿ ਚੁੱਕ ਲਈ ਸੀ। ਖਾਣ-ਪੀਣ, ਲੜਨ-ਭਿੜਨ, ਔਲਾਦ ਪੈਦਾ ਕਰਨ ਅਤੇ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਨੇ ਇਨ੍ਹਾਂ ਦੀ ਮੱਤ ਹੀ ਮਾਰ ਦਿੱਤੀ। ਆਖਰ ਇਹ ਆਪਣੀ ਹਿਰਸ ਹਵਸ ਵਿਚ ਸੜ ਕੇ ਆਪ ਹੀ ਸੁਆਹ ਹੋ ਗਏ। ਅੱਜ ਅਸੀਂ ਇਨ੍ਹਾਂ ਦੇ ਪਿੰਜਰ ਵੀ ਸਬੂਤੇ ਨਹੀਂ ਲੱਭ ਸਕਦੇ। ਕੁਦਰਤ ਬੜੀ ਬੇਅੰਤ ਹੈ।

ਅੱਜ ਦੇ ਦੌਰ ਦਾ ਮਨੁੱਖ ਵੀ ਲਗਭਗ ਡਾਇਨਾਸੋਰਾਂ ਦੇ ਰਾਹ ਹੀ ਤੁਰ ਰਿਹਾ ਹੈ। ਇਹਦੀ ਭੁੱਖ ਤੇ ਲੋਭ ਲਾਲਸਾ ਨੇ ਇਹਦਾ ਤੇ ਸਤਿਆਨਾਸ ਕਰਨਾ ਹੀ ਕਰਨਾ ਏ। ਪਰ ਕਿੰਨੇ ਹੀ ਹੋਰ ਮਾਸੂਮ ਜੀਵ, ਜੰਤੂ, ਪਸ਼ੂ, ਪੰਛੀ, ਜਲਚਰ ਜੀਵ, ਕੀਟ ਪਤੰਗ ਅਤੇ ਅਣਗਿਣਤ ਮਹਿਕਦੇ ਟਹਿਕਦੇ ਫੁੱਲ ਬੂਟੇ, ਧਰਤੀ ਦੀ ਚਾਦਰ ਅਖਵਾਉਂਦੇ ਹਰੇ ਕਚੂਰ ਰੁੱਖ ਜੰਗਲ ਸਦਾ ਦੀ ਨੀਂਦ ਸੌਂਦੇ ਸਾਡੀਆਂ ਅੱਖਾਂ ਤੋਂ ਓਝਲ ਹੋ ਰਹੇ ਨੇ। ਇਸ ਕਾਲੀ ਕਲੂਟੀ ਕਰਤੂਤ ਦੀ ਰਫ਼ਤਾਰ ਪਿਛਲੇ ਸੌ ਕੁ ਸਾਲਾਂ ਵਿਚ ਐਨੀ ਤੇਜ ਹੋ ਗਈ ਹੈ ਕਿ ਹੁਣ ਤਾਂ ਇਹਦੀ ਥਾਹ ਪਾਉਣੀ ਵੀ ਔਖੀ ਜਾਪਦੀ ਹੈ। ਇਹ ਭਾਣਾ ਸਮੁੱਚੇ ਸੰਸਾਰ ਵਿਚ ਈ ਵਾਪਰ ਰਿਹਾ ਹੈ। ਇਹਦੇ ਪ੍ਰਭਾਵ ਪ੍ਰਤੱਖ ਨਜ਼ਰ ਆਉਣ ਦੇ ਬਾਵਜੂਦ ਵੀ ਅਸੀਂ ਨਹੀਂ ਸਮਝ ਰਹੇ। ਕਦੇ ਆਖਰਾਂ ਦੀ ਔੜ ਤੇ ਸੋਕੇ ਕਾਰਨ 'ਕਾਲ' ਪੈ ਜਾਂਦੇ ਹਨ। ਅਣਗਿਣਤ ਜੀਅ ਜੰਤ ਭੋਖੜੇ ਤੇ ਪਿਆਸ ਦੀ ਭੇਟ ਚੜ੍ਹ ਜਾਂਦੇ ਹਨ। ਖਾਧ ਖੁਰਾਕ ਦੀ ਕਮੀ ਅਨੇਕਾਂ ਘੁੱਗ ਵਸਦੇ ਪਿੰਡਾਂ ਸ਼ਹਿਰਾਂ ਨੂੰ ਭੂਤਵਾੜਿਆਂ ਵਿਚ ਤਬਦੀਲ ਕਰ ਦਿੰਦੀ ਹੈ। ਏਥੋਂ ਉਜੜੇ ਪੁੱਜੜੇ ਲੋਕ ਦਰ ਦਰ ਠੋਕਰਾਂ ਖਾਣ ਲਈ ਮਜ਼ਬੂਰ ਹੋ ਜਾਂਦੇ ਨੇ। ਜੇ ਕਿਧਰੇ ਮੀਂਹ ਵਰ੍ਹਨ ਲੱਗ ਜਾਵੇ ਤਾਂ ਵੀ ਕੜ ਟੁੱਟ ਜਾਂਦੇ ਨੇ। ਹੜ੍ਹ ਖੜ੍ਹੀਆਂ ਫਸਲਾਂ ਰੋੜ੍ਹ ਕੇ ਲੈ ਜਾਂਦੇ ਨੇ ਅਤੇ ਘਰ ਘਾਟ ਜਾਂ ਢਹਿ ਢੇਰੀ ਹੋ ਜਾਂਦੇ ਨੇ ਜਾਂ ਖਾਲਮ-ਖਾਲੀ ਹੋ ਕੇ ਭਾਂ-ਭਾਂ ਕਰਨ ਲਗ ਪੈਂਦੇ ਨੇ। ਪਹਾੜਾਂ ਉਤੇ ਅਤੇ ਠੰਢੇ ਮੁਲਕਾਂ ਵਿਚ ਬਰਫਬਾਰੀ ਸਭ ਕੁਝ ਹੀ ਠੱਪ ਕਰ ਦਿੰਦੀ ਹੈ। ਇਹ ਸਾਰਾ ਭਾਣਾ ਕੁਦਰਤੀ ਵਾਤਾਵਰਣ ਵਿਚ ਪ੍ਰਦੂਸ਼ਣ ਵਧਣ ਕਾਰਨ ਵਾਪਰਿਆ ਹੈ। ਰੁੱਤਾਂ ਕਰੁੱਤਾਂ ਹੋ ਗਈਆਂ ਨੇ। ਕੁਦਰਤੀ ਆਫਤਾਂ ਖਾਸ ਕਰਕੇ ਭੂਚਾਲਾਂ, ਸੁਨਾਮੀਆਂ, ਤੂਫਾਨਾਂ, ਹਨ੍ਹੇਰੀਆਂ ਦੀ ਗਿਣਤੀ ਹੀ ਨਹੀਂ ਵਧੀ, ਇਨ੍ਹਾਂ ਦੇ ਮਾਰੂ ਅਸਰ ਵੀ ਤੇਜ਼ ਹੋਈ ਤੀਬਰਤਾ ਦੀ ਬਦੌਲਤ ਬਹੁਤ ਵਧ ਗਏ ਹਨ।

ਆਪ ਮੁਹਾਰੇ ਸ਼ਹਿਰੀਕਰਣ ਅਤੇ ਮੁਨਾਫੇਖੋਰ ਸਨਅਤੀਕਰਣ ਨੇ ਸ਼ਹਿਰਾਂ ਦਾ ਹੀ ਨਹੀਂ ਧਰਤੀ ਮਾਂ ਦਾ ਮੂੰਹ ਮੁਹਾਂਦਰਾ ਹੀ ਵਲੂੰਧਰ ਸੁੱਟਿਆ ਹੈ। ਜ਼ਹਿਰੀਲੀਆਂ ਰਿਸਾਊ ਗੈਸਾਂ, ਘਾਤਕ ਤੇ ਮਾਰੂ ਰਸਾਇਣਾਂ ਵਾਲਾ ਨਿਕਾਸੀ ਪਾਣੀ, ਕੁਰਬਲ ਕੁਰਬਲ ਕਰਦੀਆਂ ਗੱਡੀਆਂ ਮੋਟਰਾਂ ਦੀਆਂ ਭੀੜਾਂ, ਗੰਦੀਆਂ ਬਸਤੀਆਂ ਦੀ ਭਰਮਾਰ, ਨਸ਼ੇ, ਮਾਰਧਾੜ ਅਤੇ ਆਪਾ-ਧਾਪੀ ਨੇ ਸ਼ਹਿਰਾਂ ਦੇ ਰੂਪ ਵਿਚ ਸਾਡੀ ਧਰਤੀ ਉਤੇ ਹੀ ਕੁੰਭੀ ਨਰਕਾਂ ਦੇ ਨਮੂਨੇ ਸਾਕਾਰ ਕਰ ਦਿੱਤੇ ਨੇ। ਅੱਜ ਕੱਲ੍ਹ ਸ਼ਹਿਰੀਂ ਜਾਂ ਬੈਣੇ ਵੱਸਦੇ ਨੇ ਜਾਂ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਦੇ ਗ੍ਰੱਸੇ ਰਾਖਸ਼।

ਪਿੰਡਾਂ ਦਾ ਮੂੰਹ ਮੱਥਾ ਸੰਵਾਰਨ ਦੀ ਥਾਂ ਵਿਗਾੜਨ ਵਿਚ ਅਖਾਉਤੀ ਹਰੇ ਇਨਕਲਾਬ ਨੇ ਖੇਤੀ ਦੀ ਪਾਕ ਪਵਿੱਤਰ ਕਿਰਤ ਨੂੰ ਵੀ ਬਾਜਾਰੂ ਵੇਸਵਾ ਦਾ ਵੇਸ ਪਵਾ ਦਿੱਤਾ ਹੈ। ਮੁਨਾਫੇਖੋਰੀ ਦੀ ਚੂਹਾ ਦੌੜ ਨੇ ਖਾਦਾਂ ਤੇ ਦੋਗਲੇ ਬੀਜਾਂ ਨਾਲ ਉਪਜ ਵਧਾਉਣ ਨੂੰ ਹੀ ਟੀਚਾ ਮਿੱਥ ਲਿਆ। ਕੀੜੇਮਾਰ ਜ਼ਹਿਰਾਂ, ਜ਼ਮੀਨਦੋਜ ਪਾਣੀ ਦੀ ਦੁਰਵਰਤੋਂ ਗੈਰ ਕੁਦਰਤੀ ਫਸਲਾਂ, ਰੁੱਖਾਂ ਜੰਗਲਾਂ ਦਾ ਵਢਾਂਗਾ, ਖੇਤੀ ਸੰਦਾਂ ਦੀ ਕੁਵਰਤੋਂ, ਹੱਥੀਂ ਕਿਰਤ ਤੋਂ ਕਿਨਾਰਾਕਸ਼ੀ ਨੇ ਕਿਰਸਾਣਾਂ ਨੂੰ ਖੁਸ਼ਹਾਲ ਕਰਨ ਦੀ ਥਾਂ ਕੰਗਾਲ ਕਰ ਦਿੱਤਾ ਹੈ। ਥੋੜੀਆਂ ਜ਼ਮੀਨਾਂ ਵਾਲੇ ਮਜ਼ਬੂਰੀਵਸ ਜ਼ਮੀਨਾਂ ਤੋਂ ਹੱਥ ਧੋ ਰਹੇ ਨੇ। ਨਵੀਂ ਪੋਚ ਪਰਦੇਸਾਂ ਵੱਲ ਵਹੀਰਾਂ ਘੱਤ ਰਹੀ ਹੈ। ਆਤਮਹੱਤਿਆਵਾਂ, ਨਾਮੁਰਾਦ ਬਿਮਾਰੀਆਂ, ਵਿਆਹਾਂ ਦੇ ਤੋੜ ਵਿਛੋੜੇ, ਵਿੱਦਿਆ ਵੱਲੋਂ ਬੇਰੁਖੀ, ਨਸ਼ਿਆਂ ਦੀ ਭਰਮਾਰ ਪਿੰਡਾਂ ਵਾਲਿਆਂ ਦੀ ਹੋਣੀ ਬਣ ਗਈ ਹੈ। ਪਾਣੀ ਮੁੱਕੀ ਜਾ ਰਿਹਾ ਹੈ, ਖੇਤੀ ਲਈ ਸੰਦ ਸੰਦੇੜਾ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਸੂਦਖੋਰਾਂ, ਆੜ੍ਹਤੀਆਂ, ਬੈਂਕਾਂ ਦੇ ਕਰਜ਼ਿਆਂ ਅਤੇ ਠੱਗ ਟ੍ਰੈਵਲ ਏਜੰਟਾਂ ਨੇ ਪੇਂਡੂਆਂ ਨੂੰ ਮਕੜ ਜਾਲ ਵਿਚ ਫਸਾ ਲਿਆ ਏ। ਧਰਮ ਕਰਮ ਅਤੇ ਵਿੱਦਿਆ ਵਰਗੇ ਪਵਿੱਤਰ ਕੰਮਾਂ ਨੂੰ ਮੁਨਾਫੇਖੋਰ ਵਪਾਰੀਆਂ ਨੇ ਸਾਂਭ ਲਿਆ ਹੈ। ਲੋਕ ਰਾਜ ਦੀਆਂ ਡੀਂਗਾਂ, ਸੱਭਿਆਚਾਰ ਦੇ ਫੋਕੇ ਹੋਕੇ, ਸਮਾਜ ਸੁਧਾਰ ਦੇ ਝੂਠੇ ਦਾਅਵੇ, ਮਜ਼੍ਹਬੀ ਅਡੰਬਰ ਸਾਡਾ ਸਤਿਆਨਾਸ ਕਰਨ 'ਤੇ ਤੁਲੇ ਹੋਏ ਨੇ।

ਇਹ ਸਾਰਾ ਕੁਝ ਸਾਡੇ ਵਿਹੰਦਿਆਂ ਵਿਹੰਦਿਆਂ ਕੁਝ ਸਮੇਂ ਵਿਚ ਹੀ ਵਾਪਰ ਗਿਆ ਹੈ। ਇਕੋ ਇਕ ਆਸ ਦੀ ਕਿਰਨ ਹਨ ਗੁਰੂਆਂ, ਸੂਫੀਆਂ, ਭਗਤਾਂ ਦੀ ਲੀਹ 'ਤੇ ਚੱਲਣ ਵਾਲੇ ਵਿਰਲੇ ਟਾਵੇਂ ਸੰਤ ਮਹਾਂਪੁਰਸ਼ ਅਤੇ ਕੁਝ ਲੋਕਾਈ ਦੀ ਪੱਧਰ 'ਤੇ ਕੰਮ ਕਰਨ ਵਾਲੀਆਂ ਨਿੱਕੀਆਂ ਨਿੱਕੀਆਂ ਸੰਸਥਾਵਾਂ। ਇਹ ਸਾਰੇ ਸਾਡੇ ਸਹੀ ਸੋਚਣੀ ਵਾਲਿਆਂ ਦੇ ਪ੍ਰੇਰਨਾ ਸ੍ਰੋਤ ਬਣ ਕੇ ਬੇੜਾ ਪਾਰ ਲੰਘਾਉਣ ਲਈ ਆਪਣੇ ਹੱਥੀਂ ਕਾਰਜ ਸੰਵਾਰਨ ਦੇ ਪਾਂਧੀ ਨੇ। ਆਉ ਇਨ੍ਹਾਂ ਦਾ ਸਾਥ ਦੇਈਏ।

# ਸੇਵਕ ਕੀ ਅਰਦਾਸਿ

**ਡਾ. ਗੁਰਨਾਮ ਕੌਰ**

ਬਾਬਾ ਸੁੱਚਾ ਸਿੰਘ ਸਿਰਫ ਸਾਲਾਨਾ ਸਮਾਗਮ ਹੀ ਨਹੀਂ ਸੀ ਕਰਵਾਉਂਦੇ ਸਗੋਂ ਮਹੀਨੇ ਵਿਚ ਇਕ ਸਨਿਚਰਵਾਰ ਨੂੰ ਸੀਮਤ ਇਕੱਠ ਵਿਚ ਕਿਸੇ ਵਿਦਵਾਨ ਤੋਂ ਗੁਰਮਤਿ ਫ਼ਿਲਾਸਫ਼ੀ ਦੇ ਕਿਸੇ ਵਿਸ਼ੇ ਤੇ ਪਰਚਾ ਵੀ ਪੜ੍ਹਾਇਆ ਜਾਂਦਾ ਅਤੇ ਉਸ ਤੇ ਖੁਲ੍ਹੀ ਵਿਚਾਰ ਚਰਚਾ ਵੀ ਹੁੰਦੀ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮੁੱਖ ਕੇਂਦਰ ਵੀ ਲੁਧਿਆਣੇ ਦਾ ਮਾਡਲ ਟਾਊਨ ਵਾਲਾ ਗੁਰਦਵਾਰਾ ਹੀ ਸੀ ਜੋ ਜਵੱਦੀ ਕਲਾਂ ਟਕਸਾਲ ਕੇਂਦਰ ਤੋਂ ਦੂਰ ਨਹੀਂ ਹੈ। ਵੈਸੇ ਤਾਂ ਸਟੱਡੀ ਸਰਕਲ ਦਾ ਕਾਰਜ ਖੇਤਰ ਆਮ ਤੌਰ ਤੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਹੀ ਰਹੇ ਹਨ ਪਰ ਪਤਾ ਨਹੀਂ ਕਿਸ ਕਿਸਮ ਦੀ ਰਾਜਨੀਤੀ ਦੇ ਤਹਿਤ


*ਡਾ. ਗੁਰਨਾਮ ਕੌਰ*

ਇਸ ਦੇ ਕਰਤਿਆਂ-ਧਰਤਿਆਂ ਨੇ ਜਵੱਦੀ ਕਲਾਂ ਟਕਸਾਲ ਨੂੰ ਆਮ ਕਰਕੇ ਅਤੇ ਸ. ਅਮਰਜੀਤ ਸਿੰਘ ਗਰੇਵਾਲ ਨੂੰ ਖ਼ਾਸ ਕਰਕੇ ਆਪਣੇ ਸ਼ਰੀਕੇ ਵੱਜੋਂ ਤਸਲੀਮ ਕਰ ਲਿਆ। ਸੈਮੀਨਾਰ ਵਿਚ ਪੜ੍ਹੇ ਗਏ ਪਰਚਿਆਂ ਨੂੰ ਪੁਸਤਕ-ਰੂਪ ਵਿਚ ਛਾਪਿਆ ਗਿਆ ਜਿਸ ਦੀ ਭੂਮਿਕਾ ਸੰਪਾਦਕ ਦੇ ਤੌਰ 'ਤੇ ਸ. ਅਮਰਜੀਤ ਸਿੰਘ ਗਰੇਵਾਲ ਨੇ ਲਿਖੀ। ਇਸ ਵਿਚ ਨਾਰੀ ਚੇਤਨਾ ਬਾਰੇ ਉਸ ਦੇ ਲਿਖੇ ਵਿਚਾਰਾਂ ਨੂੰ ਲੈ ਕੇ ਵਾ-ਵੇਲਾ ਖੜ੍ਹਾ ਕਰ ਦਿੱਤਾ ਗਿਆ ਕਿ ਇਸ ਨੇ ਸਿੱਖ ਧਰਮ ਦੀ ਬੇਅਦਬੀ ਕੀਤੀ ਹੈ ਅਤੇ ਸ੍ਰੀ ਅਕਾਲ ਤਖ਼ਤ 'ਤੇ ਗਰੇਵਾਲ ਦੀ ਲਿਖਤੀ ਸ਼ਿਕਾਇਤ ਕਰ ਦਿੱਤੀ। ਸਿੰਘ ਸਾਹਿਬ ਭਾਈ ਮਨਜੀਤ ਸਿੰਘ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਦੇ ਜਥੇਦਾਰ ਹੋਣ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਕਾਰਜ ਵੀ ਨਿਭਾ ਰਹੇ ਸੀ। ਵਿਧੀ ਅਨੁਸਾਰ ਮੀਟਿੰਗ ਕਰਕੇ ਲਿਖ਼ਤ ਦੀ ਪੜਚੋਲ ਵਾਸਤੇ ਤਿੰਨ ਮਾਹਿਰਾਂ ਦੀ ਕਮੇਟੀ ਬਣਾ ਦਿੱਤੀ ਗਈ। ਇਹ ਤਿੰਨ ਜੱਜ ਡਾ. ਕੁਲਵੰਤ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਡਿਵਿਨਿਟੀ ਦੇ ਅਧਿਆਪਕ ਜੋ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਸਿੱਖਿਅਤ ਸਨ, ਡਾ. ਦਰਸ਼ਨ ਸਿੰਘ, ਪ੍ਰੋਫੈਸਰ ਗੁਰੂ ਨਾਨਕ ਚੇਅਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਤੀਸਰੀ ਮੈਂਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ ਅਧਿਆਪਕ ਹੋਣ ਕਰਕੇ ਮੈਨੂੰ ਲਾ ਦਿੱਤਾ। ਹਰ ਇਕ ਨੇ ਆਪਣੀ ਆਪਣੀ ਰਿਪੋਰਟ ਤਿਆਰ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪ ਦਿੱਤੀ। ਰਿਪੋਰਟਾਂ ਦੀ ਛਾਣਬੀਣ ਤੋਂ ਬਾਅਦ ਮਿਥੀ ਤਰੀਕ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿਚ ਤਿੰਨਾਂ ਮਾਹਿਰਾਂ, ਸ. ਅਮਰਜੀਤ ਸਿੰਘ ਗਰੇਵਾਲ ਅਤੇ ਸਟੱਡੀ ਸਰਕਲ ਦੇ ਮੈਂਬਰਾਂ ਦੀ ਸਬੰਧਤ ਸੰਪਾਦਕੀ ਉਤੇ ਵਿਚਾਰ ਚਰਚਾ ਕਰਨ ਲਈ ਇਕ ਮੀਟਿੰਗ ਬੁਲਾਈ ਗਈ। ਦੋਹਾਂ ਧਿਰਾਂ ਦੇ ਹਮਾਇਤੀ ਵਾਹਵਾ ਗਿਣਤੀ ਵਿਚ ਪਹੁੰਚੇ ਹੋਏ ਸਨ। ਮੈਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਗੱਡੀ ਵਿਚ ਡਾ. ਦਰਸ਼ਨ ਸਿੰਘ ਅਤੇ ਸ. ਕਰਮਜੀਤ ਸਿੰਘ (ਸੀਨੀਅਰ ਪੱਤਰਕਾਰ, ਪੰਜਾਬੀ ਟ੍ਰਿਬਿਊਨ) ਨਾਲ ਅੰਮ੍ਰਿਤਸਰ ਪਹੁੰਚੀ। ਮੈਂ ਪਹਿਲਾਂ ਕਦੀ ਇਸ ਤਰ੍ਹਾਂ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਸੀ ਹੋਈ। ਸ. ਅਮਰਜੀਤ ਸਿੰਘ ਆਪ ਭਾਵੇਂ ਸਾਬਤ ਸੂਰਤ ਹਨ ਅਤੇ ਦਾੜ੍ਹਾ ਵੀ ਖੁਲ੍ਹਾ ਛੱਡਿਆ ਹੋਇਆ ਹੈ ਪਰ ਉਨ੍ਹਾਂ ਦੇ ਹੱਕ ਵਿਚ ਖੜ੍ਹੇ ਬਹੁਤੇ ਬੁੱਧੀਜੀਵੀਆਂ ਨੇ ਕੇਸ ਜਾਂ ਦਾੜ੍ਹੀ ਕਤਲ ਕੀਤੇ ਹੋਏ ਸਨ ਜਿਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ ਕਿਉਂਕਿ ਸ੍ਰੀ ਅਕਾਲ ਤਖ਼ਤ ਦੀ ਮਰਿਯਾਦਾ ਇਹੀ ਮੰਗ ਕਰਦੀ ਹੈ। ਅੰਦਰ ਬੜੇ ਜ਼ਾਬਤੇ ਵਿਚ ਸਾਰੀ ਕਾਰਵਾਈ ਕੀਤੀ ਗਈ। ਤਿੰਨਾਂ ਮਾਹਿਰਾਂ ਅਤੇ ਹੱਕ ਅਤੇ ਵਿਰੋਧ ਵਿਚ ਬੋਲਣ ਵਾਲਿਆਂ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦਿੱਤਾ ਗਿਆ। ਫ਼ਿਲਾਸਫ਼ੀ ਦੀ ਵਿਦਿਆਰਥਣ ਹੋਣ ਦੇ ਨਾਤੇ ਮੈਂ ਉਠਾਏ ਨੁਕਤਿਆਂ ਦੇ ਸ਼ਾਇਦ ਕੁੱਝ ਜ਼ਿਆਦਾ ਹੀ ਜੁਆਬ ਦਿੱਤੇ ਜਾਂ ਇਸਦੀ ਵਜ੍ਹਾ ਇਕ ਇਸਤ੍ਰੀ ਹੋਣਾ ਸੀ ਕਿ ਸਟੱਡੀ ਸਰਕਲ ਮੇਰੇ ਖ਼ਿਲਾਫ ਹੋ ਗਿਆ, ਹਾਲਾਂਕਿ ਸਵਰਗੀ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਨੇ ਉਠਾਏ ਗਏ ਨੁਕਤਿਆਂ ਨੂੰ ਬਾਦਲੀਲ ਸਭ ਤੋਂ ਵੱਧ ਕੱਟਿਆ। ਖ਼ੈਰ! ਫੈਸਲਾ ਗਰੇਵਾਲ ਦੇ ਹੱਕ ਵਿਚ ਹੋਇਆ ਅਤੇ ਸੁਖਾਵੇਂ ਵਾਤਾਵਰਣ ਵਿਚ ਹੋਇਆ। ਪੰਜ ਸਿੰਘ ਸਾਹਿਬਾਨ ਵੱਲੋਂ ਦੋਹਾਂ ਧਿਰਾਂ ਦੇ ਮੈਂਬਰਾਂ ਨੂੰ ਇਕ ਦੂਜੇ ਨਾਲ ਪਿਆਰ ਵਾਲਾ ਮਾਹੌਲ ਬਣਾਉਣ ਲਈ ਕਿਹਾ ਗਿਆ। ਸਭ ਨੇ ਰਲ ਕੇ ਚਾਹ ਦਾ ਲੰਗਰ ਛਕਿਆ। ਅਸੀਂ ਪਟਿਆਲੇ ਵਾਲੀ ਸੰਗਤ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਦੀ ਗੱਡੀ ਵਿਚ ਵਾਪਸ ਆਏ ਤਾਂ ਰਸਤੇ ਵਿਚ ਭਾਈ ਸਾਹਿਬ ਨੇ ਮੈਨੂੰ ਹੱਸ ਕੇ ਕਿਹਾ, "ਬਾਬਾ ਜੀ! ਸਿਰ ਬਚਾ ਕੇ ਆ ਗਏ, ਅੱਜ ਤੁਹਾਡਾ ਸਿਰ ਲਾਹੁਣ ਨੂੰ ਫਿਰਦੇ ਸਨ।" ਇਹ ਸ਼ਾਇਦ ਅਪ੍ਰੈਲ-ਮਈ 1994 ਦੀ ਗੱਲ ਹੈ। ਪੱਕੀ ਤਰੀਕ ਹੁਣ ਯਾਦ ਨਹੀਂ।

ਚਾਰ ਜੂਨ ਨੂੰ ਮੈਂ ਸਿੰਘ ਸਾਹਿਬ ਭਾਈ ਮਨਜੀਤ ਸਿੰਘ, ਡਾ. ਕੇਹਰ ਸਿੰਘ, ਡਾ. ਓਂਕਾਰ ਸਿੰਘ, ਸ. ਮਹਿੰਦਰ ਸਿੰਘ ਨਾਲ ਉਤਰੀ ਅਮਰੀਕਾ ਵਿਚ ਵੱਖ ਵੱਖ ਸ਼ਹਿਰਾਂ ਵਿਚ ਰੱਖੇ ਗਏ ਸੈਮੀਨਾਰਾਂ ਵਿਚ ਭਾਗ ਲੈਣ ਲਈ ਚਲੀ ਗਈ, ਜਿਸ ਵਿਚ ਡਾ. ਦਰਸ਼ਨ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਵੀ ਨਿਊ ਯਾਰਕ ਵਿਚ ਸਾਡੇ ਨਾਲ ਆ ਰਲੇ। ਮੇਰੇ ਪਿੱਛੋਂ ਲੁਧਿਆਣੇ ਦੇ ਕਿਸੇ ਗਿਆਨੀ ਭਗਤ ਸਿੰਘ ਨੇ ਉਥੋਂ ਨਿਕਲਦੇ 'ਸੰਤ ਸਿਪਾਹੀ' ਰਸਾਲੇ ਵਿਚ ਮੇਰੇ ਖਿਲਾਫ ਇਕ ਲੇਖ ਛਾਪਿਆ ਜਿਸ ਨੂੰ ਪੜ੍ਹ ਕੇ ਮੇਰੀ ਭੈਣ ਗੁਰਮੇਲ ਕੌਰ ਬਹੁਤ ਘਬਰਾ ਗਈ। ਜਦੋਂ ਮੈਂ ਵਾਪਸ ਗਈ ਤਾਂ ਉਸ ਨੇ ਉਹ ਲੇਖ ਮੇਰੇ ਅੱਗੇ ਰੱਖ ਦਿੱਤਾ। ਪੜ੍ਹ ਕੇ ਮੈਂ ਕਿਹਾ, "ਕੋਈ ਗੱਲ ਨਹੀਂ। ਸੱਚਾਈ ਤਾਂ ਸੱਚਾਈ ਹੈ। ਜ਼ਿੰਦਗੀ ਵਿਚ ਕਈ ਕੁੱਝ ਸੁਣਨਾ ਅਤੇ ਸਹਿਣਾ ਪੈਂਦਾ ਹੈ। ਜੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮੈਨੂੰ ਕਿਸੇ ਗੱਲ ਦੇ ਯੋਗ ਸਮਝਿਆ ਗਿਆ ਹੈ ਅਤੇ ਮਾਣ ਬਖਸ਼ਿਆ ਗਿਆ ਹੈ, ਤਾਂ ਫਿਰ ਨੁਕਤਾਚੀਨੀ ਵੀ ਸਹਿਣੀ ਹੀ ਪਵੇਗੀ।" ਗੁਰਬਾਣੀ ਨੇ ਸਾਨੂੰ ਇਕ ਸਿੱਖ ਦੇ ਤੌਰ ਤੇ ਜਿੰਨਾ ਪ੍ਰੇਮ-ਪਿਆਰ ਨਾਲ ਰਹਿਣ ਦੀ ਸਿੱਖਿਆ ਦਿੱਤੀ ਹੈ, ਅਸੀਂ ਉਸ ਤੋਂ ਕੋਹਾਂ ਦੂਰ ਹਾਂ। ਗੁਰੂ ਵੱਲੋਂ ਸਾਨੂੰ ਹਰ ਮਾਮਲਾ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਆਪਸ ਵਿਚ ਰਲ ਬੈਠ ਕੇ ਸੁਲਝਾਉਣ ਦਾ ਆਦੇਸ਼ ਕੀਤਾ ਗਿਆ ਹੈ ਪਰ ਅਸੀਂ ਹਰ ਮਾਮਲਾ ਡਾਂਗ ਨਾਲ ਨਜਿੱਠਣ ਦੀ ਕੋਸ਼ਿਸ਼ ਕਰਦੇ ਹਾਂ। ਮਿਲ ਬੈਠ ਕੇ ਸੰਗਤੀ ਰੂਪ ਵਿਚ ਮਸਲੇ ਨਜਿੱਠਣ ਦੀ ਚਰਚਾ ਕਰਦਿਆਂ ਭਾਈ ਮਨਜੀਤ ਸਿੰਘ ਜਥੇ ਸਮੇਤ ਨਿਊ ਯਾਰਕ ਤੋਂ ਕੈਨੇਡਾ ਟੋਰਾਂਟੋ ਹੁੰਦੇ ਹੋਏ ਵੈਨਕੂਵਰ ਪਹੁੰਚੇ ਤਾਂ ਮਗਰੇ ਹੀ ਮੰਦਭਾਗੀ ਖ਼ਬਰ ਪਹੁੰਚ ਗਈ ਕਿ ਰਿਚਮੰਡ ਹਿਲ ਗੁਰਦਵਾਰੇ ਵਿਚ ਝਗੜਾ ਹੋ ਗਿਆ। ਦੋਵੇਂ ਧਿਰਾਂ ਇਸ ਕਦਰ ਡਾਂਗ-ਸੋਟਾ ਹੋਈਆਂ ਅਤੇ ਕ੍ਰਿਪਾਨਾਂ ਨਿਕਲੀਆਂ ਕਿ ਗੁਰਦਵਾਰਾ ਸਾਹਿਬ ਵਿਚ ਪੁਲਿਸ ਹੈਲੀਕਾਪਟਰ ਰਾਹੀਂ ਆਈ ਅਤੇ ਬੂਟਾਂ ਸਮੇਤ ਅੰਦਰ ਗਈ। ਸਾਰਿਆਂ ਨੂੰ ਇਸ ਗੱਲ ਦਾ ਬਹੁਤ ਅਫਸੋਸ ਲੱਗਿਆ। ਇਹ ਸਭ ਅੱਜ ਵੀ ਜ਼ਾਰੀ ਹੈ।

ਟੋਰਾਂਟੋ ਯੂਨੀਵਰਸਿਟੀ ਵਿਚ ਸਿੱਖ ਸਟੱਡੀਜ ਚੇਅਰ ਦੇ ਸਬੰਧ ਵਿਚ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਸਾਡੀ ਮੀਟਿੰਗ ਰੱਖੀ ਗਈ ਸੀ। ਆਪਣੇ ਭਾਈਚਾਰੇ ਵਿਚੋਂ ਜਿਸ ਸੱਜਣ ਨੇ ਇਸ ਮੀਟਿੰਗ ਦਾ ਪ੍ਰਬੰਧ ਕੀਤਾ ਸੀ, ਉਹ ਆਪ ਕਿਸੇ ਵਿਭਾਗ ਵਿਚ ਡਾਇਰੈਕਟਰ ਸੀ। ਉਦੋਂ ਹਾਲੇ ਨਿਊਯਾਰਕ ਵਾਲੀ ਘਟਨਾ ਨਹੀਂ ਸੀ ਵਾਪਰੀ। ਉਸ ਨੇ ਭਾਈ ਮਨਜੀਤ ਸਿੰਘ ਨੂੰ ਦੱਸਿਆ, "ਗੁਰਦਵਾਰਿਆਂ ਦੇ ਪ੍ਰਬੰਧ ਦੀ ਮਾਲਕੀ ਨੂੰ ਲੈ ਕੇ ਇਥੇ ਇਹ ਹਾਲ ਹੈ ਕਿ ਮੈਂ ਆਪਣੇ ਬੱਚਿਆਂ ਨੂੰ ਕਦੀ ਵੀ ਐਤਵਾਰ ਵਾਲੇ ਦਿਨ ਗੁਰਦਵਾਰੇ ਨਹੀਂ ਲੈ ਕੇ ਜਾਂਦਾ, ਕਿਉਂਕਿ ਪਤਾ ਨਹੀਂ ਹੁੰਦਾ ਪ੍ਰਬੰਧਕ ਕਦੋਂ ਇਕ-ਦੂਸਰੇ ਦੀ ਪੱਗ ਨੂੰ ਹੱਥ ਪਾ ਲੈਣ। ਮੈਂ ਉਨ੍ਹਾਂ ਨੂੰ ਹਮੇਸ਼ਾ ਹਫਤੇ ਦੇ ਦੂਸਰੇ ਦਿਨਾਂ ਵਿਚ ਗੁਰਦਵਾਰੇ ਲੈ ਕੇ ਜਾਂਦਾ ਹਾਂ। ਉਹ ਇਥੇ ਜੰਮੇ-ਪਲੇ ਹਨ ਅਤੇ ਉਨ੍ਹਾਂ ਨੂੰ ਸਿੱਖੀ ਬਾਰੇ ਬਹੁਤਾ ਪਤਾ ਨਹੀਂ ਹੈ। ਮੈਂ ਨਹੀਂ ਚਾਹੁੰਦਾ ਸਿੱਖਾਂ ਦੀ ਗਲਤ ਤਸਵੀਰ ਉਨ੍ਹਾਂ ਦੇ ਮਨ ਵਿਚ ਬਣੇ। ਮੈਕਲੋਡ ਜਾਂ ਹਰਜੋਤ ਉਬਰਾਏ ਵਰਗਿਆਂ ਨੂੰ ਆਪਾਂ ਕੀ ਕਹਾਂਗੇ ਜਦੋਂ ਸਾਡੇ ਆਪਣੇ ਪ੍ਰਬੰਧਕ ਵੀ ਗੁਰੂ ਦੇ ਸਿੱਖਾਂ ਵਾਂਗ ਵਰਤਾਓ ਨਹੀਂ ਕਰਦੇ? ਪਹਿਲਾਂ ਇਨ੍ਹਾਂ ਨੂੰ ਤਾਂ ਦੱਸੋ ਕਿ ਸਿੱਖ ਧਰਮ ਕੀ ਸਿਖਾਉਂਦਾ ਹੈ? ਕੀ ਗੁਰੂ ਦੀ ਬਖ਼ਸ਼ਿਸ਼ ਕੇਸਾਂ ਦੀ ਸੰਭਾਲ ਵਾਸਤੇ ਸੀਸ ਤੇ ਸਜਾਈਆਂ ਇਕ ਦੂਜੇ ਦੀਆਂ ਦਸਤਾਰਾਂ ਨੂੰ ਹੱਥ ਪਾਉਣਾ ਇਕ ਸਿੱਖ ਦੇ ਨਾਤੇ ਸ਼ੋਭਾ ਦੇਂਦਾ ਹੈ?"

ਨਿਊ ਯਾਰਕ ਸੈਮੀਨਾਰ ਦੇ ਆਖਰੀ ਦਿਨ ਗੁਰਦਵਾਰਾ ਸਾਹਿਬ ਦੇ ਬਾਹਰ ਟੈਂਟ ਲਾ ਕੇ ਬਣਾਏ ਖੁੱਲ੍ਹੇ ਪੰਡਾਲ ਵਿਚ ਕਾਨਫਰੰਸ ਕੀਤੀ ਗਈ ਜਿਸ ਵਿਚ ਅਮਰੀਕਾ ਰਹਿੰਦੇ ਵੱਡੇ ਵੱਡੇ ਕੱਦਾਵਰ ਲੀਡਰ ਸ਼ਾਮਲ ਹੋਏ ਜਿਨ੍ਹਾਂ ਨੇ ਬੜੀਆਂ ਗਰਮਾ-ਗਰਮ ਤਕਰੀਰਾਂ ਕੀਤੀਆਂ। ਭਾਈ ਮਨਜੀਤ ਸਿੰਘ ਸਭ ਤੋਂ ਅਖ਼ੀਰ ਵਿਚ ਬੋਲੇ। ਉਨ੍ਹਾਂ ਦੀ ਤਕਰੀਰ ਦਾ ਸਾਰ ਤੱਤ ਇਹੀ ਸੀ ਕਿ ਤੁਸੀਂ ਲੀਡਰ ਲੋਕ ਆਪਣੇ ਨਿਜੀ ਹਵਾਈ ਜਹਾਜਾਂ ਅਤੇ ਹੈਲੀਕਪਟਰਾਂ ਵਿਚ ਸਫਰ ਕਰਦੇ ਹੋ ਪਰ ਕੌਮ ਦੀ ਗ਼ਰੀਬ ਮਾਰ ਕਿਉਂ ਕਰ ਰਹੇ ਹੋ? ਕਿਉਂ ਆਪਣੇ, ਆਪਣੀ ਕੌਮ ਦੇ ਬੱਚਿਆਂ ਦੀਆਂ ਤਲੀਆਂ ਉਤੇ ਆਪ ਸਿਵਿਆਂ ਦੀ ਇਬਾਰਤ ਲਿਖ ਰਹੇ ਹੋ?"

ਟੋਰਾਂਟੋ ਵਿਚ ਸੈਮੀਨਾਰ ਡਿਕਸੀ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਰੱਖਿਆ ਗਿਆ ਸੀ, ਜੋ ਕਈ ਦਿਨ ਚੱਲਿਆ (ਅੱਜ ਕਲ੍ਹ ਡਿਕਸੀ ਗੁਰੂ ਘਰ ਦੇ ਖਾਤਿਆਂ ਨੂੰ ਸੀਲ ਕਰਨ ਦੀਆਂ ਖਬਰਾਂ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲ ਰਹੀਆਂ ਹਨ)। ਮਾਲਟਨ ਗੁਰੂ ਘਰ ਦੇ ਪ੍ਰਬੰਧਕਾਂ ਨੂੰ ਗਿਲਾ ਸੀ ਕਿ ਡਿਕਸੀ ਗੁਰੂ ਘਰ ਦੇ ਪ੍ਰਬੰਧਕਾਂ ਨੇ ਉਨ੍ਹਾਂ ਤੋਂ ਇਹ ਗੱਲ ਛੁਪਾ ਕੇ ਰੱਖੀ ਕਿ ਭਾਈ ਮਨਜੀਤ ਸਿੰਘ ਇਥੇ

## ਰੰਗ-ਬੇਰੰਗ

ਆ ਰਹੇ ਹਨ। ਜੇ ਪਤਾ ਹੁੰਦਾ ਤਾਂ ਉਹ ਵੀ ਪ੍ਰੋਗਰਾਮ ਰੱਖਦੇ। ਡਿਕਸੀ ਗੁਰੂ ਘਰ ਦੇ ਪ੍ਰਬੰਧਕਾਂ ਨੇ ਜ਼ਮੀਨ ਦਾ ਉਹ ਟੋਟਾ ਦਿਖਾਇਆ ਜਿਥੇ ਉਨ੍ਹਾਂ ਦਾ ਇਰਾਦਾ ਇਕ ਖ਼ਾਲਸਾ ਸਕੂਲ ਬਣਾਉਣ ਦਾ ਸੀ ਪਰ ਜਦੋਂ ਮਾਲਟਨ ਗੁਰੂ ਘਰ ਨਾਲ ਜੁੜੇ ਕੁਝ ਸਿੱਖਾਂ ਨੂੰ ਪਤਾ ਲੱਗਿਆ ਤਾਂ ਉਹ ਇਕੱਠੇ ਹੋ ਕੇ ਬੇਨਤੀ ਕਰਨ ਆਏ, "ਇਥੇ ਇਕੋ ਸਮੇਂ ਤੇ ਦੋ ਖ਼ਾਲਸਾ ਸਕੂਲ ਚੱਲਣੇ ਮੁਸ਼ਕਿਲ ਹਨ। ਅਸੀਂ ਪਹਿਲਾਂ ਹੀ ਇਮਾਰਤ ਬਣਾ ਚੁੱਕੇ ਹਾਂ ਅਤੇ ਸਕੂਲ ਸ਼ੁਰੂ ਕਰਨ


*ਬਾਬਾ ਸੁੱਚਾ ਸਿੰਘ*

ਵਾਲੇ ਹਾਂ। ਸਾਡੀ ਬੇਨਤੀ ਹੈ ਕਿ ਇਨ੍ਹਾਂ ਨੂੰ ਕਹੋ ਇਹ ਸਕੂਲ ਨਾ ਖੋਲ੍ਹਣ।" ਡਿਕਸੀ ਗੁਰੂ ਘਰ ਦੇ ਪ੍ਰਬੰਧਕਾਂ ਨੇ ਇਹ ਗੱਲ ਮੰਨ ਲਈ।

ਮੇਰਾ ਪਰਚਾ 'ਰੋਲ ਐਂਡ ਸਟੇਟਸ ਆਫ ਵੂਮਨ ਇਨ ਸਿੱਖਇਜ਼ਮ' ਸੀ। ਮੇਰੇ ਪਰਚੇ ਤੋਂ ਬਾਅਦ ਕੁੱਝ ਬੀਬੀਆਂ ਨੇ ਮੈਨੂੰ ਇਕੱਲਿਆਂ ਮਿਲਣ ਅਤੇ ਗੱਲਾਂ ਕਰਨ ਦੀ ਇੱਛਾ ਪ੍ਰਗਟ ਕੀਤੀ ਜਿਸ ਦਾ ਪ੍ਰਬੰਧ ਬੀਬੀ ਹਰਲੋਚਨ ਕੌਰ, ਜੋ ਐਤਵਾਰ ਨੂੰ ਡਿਕਸੀ ਗੁਰੂ ਘਰ ਵਿਚ ਪੰਜਾਬੀ ਦੀਆਂ ਕਲਾਸਾਂ ਪੜ੍ਹਾਉਣ ਦਾ ਕੰਮ ਕਰਦੇ ਸੀ, ਨੇ ਸ਼ਾਮ ਨੂੰ ਗੁਰੂ ਘਰ ਦੇ ਇਕ ਹਾਲ ਵਿਚ ਕੀਤਾ। ਉਥੇ ਬੀਬੀਆਂ ਨੇ ਵਾਰੀ ਵਾਰੀ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਪਤੀ ਜਾਂ ਪਤੀ ਦੇ ਪਰਿਵਾਰ ਵੱਲੋਂ ਤੰਗ ਕੀਤਾ ਜਾਂਦਾ ਹੈ। ਇਹ ਵਰਤਾਰਾ ਹਾਲੇ ਵੀ ਉਸੇ ਤਰ੍ਹਾਂ ਜਾਰੀ ਹੈ, ਜਿਸ ਕਾਰਨ ਬਹੁਤ ਸਾਰੇ ਘਰ ਟੁੱਟ ਜਾਂਦੇ ਹਨ। ਮੈਂ ਉਦੋਂ ਵੀ ਉਨ੍ਹਾਂ ਨੂੰ ਇਹੀ ਸਲਾਹ ਦਿੱਤੀ ਸੀ, "ਤੁਸੀਂ ਪੜ੍ਹੀਆਂ ਲਿਖੀਆਂ ਬੀਬੀਆਂ ਇਕ ਸਮਾਜਕ ਸੰਗਠਨ ਕਿਉਂ ਨਹੀਂ ਬਣਾਉਂਦੀਆਂ ਜੋ ਲੜਕੀਆਂ ਨੂੰ ਪੇਸ਼ ਆਉਣ ਵਾਲੀਆਂ ਇਸ ਕਿਸਮ ਦੀਆਂ ਘਰੇਲੂ ਅਤੇ ਸਮਾਜਕ ਸਮੱਸਿਆਵਾਂ ਨਾਲ ਨਜਿੱਠ ਸਕਣ ਅਤੇ ਇਸ ਸੰਗਠਨ ਤੱਕ ਨਾ ਸਿਰਫ ਦੁਖੀ ਬੀਬੀਆਂ ਹੀ ਸਹਿਜੇ ਪਹੁੰਚ ਕਰ ਸਕਣ, ਸਗੋਂ ਇਹ ਅਦਾਰਾ ਜਿਥੇ ਵੀ ਕਿਸੇ ਸਮੱਸਿਆ ਦਾ ਪਤਾ ਲੱਗੇ ਆਪ ਉਸ ਦੁਖੀ ਬੀਬੀ ਦੀ ਸਹਾਇਤਾ ਲਈ ਪਹੁੰਚੇ।"

ਇਥੇ ਹੀ ਪੰਜਾਬੀ ਦੇ ਨਾਮਵਰ ਕਵੀ ਅਤੇ ਲੇਖਕ ਸ੍ਰੀ ਨਵਤੇਜ ਭਾਰਤੀ ਜੋ ਡਾ. ਬਲਕਾਰ ਸਿੰਘ ਦੇ ਪੁਰਾਣੇ ਦੋਸਤ ਵੀ ਹਨ, ਕਿਉਂਕਿ ਉਹ ਵੀ ਪਟਿਆਲੇ ਦੇ ਮਹਿੰਦਰਾ ਕਾਲਜ ਤੋਂ ਪੜ੍ਹੇ ਹਨ, ਡਾ. ਬਲਕਾਰ ਸਿੰਘ ਰਾਹੀਂ ਸਿੰਘ ਸਾਹਿਬ ਨੂੰ ਮਿਲੇ। ਡਾ. ਬਲਕਾਰ ਸਿੰਘ ਪਹਿਲਾਂ ਹੀ ਡਿਕਸੀ ਗੁਰੂ ਘਰ ਦੇ ਸੱਦੇ ਤੇ ਕੈਨੇਡਾ ਪਹੁੰਚੇ ਹੋਏ ਸਨ। ਉਨ੍ਹਾਂ ਬੇਨਤੀ ਕੀਤੀ ਕਿ ਇਕ ਸ਼ਾਮ ਲੰਡਨ (ਓਂਟਾਰੀਓ ਸਟੇਟ ਦਾ ਇਕ ਸ਼ਹਿਰ) ਦੀ ਸੰਗਤ ਦੇ ਛੋਟੇ ਜਿਹੇ ਇਕੱਠ ਨੂੰ ਵੀ ਕਿਸੇ ਸੱਜਣ ਦੇ ਗ੍ਰਿਹਿ ਕੀਤੇ ਪ੍ਰਬੰਧ ਵਿਚ ਮਿਲਣ ਦੀ ਕ੍ਰਿਪਾ ਕਰੋ। ਪ੍ਰਬੰਧਕ ਇਸ ਗੱਲ ਤੇ ਥੋੜੇ ਔਖੇ ਹੋਏ ਕਿ ਇਹ ਤਾਂ ਕਾਮਰੇਡ ਕਿਸਮ ਦੇ ਲੋਕ ਹਨ, ਕਈ ਪੂਰੀ ਤਰ੍ਹਾਂ ਸਿੱਖੀ ਸਰੂਪ ਵਿਚ ਵੀ ਨਹੀਂ ਹਨ, ਇਨ੍ਹਾਂ ਨੂੰ ਕਿਉਂ ਮਿਲਿਆ ਜਾਵੇ? ਪਰ ਸਿੰਘ ਸਾਹਿਬ ਸਾਡੀ ਸਭ ਦੀ ਬੇਨਤੀ ਸੁਣ ਕੇ ਜਾਣਾ ਮੰਨ ਗਏ। ਉਥੇ ਕਈ ਪੜ੍ਹੇ-ਲਿਖੇ, ਡਾਕਟਰ, ਇੰਜੀਨੀਅਰ ਕਿਸਮ ਦੇ ਨੌਜੁਆਨਾਂ ਨੇ ਤੱਤਕਾਲੀਨ ਸਮੱਸਿਆਵਾਂ ਜਥੇਦਾਰ ਸਾਹਿਬ ਨਾਲ ਸਾਂਝੀਆਂ ਕੀਤੀਆਂ। ਮੈ ਉਨ੍ਹਾਂ ਨੂੰ ਸੁਣਦਿਆਂ ਸੋਚ ਰਹੀ ਸਾਂ ਕਿ ਗੁਰੂ ਮਹਾਰਾਜ ਨੇ ਤਾਂ ਹਰ ਸ਼ਰਧਾਵਾਨ ਲਈ ਦਰਵਾਜੇ ਖੋਲ੍ਹ ਰੱਖੇ ਸਨ, ਫਿਰ ਅਸੀਂ ਆਪਣੇ ਆਪ ਨੂੰ ਗੁਰੂ ਦੇ ਸਿੱਖ ਅਖਵਾਉਣ ਵਾਲੇ ਕਿਉਂ ਉਦਾਰਚਿੱਤ ਨਹੀਂ ਹਾਂ? ਕਿਵੇਂ ਏਨੇ ਤੰਗ-ਦਿਲ ਹੋ ਗਏ ਹਾਂ? ਗੁਰੂ ਦਾ ਤਾਂ ਅਦੇਸ਼ ਹੀ, 'ਜੋ ਜੀ ਆਵੇ ਸੋ ਰਾਜੀ ਜਾਵੇ' ਹੈ।

ਇਕ ਦਿਨ ਮਾਲਟਨ ਗੁਰੂ ਘਰ ਦੀ ਸੰਗਤ ਦੇ ਦਰਸ਼ਨ ਕਰਨ ਲਈ ਮਖਸੂਸ ਕੀਤਾ ਅਤੇ ਇਥੋਂ ਵੈਨਕੂਵਰ ਲਈ ਉਡਾਣ ਫੜੀ। ਵੈਨਕੂਵਰ ਪਹੁੰਚਦਿਆਂ ਹੀ ਸ਼ਾਮ ਦਾ ਚਾਹ-ਪਾਣੀ ਦਾ ਪ੍ਰੋਗਰਾਮ ਉਥੋਂ ਦੇ ਖਾਲਸਾ ਸਕੂਲ ਦੀ ਸ਼ਾਨਦਾਰ ਇਮਾਰਤ ਵਿਚ ਰੱਖਿਆ ਗਿਆ। ਸਕੂਲ ਵਿਚ ਪਹੁੰਚਦਿਆਂ ਹੀ ਸਵਾਗਤ ਕਰਦਿਆਂ ਪ੍ਰਿੰਸੀਪਲ ਮੇਰੇ ਕੋਲ ਆ ਕੇ ਬੋਲੇ, "ਸਿੱਖ ਧਰਮ ਵਿਚ ਸੇਵਾ ਦਾ ਸੰਕਲਪ", ਅਤੇ ਹੱਸ ਕੇ ਸਵਾਗਤੀ ਅੰਦਾਜ਼ ਵਿਚ ਕਿਹਾ, "ਡਾ. ਗੁਰਨਾਮ ਕੌਰ।" ਮੈਂ ਵੀ ਅੱਗੋਂ ਹੱਥ ਜੋੜ ਕੇ ਫ਼ਤਿਹ ਬੁਲਾਈ। ਅਸੀਂ ਚਾਹ ਦੇ ਲੰਗਰ ਤੋਂ ਪਹਿਲਾਂ ਫਿਰ-ਤੁਰ ਕੇ ਲਾਇਬ੍ਰੇਰੀ ਦੇਖ ਰਹੇ ਸਾਂ, ਜਿਥੇ ਪ੍ਰਿੰਸੀਪਲ ਨੇ ਰੈਕ ਵਿਚ ਪਈ ਮੇਰੀ ਸੰਪਾਦਤ ਪੁਸਤਕ 'ਸਿੱਖ ਧਰਮ ਵਿਚ ਸੇਵਾ ਦਾ ਸੰਕਲਪ' ਵੱਲ ਇਸ਼ਾਰਾ ਕੀਤਾ। ਵੈਨਕੂਵਰ ਵਿਚੋਂ ਇਕ ਦਿਨ 'ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ' ਵਿਚ ਡਾ. ਹਰਜੋਤ ਉਬਰਾਏ ਨਾਲ ਡਾ. ਜਸਵੀਰ ਸਿੰਘ ਮਾਨ, ਕੈਲੀਫੋਰਨੀਆ ਦੇ ਉਦਮ ਸਦਕਾ ਮੀਟਿੰਗ ਰੱਖੀ ਗਈ। ਅਸੀਂ ਡਾ. ਭਗਤ ਸਿੰਘ (ਹਿਸਟੋਰੀਅਨ) ਦੇ ਘਰ ਇਕੱਠੇ ਹੋਣਾ ਸੀ ਜਿਥੋਂ ਸਾਨੂੰ ਬੀਬੀ ਗੁਰੂ ਰਾਜ ਕੌਰ ਖ਼ਾਲਸਾ ਨੇ ਆਪਣੀ ਗੱਡੀ ਵਿਚ ਲੈ ਕੇ ਜਾਣਾ ਸੀ। ਬੀਬੀ ਗੁਰੂ ਰਾਜ ਕੌਰ ਖ਼ਾਲਸਾ ਕੈਨੇਡੀਅਨ ਸਿੱਖ ਹੈ ਜੋ ਵੈਨਕੂਵਰ ਰਹਿੰਦੀ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਨਾਰਥ ਅਮਰੀਕਾ ਦੇ ਗੋਰੇ ਲੋਕਾਂ ਨੂੰ ਸਿੱਖੀ ਦੀ ਜਾਗ ਸਵਰਗੀ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਖ਼ਾਲਸਾ ਨੇ ਲਾਈ ਹੈ। ਅਸੀਂ ਜਦੋਂ ਬੀਬੀ ਗੁਰੂ ਰਾਜ ਕੌਰ ਦੀ ਗੱਡੀ ਵਿਚ ਜਾ ਰਹੇ ਸਾਂ ਤਾਂ ਅਚਾਨਕ ਡਾ. ਕੇਹਰ ਸਿੰਘ ਪੁੱਛ ਬੈਠੇ, "ਤੁਸੀ ਯੋਗੀ ਹਰਭਜਨ ਸਿੰਘ ਜੀ ਦੇ ਸਿੱਖ ਹੋ?" ਉਹ ਇਕ ਦਮ ਬ੍ਰੇਕਾਂ ਮਾਰ ਕੇ ਬੋਲੀ, "ਵਟ ਡੂ ਯੂ ਮੀਨ? ਆਈ ਐਮ ਗੁਰੂ ਗੋਬਿੰਦ ਸਿੰਘ'ਸ ਸਿੱਖ, ਨੌਟ ਦ ਸਿੱਖ ਆਫ ਐਨੀ ਇੰਡਵਿਜੁਅਲ" ਅਤੇ ਅਸੀਂ ਉਸ ਨੂੰ ਸੌਰੀ ਬੋਲਿਆ। ਮੀਟਿੰਗ ਵਿਚ ਸਾਊਥ ਏਸ਼ੀਅਨ ਸਟੱਡੀਜ ਅਤੇ ਪੰਜਾਬੀ ਭਾਸ਼ਾ ਨਾਲ ਸਬੰਧਤ ਹੋਰ ਮੈਂਬਰ ਵੀ ਹਾਜ਼ਰ ਸਨ ਜਿਵੇਂ ਡਾ. ਸਾਧੂ ਸਿੰਘ ਬਿਨਿੰਗ ਅਤੇ ਡਾ. ਸਾਧੂ ਸਿੰਘ (ਖੇਤੀ ਯੂਨੀਵਰਸਿਟੀ ਪੰਜਾਬੀ-ਪੱਤਰਕਾਰੀ ਵਿਭਾਗ) ਜੋ ਹੁਣ ਕੈਨੇਡਾ ਵਿਚ ਸੈਟਲ ਹੋ ਗਏ ਸਨ। ਮੀਟਿੰਗ ਵਿਚ ਗੁਰੂ ਰਾਜ ਕੌਰ ਖ਼ਾਲਸਾ ਨੇ ਸਾਡੇ ਨਾਲੋਂ ਵੀ ਵੱਧ ਸਵਾਲ-ਜੁਆਬ ਹਰਜੋਤ ਉਬਰਾਏ ਨੂੰ ਕੀਤੇ ਜਿਨ੍ਹਾਂ ਦਾ ਉਸ ਕੋਲ ਕੋਈ ਉਤਰ ਨਹੀਂ ਸੀ। ਇਸ ਮੀਟਿੰਗ ਦਾ ਹੀ ਸਿੱਟਾ ਸੀ ਕਿ ਹਰਜੋਤ ਉਬਰਾਏ ਨੂੰ ਸਿੱਖ ਸਟੱਡੀ ਚੇਅਰ ਛੱਡ ਕੇ ਆਖ਼ਰ ਸੋਸ਼ਲ ਸਾਇੰਸਜ ਵਿਚ ਜਾਣਾ ਪਿਆ। ਭਾਵੇਂ ਆਪਣੀ ਸਿੱਖ ਸਿਧਾਂਤਾਂ ਦੀ ਤੋੜ-ਮਰੋੜ ਦਾ ਕੰਮ ਉਸ ਨੇ ਫੇਰ ਵੀ ਨਹੀਂ ਛੱਡਿਆ ਜਿਸ ਦਾ ਨਤੀਜਾ ਉਸ ਦੀ ਪੀ.ਐਚ. ਡੀ ਦੀ ਵਿਦਿਆਰਥਣ ਡੋਰਿਸ ਜੈਕੋਬਸ਼ ਦਾ ਥੀਸਿਸ "ਜੈਂਡਰ ਲੋਕੇਸ਼ਨ ਇਨ ਸਿੱਖ ਹਿਸਟਰੀ" ਦੇ ਰੂਪ ਵਿਚ ਸਭ ਦੇ ਸਾਹਮਣੇ ਹੈ। ਇਸ ਥੀਸਸ ਵਿਚ ਸਿੱਖ ਇਸਤਰੀ ਬਾਰੇ ਬੜੇ ਮਾੜੇ ਢੰਗ ਨਾਲ ਲਿਖਿਆ ਗਿਆ ਹੈ ਅਤੇ ਇਹ ਪੁਸਤਕ ਰੂਪ ਵਿਚ ਛਪ ਚੁੱਕਿਆ ਹੈ।

*(ਚਲਦਾ...)*

## ਸਿਆਣਿਆਂ ਦਾ ਕਿਹਾ

(1) ਜਮਹੂਰੀਅਤ ਇੱਕ ਬੁਰਕਾ ਹੈ ਜੋ ਕਦੇ ਕੋਈ ਪਹਿਨਦਾ ਹੈ ਕਦੇ ਕੋਈ। ਬੁਰਕੇ ਅੰਦਰਲਾ ਸ਼ਾਸ਼ਕ ਕਦੇ ਹਿਟਲਰ ਬਣ ਜਾਂਦਾ ਹੈ, ਕਦੇ ਮਸੋਲਨੀ, ਕਦੇ ਔਰੰਗਜੇਬ, ਕਦੇ ਇੰਦਰਾ, ਕਦੇ ਰਾਜੀਵ, ਕਦੇ ਬੇਅੰਤ ਸਿੰਘ ਅਤੇ ਰੇਅ-ਰਬੈਰੋ, ਕਦੇ ਕੇ ਪੀ ਐਸ ਗਿੱਲ। ਜਮਹੂਰੀਅਤ ਕਾਤਲਾਂ ਲਈ ਆਦਮੀ ਦੀ ਬੇਬਸੀ ਦਾ ਰੇਤਲਾ ਟਿੱਬਾ ਹੈ, ਜਿਸ ਨੂੰ ਕਦੇ ਹਵਾ ਉੱਡਾ ਕੇ ਲੈ ਜਾਂਦੀ ਹੈ ਤੇ ਕਦੇ ਤੁਫਾਨ।

(2) ਭਾਰਤੀ ਸੰਵਿਧਾਨ ਕਤਲ ਹੋ ਚੁੱਕਾ ਹੈ, ਜਮਹੂਰੀਅਤ ਜਲਾਵਤਨ ਕਰ ਦਿੱਤੀ ਗਈ ਹੈ, ਪਾਰਲੀਮੈਂਟ ਦੀਆਂ ਗੋਲ ਕੰਧਾਂ ਦੇ ਢਕੌਂਸਲੇ 'ਚ ਸਿਆਸੀ ਕਸਾਈ ਜੁੜਦੇ ਹਨ ਜੋ ਪਰਜਾ ਨੂੰ ਜਿਬਾ ਕਰਨ ਦੀਆਂ ਤਰਤੀਬਾਂ ਘੜਦੇ ਹਨ।

(3) ਭਾਰਤੀ ਲੋਕਤੰਤਰ ਗੁੰਮ ਹੋ ਗਿਆ ਹੈ ਪਰ ਕਿਤੇ ਰਿਪੋਰਟ ਦਰਜ ਨਹੀਂ। ਲੋਕਤੰਤਰ ਕਤਲ ਕਰ ਦਿੱਤਾ ਗਿਆ ਹੈ ਪਰ ਕਾਨੂੰਨ ਨੇ ਕੋਈ ਕਾਰਵਾਈ ਨਹੀਂ ਕੀਤੀ। ਸੰਵਿਧਾਨ ਪਾੜ ਦਿੱਤਾ ਗਿਆ ਪਰ ਕੁੱਝ ਨਹੀਂ ਵਾਪਰਿਆ।

(4) ਜਿੱਥੇ ਨਾਗਰਿਕ ਗਾਜਰਾਂ-ਮੂਲੀਆਂ ਵਾਂਗ ਵੱਢੇ ਟੁੱਕੇ ਜਾਣ ਉਸ ਨੂੰ ਆਪਣਾ ਮੁਲਕ ਕਹਿਣ ਨੂੰ ਕਿਸ ਦਾ ਦਿਲ ਕਰਦਾ ਹੈ?

(5) ਮੁਲਕ ਤਾਂ ਦਿਲਾਂ 'ਚ ਧੜਕਦਾ ਅਹਿਸਾਸ ਹੁੰਦਾ ਹੈ, ਜਦੋਂ ਦਿਲਾਂ ਦੀ ਧੜਕਣ 'ਤੇ ਪਾਬੰਦੀ ਲੱਗ ਜਾਵੇ ਤਾਂ ਮੁਲਕ ਦਾ ਦਮ ਘੁੱਟ ਜਾਂਦਾ ਹੈ।

(6) ਦਮ ਘੁੱਟ ਕੇ ਮਰ ਰਹੇ ਭਾਰਤ ਮੁਲਕ 'ਚ ਜਿਊਣ ਦਾ ਕੋਈ ਹੱਜ ਬਾਕੀ ਨਹੀਂ ਰਿਹਾ, ਸਭ ਪਾਸੇ ਮੌਤ ਦੇ ਬਜ਼ਾਰ ਹਨ, ਸੌਦੇਬਾਜ਼ੀ ਹੈ, ਸਵਾਰਥ ਹਨ, ਲਾਚਾਰੀ ਹੈ, ਹੰਝੂ, ਆਹਾਂ, ਹੌਕੇ, ਤਰਲੇ ਹਨ, ਸੰਗਲ, ਹੱਥਕੜੀਆਂ, ਬੰਦੂਕਾਂ ਹਨ, ਗੱਲ ਘੁਟੀਆਂ ਇਛਾਵਾਂ ਹਨ, ਚੁੱਲੇ ਵਿਚ ਸੜਦਾ ਪੇਟ ਦਾ ਸੰਤਾਪ ਹੈ।

(7) ਭਾਰਤ ਮੁਲਕ ਤਾਂ ਮਾਫੀਆ ਰਾਹੀਂ ਸਰਕਾਰਾਂ ਚਲਾਉਣ ਵਾਲਿਆਂ ਲਈ ਕਮਾਈ ਦਾ ਉਪਜਾਊ ਖੇਤ ਹੈ, ਜਿਸ ਨੂੰ ਲੋਕਾਂ ਲਈ ਬੰਜਰ ਬਣਾ ਦਿੱਤਾ ਗਿਆ ਹੈ।

(8) ਹੁਣ ਭਾਰਤ ਮੁਲਕ ਮੁਲਕ ਨਹੀਂ ਰਿਹਾ ਅਤੇ ਹਾਕਮ ਨੀਦੋਂ ਹੀ ਨਹੀਂ ਜਾਗਦੇ, ਜੋ ਜਾਗੇ ਹਨ ਉਹ ਦੇਸ਼ ਧ੍ਰੋਹੀ ਵਜੋਂ ਜਾਣੇ ਜਾਂਦੇ ਹਨ।

(9) ਲੋਥਾਂ ਦੀ ਗਿਣਤੀ ਹੋ ਸਕਦੀ ਹੈ ਪਰ ਮਰ ਗਏ ਸੁਫਨਿਆਂ ਦੀ ਨਹੀਂ।

(10) ਆਜ਼ਾਦੀ ਪੈਰਾਂ ਵਿਚ ਪਾਏ ਕਾਨੂੰਨਾਂ ਦੇ ਸੰਗਲ ਨਹੀਂ ਹੁੰਦੇ। ਆਜ਼ਾਦੀ ਮੌਤ ਦਾ ਵਪਾਰ ਨਹੀਂ ਹੈ। ਆਜ਼ਾਦੀ ਬਜ਼ਾਰ ਵਿਚ ਵਿਕਦਾ ਆਦਮੀ ਦਾ ਮਾਸ ਨਹੀਂ ਹੈ। ਆਜ਼ਾਦੀ ਤਾਂ ਜਿਉਣ ਦਾ ਸੁੱਚਾ ਸੰਕਲਪ ਹੈ।

(11) ਜਿੱਥੇ ਜ਼ਿੰਦਗੀ ਧਰਤੀ 'ਤੇ ਰੀਂਗਦੀ ਹੋਵੇ, ਨਿੱਕੇ ਨਿੱਕੇ ਬਾਲ ਜੂਠ ਦੇ ਟੁਕੜਿਆਂ 'ਤੇ ਪਲਦੇ ਹੋਣ, ਸ਼ਾਸ਼ਨ ਬੰਦੂਕ ਦੀ ਨੋਕ ਤੇ ਚਲਦਾ ਹੋਵੇ ਅਤੇ ਸ਼ਾਸ਼ਨ ਤੇ ਕਾਨੂੰਨ ਆਦਮੀ ਦੇ ਖ਼ੂਨ ਦਾ ਤਿਹਾਇਆ ਹੋਵੇ, ਉਥੇ ਅਜ਼ਾਦੀ ਦਾ ਸੰਕਲਪ ਸਾਹ ਨਹੀਂ ਲੈ ਸਕਦਾ।

(12) ਭਾਰਤ 1947 'ਚ ਵੀ ਸੜ ਰਿਹਾ ਸੀ ਅਤੇ ਅੱਜ ਵੀ ਸੜ ਰਿਹਾ ਹੈ। ਭਾਰਤ ਦੇ ਹਰ ਖਿਤੇ ਵਿਚ ਉਸ ਵਕਤ ਵੀ ਅੱਗ ਮੱਚਦੀ ਸੀ, ਹੁਣ ਵੀ ਵਿਦਰੋਹ ਦੇ ਭਾਂਬੜ ਹਨ।

(13) ਭਾਰਤ ਲਾਲ ਕਿਲੇ ਅੱਗੇ ਜੁੜੇ ਤਮਾਸ਼ਬੀਨਾਂ ਦੀ ਭੀੜ 'ਚ ਦਮ ਘੁੱਟੀ ਖਲੋਤਾ ਹੈ, ਹੌਂਕਦੀਆਂ ਸੜਕਾਂ 'ਤੇ ਦੌੜਦਾ ਭਾਰਤ ਥੱਕ ਟੁੱਟ ਚੁੱਕਾ ਹੈ। ਭਾਰਤ ਇੱਕ ਗਜ਼ ਕੱਪੜੇ ਲਈ ਮੁਥਾਜ਼ ਹੈ, 400 ਗ੍ਰਾਮ ਚੀਨੀ ਲਈ ਲਾਈਨਾਂ ਵਿਚ ਲਗਿਆ ਖਲੋਤਾ ਹੈ।

(14) ਆਜ਼ਾਦੀ ਨਾਲ ਜਿਉਣ ਦੀ ਪਹਿਲੀ ਲੋੜ ਲੜਨ ਦੀ ਇੱਛਾ ਹੈ, ਜੋ ਲੜ ਨਹੀਂ ਸਕਦੇ ਉਨ੍ਹਾਂ ਨੂੰ ਅਜ਼ਾਦੀ ਨਾਲ ਜਿਉਣ ਦਾ ਵੀ ਕੋਈ ਅਧਿਕਾਰ ਨਹੀਂ ਹੈ।

(15) ਆਦਮੀ ਦੇ ਦਿਮਾਗ ਵਿਚ ਉਸ ਵਕਤ ਦੇਸ਼ ਲਈ ਬਹੁਤ ਸਾਰੀ ਨਫਰਤ ਭਰ ਜਾਂਦੀ ਹੈ ਜਦੋਂ ਉਸ ਨੂੰ ਸਰਕਾਰੀ ਮੁਲਾਜ਼ਮਾਂ ਦੇ ਕਸਾਈਪੁਣੇ ਦਾ ਸ਼ਿਕਾਰ ਹੋਣਾ ਪੈਂਦਾ ਹੈ।

(16) ਆਦਮੀ ਦਾ ਭੇਸ ਦੇਖ ਕੇ ਉਸ ਨੂੰ ਲੋਥ ਚ ਤਬਦੀਲ ਕਰ ਦੇਣਾ ਸੱਚੇ ਬਾਗੀ ਦਾ ਧਰਮ ਨਹੀਂ ਹੁੰਦਾ।

(17) ਪਾਕਿ ਹਿੰਸਾ ਨੂੰ ਮੌਤ ਦੀ ਗਠੜੀ ਵਿਚ ਬੰਨ ਕੇ ਮਾਰਨਾ ਭਾਰਤ ਦੀ ਧਰਤੀ ਦਾ ਸਭ ਤੋਂ ਵੱਡਾ ਗੁਨਾਹ ਹੈ।

(18) ਹਿੰਸਾ ਕ੍ਰਾਂਤੀਆਂ ਦਾ ਹਥਿਆਰ ਹੈ, ਪਾਕਿ ਹਿੰਸਾ ਗੁਰੀਲਿਆਂ ਦਾ ਧਰਮ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਸਮਾਜਕ ਇਨਕਲਾਬ ਦੇ ਮੋਢੀ ਸ੍ਰੀ ਗੁਰੂ ਗੋਬਿੰਦ ਸਿੰਘ

**ਪ੍ਰਕਾਸ਼ ਪੁਰਬ 'ਤੇ**

**ਡਾ. ਜਸਪਾਲ ਸਿੰਘ**

ਅਦੁੱਤੀ ਸ਼ਖ਼ਸੀਅਤ ਦੇ ਮਾਲਕ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੇ ਕਿਸੇ ਵੀ ਪਹਿਲੂ ਦੀ ਗੱਲ ਕਰੀਏ ਤਾਂ ਕਲਮ ਜਵਾਬ ਦੇ ਜਾਂਦੀ ਹੈ। ਅੱਲਾ ਯਾਰ ਖਾਂ ਜੋਗੀ ਨੇ ਠੀਕ ਕਿਹਾ ਸੀ, 'ਇਕ ਬੁਲਬੁਲਾ ਪੂਰੇ ਸਮੁੰਦਰ ਨੂੰ ਕਿਸ ਤਰ੍ਹਾਂ ਵੇਖ ਸਕਦਾ ਹੈ। ਉਹ ਕਿਨਾਰਿਆਂ ਨੂੰ ਵੇਖੇ ਜਾਂ ਗਹਿਰਾਈ ਨੂੰ ਮਾਪੇ ਜਾਂ ਉਸ ਤੋਂ ਉਠ ਰਹੀਆਂ ਤਰੰਗਾਂ ਦੀ ਗਿਣਤੀ ਕਰੇ।' ਦਸਮ ਪਿਤਾ ਦੀ ਸ਼ਖ਼ਸੀਅਤ ਤੇ ਅਜ਼ਮਤ ਬਾਰੇ ਗੱਲ ਕਰਨਾ ਸੱਚਮੁੱਚ ਇਸ ਤਰ੍ਹਾਂ ਹੈ ਜਿਵੇਂ ਨਾਚੀਜ਼ ਜਿਹਾ ਬੁਲਬੁਲਾ, ਅਥਾਹ ਸਮੁੰਦਰ ਦਾ ਬਿਆਨ ਕਰ ਰਿਹਾ ਹੋਵੇ:

ਇਕ ਆਂਖ ਸੇ ਕਿਆ ਬੁਲਬੁਲਾ
ਕੁਲ ਬਹਿਰ ਕੋ ਦੇਖੇ।
ਸਾਹਿਲ ਕੋ, ਯਾ ਮਝਧਾਰ ਕੋ
ਯਾ ਲਹਿਰ ਕੋ ਦੇਖੇ।

ਫਿਰ ਵੀ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੇ ਉਸ ਨੁਕਤੇ ਵਲ ਧਿਆਨ ਦੇਣਾ ਜ਼ਰੂਰੀ ਹੈ ਜਿਹੜਾ ਅੱਜ ਓਨਾ ਹੀ ਪ੍ਰਸੰਗਕ ਹੈ ਜਿੰਨਾ ਉਹ ਗੁਰੂ ਸਾਹਿਬਾਨ ਦੇ ਇਤਿਹਾਸਕ ਦੌਰ ਵਿਚ ਸੀ।

'ਸ੍ਰੀ ਗੁਰੂ ਸੋਭਾ' ਦੇ ਰਚਨਾਕਾਰ ਕਵੀ ਸੈਨਾਪਤੀ ਦਾ ਗੁਰੂ ਸਾਹਿਬ ਦੇ ਜੀਵਨ ਉਦੇਸ਼ ਬਾਰੇ ਕਥਨ ਹੈ, 'ਦੁਸ਼ਟ ਬਿਡਾਰਣ ਸੰਤ ਉਬਾਰਨ, ਸਭ ਜਗ ਤਾਰਣ ਭਵ ਹਰਣੰ' ਅਰਥਾਤ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਸੰਤਾਂ ਦੀ ਰੱਖਿਆ ਕਰਨਾ ਤੇ ਧਰਮੀ ਨਿਜ਼ਾਮ ਦੀ ਕਾਇਮੀ ਦੀ ਰਾਹ ਵਿਚ ਰੁਕਾਵਟ ਪਾਉਣ ਵਾਲੇ ਦੁਸ਼ਟਾਂ ਦਾ ਨਾਸ਼ ਕਰਨਾ ਗੁਰੂ ਸਾਹਿਬ ਦੇ ਜੀਵਨ ਦਾ ਉਦੇਸ਼ ਸੀ। ਇਹ ਵੀ ਜੱਗ-ਜ਼ਾਹਰ ਹੈ ਕਿ ਇਸ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੇ ਸਾਰਾ ਜੀਵਨ ਸੰਘਰਸ਼ ਕੀਤਾ ਅਤੇ ਅਤਿ ਦੀ ਅਡੋਲਤਾ, ਦ੍ਰਿੜ੍ਹਤਾ ਤੇ ਪਰਿਪੱਕਤਾ ਦਾ ਪ੍ਰਗਟਾਵਾ ਕਰਦਿਆਂ ਆਪਣੇ ਨਿਸ਼ਾਨੇ ਵੱਲ ਵਧੀ ਗਏ। ਗੁਰੂ ਗੋਬਿੰਦ ਸਿੰਘ ਅਕਾਲ-ਪੁਰਖ ਨਾਲ ਕੀਤੇ ਅਹਿਦ ਉਪਰ ਕਿਸ ਤਰ੍ਹਾਂ ਪ੍ਰਵਾਨ ਚੜ੍ਹੇ ਹਨ, ਇਸ ਦੀ ਜਿਊਂਦੀ-ਜਾਗਦੀ ਮਿਸਾਲ ਪਟਨੇ ਵਿਚ ਪ੍ਰਕਾਸ਼ ਤੋਂ ਲੈ ਕੇ ਅਨੰਦਪੁਰ ਤੱਕ ਅਤੇ ਅਨੰਦਪੁਰ ਤਿਆਗਣ ਤੋਂ ਲੈ ਕੇ ਹਜ਼ੂਰ ਸਾਹਿਬ ਤੱਕ ਦੀ ਉਨ੍ਹਾਂ ਦੀ ਜੀਵਨ ਯਾਤਰਾ ਹੈ।

ਇਤਿਹਾਸ ਗਵਾਹ ਹੈ ਕਿ ਅਨੰਦਪੁਰ ਦਾ ਉਜਾੜਾ, ਸਾਹਿਬਜ਼ਾਦਿਆਂ ਦੀ ਸ਼ਹਾਦਤ, ਪਰਿਵਾਰ ਦਾ ਵਿਛੋੜਾ, ਗੁਰੂ ਸਾਹਿਬ ਦੇ ਦ੍ਰਿੜ੍ਹ ਸੰਕਲਪ ਨੂੰ ਡੁਲਾ ਨਹੀਂ ਸਕਿਆ। ਚਾਰੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੇਣ ਤੋਂ ਬਾਅਦ ਵੀ ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਫ਼ੁਰਮਾਉਂਦੇ ਹਨ ਕਿ ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿੱਤੇ ਗਏ, ਆਖਰ ਵਿਚ ਸ਼ਹਿਨਸ਼ਾਹੀ ਭੁਜੰਗੀ ਖਾਲਸੇ ਪਾਸੋਂ ਮਾਰ ਖਾਵੇਗੀ। ਔਰੰਗਜ਼ੇਬ ਨੂੰ ਕਹੇ ਤਾੜਨਾ ਭਰੇ ਇਹ ਬਚਨ ਗੁਰੂ ਸਾਹਿਬ ਦੇ ਬੁਲੰਦ ਹੌਸਲਿਆਂ ਦੀ ਗਵਾਹੀ ਭਰਦੇ ਹਨ- 'ਚੰਗਿਆੜੀਆਂ ਨੂੰ ਬੁਝਾਉਣ ਵਿਚ ਤੇਰੀ ਕੀ ਬਹਾਦਰੀ ਹੈ ਜਦ ਕਿ ਤੂੰ ਪ੍ਰਚੰਡ ਜਵਾਲਾ ਨੂੰ ਹੋਰ ਭੜਕਾ ਰਿਹਾ ਹੈਂ।' ਸਾਫ਼ ਇਸ਼ਾਰਾ ਖ਼ਾਲਸਾ ਪੰਥ ਵੱਲ ਸੀ।

ਰਤਾ ਗਹਿਰਾਈ ਨਾਲ ਵਿਚਾਰੀਏ ਤਾਂ ਸਪੱਸ਼ਟ ਹੋਵੇਗਾ ਕਿ ਗੁਰੂ ਸਾਹਿਬ ਦੀ ਧਰਮ ਦੇ ਪ੍ਰਚਾਰ-ਪ੍ਰਸਾਰ ਅਤੇ ਦੁਸ਼ਟਾਂ ਦੇ ਨਾਸ਼ ਦੀ ਵਿਆਪਕ ਯੋਜਨਾ ਦਾ ਵੱਡਾ ਹਿੱਸਾ ਸਮਾਜਕ ਬਦਲਾਅ ਦੇ ਇਨਕਲਾਬ ਨੂੰ ਸਮਰਪਿਤ ਸੀ। ਅਸੀਂ ਸਾਫ਼ ਵੇਖ ਸਕਦੇ ਹਾਂ ਕਿ ਗੁਰੂ ਸਾਹਿਬ ਦੀ ਜਿਸ ਗੱਲ ਨੇ ਭਾਰਤ ਦੀ ਆਮ ਜਨਤਾ ਨੂੰ ਸਭ ਤੋਂ ਵੱਧ ਅਸਰ-ਅੰਦਾਜ਼ ਕੀਤਾ, ਉਹ ਸੀ ਉਨ੍ਹਾਂ ਦੀ ਸਮਾਜਕ ਬਦਲਾਅ ਪ੍ਰਤੀ ਪ੍ਰਤੀਬੱਧਤਾ। ਉਨ੍ਹਾਂ ਦੇ ਹਰ ਬੋਲ ਅਤੇ ਹਰ ਵਿਹਾਰ ਵਿਚੋਂ ਇਹ ਵਚਨਬੱਧਤਾ ਪਰਿਪੱਕ ਹੋ ਰਹੀ ਪ੍ਰਤੀਤ ਹੁੰਦੀ ਹੈ।

ਅਸਲ ਵਿਚ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਮਨ ਮੰਦਿਰ ਵਿਚ ਇਕ ਸੰਕਲਪ ਬੜਾ ਡੂੰਘਾ ਉਤਰਿਆ ਹੋਇਆ ਸੀ। ਇਹ ਸੰਕਲਪ ਸੀ ਸਦੀਆਂ ਤੋਂ ਸ਼ੋਸ਼ਣ ਅਤੇ ਵਿਤਕਰਿਆਂ ਦੀ ਸ਼ਿਕਾਰ ਆਮ ਜਨਤਾ ਜਿਸ ਨੂੰ ਭਾਰਤੀ ਸਮਾਜੀ ਵਿਵਸਥਾ ਨੇ ਪੈਰਾਂ ਥੱਲੇ ਰੌਂਦਿਆ ਸੀ, ਨੂੰ ਸੱਤਾ ਦੇ ਸਿੰਘਾਸਨ 'ਤੇ ਪਹੁੰਚਾਉਣ ਦਾ; ਉਨ੍ਹਾਂ ਦੀ ਪਾਤਸ਼ਾਹੀ ਸਥਾਪਿਤ ਕਰਨ ਦਾ ਜਿਨ੍ਹਾਂ ਨੇ ਰਾਜਨੀਤਕ ਸੱਤਾ ਵਿਚ ਭਾਗੀਦਾਰੀ ਦਾ ਸੁਖ ਤਾਂ ਕੀ ਭੋਗਣਾ ਸੀ, ਕਦੇ ਸਮਾਜ ਵਿਚ ਸਮਾਨਤਾ ਦੇ ਅਹਿਸਾਸ ਦਾ ਸੁਖ ਨਹੀਂ ਸੀ ਭੋਗਿਆ। ਤ੍ਰਿਸਕਾਰ ਤੇ ਬੇਪਤੀ ਜਿਨ੍ਹਾਂ ਦੇ ਜੀਵਨ ਦਾ ਜ਼ਰੂਰੀ ਹਿੱਸਾ ਬਣ ਗਿਆ ਸੀ। ਆਪਣੇ ਨਾਲ ਹੋ ਰਹੇ ਅਨਿਆਂ ਨੂੰ ਜਿਨ੍ਹਾਂ ਨੇ ਰੱਬੀ ਇੱਛਾ ਕਰਕੇ ਮੰਨ ਲਿਆ ਸੀ। ਕੁਇਰ ਸਿੰਘ ਦੇ ਗੁਰ ਬਿਲਾਸ ਵਿਚ ਗੁਰੂ ਗੋਬਿੰਦ ਸਿੰਘ ਦੇ ਇਸ ਦ੍ਰਿੜ੍ਹ ਇਰਾਦੇ ਦਾ ਜ਼ਿਕਰ ਮਿਲਦਾ ਹੈ। ਜੇ ਬਾਜ ਚਿੜੀ ਨੂੰ ਮਾਰੇ ਤਾਂ ਇਹ ਕੋਈ ਪ੍ਰਭੁਤਾ ਵਾਲੀ ਗੱਲ ਨਹੀਂ, ਮੇਰਾ ਇਰਾਦਾ ਤਾਂ ਚਿੜੀਆਂ ਪਾਸੋਂ ਬਾਜ ਤੁੜਾਉਣ ਦਾ ਹੈ :

ਮੈਂ ਅਸਪਾਨਿਜ ਤਬ ਲਖੋ ਕਰੋ ਐਸ ਯੋ ਕਾਮ।
ਚਿੜੀਅਨ ਬਾਜਤੁਰਯਾ ਹੋ ਸਸੇਂ ਕਰੋਂ ਸਿੰਘ ਸਾਮ।
ਬਾਜ ਚਿੜੀ ਕਹੁ ਮਾਰ ਹੇ ਏ ਪ੍ਰਭੂਤ ਕਛੂ ਨਾਹ।



ਤਾਤੇ ਕਾਲ ਕੀਓ ਇਹੈ ਬਾਜ ਹਨੈ ਚਿੜੀਆਹ।

ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਹ ਬਚਨ ਹਮੇਸ਼ਾ ਯਾਦ ਰੱਖਣ ਵਾਲੇ ਹਨ ਜਿਹੜੇ ਉਨ੍ਹਾਂ ਤਿੰਨ ਸਦੀਆਂ ਪਹਿਲਾਂ ਕਹੇ ਸਨ ਅਤੇ ਜਿਨ੍ਹਾਂ ਨੂੰ ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਕਲਮਬੰਦ ਕੀਤਾ ਹੈ :

ਇਨ ਚਿੜੀਅਨ ਤੇ ਬਾਜ ਤੁੜਾਵੋਂ।
ਅਜਾ ਸੁਤਨ ਤੇ ਸ਼ੇਰ ਕੁਹਾਵੋਂ।
ਸਿਖਨ ਕੋ ਭੁਗਤੈ ਹੋ ਰਾਜ।
ਤਬੈ ਸਦੈ ਹੋ ਗਰੀਬ ਨਿਵਾਬ।

ਦਰਅਸਲ ਭਾਰਤੀ ਸਮਾਜ ਦੀ ਬਦਕਿਸਮਤੀ ਇਹ ਸੀ ਕਿ ਉਹ ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ ਅਤੇ ਉਸ ਨੂੰ ਇਹ ਗੁਲਾਮੀ ਓਪਰੀ ਨਹੀਂ ਸੀ ਜਾਪਦੀ। ਸ਼ਾਇਦ ਇਸ ਲਈ ਕਿ ਸਰੀਰ ਦੇ ਮੋਹ ਤੇ ਪਦਾਰਥਕ ਸੁਖਾਂ ਦੀ ਤ੍ਰਿਸ਼ਨਾ ਕਾਰਨ ਉਸ ਦੀ ਆਤਮਾ ਮਰ ਚੁੱਕੀ ਸੀ। ਅਸਲ ਵਿਚ ਸਰੀਰ ਦੇ ਮੋਹ ਕਾਰਨ ਮਨੁੱਖ ਗੁਲਾਮੀ ਸਹਿੰਦਾ ਹੈ, ਮਜ਼ਲੂਮ ਬਣ ਕੇ ਤਰਸਯੋਗ ਹਾਲਾਤ ਵਿਚ ਜਿਊਂਦਾ ਹੈ, ਸ਼ੋਸ਼ਣ ਦਾ ਕਸ਼ਟ ਭੋਗਦਾ ਹੈ ਅਤੇ ਸਾਰੀਆਂ ਬੇਇਨਸਾਫ਼ੀਆਂ ਰੱਬ ਦਾ ਭਾਣਾ ਮੰਨ ਕੇ ਆਪਣੀ ਕਿਸਮਤ ਸਮਝ ਕੇ ਬਰਦਾਸ਼ਤ ਕਰਦਾ ਹੈ। ਧਰਮ, ਭਾਸ਼ਾ ਤੇ ਸੱਭਿਆਚਾਰ ਦੀ ਬਲੀ ਦੇ ਕੇ ਆਪਣੇ ਸਰੀਰ ਦੇ ਸੁਖ ਦੇ ਸਾਧਨ ਜੁਟਾਉਂਦਾ ਹੈ।

ਸਿੱਖ ਪਰੰਪਰਾ ਦੇ ਪਿਛੋਕੜ ਵੱਲ ਜੇ ਝਾਤ ਮਾਰੀਏ ਤਾਂ ਇਹ ਤੱਥ ਬੜੇ ਪ੍ਰਭਾਵਕਾਰੀ ਢੰਗ ਨਾਲ ਨਿੱਖਰ ਕੇ ਸਾਹਮਣੇ ਆਉਂਦਾ ਹੈ ਕਿ ਸਿੱਖ ਪਰੰਪਰਾ ਦੇ ਮੁਢਲੇ ਦੌਰ ਤੋਂ ਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਭੈਅ ਮੁਕਤ ਹੋਣ ਦਾ ਉਪਦੇਸ਼ ਦਿੱਤਾ ਸੀ। ਗੁਰੂ ਨਾਨਕ ਪਾਤਸ਼ਾਹ ਨੇ ਆਪ, ਆਪਣੇ ਜੀਵਨ ਰਾਹੀਂ, ਲੋਕਾਂ ਨੂੰ ਬੇਖੌਫ਼ ਹੋ ਕੇ ਸੱਚ ਕਹਿਣ ਅਤੇ ਸੱਚ 'ਤੇ ਪਹਿਰਾ ਦੇਣ ਦਾ ਸੰਦੇਸ਼ ਦਿੱਤਾ ਸੀ। ਭਾਵੇਂ, ਇਸ ਲਈ ਉਨ੍ਹਾਂ ਨੂੰ ਆਪ ਕਈ ਵਾਰ ਖ਼ਤਰਿਆਂ ਦਾ ਸਾਹਮਣਾ ਵੀ ਕਰਨਾ ਪਿਆ। ਹਕੀਕਤਨ ਮੌਤ ਤੋਂ ਡਰਨਾ ਤੇ ਉਸ ਦੇ ਭੈਅ ਕਾਰਨ, ਸੱਚ ਦੇ ਰਾਹ ਤੋਂ ਉਖੜ ਜਾਣਾ, ਸਿੱਖੀ ਵਿਚ ਮੁੱਢੋਂ ਹੀ ਪ੍ਰਵਾਨ ਨਹੀਂ। ਇਹੋ ਭੈਅ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਕੀਤਾ ਸੀ। ਹਿੰਦੁਸਤਾਨੀ ਜਨਤਾ ਨੂੰ ਉਨ੍ਹਾਂ ਦਾ ਸੰਦੇਸ਼ ਬਹੁਤ ਸਪੱਸ਼ਟ ਸੀ। ਜੇ ਆਪਾ ਵਾਰਨ ਦੀ ਜਾਚ ਆ ਜਾਵੇ ਤਾਂ ਅਣਖ ਨਾਲ ਜਿਊਣਾ ਵੀ ਆ ਜਾਂਦਾ ਹੈ। ਰੋਜ਼ ਮਰਨ ਨਾਲੋਂ ਇਕ ਵਾਰ ਮਰਨਾ ਚੰਗਾ ਹੈ। ਇਸ ਤਰ੍ਹਾਂ ਇਕ ਵਾਰ ਮਰਨਾ ਸਦੀਵੀ ਜੀਵਨ ਬਣ ਜਾਂਦਾ ਹੈ ਅਤੇ ਹਜ਼ਾਰਾਂ ਲੱਖਾਂ ਨੂੰ ਸੁਤੰਤਰ ਜ਼ਿੰਦਗੀ ਦੇ ਜਾਂਦਾ ਹੈ।

ਇਸ ਸਾਰੇ ਤਰੱਦਦ ਦਾ ਮੁੱਖ ਮਕਸਦ ਨਵੇਂ ਸਮਾਜ ਦੀ ਸਿਰਜਣਾ ਕਰਨਾ ਸੀ। ਸਾਰੀ ਯੋਜਨਾ ਦਾ ਕੇਂਦਰੀ ਵਿਚਾਰ ਸਮਾਜਕ ਬਦਲਾਅ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਸਪੱਸ਼ਟ ਇਰਾਦਾ ਸਮਾਜੀ ਬਰਾਬਰੀ ਅਤੇ ਰਾਜਸੀ ਹਿੱਸੇਦਾਰੀ ਉਪਰ ਆਧਾਰਿਤ ਸਮਾਜ ਦੀ ਸਥਾਪਨਾ ਕਰਨਾ ਸੀ ਪਰ ਇਹ ਵੀ ਉਹ ਜਾਣਦੇ ਸਨ ਕਿ ਇਸ ਮਕਸਦ ਦੀ ਪ੍ਰਾਪਤੀ ਲਈ ਮਨੁੱਖ ਦਾ ਜ਼ਾਤੀ ਮੁਫ਼ਾਦਾਂ ਤੋਂ ਉਪਰ ਉਠ ਕੇ ਸਮਾਜੀ ਪੱਧਰ 'ਤੇ ਸਰਗਰਮ ਹੋਣਾ ਲਾਜ਼ਮੀ ਹੈ। ਆਪਣੇ ਪੈਰੋਕਾਰਾਂ ਨੂੰ ਉਨ੍ਹਾਂ ਦਾ ਸਪੱਸ਼ਟ ਆਦੇਸ਼ ਸੀ ਕਿ ਉਹ ਪੁਰਾਣੀਆਂ, ਵਿਤਕਰਿਆਂ ਭਰਪੂਰ ਸਮਾਜੀ ਮਾਨਤਾਵਾਂ ਨਾਲੋਂ ਮੁਕੰਮਲ ਤੌਰ 'ਤੇ ਨਾਤਾ ਤੋੜ ਲੈਣ ਅਤੇ ਐਸੇ ਨਵੇਂ ਆਦਰਸ਼ਕ ਸਮਾਜ ਦੇ ਰੂਪ ਵਿਚ ਸੰਗਠਿਤ ਹੋ ਜਾਣ ਜਿਹੜਾ ਜਾਤ-ਪਾਤ ਦੇ ਬੰਧਨਾਂ ਤੋਂ ਪੂਰੀ ਤਰ੍ਹਾਂ ਮੁਕਤ ਹੋਵੇ। ਇਸ ਸੰਦਰਭ ਵਿਚ ਖਾਲਸਾ ਪੰਥ ਦੀ ਸਿਰਜਣਾ ਦਾ ਅਮਲ ਵੀ ਸਮਝਣ ਵਾਲਾ ਹੈ। ਵੇਖਿਆ ਜਾ ਸਕਦਾ ਹੈ ਕਿ 'ਪੰਜ ਪਿਆਰਿਆਂ' ਵਿਚ ਤਿੰਨ ਉਨ੍ਹਾਂ ਜਾਤਾਂ ਦੇ ਸਨ ਜਿਨ੍ਹਾਂ ਨੂੰ ਪਛੜੀਆਂ ਤੇ ਨੀਵੀਆਂ ਜਾਤਾਂ ਕਿਹਾ ਜਾਂਦਾ ਹੈ। ਵੱਖ-ਵੱਖ ਇਲਾਕਿਆਂ ਤੋਂ ਆਏ, ਵੱਖ-ਵੱਖ ਜਾਤੀ ਦੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ, ਜਿਹੜਾ ਉਪਦੇਸ਼ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਿੱਤਾ ਸੀ, ਉਹੀ ਨਵੇਂ ਸਮਾਜ ਦਾ ਆਧਾਰ ਬਣ ਗਿਆ। ਗੁਰੂ ਸਾਹਿਬ ਨੇ ਸਪੱਸ਼ਟ ਤਾਕੀਦ ਕੀਤੀ ਕਿ ਖਾਲਸਾ ਪੰਥ ਵਿਚ ਸ਼ਾਮਿਲ ਹੋਣ ਲਈ ਸਿੱਖਾਂ ਨੂੰ ਪੁਰਾਣੇ ਸਮਾਜਿਕ ਬੰਧਨਾਂ ਤੋਂ ਮੁਕਤ ਹੋਣਾ ਪਵੇਗਾ। ਪੰਜ ਐਸੇ ਬੰਧਨ ਹਨ ਜਿਨ੍ਹਾਂ ਨੇ ਭਾਰਤੀ ਸਮਾਜ ਨੂੰ ਜਕੜ ਰੱਖਿਆ ਹੈ। ਇਸ ਲਈ ਗੁਰੂ ਸਾਹਿਬ ਨੇ ਨਵੀਂ ਜਥੇਬੰਦੀ ਵਿਚ ਸ਼ਾਮਿਲ ਹੋਣ ਵਾਲੇ ਸਿੱਖਾਂ ਦੇ ਪੁਰਾਣੇ ਬੰਧਨਾਂ-ਧਰਮ, ਕਰਮ, ਜਨਮ, ਸ਼੍ਰਮ (ਕੰਮ-ਕਾਰ), ਭਰਮ ਦਾ ਨਾਸ ਕਰ ਦਿੱਤਾ ਅਤੇ ਇਸ ਤਰ੍ਹਾਂ ਇਕਸਾਰ, ਹਰ ਭੇਦਭਾਵ ਤੋਂ ਮੁਕਤ ਨਵੇਂ ਸਮਾਜ ਦੀ ਸਥਾਪਨਾ ਕੀਤੀ। ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਅਨੁਸਾਰ ਪੰਜ ਪਿਆਰਿਆਂ ਦੇ ਅੰਮ੍ਰਿਤ ਸੰਸਕਾਰ ਤੋਂ ਬਾਅਦ ਆਪਣੇ ਇਰਾਦੇ ਨੂੰ ਸ਼ਬਦ ਦਿੰਦਿਆਂ ਗੁਰੂ ਸਾਹਿਬ ਨੇ ਫ਼ਰਮਾਇਆ ਸੀ:

ਗੁਰ ਘਰ ਜਨਮ ਤੁਮਾਰੇ ਹੋਏ।
ਪਿਛਲੇ ਜਾਤਿ ਵਰਣ ਸਬ ਖੋਏ।
ਜਨਮ ਕੇਸਗੜ੍ਹ ਵਾਸਿ ਅਨੰਦਪੁਰ।
ਹੋਏ ਪੂਤ ਜਾਤਿ ਤੁਮ ਸਤਿਗੁਰ।
ਚਾਰ ਵਰਣ ਕੇ ਏਕੋ ਭਾਈ।
ਧਰਮ ਖਾਲਸਾ ਪਦਵੀ ਪਾਈ।
ਹਿੰਦੂ ਤੁਰਕ ਤੈ ਯਾਹਿ ਨਿਆਰਾ।
ਸਿੰਘ ਮਜਬ ਅਬ ਤੁਮਨੇ ਧਾਰਾ।

ਇਤਿਹਾਸ ਸਾਖੀ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਸਮਾਜਿਕ ਪਰਿਵਰਤਨ ਦੇ ਅੰਦੋਲਨ ਨੇ ਭਾਰਤੀ ਸਮਾਜੀ ਵਿਵਸਥਾ ਦੀ ਨੁਹਾਰ ਨੂੰ ਬਦਲ ਦਿੱਤਾ ਸੀ। ਸਦੀਆਂ ਤੋਂ ਸ਼ੋਸ਼ਣ ਤੇ ਵਿਤਕਰੇ ਦਾ ਸ਼ਿਕਾਰ ਹੁੰਦਾ ਚਲਿਆ ਆ ਰਿਹਾ ਭਾਰਤੀ ਸਮਾਜ ਦਾ ਵੱਡਾ ਹਿੱਸਾ ਸਮਾਜੀ ਅਤੇ ਰਾਜਸੀ ਪੱਧਰ 'ਤੇ ਸੱਤਾ ਵਿਚ ਹਿੱਸੇਦਾਰੀ ਮੰਗਣ ਦੀ ਰਾਹ 'ਤੇ ਤੁਰ ਪਿਆ ਸੀ। ਨਵੀਂ ਜਾਗਰੂਕਤਾ ਪੈਦਾ ਹੋ ਗਈ ਸੀ। ਆਮ ਆਦਮੀ ਨੂੰ ਆਸ ਦੀ ਕਿਰਨ ਨਜ਼ਰ ਆਉਣੀ ਸ਼ੁਰੂ ਹੋ ਗਈ ਸੀ। ਵਿਤਕਰੇ ਦਾ ਨਜ਼ਾਮ ਚਲਾਉਣ ਵਾਲੇ ਆਗੂ-ਵਰਗ ਦੀ ਸੋਚ ਵਿਚ ਤਬਦੀਲੀ ਆਉਣ ਲੱਗ ਪਈ ਸੀ। ਸਚਮੁੱਚ ਇਹ ਬਦਲਾਅ ਹਰ ਲਿਹਾਜ਼ ਨਾਲ ਬਹੁਤ ਮਹੱਤਵਪੂਰਨ ਸੀ ਅਤੇ ਭਾਰਤੀ ਸਮਾਜ ਇਸ ਬਦਲਾਅ ਦੇ ਇਨਕਲਾਬ ਦੇ ਮੋਢੀ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦਾ ਹਮੇਸ਼ਾ ਰਿਣੀ ਰਹੇਗਾ।

# ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ

**ਡਾ. ਗੁਰਨਾਮ ਕੌਰ**

ਬਾਣੀ ਸੰਸਕ੍ਰਿਤ ਦੇ ਸ਼ਬਦ ਵਾਣੀ ਦਾ ਪੰਜਾਬੀ ਰੂਪ ਹੈ ਜਿਸ ਦੇ ਅਰਥ ਹਨ ਬੋਲੀ, ਆਵਾਜ਼, ਸੰਗੀਤ, ਅੱਖਰ, ਅਭਿਵਿਅੰਜਨ ਦਾ ਢੰਗ ਆਦਿ ਆਦਿ। ਸਿੱਖ ਧਰਮ ਚਿੰਤਨ ਅਨੁਸਾਰ ਇਸ ਦੇ ਖ਼ਾਸ ਅਰਥ ਹਨ। ਸਿੱਖ ਧਰਮ ਚਿੰਤਨ ਵਿਚ ਬਾਣੀ ਤੋਂ ਭਾਵ ਰੱਬੀ ਕਲਾਮ ਤੋਂ ਲਿਆ ਗਿਆ ਹੈ। ਬਾਣੀ ਉਹ ਗਿਆਨ ਹੈ ਜਿਹੜਾ ਗੁਰੂ ਸਾਹਿਬਾਨ ਨੂੰ ਪਰਮਾਤਮ-ਸੁਰਤਿ ਨਾਲ ਇੱਕਸੁਰਤਾ ਦੇ ਛਿਣਾਂ ਵਿਚ ਪ੍ਰਾਪਤ ਹੋਇਆ ਅਤੇ ਇਸ ਗਿਆਨ ਨੂੰ ਉਨ੍ਹਾਂ ਨੇ ਸ਼ਬਦ ਦੇ ਰੂਪ ਵਿਚ ਪਰਗਟ ਕੀਤਾ। ਇਸ ਦਾ ਅਰਥ ਇਹੀ ਬਣਦਾ ਹੈ ਕਿ ਬਾਣੀ ਰੱਬੀ ਗਿਆਨ ਹੈ। ਇਹ ਰੱਬੀ ਪ੍ਰਕਾਸ਼ਨ ਹੈ। ਇਹ ਧੁਰੋਂ ਆਈ ਹੈ, ਇਸੇ ਲਈ ਇਸ ਨੂੰ 'ਧੁਰਿ ਕੀ ਬਾਣੀ, ਅੰਮ੍ਰਿਤ ਬਾਣੀ, ਸਚੀ ਬਾਣੀ, ਸਤਿਗੁਰ ਕੀ ਬਾਣੀ' ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ ਪਰਮ ਪੁਰਖ ਪਰਮਾਤਮਾ ਆਪ ਬਾਣੀ ਦਾ ਸੋਮਾ ਹੈ, ਇਹ ਪਰਮਾਤਮ-ਪ੍ਰਕਾਸ਼ਨ ਦਾ ਇੱਕ ਤਰੀਕਾ ਹੈ, ਇੱਕ ਢੰਗ ਹੈ। ਜਪੁਜੀ ਸਾਹਿਬ ਵਿਚ ਅਧਿਆਤਮਕ ਪ੍ਰਾਪਤੀ ਲਈ ਮਨੁੱਖ ਦੀ ਪਰਮਾਤਮਾ ਵੱਲ ਲੰਬੀ ਯਾਤਰਾ ਵਿਚ ਖੰਡਾਂ ਦੀਆਂ ਪਉੜੀਆਂ ਵਿਚ ਗੁਰੂ ਨਾਨਕ ਦੇਵ ਦੱਸਦੇ ਹਨ ਕਿ ਉਸ ਤੱਕ ਪਹੁੰਚਦਿਆਂ ਵੱਖ ਵੱਖ ਪੜਾਵਾਂ 'ਤੇ ਪਰਮਾਤਮਾ ਕਿਵੇਂ ਆਪਣੇ ਆਪ ਦਾ ਪ੍ਰਕਾਸ਼ਨ ਕਰਦਾ ਹੈ ਜਿਵੇਂ, "ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥" ਅਤੇ "ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥" ਇਸ ਤੋਂ ਇਹੀ ਅਰਥ ਬਣਦਾ ਹੈ ਕਿ ਬਾਣੀ ਤੋਂ ਭਾਵ ਪਰਮ ਸਤਿ ਦਾ ਪਰਗਟਾਵਾ, ਪਰਮ ਸਤਿ ਦਾ ਪ੍ਰਕਾਸ਼ਨ ਹੈ। ਇਸੇ ਲਈ ਬਾਣੀ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਵਾਲੀ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਕਹਿੰਦੇ ਹਨ ਕਿ ਬਾਣੀ ਨੂੰ ਜੋ ਪ੍ਰਾਪਤ ਕਰ ਲੈਂਦਾ ਹੈ ਉਸ ਦੇ ਅੰਦਰੋਂ ਹਉਮੈ, ਅਗਿਆਨ ਅਤੇ ਭਰਮ ਦਾ ਨਾਸ ਹੋ ਜਾਂਦਾ ਹੈ, "ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥" (ਪੰ. 8") ਅਤੇ "ਇਕੁ ਸੁਖੁ ਮਾਨਿਆ ਸਹਜਿ ਮਿਲਾਇਆ॥ ਨਿਰਮਲ ਬਾਣੀ ਭਰਮੁ ਚੁਕਾਇਆ॥" (ਪੰ. 221) ਜਦੋਂ ਜਗਿਆਸੂ ਦਾ ਸਤਿਗੁਰੂ ਨਾਲ ਮੇਲ ਹੋ ਜਾਂਦਾ ਹੈ ਤਾਂ ਅੰਮ੍ਰਿਤ ਬਾਣੀ ਰਾਹੀਂ ਉਸ ਦਾ ਹਿਰਦਾ ਖਿੜ ਜਾਂਦਾ ਹੈ, "ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੈ ਅੰਮ੍ਰਿਤ ਬਾਣੀ॥" (ਪੰ. 243) ਬਾਣੀ ਰਾਹੀਂ ਜਗਿਆਸੂ ਅੰਦਰ ਸਤਿ ਦਾ ਪ੍ਰਕਾਸ਼ ਹੁੰਦਾ ਹੈ ਅਤੇ ਉਹ ਸੰਪੂਰਨ ਹੋ ਜਾਂਦਾ ਹੈ। ਗੁਰੂ ਨਾਨਕ ਰਾਗੁ ਤਿਲੰਗ ਵਿਚ ਇਹ ਦ੍ਰਿੜ ਕਰਵਾਉਂਦੇ ਹਨ ਕਿ ਉਹ ਆਪਣੇ ਕੋਲੋਂ ਕੁੱਝ ਨਹੀਂ ਕਹਿ ਰਹੇ, ਉਹ ਉਹੀ ਕਹਿ ਰਹੇ ਹਨ ਜਿਸ ਦਾ ਪ੍ਰਕਾਸ਼ ਉਨ੍ਹਾਂ ਨੂੰ ਅਕਾਲ ਪੁਰਖ ਵਲੋਂ ਹੋਇਆ ਹੈ, "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥ (ਪੰ. 722-23) ਉਹ ਉਹੀ ਗਿਆਨ ਲੋਕਾਈ ਨੂੰ ਦੇ ਰਹੇ ਹਨ ਜੋ ਉਨ੍ਹਾਂ ਨੇ ਅਕਾਲ ਪੁਰਖ ਤੋਂ ਪ੍ਰਾਪਤ ਕੀਤਾ ਹੈ। ਉਹ ਇਹ ਸਤਿ ਭਾਈ ਲਾਲੋ ਨੂੰ ਹਿੰਦੁਸਤਾਨ ਉਤੇ ਬਾਬਰ ਦੇ ਹਮਲੇ ਵੇਲੇ ਕਹਿ ਰਹੇ ਹਨ, ਜਿਸ ਦੇ ਹਮਲੇ ਨੂੰ ਉਨ੍ਹਾਂ ਨੇ 'ਪਾਪ ਕੀ ਜੰਞ' ਕਿਹਾ ਹੈ, ਜਿਸ ਨੇ ਹਿੰਦੁਸਤਾਨ ਦੀ ਤਬਾਹੀ ਕੀਤੀ। ਗੁਰੂ ਨਾਨਕ ਦੇਵ ਹੋਰ ਫ਼ੁਰਮਾਉਂਦੇ ਹਨ ਕਿ ਅਕਾਲ ਪੁਰਖ ਤਿੰਨਾਂ ਲੋਕਾਂ ਵਿਚ ਆਪਣੇ ਆਪ ਨੂੰ ਬਾਣੀ ਰਾਹੀਂ ਪਰਗਟ ਕਰਦਾ ਹੈ। ਜਿਸ ਮਨੁੱਖ ਉਤੇ ਅਕਾਲ ਪੁਰਖ ਦੀ ਬਖਸ਼ਿਸ਼ ਹੁੰਦੀ ਹੈ, ਉਸ ਮਨੁੱਖ ਨੂੰ ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਸਮਝ ਲੱਗਦੀ ਹੈ ਕਿ ਹਰ ਇੱਕ ਜੀਵ ਅੰਦਰ ਪਰਮਾਤਮਾ ਨਿਵਾਸ ਕਰਦਾ ਹੈ ਅਤੇ ਹਰ ਇੱਕ ਜੀਵ ਵਿਚ ਜੀਵਨ ਪਰਮਾਤਮਾ ਕਾਰਨ ਹੈ। ਅਜਿਹੇ ਮਨੁੱਖ ਨੂੰ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਿਕ ਜੀਵਨ ਦੇਣ ਵਾਲੀ ਬਾਣੀ ਦੀ ਸਮਝ ਆ ਜਾਂਦੀ ਹੈ। ਉਸ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ ਅਤੇ ਹਉਮੈ ਤੋਂ ਪੈਦਾ ਹੋਣ ਵਾਲੇ ਦੁੱਖ ਦਰਦ ਖ਼ਤਮ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਨੇ ਸਤਿਗੁਰੂ ਦੀ ਬਾਣੀ ਵਿਚ ਵਿਸ਼ਵਾਸ ਪੈਦਾ ਕਰਨ ਲਈ ਕਿਹਾ ਹੈ ਕਿਉਂਕਿ ਇਸ ਬਾਣੀ ਰਾਹੀਂ ਹੀ ਸਰਬ ਵਿਆਪਕ ਪਰਮਾਤਮਾ ਵਿਚ ਲੀਨ ਹੋ ਸਕੀਦਾ ਹੈ, "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥" (ਪੰ. 1028)

ਉਪਰ ਦਿੱਤੀ ਵਿਆਖਿਆ ਤੋਂ ਇਹ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਅਨੁਸਾਰ ਉਹ ਬਾਣੀ ਹੀ ਸੱਚੀ ਬਾਣੀ ਹੈ ਜਿਸ ਦਾ ਸੋਮਾ ਅਕਾਲ ਪੁਰਖ ਆਪ ਹੈ। ਗੁਰੂ ਘਰ ਦੇ ਵਿਰੋਧੀ ਗੁਰੂ ਪਰਿਵਾਰਾਂ ਵਿਚ ਹੀ ਪੈਦਾ ਹੋ ਗਏ ਸਨ। ਇਸ ਦੀ ਪਹਿਲੀ ਉਦਾਹਰਣ ਬਾਬਾ ਸ੍ਰੀ ਚੰਦ ਹਨ ਜਿਸ ਨੇ ਗੁਰੂ ਨਾਨਕ ਦੇ ਦੱਸੇ ਰਸਤੇ ਨੂੰ ਛੱਡ ਕੇ ਸੰਨਿਆਸ ਧਾਰਨ ਕਰ ਲਿਆ। ਰਾਮਕਲੀ ਰਾਗ ਵਿਚ ਰਾਇ ਬਲਵੰਡਿ ਅਤੇ ਸਤੇ ਡੂਮਿ ਨੇ ਆਪਣੀ ਵਾਰ ਵਿਚ ਗੁਰੂ ਨਾਨਕ ਦੇਵ ਵੱਲੋਂ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਦੇਣ ਦਾ ਜ਼ਿਕਰ ਕਰਦਿਆਂ ਇਸ ਸਬੰਧੀ ਫ਼ੁਰਮਾਇਆ ਹੈ, "ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥ ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ॥" (ਪੰ. 987) ਭਾਈ ਗੁਰਦਾਸ ਆਪਣੀ ਪਹਿਲੀ ਵਾਰ ਵਿਚ ਇਸ ਦਾ ਜ਼ਿਕਰ ਇਉਂ ਕਰਦੇ ਹਨ, "ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ॥ ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥ ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ॥ ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ॥" (1/ 38) ਤੀਸਰੀ ਨਾਨਕ ਜੋਤ ਗੁਰੂ ਅਮਰਦਾਸ ਤੱਕ ਪਹੁੰਚਦਿਆਂ ਪਹੁੰਚਦਿਆਂ ਇਹ ਵਿਰੋਧਤਾ ਏਨੀ ਪਰਬਲ ਹੋ ਗਈ ਸੀ ਕਿ ਨਾਨਕ ਛਾਪ ਹੇਠਾਂ ਕੱਚੀ ਬਾਣੀ ਦੀ ਰਚਨਾ ਗੁਰੂ ਘਰ ਦੇ ਵਿਰੋਧੀਆਂ ਵੱਲੋਂ ਸ਼ੁਰੂ ਹੋ ਗਈ ਸੀ। ਇਸ ਦਾ ਅੰਦਾਜ਼ਾ ਅਸੀਂ ਗੁਰੂ ਅਮਰ ਦਾਸ ਵਲੋਂ ਉਚਾਰੀ ਰਾਮਕਲੀ ਰਾਗ ਵਿਚ ਅਨੰਦ ਸਾਹਿਬ ਦੀ ਬਾਣੀ ਤੋਂ ਲਾ ਸਕਦੇ ਹਾਂ। ਗੁਰੂ ਅਮਰਦਾਸ ਸਿੱਖਾਂ ਨੂੰ ਸਿਰਫ਼ ਤੇ ਸਿਰਫ਼ ਸਤਿਗੁਰੂ ਰਾਹੀਂ ਪਰਗਟ ਹੋਈ ਸੱਚੀ ਬਾਣੀ ਗਾਉਣ ਦਾ ਆਦੇਸ਼ ਕਰਦੇ ਹਨ, "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥" ਇਥੇ ਤੀਸਰੇ ਪਾਤਿਸ਼ਾਹ ਨੇ ਸਪਸ਼ਟ ਕੀਤਾ ਹੈ ਕਿ ਆਪਣੇ ਗੁਰੂ ਦੀ ਬਾਣੀ ਗਾਵੋ, ਇਹ ਬਾਣੀ ਹੋਰ ਸਭ ਬਾਣੀਆਂ ਨਾਲੋਂ ਸ਼੍ਰੋਮਣੀ ਹੈ। ਇਸ ਨੂੰ ਸ਼੍ਰੋਮਣੀ ਕਿਉਂ ਕਿਹਾ ਹੈ? ਇਹ ਅਗਲੀ ਪੰਕਤੀ ਤੋਂ ਸਪਸ਼ਟ ਹੋ ਜਾਂਦਾ ਹੈ ਜਦੋਂ ਗੁਰੂ ਕਹਿੰਦੇ ਹਨ ਕਿ ਇਹ ਉਨ੍ਹਾਂ ਦੇ ਹਿਰਦੇ ਵਿਚ ਟਿਕਦੀ ਹੈ ਜਿਨ੍ਹਾਂ ਉਤੇ

*(ਬਾਕੀ ਸਫਾ 31 'ਤੇ)*

# ਇੱਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ

**ਵਿਚਾਰ-ਚਰਚਾ**

***ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਚੱਲ ਰਹੀ ਵਿਚਾਰ-ਚਰਚਾ ਦੇ ਸਿਲਸਿਲੇ ਵਿਚ ਪਿਛਲੇ ਅੰਕ ਵਿਚ ਅਸੀਂ ਸਿੱਖ ਚਿੰਤਕ ਡਾ. ਹਰਪਾਲ ਸਿੰਘ ਪੰਨੂ ਦਾ ਲੇਖ ਛਾਪਿਆ ਸੀ। ਇਸ ਵਾਰ ਅਸੀਂ ਇਸੇ ਚਰਚਾ ਨੂੰ ਅਗੇ ਤੋਰਦਿਆਂ ਸ੍ਰੀ ਕਰਮ ਬਰਸਟ ਦਾ ਇਹ ਲੇਖ ਛਾਪ ਰਹੇ ਹਾਂ। ਇਸ ਲੇਖ ਵਿਚ ਪੇਸ਼ ਕੀਤੇ ਗਏ ਵਿਚਾਰਾਂ ਨਾਲ ਸਾਡੀ ਸਹਿਮਤੀ ਜਾਂ ਅਸਹਿਮਤੀ ਜ਼ਰੂਰੀ ਨਹੀਂ ਹੈ। ਇਸ ਲੇਖ ਦੇ ਉਲਟ ਆਉਣ ਵਾਲੇ ਵਿਚਾਰਾਂ ਨੂੰ ਵੀ ਬਰਾਬਰ ਥਾਂ ਦਿੱਤੀ ਜਾਵੇਗੀ। -ਸੰਪਾਦਕ***

**ਕਰਮ ਬਰਸਟ**

'ਪੰਜਾਬ ਟਾਈਮਜ਼' ਵਿਚ ਸ੍ਰੀ ਅਜਮੇਰ ਸਿੰਘ ਦੀ ਉਘੀ ਅਤੇ ਮਿਹਨਤ ਨਾਲ ਲਿਖੀ ਗਈ ਪੁਸਤਕ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ-ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ" ਬਾਰੇ ਡਾ. ਪ੍ਰੇਮ ਸਿੰਘ, ਡਾ. ਬਲਕਾਰ ਸਿੰਘ ਅਤੇ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਨੇ ਸਾਵੀਂ ਅਤੇ ਸੰਤੁਲਿਤ ਪਹੁੰਚ ਨਾਲ ਭਾਵਪੂਰਤ ਪੜਚੋਲ ਕੀਤੀ ਹੈ। ਡਾ. ਪ੍ਰੇਮ ਸਿੰਘ ਦੇ ਪੜਚੋਲੀਆ ਵਿਸ਼ਲੇਸ਼ਣ ਅਤੇ ਡਾ. ਬਲਕਾਰ ਸਿੰਘ ਦੇ ਇਸੇ ਕਿਤਾਬ ਦੇ ਪਹਿਲਾਂ ਕੀਤੇ ਰੀਵੀਊ ਦੇ ਇਸੇ ਰਸਾਲੇ ਵਿਚ ਦੁਬਾਰਾ ਪ੍ਰਕਾਸ਼ਤ ਹੋ ਜਾਣ ਨਾਲ ਕਈ ਲੇਖਕਾਂ/ਪਾਠਕਾਂ ਨੇ ਇਸ ਬਹਿਸ ਨੂੰ ਨਿੱਜੀ ਅਤੇ ਇਕਪਾਸੜ ਜਿਹਾ ਮੋੜਾ ਦੇ ਦਿੱਤਾ ਹੈ। (ਇਨ੍ਹਾਂ ਸਤਰਾਂ ਦਾ ਲੇਖਕ ਇਨ੍ਹਾਂ ਵਿਦਵਾਨਾਂ ਦੀਆਂ ਕਹੀਆ ਗਈਆ ਸਾਰੀਆਂ ਗੱਲਾਂ ਤੇ ਦਲੀਲਾਂ ਨਾਲ ਸਹਿਮਤ ਨਹੀਂ ਹੈ) ਫੇਰ ਵੀ ਕਿਸੇ ਕਿਰਤ ਬਾਰੇ ਕੁੱਝ ਨਾ ਕੁੱਝ ਹੋਰ ਕਹਿਣ ਦੀ ਗੁੰਜਾਇਸ਼ ਹਮੇਸ਼ਾ ਬਣੀ ਰਹਿੰਦੀ ਹੈ। ਇਸ ਭਾਵਨਾ ਨਾਲ ਹੀ ਮੈਂ ਇਹ ਟਿੱਪਣੀ ਲਿਖ ਰਿਹਾ ਹਾਂ। ਕਿਸੇ ਵਿਅਕਤੀ ਵਿਸ਼ੇਸ਼ ਨੂੰ ਠੇਸ ਪਹੁੰਚਾਉਣ ਦਾ ਮੇਰਾ ਕੋਈ ਮਨਸ਼ਾ ਨਹੀਂ ਹੈ।

ਅਜਮੇਰ ਸਿੰਘ ਦੀ ਬਹਿਸ ਅਧੀਨ ਕਿਤਾਬ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਦੀ ਗੱਲ ਕਰਦੀ ਹੈ, ਲੇਕਿਨ ਇਸ ਕਿਤਾਬ ਅਤੇ ਬਾਕੀ ਦੀਆਂ ਜੁੜਵੀਆਂ ਕਿਰਤਾਂ ਦਾ ਲੇਖਨਕਾਲ ਇਕੀਵੀਂ ਸਦੀ ਤੱਕ ਜਾ ਪੁੱਜਦਾ ਹੈ। ਲੇਖਕ ਦਾ "ਸਿੱਖ ਸਟੇਟ" ਉਸਾਰਨ ਦਾ ਚਿਤਵਿਆ ਪ੍ਰਾਜੈਕਟ ਅਜੇ ਪੂਰਾ ਨਹੀਂ ਹੋ ਸਕਿਆ। ਕੁੱਝ ਲੋਕ ਅਜੇ ਵੀ ਇਸ ਪ੍ਰਾਜੈਕਟ ਨੂੰ ਹਾਸਲ ਕਰਨ ਲਈ ਟੁਟਵੀਆਂ ਕਾਰਵਾਈਆਂ ਕਰਨ ਵਿਚ ਰੁੱਝੇ ਹੋਏ ਹਨ। ਇਸ ਲਈ ਅਜਮੇਰ ਸਿੰਘ ਦੀਆਂ ਲਿਖਤਾਂ ਦੀ ਪ੍ਰਸੰਗਿਕਤਾ ਇਕੀਵੀਂ ਸਦੀ ਲਈ ਵੀ ਉਨੀ ਹੀ ਢੁਕਵੀਂ ਜਾਪਦੀ ਹੈ। ਉਸਦਾ ਸਾਰਾ ਪ੍ਰਵਚਨ ਵੱਖਰੇ ਸਿੱਖ ਰਾਜ ਦੀ ਕਾਇਮੀ ਦੇ ਦੁਆਲੇ ਘੁੰਮਦਾ ਹੈ, ਕਿਉਂਕਿ ਉਹ ਸਿੱਖਾਂ ਨੂੰ ਇਕ ਵੱਖਰੀ ਕੌਮ ਵਜੋਂ ਤਸੱਵਰ ਕਰਕੇ ਚੱਲ ਰਿਹਾ ਹੈ। ਚੇਤੇ ਰਹੇ ਕਿ 1980ਵਿਆਂ ਦੇ ਅਖ਼ੀਰ ਤੱਕ ਇਸ ਲੇਖਕ ਦੀ ਪੁਜ਼ੀਸਨ ਪੰਜਾਬੀ ਕੌਮ ਦੀ ਮੁਕਤੀ ਵਾਲੀ ਹੁੰਦੀ ਸੀ। ਖੋਜ ਅਤੇ ਵਿਚਾਰਧਾਰਕ ਪੁਜੀਸ਼ਨਾਂ ਵਜੋਂ ਲੇਖਕ ਦੀ ਇਹੀ ਕਿਤਾਬ ਹੁਣ ਤੱਕ ਹੋਈ ਬਹਿਸ ਦੀ ਅਧਾਰਸ਼ਿਲਾ ਕਹੀ ਜਾ ਸਕਦੀ ਹੈ। ਇਸ ਲਈ ਇਹ ਟਿੱਪਣੀ ਵੀ ਇਸੇ ਕਿਤਾਬ 'ਤੇ ਅਧਾਰਤ ਹੈ। (ਇਸ ਟਿੱਪਣੀ ਵਿਚ ਆਉਣ ਵਾਲੇ ਸਾਰੇ ਹਵਾਲੇ ਲੇਖਕ ਦੀ ਕਿਤਾਬ ਦੀ ਸਤੰਬਰ 2007 ਦੀ ਛਾਪ ਵਿਚੋਂ ਲਏ ਗਏ ਹਨ)

"ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਵਿਚ ਅਜਮੇਰ ਸਿੰਘ ਨੇ ਜ਼ੋਰ ਨਾਲ ਦੱਸਿਆ ਹੈ ਕਿ "ਕਿਸੇ ਵੀ ਕੌਮੀ ਭਾਈਚਾਰੇ ਦੇ ਸਮਾਜੀ ਜੀਵਨ ਅੰਦਰ ਭਾਸ਼ਾ ਕੁੰਜੀਵਤ ਸਥਾਨ ਰੱਖਦੀ ਹੈ।" ਇਕ ਸਾਂਝੀ ਭਾਸ਼ਾ ਬਗੈਰ ਕਿਸੇ ਕੌਮ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।" ਪੈਂਦੀ ਸੱਟੇ ਹੀ ਉਹ ਕਹਿ ਉਠਦਾ ਹੈ ਕਿ "ਕੌਮ ਦੇ ਉਭਰਨ, ਵਿਗਸਣ ਵਿਚ ਭਾਸ਼ਾ ਦੀ ਬੇਹੱਦ ਮਹੱਤਵਪੂਰਨ ਭੂਮਿਕਾ ਦੇ ਬਾਵਜੂਦ ਇਸ ਨੂੰ ਕੌਮੀਅਤ ਦਾ ਇਕ ਮਾਤਰ ਅਧਾਰ ਤੇ ਪ੍ਰਮਾਣ ਨਹੀਂ ਮਿੱਥਿਆ ਜਾ ਸਕਦਾ।" ਫੇਰ ਉਹ ਅਰਨੈਸਟ ਰੇਨਨ ਵਲੋਂ ਦੱਸੇ ਗਏ ਗੁਣਾਂ ਵਿਚ ਜਿਉਂਦੀ ਜਾਗਦੀ ਆਤਮਾ, ਰੂਹਾਨੀ ਸੰਗਤ, ਯਾਦਾਂ ਦੇ ਇਕ ਅਮੀਰ ਵਿਰਸੇ ਦਾ ਸਾਂਝਾ ਖਜਾਨਾ, ਹਕੀਕੀ ਰਜ਼ਾ, ਭਾਵ ਇਕਠਿਆਂ ਰਹਿਣ ਦੀ ਚਾਹ ਅਤੇ ਸਾਂਝੇ ਵਿਰਸੇ ਨੂੰ ਸੰਭਾਲ ਕੇ ਰੱਖਣ ਦਾ ਦ੍ਰਿੜ ਇਰਾਦਾ, ਭਵਿੱਖ ਦੇ ਆਦਰਸ਼ਾਂ ਦੀ ਸਾਂਝ, ਅਤੀਤ ਵਿਚ ਰਲਕੇ ਝੱਲੀਆਂ ਮੁਸੀਬਤਾਂ ਦੇ ਸਾਂਝੇ ਅਹਿਸਾਸ, ਹਾਰਾਂ ਦੇ ਦਰਦ, ਜਿੱਤਾਂ ਦੇ ਸਰੂਰ, ਸਾਂਝੀਆਂ ਖੁਸ਼ੀਆਂ ਆਦਿ ਕਾਵਿਮਈ ਟੋਟਕਿਆਂ ਨੂੰ ਕਿਸੇ ਕੌਮ ਦੇ ਜ਼ਰੂਰੀ ਲੱਛਣਾਂ ਵਿਚ ਜੋੜਨ ਲੱਗ ਪੈਂਦਾ ਹੈ। (ਸਫਾ 125)

ਆਓ, ਦੇਖੀਏ ਕਿ ਲੇਖਕ ਵਲੋਂ ਕਿਸੇ ਕੌਮ ਦੀ ਕੀਤੀ ਵਿਆਖਿਆ ਵਿਚ ਕੁੱਝ ਟੁਟਵੇਂ ਵਾਧੂ ਸ਼ਬਦ ਜੋੜਨ ਤੋਂ ਇਲਾਵਾ ਰੂਸ ਦੇ ਇਕ ਉਘੇ ਲੈਨਿਨਵਾਦੀ ਲੀਡਰ ਜੋਜ਼ਫ ਸਟਾਲਿਨ ਦੀ ਵਿਆਖਿਆ ਨਾਲੋਂ ਕਿੰਨਾ ਕੁ ਫਰਕ ਹੈ? ਉਸ ਲੀਡਰ ਨੇ ਕਿਹਾ ਸੀ, "ਇਕ ਕੌਮ ਸਾਂਝੀ ਭਾਸ਼ਾ, ਸਾਂਝੇ ਇਲਾਕੇ, ਆਰਥਿਕ ਜੀਵਨ ਅਤੇ ਰੂਹਾਨੀ ਬਣਤਰ, ਦੇ ਅਧਾਰ ਉਪਰ ਇਤਿਹਾਸਕ ਤੌਰ 'ਤੇ ਹੋਂਦ ਵਿਚ ਆਇਆ ਠੋਸ ਤੇ ਸਥਿਰ ਭਾਈਚਾਰਕ ਸਮੂਹ ਹੁੰਦਾ ਹੈ।" ਪਾਠਕੋ, ਕੀ ਲੇਖਕ ਦੇ ਗਿਣਾਏ ਲੱਛਣਾਂ ਨਾਲੋਂ ਕੋਈ ਫਰਕ ਦਿਸਦਾ ਹੈ? ਭਾਸ਼ਾ ਬਾਰੇ ਲੇਖਕ ਨੂੰ ਪਹਿਲਾਂ ਹੀ ਕੋਈ ਇਤਰਾਜ਼ ਨਹੀਂ। 'ਕੱਠਿਆਂ ਰਹਿਣ ਦੀ ਚਾਹ ਵੀ ਤਾਂ ਹੀ ਆਵੇਗੀ, ਜੇਕਰ ਉਹ ਪਹਿਲਾਂ ਹੀ ਸਦੀਆਂ ਤੋਂ ਸਾਂਝੇ ਇਲਾਕੇ ਵਿਚ ਰਹਿ ਰਹੇ ਹੋਣਗੇ, ਸਾਂਝਾ ਵਿਰਸਾ, ਸਾਂਝੀਆਂ ਮੁਸੀਬਤਾਂ, ਆਦਰਸ਼ਾਂ ਦੀ ਸਾਂਝ ਅਤੇ ਅਤੀਤ ਦੇ ਅਹਿਸਾਸਾਂ ਦੀ ਸੋਝੀ, ਹਾਰਾਂ ਦੇ ਦਰਦ, ਜਿੱਤਾਂ ਦੇ ਸਰੂਰ, ਸਾਂਝੀਆਂ ਖੁਸ਼ੀਆਂ ਅਤੇ ਭਵਿਖ ਦੇ ਸਾਂਝੇ ਸੁਪਨੇ ਵੀ ਤਦ ਹੀ ਹੋਣਗੇ, ਜੇਕਰ ਉਨ੍ਹਾਂ ਦਾ ਇਤਿਹਾਸ ਸਾਂਝਾ ਹੋਵੇਗਾ, ਸਭਿਆਚਾਰ ਸਾਂਝਾ ਹੋਵੇਗਾ। ਜਾਪਦਾ ਹੈ ਇਥੇ ਲੇਖਕ ਨੂੰ ਲੈਨਿਨਵਾਦੀ ਲੀਡਰ ਦਾ ਨਾਮ ਲੈਣ ਵਿਚ ਸ਼ਰਮ ਮਹਿਸੂਸ ਹੁੰਦੀ ਹੈ, ਕਿਉਂਕਿ ਇਹਦੇ ਵਿਚ ਉਸਦੇ ਅਤੀਤ ਦੀ ਕੋਈ ਘੁੰਡੀ ਜਾਂ ਕਮਤਰੀ ਦਾ ਅਹਿਸਾਸ ਛੁਪਿਆ ਲੱਗਦਾ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਲੇਖਕ ਲਈ ਜਿਥੇ ਸਾਂਝੀ ਭਾਸ਼ਾ ਅੜਿੱਕਾ ਬਣਦੀ ਹੈ ਉਥੇ ਉਹਦੇ ਲਈ ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ ਆਦਿ ਨੂੰ ਵੱਖ ਵੱਖ ਕੌਮਾਂ ਵਿਚ ਵੰਡਣਾ ਮੁਸ਼ਕਲ ਹੋ ਜਾਂਦਾ ਹੈ, ਜਿਥੇ ਇਲਾਕੇ ਦੀ ਸਾਂਝ ਅੜਿੱਕਾ ਬਣਦੀ ਹੈ, ਉਥੇ ਬੰਗਲਾ ਦੇਸ਼ ਨੂੰ ਮੂਹਰੇ ਲੈ ਆਉਂਦਾ ਹੈ। ਜਿਥੇ ਧਰਮ ਅੜਿੱਕਾ ਬਣਦਾ ਹੈ, ਉਥੇ ਉਸ ਕੋਲ ਜਵਾਬ ਹੀ ਨਹੀਂ ਬਚਦਾ ਜਦਕਿ ਉਸਦਾ ਸਾਰਾ ਜ਼ੋਰ ਤਾਂ ਸਿਰਫ ਧਰਮ ਦੇ ਅਧਾਰ 'ਤੇ ਹੀ ਸਿੱਖਾਂ ਨੂੰ ਕੌਮ ਬਣਾਉਣ 'ਤੇ ਲੱਗਿਆ ਹੋਇਆ ਹੈ। ਲੇਕਿਨ ਸਾਡੇ ਲੇਖਕ ਨੂੰ ਤਾਂ ਸਿੱਖ ਕੌਮ ਲਈ ਇਕ ਵੱਖਰਾ ਦੇਸ਼ ਚਾਹੀਦਾ ਹੈ। ਕਿਉਂ? ਕਿਉਂਕਿ ਲੇਖਕ ਮੁਤਾਬਕ 1857 ਦੇ ਗਦਰ ਵੇਲੇ ਸਿੱਖ ਕੌਮ ਦੀ ਅੰਤਰ ਆਤਮਾ ਨੇ ਹਿੰਦੁਸਤਾਨ ਨੂੰ ਆਪਣਾ ਮੁਲਕ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਕੀ ਇਤਿਹਾਸ ਦਾ ਕੋਈ ਪਾਠਕ ਲੇਖਕ ਦੀ ਗੱਲ 'ਤੇ ਯਕੀਨ ਕਰ ਸਕਦਾ ਹੈ? ਫੇਰ ਸਿੱਖ ਪੰਥ ਦੇ ਉਹ ਕਿਹੜੇ 'ਯੋਧੇ' ਸਨ ਜਿਹੜੇ ਸਿੱਖ ਰਾਠਸ਼ਾਹੀ ਦੀ ਕਮਾਨ ਹੇਠਾਂ ਬਾਗੀਆਂ ਨੂੰ ਕੁਚਲਣ ਲਈ ਅੰਗਰੇਜ਼ਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਲੜੇ ਸਨ? ਲੇਖਕ ਸਿੱਖਾਂ ਦੀਆਂ ਅੰਗਰੇਜ਼ ਭਗਤੀ ਦੀਆਂ ਅਨੇਕਾਂ ਉਦਾਹਰਣਾਂ ਦਿੰਦਾ ਹੈ।

ਉਸ ਨੇ ਮੌਂਟੇਗ-ਚੈਲਮਜ਼ਫੋਰਡ ਰਿਪੋਰਟ (1918) ਦੇ ਹਵਾਲੇ ਨਾਲ ਦੱਸਿਆ ਹੈ ਕਿ "ਸਿੱਖ... ਭਾਰਤੀ ਫੌਜ ਨੂੰ ਬਹਾਦਰ ਅਤੇ ਬਹੁਮੁੱਲਾ ਅੰਸ਼ ਮੁਹੱਈਆ ਕਰਦੇ ਹਨ।" (ਸਫਾ 22) "ਪਹਿਲੀ ਸੰਸਾਰ ਜੰਗ ਛਿੜਨ ਨਾਲ ਗੁਰਦੁਆਰਾ ਰਕਾਬਗੰਜ ਦਾ ਮਸਲਾ ਆਰਜ਼ੀ ਤੌਰ 'ਤੇ ਦੱਬ ਗਿਆ ਸੀ," ਕਿਉਂਕਿ ਮਸਲਾ ਮਘਾਈ ਰੱਖਣ ਨਾਲ ਰਈਸਾਂ ਦੀ ਅੰਗਰੇਜ਼ ਭਗਤੀ ਨੂੰ ਆਂਚ ਆਉਂਦੀ ਸੀ। "ਗੁਰਦੁਆਰਾ ਸੁਧਾਰ ਲਹਿਰ ਦਾ ਸੁਭਾਵਕ ਵਹਿਣ ਸਰਕਾਰ ਵਿਰੋਧੀ ਘੱਟ ਅਤੇ ਹਿੰਦੂਵਾਦ ਵਿਰੋਧੀ ਜ਼ਿਆਦਾ ਸੀ" (ਸਫਾ 43) ਇਕ ਪਾਸੇ ਤਾਂ ਇਹ ਦਲੀਲ ਉਭਰਦੀ ਹੈ, ਕਿ ਨਿਰਮਲੇ, ਉਦਾਸੀਆਂ ਅਤੇ ਨਿਰੰਕਾਰੀਆਂ ਦੇ ਅਨੇਕਾਂ ਮਤਾਂ-ਮਤਾਂਤਰਾਂ ਨੇ ਉਸ ਦੌਰ ਵਿਚ ਸਿੱਖ ਗੁਰਧਾਮਾਂ ਅਤੇ ਸਿੱਖਾਂ ਦੇ ਧਰਮ ਗ੍ਰੰਥਾਂ ਨੂੰ ਸੰਭਾਲ ਕੇ ਰੱਖਿਆ, ਜਦੋਂ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਲੋਕ ਸਿਧਾਰਨ ਤੋਂ ਬਾਅਦ ਬੰਦਾ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋ ਜਾਣ ਤੱਕ ਕਮਜ਼ੋਰ ਪੈ ਚੁੱਕੀ ਮੁਗ਼ਲਸ਼ਾਹੀ ਨਾਲ ਲਹੂ-ਵੀਟਵੀਂਆਂ ਜੰਗਾਂ ਵਿਚ ਉਲਝੇ ਹੋਏ ਸਨ। ਫੇਰ ਭਲਾ ਹਿੰਦੂਆਂ ਨੇ ਸਿੱਖਾਂ ਦਾ ਕੀ ਵਿਗਾੜ ਦਿੱਤਾ ਸੀ? ਜਾਂ ਕੀ ਸਿੱਖਾਂ ਨੂੰ ਉਨ੍ਹਾਂ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਅਨੰਦ ਮਿਲਦਾ ਸੀ, ਜਿਨ੍ਹਾਂ ਨੇ ਉਨ੍ਹਾਂ ਦਾ ਰਾਜਭਾਗ ਖੋਹ ਕੇ "ਘਸਿਆਰੇ" ਬਣਾ ਦਿੱਤਾ ਸੀ? ਲੇਕਿਨ ਫੇਰ ਅਚਾਨਕ ਹੀ "ਸਿੱਖ ਭਾਈਚਾਰੇ ਅੰਦਰ ਨਵੀਂ ਸੋਚ ਤੇ ਨਵੀਆਂ ਭਾਵਨਾਵਾਂ ਪੈਦਾ ਹੋਣ ਲੱਗੀਆਂ ਅਤੇ ਉਸ ਨੂੰ ਧਾਰਮਿਕ ਮਾਮਲਿਆਂ ਵਿਚ ਸਰਕਾਰ ਦੀ ਦਖਲਅੰਦਾਜ਼ੀ ਰੜਕਣ ਲੱਗ ਪਈ ਅਤੇ ਉਹ ਉਸ ਨੂੰ ਕੌਮੀ ਅਪਮਾਨ ਦੇ ਰੂਪ ਵਿਚ ਦੇਖਣ ਲੱਗੇ।" (ਸਫਾ 42) ਬਿਲਕੁਲ ਹੀ ਨਾਲ ਜੁੜਵੇਂ ਸਫਿਆਂ ਅੰਦਰ ਲੇਖਕ ਦੀਆਂ ਇਹ ਆਪਾ-ਵਿਰੋਧਤਾਈਆਂ ਕੀ ਪ੍ਰਗਟ ਕਰਦੀਆਂ ਹਨ? ਡਾ. ਬਲਕਾਰ ਸਿੰਘ ਨੇ ਠੀਕ ਹੀ ਬੁੱਝਿਆ ਹੈ ਕਿ ਜਦੋਂ ਕੋਈ ਵਿਅਕਤੀ ਇਤਿਹਾਸ ਨੂੰ ਟੁਕੜਿਆਂ ਵਿਚ ਰੱਖ ਕੇ ਵਾਚਦਾ ਹੈ ਤਾਂ ਉਸ ਦਾ ਇਹੀ ਹਸ਼ਰ ਹੁੰਦਾ ਹੈ।

ਲੇਖਕ ਮੁਤਾਬਕ ਤਾਂ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੀ ਸਿੱਖ ਲੀਡਰਸ਼ਿਪ "ਕਿਸੇ ਵੀ ਸੂਰਤ ਵਿਚ ਅੰਗਰੇਜ਼ ਸਰਕਾਰ ਨਾਲ ਟਕਰਾਓ ਦੇ ਹੱਕ ਵਿਚ ਨਹੀਂ ਸੀ.. ਕਿਉਂਕਿ ਉਨ੍ਹਾਂ ਨੂੰ ਸਿੱਖ ਕੌਮ ਵਰਗੀ ਨਿਗੂਣੀ ਘੱਟ ਗਿਣਤੀ ਦੇ ਇਸ ਰਾਹ ਪੈ ਜਾਣ ਨਾਲ ਵੱਡੇ ਖ਼ਤਰੇ ਅਤੇ ਤਬਾਹੀ ਨਜ਼ਰ ਆਉਂਦੀ ਸੀ.. ਉਨ੍ਹਾਂ ਵੱਲੋਂ ਗ਼ਦਰ ਪਾਰਟੀ ਦੀ ਅਤੇ ਬਾਅਦ ਵਿਚ ਬੱਬਰ ਅਕਾਲੀ ਲਹਿਰ ਸਮੇਤ ਸਭਨਾਂ ਸਰਕਾਰ ਵਿਰੋਧੀ ਹਿੰਸਕ ਰੁਝਾਨਾਂ ਦੀ ਕੱਟੜ ਮੁਖਾਫ਼ਲਤ ਨੂੰ, ਨਿਰਾਪੁਰਾ ਝੋਲੀਚੱਕਪੁਣਾ ਕਹਿ ਕੇ ਨਿੰਦਣ ਦੀ ਬਜਾਏ, ਇਸ ਦ੍ਰਿਸ਼ਟੀਕੋਣ ਤੋਂ ਵੀ ਵੇਖਣ ਤੇ ਸਮਝਣ ਦੀ ਲੋੜ ਹੈ।" (ਸਫ਼ਾ 45) ਕੋਈ ਪੁੱਛਣ ਵਾਲਾ ਹੋਵੇ, ਜੇਕਰ ਲੇਖਕ ਦਾ ਇਹੀ ਦ੍ਰਿਸ਼ਟੀਕੋਣ ਅੰਗਰੇਜ਼ਾਂ ਵੇਲੇ ਦਰੁਸਤ ਸੀ, ਤਾਂ 1947 ਤੋਂ ਬਾਅਦ ਦੀ ਅਤੇ ਖਾਸ ਕਰਕੇ 1980ਵਿਆਂ ਦੀ ਸਿੱਖ ਲੀਡਰਸ਼ਿਪ ਲਈ ਮੁਆਫ਼ਕ ਕਿਉਂ ਨਹੀਂ ਸੀ? ਜੇਕਰ ਉਨ੍ਹਾਂ ਦੇ ਮਨਾਂ ਅੰਦਰ ਅੰਗਰਜ਼ ਸਰਕਾਰ ਵਿਰੁੱਧ ਰੜਕ ਪੈਦਾ ਹੋ ਹੀ ਗਈ ਸੀ, ਫੇਰ ਕੌਮੀ ਅਪਮਾਨ ਸਹਿਣਾ ਦਸਮ ਪਿਤਾ ਦੇ ਕਿਹੜੇ ਸਿੱਖਾਂ ਨੂੰ ਵਾਰਾ ਖਾਂਦਾ ਸੀ? ਹੋਰ ਸੁਣੋ, "ਪਹਿਲੀ ਸੰਸਾਰ ਜੰਗ ਦੌਰਾਨ ਬਰਤਾਨਵੀ ਹਕੂਮਤ ਨੂੰ ਸਿੱਖ ਕੌਮ ਦਾ ਬਹੁਤ ਵੱਡਾ ਸਮਰਥਨ ਮਿਲਿਆ... ਖਾਸ ਕਰਕੇ ਵੱਡੇ ਸਿੱਖਾਂ, ਸਿੰਘ ਸਭਾਵਾਂ, ਚੀਫੀਆਂ, ਮਹੰਤਾਂ, ਸੇਵਾਦਾਰਾਂ, ਰਿਆਸਤੀ ਰਾਜ ਘਰਾਣਿਆਂ, ਸਰਦਾਰਾਂ, ਜ਼ੈਲਦਾਰਾਂ ਨੇ ਆਪਣਾ ਅਸਰ ਰਸੂਖ ਵਰਤਦਿਆਂ ਹੋਇਆਂ ਵੱਡੀ ਪੱਧਰ 'ਤੇ ਫੌਜੀ ਭਰਤੀ ਕਰਵਾਈ.. ਜੰਗ ਦੇ ਖ਼ਾਤਮੇ ਤੱਕ ਇਕੱਲੇ ਸਿੱਖਾਂ ਦੀ ਭਰਤੀ ਇਕ ਲੱਖ ਤੋਂ ਉਪਰ ਪਹੁੰਚ ਗਈ ਸੀ।" (ਸਫ਼ਾ 46)

ਕਮਾਲ ਹੈ, ਇਕ ਪਾਸੇ ਲੇਖਕ ਟੋਡੀਆਂ ਦੀਆਂ, ਸਿੱਖ ਫੌਜੀਆਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਦਾ ਹੈ, ਕਦੇ ਉਨ੍ਹਾਂ ਨੂੰ 'ਮਾਂਗਵੀਂ ਧਾੜ' ਦੱਸਦਾ ਹੈ, ਕਦੇ ਸਿੱਖਾਂ ਨੂੰ ਨਿਗੂਣੀ ਘੱਟ ਗਿਣਤੀ ਦੱਸਦੇ ਹੋਏ ਉਨ੍ਹਾਂ ਦੀ ਵਸੋਂ ਦੇ ਅਨੁਪਾਤ ਵਿਚ ਅੰਗਰੇਜ਼ਾਂ ਲਈ ਕੀਤੀਆਂ ਕੁਰਬਾਨੀਆਂ ਦਾ ਹਾਕਮਾਂ ਵੱਲੋਂ ਉਚਿਤ ਮੁੱਲ ਨਾ ਪਾਉਣ ਦਾ ਮਿਹਣਾ ਮਾਰਦਾ ਹੈ, ਅਤੇ ਫੇਰ ਕੁੱਲ ਤੋਂ ਪਹਿਲੇ ਅਤੇ ਬੁਨਿਆਦੀ ਤੌਰ 'ਤੇ ਇਸੇ ਸਰਕਾਰ ਭਗਤ, ਲੇਕਿਨ ਨਿਗੂਣੀ ਘੱਟ ਗਿਣਤੀ "ਸਿੱਖ ਕੌਮ" ਲਈ ਵੱਖਰੇ ਸਿੱਖ ਰਾਜ ਦੀ ਮੰਗ ਕਰਦਾ ਹੈ। ਅੰਗਰੇਜ਼ ਭਗਤ ਰਈਸਾਂ, ਰਜਵਾੜਿਆਂ ਨੂੰ ਪਿੱਛੇ ਧੱਕ ਕੇ ਅੱਗੇ ਆਈ ਖਾੜਕੂ ਸਿੱਖ ਲੀਡਰਸ਼ਿਪ ਨੂੰ ਅਖੌਤੀ ਹਿੰਦੂ ਰਾਜ ਦੀ ਭਗਤੀ ਕਰਨ ਬਦਲੇ ਪਾਣੀ ਪੀ ਪੀ ਕੇ ਕੋਸਦਾ ਹੈ। ਫੇਰ ਵੀ ਵੱਖਰੇ ਸਿੱਖ ਰਾਜ ਦੀ ਮੰਗ ਕੀਤੀ ਜਾਂਦੀ ਹੈ, ਕਿਉਂਕਿ ਲੇਖਕ ਅਨੁਸਾਰ ਸਿੱਖਾਂ ਨੇ ਹਰ ਮੋੜ 'ਤੇ ਅੰਗਰੇਜ਼ ਹਕੂਮਤ ਦੀ ਅਤੇ ਬਾਅਦ ਵਿਚ "ਹਿੰਦੂ ਰਾਜ" ਦੀ ਦੱਬ ਕੇ ਚਾਕਰੀ ਕੀਤੀ ਹੈ। ਜੇਕਰ ਇਸ ਤਰ੍ਹਾਂ ਅਜ਼ਾਦੀ ਨਹੀਂ ਦੇਣੀ, ਤਾਂ ਸਾਡੇ ਕੋਲ ਹੋਰ ਵੀ ਇਕ ਸਿੱਕੇਬੰਦ ਦਲੀਲ ਹੈ। "ਸਿੱਖ ਕੌਮ ਨੂੰ ਇਸ ਕਰਕੇ ਹੀ ਵੱਖਰਾ ਰਾਜ ਦੇ ਦਿਓ, ਕਿਉਂਕਿ ਉਸ ਨੇ ਅਜ਼ਾਦੀ ਦੀ ਲੜਾਈ ਵਿਚ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਸਨ।" "ਸਿੱਖ ਕੌਮੀਆਂ" ਦੀਆਂ ਦਲੀਲਾਂ ਦਾ ਜੇ ਕਿਸੇ ਨੂੰ ਕੋਈ ਮੂੰਹ ਸਿਰ ਦਿਸਦਾ ਹੋਵੇ, ਤਾਂ ਕਿਰਪਾ ਕਰਕੇ ਪਾਠਕਾਂ ਨੂੰ ਜ਼ਰੂਰ ਦਿਖਾਉਣ ਦੀ ਮਿਹਰਬਾਨੀ ਕਰੇ!!

19ਵੀਂ ਸਦੀ ਦੇ ਅਖੀਰਲੇ ਦਹਾਕੇ ਅਤੇ 20ਵੀਂ ਸਦੀ ਦੇ ਦੂਜੇ ਦਹਾਕੇ ਖਾਸ ਕਰਕੇ ਮਹਾਤਮਾ ਗਾਂਧੀ ਦੀ ਅਗਵਾਈ ਹੇਠਲੀ ਕਾਂਗਰਸ ਪਾਰਟੀ ਪ੍ਰਤੀ ਲੇਖਕ ਦੀ ਅੰਨ੍ਹੀ ਨਫ਼ਰਤ ਹਰੇਕ ਸਫ਼ੇ 'ਤੇ ਫੈਲੀ ਪਈ ਹੈ। ਕਿਸੇ ਲੇਖਕ ਲਈ ਕਿਸੇ ਆਗੂ ਜਾਂ ਪਾਰਟੀ ਲਈ ਔਖ ਪੈਦਾ ਹੋਣੀ ਮਾੜੀ ਗੱਲ ਨਹੀਂ, ਬਸ਼ਰਤੇ ਕਿ ਇਹ ਠੋਸ ਤੱਥਾਂ 'ਤੇ ਅਧਾਰਤ ਹੋਵੇ। ਕਾਂਗਰਸ ਪਾਰਟੀ ਵੱਲੋਂ ਸਿੱਖਾਂ ਨੂੰ ਅੰਗਰੇਜ਼ ਵਿਰੋਧੀ ਅੰਦੋਲਨ ਵਿਚ ਸ਼ਾਮਲ ਕਰਨ ਦੀ ਕਿਸੇ ਵੀ ਕੋਸ਼ਿਸ਼ ਵਿਚੋਂ ਲੇਖਕ ਨੂੰ "ਬ੍ਰਾਹਮਣਵਾਦ" ਦੇ ਖ਼ਾਰੇ ਸਮੁੰਦਰ ਵਿਚ ਜਜ਼ਬ ਕਰਨ ਦੀ ਬੋਅ ਆਉਂਦੀ ਹੈ। ਜ਼ਿੰਦਗੀ ਦੇ ਕੀਮਤੀ ਵਰ੍ਹੇ, ਜਮਾਤੀ ਸੰਘਰਸ਼ ਦੇ ਲੇਖੇ ਲਾਉਣ ਵਾਲੇ ਲੇਖਕ ਦੇ ਅਜਿਹੇ ਤਰਕ ਵਿਹੂਣੇ ਨਿਰਣੇ ਅਜਮੇਰ ਸਿੰਘ ਅਤੇ ਉਸਦੀ ਕਲਪੀ ਹੋਈ "ਸਿੱਖ ਕੌਮ" ਦਾ ਕੁੱਝ ਸੰਵਾਰ ਸਕਣਗੇ ਜਾਂ ਨਹੀਂ, ਲੇਕਿਨ ਇਤਿਹਾਸ ਅਤੇ ਰਾਜਨੀਤਕ ਅਰਥਸ਼ਾਸਤਰ ਦੇ ਵਿਦਿਆਰਥੀਆਂ ਲਈ ਇਹ ਕਿਸੇ ਕੰਮ ਨਹੀਂ ਆਉਣ ਲੱਗੇ।

ਲੇਖਕ ਦਾ ਝੋਰਾ ਹੈ ਕਿ ਹਿੰਦੂਆਂ ਨੇ ਅੰਗਰੇਜ਼ਾਂ ਵੱਲੋਂ ਸ਼ੁਰੂ ਕੀਤੀ ਆਧੁਨਿਕ ਵਿਦਿਅਕ ਪ੍ਰਣਾਲੀ ਦਾ ਲਾਹਾ ਲੈ ਕੇ, ਰਾਜਤੰਤਰ ਦੀਆਂ ਸਾਰੀਆਂ ਚੂਲਾਂ 'ਤੇ ਕਬਜ਼ਾ ਕਰ ਲਿਆ। ਮੈਕਾਲੇ ਵੱਲੋਂ ਸ਼ੁਰੂ ਕੀਤੀ ਇਹ ਆਧੁਨਿਕ ਵਿਦਿਅਕ ਪ੍ਰਣਾਲੀ ਕਿਹੋ ਜਿਹੀ ਅਤੇ ਕਿਸ ਮੰਤਵ ਲਈ ਸੀ, ਲੇਖਕ ਭਲੀਭਾਂਤ ਜਾਣਦਾ ਹੈ। ਪ੍ਰੰਤੂ ਉਹ ਇਹ ਦੱਸਣਾ ਭੁਲ ਜਾਂਦਾ ਹੈ, ਕਿ ਸਿੱਖਾਂ ਦਾ ਪਤਵੰਤਾ ਵਰਗ ਵੀ ਇਸ ਆਧੁਨਿਕ ਵਿਦਿਆ ਤੋਂ ਨਿਰਲੇਪ ਨਹੀਂ ਰਿਹਾ। ਉਸ ਵੇਲੇ ਪੇਂਡੂ ਸਮਾਜ ਵਿਚਲੀ ਜਮਾਤੀ ਵੰਡ ਹੀ ਇੰਨੀ ਤਿੱਖੀ ਸੀ ਕਿ ਆਮ ਸਿੱਖ ਕਾਸ਼ਤਕਾਰਾਂ ਲਈ ਤਾਂ ਭੋਇੰ ਦੇ ਮਾਲੀਏ ਭਰਨੇ ਵੀ ਮੁਸ਼ਕਲ ਸਨ, ਦਲਿਤ ਭਾਈਚਾਰੇ ਦੀ ਤਾਂ ਗੱਲ ਹੀ ਛੱਡ ਦੇਈਏ। ਅਨਪੜ੍ਹ ਪੇਂਡੂਆਂ ਦੀ ਤਾਂ ਪੁੱਛ ਹੀ ਉਦੋਂ ਪਈ, ਜਦੋਂ ਅੰਗਰੇਜ਼ਾਂ ਨੂੰ 'ਮਾਂਗਵੀਂ ਧਾੜ' ਦੀ ਲੋੜ ਪਈ। "ਸਿੱਖ ਕੌਮ" ਦੇ ਪਹਿਲੇ ਅਜ਼ਾਦ ਰਾਜ ਵਿਚ ਵੀ ਇਸ 'ਮਾਂਗਵੀਂ ਧਾੜ' ਨੂੰ ਹਰੀ ਸਿੰਘ ਨਲੂਏ ਦੀ ਕਮਾਨ ਹੇਠਾਂ ਅਫ਼ਗਾਨੀਆਂ ਅਤੇ ਕਸ਼ਮੀਰੀਆਂ ਨੂੰ ਕੁੱਟਣ ਦੇ ਕੰਮ ਲਿਆਂਦਾ ਗਿਆ। ਇਸੇ 'ਮਾਂਗਵੀਂ ਧਾੜ' ਨੂੰ ਜਦੋਂ ਬਰਤਾਨਵੀਆਂ ਦੀ ਨਵੀਆਂ ਯੁੱਧ ਤਕਨੀਕਾਂ ਨਾਲ ਸਿਖਿਅਤ, ਆਧੁਨਿਕ ਹਥਿਆਰਾਂ ਅਤੇ ਯੁੱਧ ਕਲਾ ਨਾਲ ਲੈਸ ਫੌਜ ਨਾਲ ਪੈਰਗੱਡਵੀਆਂ ਜੰਗਾਂ ਦਾ ਸਾਹਮਣਾ ਕਰਨਾ ਪਿਆ, ਤਾਂ ਉਹ ਇਤਿਹਾਸਕ ਤੌਰ 'ਤੇ ਹਾਰ ਜਾਣ ਲਈ ਸਰਾਪੀ ਹੋਈ ਸੀ, ਡੋਗਰਿਆਂ ਅਤੇ ਬਿਹਾਰੀਆਂ ਦੇ ਸਿਰ ਤਾਂ ਐਵੇਂ ਭਾਂਡਾ ਭੰਨਿਆ ਜਾ ਰਿਹਾ ਹੈ। ਇਸ ਸਾਰੇ ਕਾਸੇ ਦੇ ਬਾਵਜੂਦ ਵੀ ਰਈਸਾਂ, ਰਜਵਾੜਿਆਂ ਅਤੇ ਸ਼ਹਿਰੀ ਅਮੀਰਾਂ ਅੰਦਰਲੇ ਸਿੱਖ ਹਿੱਸਿਆਂ ਨੇ ਆਧੁਨਿਕ ਵਿਦਿਆ ਦਾ ਭਰਪੂਰ ਲਾਹਾ ਲੈ ਕੇ ਉਚ ਪਦਵੀਆਂ ਹਾਸਲ ਕੀਤੀਆਂ ਅਤੇ ਅੰਗਰੇਜ਼ ਹਕੂਮਤ ਦੀ ਡਟ ਕੇ ਸੇਵਾ ਕੀਤੀ ਅਤੇ ਰਾਜਤੰਤਰ ਦੇ ਸੇਰੂ-ਬਾਹੀਆਂ ਬਣੇ।

ਮਹਾਤਮਾ ਗਾਂਧੀ ਦੀ ਧਾਰਮਿਕ ਆਸਥਾ ਕੁੱਝ ਵੀ ਰਹੀ ਹੋਵੇ, ਲੇਕਿਨ ਭਾਰਤ ਦੀ ਨਵੀਂ ਉਭਰ ਰਹੀ ਵੱਡੀ ਸਰਮਾਏਦਾਰੀ ਕੋਲ ਅਜੇ ਤੱਕ ਉਸ ਤੋਂ ਵਧੀਆ ਨੁਮਾਇੰਦਾ ਨਹੀਂ ਸੀ ਅਤੇ ਵੱਡੇ ਸਰਮਾਏਦਾਰਾਂ ਲਈ ਸਨਾਤਨੀ ਹਿੰਦੂ ਧਰਮ ਸੱਤਾ ਵਿਚ ਹਿੱਸੇਦਾਰੀ ਵੰਡਾਉਣ ਲਈ ਸਿਰਫ਼ ਸੰਦ ਮਾਤਰ ਸੀ। ਉਸ ਲਈ ਸਿੱਖਾਂ ਨੂੰ ਕਿਸੇ "ਖ਼ਾਰੇ ਸਮੁੰਦਰ" ਵਿਚ ਜਜ਼ਬ ਕਰਨ ਦੀ ਲੋੜ ਨਹੀਂ ਸੀ। 'ਪੰਜ ਕਕਾਰ' ਮਹਾਤਮਾ ਗਾਂਧੀ ਲਈ ਕਦੇ ਵੀ ਖ਼ਤਰਾ ਨਹੀਂ ਬਣੇ। ਵੈਸੇ ਵੀ ਪਿਸ਼ਾਵਰ ਤੋਂ ਲੈ ਕੇ ਫੂਲਕੀਆਂ ਦੀਆਂ ਸਿੱਖ ਰਿਆਸਤਾਂ ਤੱਕ 'ਸਿੱਖਾਂ' ਵਿਚਕਾਰ ਪੰਜ ਕਕਾਰਾਂ ਦੀ ਬਜਾਏ ਕੋਈ ਰੂਹਾਨੀ ਸਾਂਝ ਨਾਮ ਦੀ ਚੀਜ਼ ਨਹੀਂ ਸੀ। ਅਜੇ ਵੀ ਕਿਹੜਾ ਕੋਈ ਸਾਂਝ ਹੈ। ਪੰਜਾਬ ਦੇ ਪੇਂਡੂ ਖੇਤਰ ਦੇ 'ਰੁੰਡਮੁੰਡ' ਸਿੱਖਾਂ ਅੰਦਰ ਸਿੱਖੀ ਸਰੂਪ ਵਾਲੇ ਸ਼ਹਿਰੀ ਸਿੱਖਾਂ ਲਈ ਕੁੱਟ ਕੁੱਟ ਕੇ ਨਫ਼ਰਤ ਭਰੀ ਪਈ ਹੈ। ਹਰੇ ਇਨਕਲਾਬ ਤੋਂ ਬਾਅਦ ਪੇਂਡੂ ਸਿੱਖਾਂ ਦੇ ਬਾਦਲ ਮਾਰਕਾ ਨਵੇਂ ਉਭਰੇ ਧਨਾਢ ਵਰਗ ਨੇ ਕਿਵੇਂ ਅਤੇ ਕਿਨ੍ਹਾਂ ਤਿਕੜਮਾਂ ਨਾਲ ਅਕਾਲੀ ਦਲ 'ਤੇ ਕਬਜ਼ਾ ਕੀਤਾ ਹੈ, ਮਾਸਟਰ ਤਾਰਾ ਸਿੰਘ ਦੀ ਚੁਣੌਤੀ ਰਹਿਤ ਅਗਵਾਈ ਨੂੰ ਅਤੇ ਬਾਅਦ ਵਿਚ ਜਥੇਦਾਰ ਟੌਹੜਾ ਵਰਗੇ ਟਕਸਾਲੀ ਅਕਾਲੀਆਂ ਨੂੰ ਕਿਵੇਂ ਪੈਰਾਂ ਹੇਠ ਰੋਲਿਆ ਹੈ, ਦੀ ਜਾਣਕਾਰੀ ਅਕਾਲੀ ਇਤਿਹਾਸ ਦੇ ਕਿਸੇ ਵੀ ਵਿਦਿਆਰਥੀ ਨੂੰ ਭੁੱਲੀ ਹੋਈ ਨਹੀਂ। ਸਿੱਖੀ ਦੀ ਆੜ ਹੇਠਲਾ 'ਜੱਟਵਾਦ' ਬ੍ਰਾਹਮਣਵਾਦ ਦਾ ਹੀ ਸਭ ਤੋਂ ਕਰੂਪ ਚਿਹਰਾ ਹੈ। ਅਜੋਕੇ ਪੰਜਾਬ ਦੇ 35 ਫੀਸਦੀ ਜੱਟਾਂ ਲਈ ਬਾਕੀ ਦੀਆਂ 65 ਫੀਸਦੀ "ਨਿਕਸੁੱਕ" ਜਾਤਾਂ ਲਈ ਘਿਰਣਾ ਤੋਂ ਬਿਨਾ ਕੋਈ ਥਾਂ ਨਹੀਂ ਹੈ। ਲੇਖਕ ਨੇ ਖ਼ੁਦ ਵੀ ਇਸ ਮਸਲੇ ਨੂੰ 'ਜੱਟਵਾਦ'-ਇਕ ਦੀਰਘ ਰੋਗ (ਸਫ਼ਾ 262-270) ਵਿਚ ਬਾਖ਼ੂਬੀ ਉਠਾਇਆ ਹੈ। ਸੱਚੇ ਸੌਦੇ, ਨੂਰਮਹਿਲੀਏ, ਭਨਿਆਰਾਂਵਾਲੇ ਅਤੇ ਸੱਚਖੰਡ ਬੱਲਾਂ ਵਾਲੇ ਵਰਤਾਰੇ ਐਵੇਂ ਕਿਸੇ ਸਰਕਾਰੀ ਤੇ ਖ਼ੁਫੀਆ ਏਜੰਸੀਆਂ ਦੀਆਂ ਕਾਢਾਂ ਨਹੀਂ ਹਨ? ਲੇਖਕ ਕਿਹੜੇ ਸੁਪਨ ਦੇਸ਼ ਵਿਚ ਰਹਿ ਕੇ "ਸਿੱਖ ਕੌਮ" ਲਈ ਅਜ਼ਾਦ ਰਾਜ ਦੀ ਗੱਲ ਕਰ ਰਿਹਾ ਹੈ?

ਮਹਾਤਮਾ ਗਾਂਧੀ ਲਈ ਤਾਂ ਮੁਸਲਮਾਨ ਵੀ ਓਪਰੇ ਨਹੀਂ ਸਨ, ਬਸ਼ਰਤੇ ਕਿ ਉਹ ਭਾਰਤੀ ਵੱਡੀ ਸਰਮਾਏਦਾਰੀ ਨੂੰ ਅੰਗਰੇਜ਼ਾਂ ਵੱਲੋਂ ਭਵਿੱਖ ਵਿਚ ਖਾਲੀ ਕੀਤੀ ਜਾਣ ਵਾਲੀ ਵਿਸ਼ਾਲ ਮੰਡੀ ਨੂੰ ਇਕਜੁੱਟ ਰੱਖਣ ਵਿਚ ਸਹਿਮਤੀ ਦੇ ਦਿੰਦੇ। ਉਹ ਤਾਂ ਅੰਤਮ ਸਵਾਸਾਂ ਤੱਕ ਭਾਰਤੀ ਮੰਡੀ ਨੂੰ ਇਕੱਠੀ ਰੱਖਣ ਲਈ ਤਰਲੋਮੱਛੀ ਹੁੰਦਾ ਰਿਹਾ। ਫੇਰ ਮਹਾਤਮਾ ਗਾਂਧੀ ਦੇ ਵਾਰਸ ਧਰਮ ਜਾਂ ਕੌਮੀਅਤ ਦੇ ਅਧਾਰ 'ਤੇ ਅੱਜ ਵੀ ਮੰਡੀ ਦੇ ਟੋਟੇ ਕਿਉਂ ਹੋਣ ਦੇਣ? ਭਾਵੇਂ ਕਿ ਮੈਂ ਡਾ. ਪਰਾਗ ਦੀਆਂ ਬਹੁਤ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ ਹਾਂ, ਲੇਕਿਨ ਉਨ੍ਹਾਂ ਵੱਲੋਂ ਅਜੋਕੇ ਯੁੱਗ ਵਿਚ ਕਾਰਪੋਰੇਟ ਪੂੰਜੀ ਦੀ ਸਰਦਾਰੀ ਦਾ ਉਠਾਇਆ ਸਵਾਲ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ। ਜੋ ਕੁੱਝ ਮਹਾਤਮਾ ਗਾਂਧੀ ਕਰ ਰਿਹਾ ਸੀ, ਲੇਖਕ ਦੀ ਮਿਹਰ ਦੇ ਭਾਗੀ ਬਣੇ ਚੀਫ਼ੀਏ, ਸਿੰਘ ਸਭੀਏ, ਰਈਸ, ਰਜਵਾੜੇ, ਜਗੀਰਦਾਰੜੇ ਵੀ ਉਹੋ ਕੁੱਝ ਕਰ ਰਹੇ ਸਨ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਮਹਾਤਮਾ ਗਾਂਧੀ ਤਾਂ ਸਗੋਂ ਉਪਰੋਕਤ ਪਿਛਾਖੜੀ ਤਾਕਤਾਂ ਦੇ ਮੁਕਾਬਲੇ ਸਮਾਜਕ ਵਿਕਾਸ ਦੇ ਅਗਲੇਰੇ ਡੰਡੇ 'ਤੇ ਖੜੀਆਂ ਜਮਾਤਾਂ ਦੀ ਪ੍ਰਤੀਨਿਧਤਾ ਕਰ ਰਿਹਾ ਸੀ। ਉਹ ਭਾਰਤ ਦੀਆਂ ਭਵਿਖ ਦੀਆਂ ਜਮਾਤਾਂ ਦੀ ਅਗਵਾਈ ਕਰ ਰਿਹਾ ਸੀ।

ਇਹ ਵੀ ਇਕ ਵਜ੍ਹਾ ਸੀ, ਕਿ ਸਿੱਖ ਲੀਡਰਸ਼ਿਪ ਇਤਿਹਾਸਕ, ਸਮਾਜਕ, ਆਰਥਕ, ਵਿਦਿਅਕ ਅਤੇ ਸਭਿਆਚਾਰਕ ਤੌਰ 'ਤੇ ਪਿਛਾਂਹ ਰਹਿ ਗਈ ਜਗੀਰੂ ਚੌਧਰ ਵਾਲੀ ਮੁਸਲਿਮ ਸਰਮਾਏਦਾਰੀ ਨਾਲ ਖੜ੍ਹਨ ਦੀ ਬਜਾਏ, ਹਿੰਦੂ ਸਰਮਾਏਦਾਰੀ ਨਾਲ ਖੜ੍ਹੀ, ਕਿਉਂਕਿ ਉਸ ਵੇਲੇ ਦੇ ਪੱਛਮੀ ਪੰਜਾਬ ਦੇ ਸਿੱਖ ਤਾਂ ਹਰ ਪੱਖ ਤੋਂ ਹਿੰਦੂਆਂ ਨਾਲ ਮੜਿੱਕ ਰਹੇ ਸਨ। ਭਾਰਤ ਨਾਲ ਆਪਣੀ ਹੋਣੀ ਨੱਥੀ ਕਰਨੀ ਕਿਸੇ ਬਲਦੇਵ ਸਿੰਘ ਦੀ "ਸ਼ਰਾਰਤ" ਜਾਂ ਸਿੱਖ ਲੀਡਰਸ਼ਿਪ ਦੀ 'ਨਾਲਾਇਕੀ' ਨਹੀਂ ਸੀ, ਸਗੋਂ ਉਨ੍ਹਾਂ ਦੀ ਕਮਾਲ ਦੀ ਦੂਰਅੰਦੇਸ਼ੀ ਦਾ ਪ੍ਰਗਟਾਵਾ ਸੀ। ਡਾ. ਪ੍ਰੇਮ ਸਿੰਘ ਨੇ ਅਜੋਕੇ ਪਾਕਿਸਤਾਨ ਦੀ ਦੁਰਦਸ਼ਾ ਦਾ ਉਚਿਤ ਸਵਾਲ ਉਠਾਇਆ ਹੈ, ਜਿਹੜਾ 63 ਸਾਲਾਂ ਬਾਅਦ ਵੀ ਸਭ ਤੋਂ ਹੇਠਲੇ ਦਰਜੇ ਦੇ ਜਮਹੂਰੀ ਅਮਲ ਵਿਚੋਂ ਵੀ ਨਹੀਂ ਲੰਘ ਸਕਿਆ। ਉਦੋਂ ਦੀ ਜਾਂ ਅਜੋਕੀ ਸਿੱਖ ਲੀਡਰਸ਼ਿਪ ਵਿਰੁੱਧ ਐਵੇਂ ਵਿਹੁ ਘੋਲਣ ਨਾਲ ਕੁੱਝ ਵੀ ਸੌਰਨ ਵਾਲਾ ਨਹੀਂ ਹੈ। ਅਸਲ ਵਿਚ ਲੇਖਕ ਅਨੇਕਾਂ ਕੌਮੀਅਤਾਂ ਵਾਲੇ ਦੇਸ਼ ਵਿਚ ਸਰਮਾਏਦਾਰਾਨਾ ਮੰਡੀ ਅਤੇ ਭਾਸ਼ਾ ਦੇ ਅਰਥ ਭਰਪੂਰ ਸਬੰਧਾਂ ਵਿਚਕਾਰ ਘਚੋਲਾ ਖੜ੍ਹਾ ਕਰ ਰਿਹਾ ਹੈ। ਜਜ਼ਬਾਤੀ ਹੋਇਆ ਲੇਖਕ ਅਨੇਕਾਂ ਥਾਵਾਂ 'ਤੇ ਕਿੰਨੀਆਂ ਹੀ ਆਪਾਵਿਰੋਧੀ ਗੱਲਾਂ ਕਰਦਾ ਹੈ। ਉਸਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਨਾਲ ਜੁੜਵੇਂ ਸਫ਼ੇ ਜਾਂ ਇਕੋ ਹੀ ਪੈਰ੍ਹੇ ਵਿਚ ਕੀ ਕਹਿੰਦਾ ਅਤੇ ਕੀ ਰੱਦ ਕਰਦਾ ਹੈ। ਮਿਸਾਲ ਵਜੋਂ, ਸਫ਼ਾ 56, 57 ਅਤੇ 59 ਦੇਖੇ ਜਾ ਸਕਦੇ ਹਨ।

ਜਦੋਂ ਉਹ ਮਹਾਤਮਾ ਗਾਂਧੀ ਅਤੇ ਨਵੀਂ ਉਭਰ ਰਹੀ ਸਿੱਖ ਲੀਡਰਸ਼ਿਪ ਦੀ ਅਲੋਚਨਾ ਕਰਦਾ ਹੋਇਆ ਆਪਣੀਆਂ ਹੀ ਦਲੀਲਾਂ ਵਿਚ ਉਲਝ ਜਾਂਦਾ ਹੈ, ਤਾਂ ਕਹਿ ਉਠਦਾ ਹੈ, "ਉਸ ਵਿਚੋਂ ਸੱਚਾਈ ਅਤੇ ਝੂਠ ਦੇ ਅੰਸ਼ਾਂ ਦੀ ਫਰੋਲਾ-ਫਰਾਲੀ ਕਰਨੀ ਇਕ ਫਜ਼ੂਲ ਅਭਿਆਸ ਹੈ। ਇਹ ਮਾਮਲਾ ਦ੍ਰਿਸ਼ਟੀਕੋਣ ਦਾ ਹੈ... ਸਮਾਜੀ ਲਹਿਰਾਂ ਬਾਰੇ ਮਕੈਨਕੀ ਕਿਸਮ ਦੇ ਨਿਰਣੇ ਤਾਂ ਕੱਢੇ ਜਾ ਸਕਦੇ ਹਨ, ਪ੍ਰੰਤੂ ਉਨ੍ਹਾਂ ਦੀ ਆਤਮਾ ਦੇ ਨਜ਼ਦੀਕ ਨਹੀਂ ਪਹੁੰਚਿਆ ਜਾ ਸਕਦਾ...।" (ਸਫ਼ਾ 59) ਲੇਖਕ ਜੀ ਵਜ਼ਾ ਫੁਰਮਾਉਂਦੇ ਹਨ, ਲੇਕਿਨ ਐਨੇ ਸਫ਼ੇ ਕਾਹਦੇ ਲਈ ਕਾਲੇ ਕੀਤੇ ਹਨ? ਉਹ ਕਿਹੜਾ ਮਹਾਤਮਾ ਗਾਂਧੀ ਦੇ ਨਾਲ ਨਾਲ ਚੱਲ ਰਹੇ ਸਨ? ਫੇਰ ਸਾਰੇ ਕਾਸੇ ਨੂੰ ਲੜਨ ਵਾਲੀਆਂ ਧਿਰਾਂ ਦੇ ਉਪਰ ਕਿਉਂ ਨਹੀਂ ਛੱਡ ਦਿੰਦੇ? ਵੱਡੇ ਵੱਡੇ ਫ਼ਤਵੇ ਕਾਹਦੇ ਲਈ ਜਾਰੀ ਕਰ ਰਹੇ ਹਨ? ਇਕ ਹੀ ਕੁਤਕੇ ਨਾਲ ਉਹ ਮਹਾਤਮਾ ਗਾਂਧੀ ਅਤੇ ਨਵੀਂ ਉਭਰੀ ਸਿੱਖ ਲੀਡਰਸ਼ਿਪ ਨੂੰ ਕੁੱਟ ਰਹੇ ਹਨ। ਕਦੇ ਸਿੱਖ ਰਈਸਾਂ, ਅੰਗਰੇਜ਼ਾਂ ਅਤੇ ਲੀਗੀਆਂ ਦੀ ਢਾਲ ਬਣਦੇ ਹਨ, ਕਦੇ ਪੋਲੀ ਪੋਲੀ ਪੜਚੋਲ ਕਰਦੇ ਹਨ। ਇਹ ਸਾਰਾ ਢਮਢਮਾ ਕੀ ਹੈ? ਨਵੇਂ ਨਵੇਂ ਸਜੇ "ਸਿੰਘ" ਅਜਮੇਰ ਸਿੰਘ ਜੀਓ!!

ਟਿੱਪਣੀ ਲੰਬੀ ਹੋ ਰਹੀ ਹੈ, ਇਸ ਲਈ ਸੰਪਾਦਕ ਕੋਲੋਂ ਕਾਹਲੀ 'ਚ ਸਮੇਟਣ ਦੀ ਆਗਿਆ ਲੈਣੀ ਪੈ ਰਹੀ ਹੈ। ਅਜਮੇਰ ਸਿੰਘ ਦਾ ਮੰਨਣਾ ਹੈ, ਕਿ 1947 ਵਿਚ "ਸਿੱਖ ਕੌਮ" ਅਤਿ ਦੀ ਨਿਗੂਣੀ ਗਿਣਤੀ ਵਿਚ ਸੀ। ਅੰਗਰੇਜ਼ਾਂ ਦੀ ਕ੍ਰਿਪਾ ਦ੍ਰਿਸ਼ਟੀ ਦੇ ਬਾਵਜੂਦ ਵੀ, ਸਥਾਪਤ ਕਾਇਦੇ ਕਾਨੂੰਨਾਂ ਮੁਤਾਬਕ ਇਸਦਾ ਕੋਈ ਹੱਲ ਨਜ਼ਰ ਨਹੀਂ ਸੀ ਆਉਂਦਾ। ਤਦ ਵੀ ਲੇਖਕ ਕੋਲ ਇਕ ਹੱਲ ਹੈ। ਲਓ ਸੁਣੋ, "ਇਤਿਹਾਸ ਦੀਆਂ ਅਜਿਹੀਆਂ ਅਸਾਧਾਰਨ ਸਮੱਸਿਆਵਾਂ ਦੇ ਅਸਾਧਾਰਨ ਹੱਲ ਸਾਧਾਰਨ ਹਾਲਤਾਂ ਵਿਚ ਨਹੀਂ, ਅਸਾਧਾਰਨ ਹਾਲਤਾਂ ਵਿਚ ਹੀ ਸੰਭਵ ਹੁੰਦੇ ਹਨ... ਅਤੇ ਇਹ ਗੱਲ ਅਸਹਿਮਤ ਧਿਰਾਂ ਦੇ ਗ਼ਲ ਵਿਚ 'ਗੂਠਾ ਦੇ ਕੇ ਕਰਵਾਈ ਜਾਂਦੀ ਹੁੰਦੀ ਹੈ।" (ਸਫ਼ਾ 82)

ਖ਼ੈਰ ਲੀਗੀਆਂ ਨੂੰ ਪਾਕਿਸਤਾਨ ਮਿਲ ਗਿਆ। ਵੱਡੀ ਸਰਮਾਏਦਾਰੀ ਦੇ ਨਹਿਰੂ-ਪਟੇਲ ਮਾਰਕਾ ਨੁਮਾਇੰਦਿਆਂ ਨੂੰ ਭਾਰਤ ਦੀ ਰਾਜਗੱਦੀ ਮਿਲ ਗਈ। ਹੁਣ ਰਹਿ ਗਈ ਗੱਲ ਸਿੱਖਾਂ ਦੀ। ਭਲਾ ਜਮਾਤੀ ਸਮਾਜ ਵਿਚ ਇਹ ਕਿਸ ਵਰਗ ਦੀ ਨੁਮਾਇੰਦਗੀ ਕਰਦੇ ਸਨ? ਜਾਂ "ਖਾਲਸਾ ਰਾਜ" ਵਿਚ ਸੱਤਾ 'ਤੇ ਕਿਨ੍ਹਾਂ ਦੀ ਪੁੱਗਤ ਹੋਣੀ ਸੀ?

*(ਬਾਕੀ ਸਫਾ 31 'ਤੇ)*

# ਤ੍ਰਾਸਦੀ... ਮਾਈ ਫੁਟ !

ਹਿੰਦੀ ਕਹਾਣੀ

ਰਮੇਸ਼ ਉਪਾਧਿਆਏ

***1984 ਦੇ ਮਾਇਨੇ ਭਾਰਤਵਾਸੀਆਂ ਲਈ ਉਕਾ ਹੀ ਹੋਰ ਹਨ। ਜੂਨ ਚੁਰਾਸੀ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਹਮਲੇ ਅਤੇ ਨਵੰਬਰ ਚੁਰਾਸੀ ਸਿੱਖਾਂ ਦੇ ਕਤਲੇਆਮ ਦਾ ਗਵਾਹ ਹੈ ਤਾਂ ਦਸੰਬਰ ਚੁਰਾਸੀ ਭੋਪਾਲ ਵਿਚ ਜ਼ਹਿਰੀਲੀ ਗੈਸ ਰਿਸਣ ਕਰਕੇ ਗਈਆਂ ਹਜ਼ਾਰਾਂ ਜਾਨਾਂ ਦੇ ਹੱਤਿਆਕਾਂਡ ਦਾ ਗਵਾਹ ਹੈ। ਹਿੰਦੀ ਕਹਾਣੀਕਾਰ ਰਮੇਸ਼ ਉਪਾਧਿਆਏ ਦੀ ਕਹਾਣੀ 'ਤ੍ਰਾਸਦੀ...ਮਾਈ ਫੁਟ!' ਦਾ ਸੱਚ ਭੋਪਾਲ ਕਾਂਡ ਨੂੰ ਮਾਨਵੀ ਕੋਤਾਹੀ ਵਜੋਂ ਨਹੀਂ ਸਗੋਂ ਹੱਤਿਆਕਾਂਡ ਵਜੋਂ ਪੇਸ਼ ਕਰਦਾ ਹੈ। ਇਸ ਕਹਾਣੀ ਨਾਲ ਜ਼ਖ਼ਮ ਫਿਰ ਹਰੇ ਹੋਏ ਹਨ। ਇਸ ਦਾ ਸਿੱਧਾ ਸਬੰਧ ਰਾਜ ਅਤੇ ਪ੍ਰਸ਼ਾਸਨ ਨਾਲ ਜੁੜਿਆ ਹੋਇਆ ਹੈ। ਲੇਖਕ ਨੇ ਪਿਆਜ਼ ਦੇ ਛਿਲਕਿਆਂ ਵਾਂਗ ਸਾਰੇ ਤੱਥ ਵਾਰੀ ਵਾਰੀ ਖੋਲ੍ਹ ਦਿੱਤੇ ਹਨ। ਜਿਵੇਂ ਭੁਪਾਲ ਦੇ ਕਤਲੇਆਮ ਨੂੰ ਭੁਪਾਲ ਗੈਸ ਤਰਾਸਦੀ ਦਾ ਨਾਂ ਦਿੱਤਾ ਗਿਆ, ਇਵੇਂ ਹੀ ਨਵੰਬਰ 84 ਦੇ ਸਿੱਖ ਕਤਲੇਆਮ ਨੂੰ 'ਚੁਰਾਸੀ ਦੇ ਦੰਗੇ' ਕਿਹਾ ਗਿਆ ਹੈ। ਕਾਸ਼! ਨਵੰਬਰ ਚੁਰਾਸੀ ਬਾਰੇ ਵੀ ਕੋਈ ਅਜਿਹੀ ਕਥਾ ਕਰੇ ਜਿਹੜੀ ਪਾਠਕ ਨੂੰ ਸਿਰਫ਼ ਭਾਵੁਕ ਹੀ ਨਾ ਕਰੇ ਸਗੋਂ ਤੱਥਾਂ ਦੀ ਤਾਰ ਵੀ ਹਿਲਾਵੇ।***

ਨੂਰ ਭੋਪਾਲੀ ਦਾ ਸਾਰਾ ਪਰਿਵਾਰ ਯੂਨੀਅਨ ਕਾਰਬਾਈਡ ਦੇ ਕਾਰਖਾਨੇ ਵਿਚੋਂ ਨਿਕਲੀ ਮਿਕ ਗੈਸ ਦੇ ਜ਼ਹਿਰੀਲੇ ਅਸਰ ਨਾਲ ਮਾਰਿਆ ਗਿਆ ਸੀ। ਬੁੱਢੀ ਮਾਂ, ਚੰਗੀ-ਭਲੀ ਘਰਵਾਲੀ, ਇਕ ਮੁੰਡਾ ਤੇ ਦੋ ਕੁੜੀਆਂ-ਸਾਰੇ ਉਸੇ ਰਾਤ ਮਾਰੇ ਗਏ ਸਨ ਜਾਂ ਜ਼ਖ਼ਮੀ-ਅਪਾਹਜ ਹੋ ਕੇ ਬਾਅਦ ਵਿਚ ਮਰੇ ਸਨ। ਕਈ ਪਿਛਲੇ ਪੰਦਰਾਂ ਸਾਲਾਂ ਤੋਂ ਲਗਾਤਾਰ ਮਰਦੇ ਰਹੇ ਸਨ। ਨੂਰ ਭੋਪਾਲੀ ਬਚ ਗਿਆ ਸੀ। ਬਚਣ ਦਾ ਕਾਰਨ ਇਹ ਸੀ ਕਿ ਉਹ ਉਸ ਰਾਤ ਭੋਪਾਲ ਵਿਚ ਨਹੀਂ ਸੀ, ਕਿਸੇ ਕੰਮ ਇੰਦੌਰ ਗਿਆ ਹੋਇਆ ਸੀ।

ਉਹ ਮੈਨੂੰ 1980-81 ਦੇ ਆਸ-ਪਾਸ ਭੋਪਾਲ ਵਿਚ ਹੋਏ ਸਾਹਿਤਕ ਪ੍ਰੋਗਰਾਮ 'ਤੇ ਮਿਲੇ ਸਨ। ਉਸ ਪ੍ਰੋਗਰਾਮ ਵਿਚ ਮੈਂ ਆਪਣੀ ਕਹਾਣੀ ਪੜ੍ਹੀ ਸੀ ਅਤੇ ਉਨ੍ਹਾਂ ਨੇ ਆਪਣੀਆਂ ਗ਼ਜ਼ਲਾਂ। ਲੰਮਾ ਕੱਦ, ਪਤਲਾ ਸਰੀਰ, ਗੋਰਾ ਰੰਗ, ਖ਼ੂਬਸੂਰਤ ਚਿਹਰਾ ਅਤੇ ਹਸਮੁਖ ਸੁਭਾਅ ਵਾਲੇ ਨੂਰ ਭੋਪਾਲੀ ਨਾਲ ਮੇਰੀ ਦੋਸਤੀ ਪਹਿਲੀ ਮੁਲਾਕਾਤ ਤੋਂ ਹੀ ਹੋ ਗਈ ਸੀ। ਪ੍ਰੋਗਰਾਮ ਤੋਂ ਬਾਅਦ ਉਹ ਮੈਨੂੰ ਬੜੀ ਨਿਮਰਤਾ ਨਾਲ ਆਪਣੇ ਘਰ ਲੈ ਗਏ ਜੋ ਯੂਨੀਅਨ ਕਾਰਬਾਈਡ ਦੇ ਕਾਰਖਾਨੇ ਦੇ ਨੇੜੇ ਹੀ ਸੰਘਣੀ ਬਸਤੀ ਵਿਚ ਸੀ। ਉਨ੍ਹਾਂ ਆਪਣੀ ਮਾਂ, ਪਤਨੀ ਅਤੇ ਬੱਚਿਆਂ ਨਾਲ ਮਿਲਾਇਆ ਸੀ, ਵਧੀਆ ਵ੍ਹਿਸਕੀ ਪਿਆਈ, ਸੁਆਦੀ ਖਾਣਾ ਖੁਆਇਆ, ਦੇਸ਼-ਦੁਨੀਆਂ ਬਾਬਤ ਬੜੀ ਸਮਝਦਾਰੀ ਦੀਆਂ ਗੱਲਾਂ ਕੀਤੀਆਂ ਅਤੇ ਮੇਰੇ ਮਨ 'ਤੇ ਇਕ ਬੁੱਧੀਵਾਨ, ਵਿਚਾਰਵਾਨ, ਉਦਾਰ ਅਤੇ ਪ੍ਰਗਤੀਸ਼ੀਲ ਸ਼ਖ਼ਸੀਅਤ ਦੇ ਨਾਲ ਆਪਣੀ ਚੰਗੀ ਗ਼ਜ਼ਲ ਦੀ ਛਾਪ ਵੀ ਛੱਡੀ ਸੀ।

ਨੂਰ ਭੋਪਾਲੀ ਸਿਰਫ਼ ਸ਼ਾਇਰ ਹੀ ਨਹੀਂ, ਬੈਂਕ ਵਿਚ ਨੌਕਰੀ ਵੀ ਕਰਦਾ ਸੀ। ਚੰਗੀ ਤਨਖ਼ਾਹ ਮਿਲਦੀ ਸੀ। ਸੋਹਣਾ ਖਾਂਦੇ-ਪੀਂਦੇ ਸਨ। ਸਾਡੀ ਪਹਿਲੀ ਮੁਲਾਕਾਤ ਦੇ ਕੁਝ ਦਿਨ ਪਹਿਲਾਂ ਉਨ੍ਹਾਂ ਨੇ ਆਪਣੇ ਵਾਸਤੇ ਨਵਾਂ ਮੋਟਰਸਾਈਕਲ ਖ਼ਰੀਦਿਆ ਸੀ। ਆਪਣੇ ਘਰ ਰੋਟੀ ਖੁਆ ਕੇ, ਉਹ ਮੈਨੂੰ ਉਸੇ ਮੋਟਰਸਾਈਕਲ 'ਤੇ ਬਿਠਾ ਕੇ ਹੋਟਲ ਛੱਡ ਗਏ ਸਨ।

ਗੈਸ ਕਾਂਡ ਵਿਚ ਪੂਰੇ ਪਰਿਵਾਰ ਦੇ ਮਾਰੇ ਜਾਣ ਤੋਂ ਬਾਅਦ ਉਹ ਸਦਮੇ ਵਿਚ ਪਾਗਲ ਹੋ ਗਏ ਸਨ ਪਰ ਕੁਝ ਮਹੀਨੇ ਹਸਪਤਾਲ ਰਹਿਣ ਤੋਂ ਬਾਅਦ ਠੀਕ ਹੋ ਗਏ ਸਨ। ਯੂਨੀਅਨ ਕਾਰਬਾਈਡ ਦੇ ਕਾਰਖਾਨੇ ਨੇੜੇ ਬਸਤੀ ਵਿਚ ਰਹਿਣਾ ਛੱਡ ਕੇ ਉਹ ਬੈਂਕ ਅਧਿਕਾਰੀਆਂ ਦੀ ਨਵੀਂ ਕਾਲੋਨੀ ਦੇ ਫਲੈਟ ਵਿਚ ਰਹਿਣ ਲੱਗ ਪਏ ਸਨ। ਆਪਣੇ ਭਤੀਜੇ ਨੂੰ ਸਮੇਤ ਪਰਿਵਾਰ ਆਪਣੇ ਕੋਲ ਰੱਖ ਲਿਆ ਸੀ ਅਤੇ ਉਹਦੇ ਪਰਿਵਾਰ ਨੂੰ ਹੀ ਆਪਣਾ ਪਰਿਵਾਰ ਮੰਨਣ ਲੱਗ ਪਏ ਸਨ।

ਭੋਪਾਲ ਦੇ ਸਾਹਿਤਕ ਮਿੱਤਰਾਂ ਤੋਂ ਮੈਨੂੰ ਉਨ੍ਹਾਂ ਬਾਰੇ ਸਾਰੀ ਸੂਚਨਾ ਮਿਲਦੀ ਰਹੀ ਸੀ। ਜਦੋਂ ਉਹ ਹਸਪਤਾਲ ਸਨ, ਕਈ ਵਾਰ ਮਨ ਵਿਚ ਆਇਆ ਕਿ ਭੋਪਾਲ ਜਾ ਕੇ ਉਨ੍ਹਾਂ ਨੂੰ ਵੇਖ ਆਵਾਂ ਪਰ ਮੇਰੀ ਸਮਝ 'ਚ ਨਾ ਆਇਆ ਕਿ ਮੈਂ ਉਥੇ ਜਾ ਕੇ ਕਰਾਂਗਾ ਕੀ! ਪਾਗਲ ਨੂਰ ਮੈਨੂੰ ਪਛਾਣੇਗਾ ਵੀ ਕਿ ਨਹੀਂ? ਪਛਾਣ ਵੀ ਲਿਆ ਤਾਂ ਮੈਂ ਉਹਨੂੰ ਕੀ ਕਹਾਂਗਾ? ਫਿਰ ਪਤਾ ਲੱਗਾ ਕਿ ਉਹ ਠੀਕ ਹੋ ਗਏ ਹਨ, ਨੌਕਰੀ 'ਤੇ ਜਾਣ ਲੱਗ ਪਏ ਹਨ, ਨਵੀਂ ਜਗ੍ਹਾ ਜਾ ਕੇ ਆਪਣੇ ਫਲੈਟ ਵਿਚ ਰਹਿਣ ਲੱਗ ਪਏ ਹਨ ਅਤੇ ਉਨ੍ਹਾਂ ਦਾ ਭਤੀਜਾ ਉਨ੍ਹਾਂ ਦੀ ਚੰਗੀ ਤਰ੍ਹਾਂ ਦੇਖਭਾਲ ਕਰ ਰਿਹਾ ਹੈ ਤਾਂ ਮੈਂ ਸੰਤੁਸ਼ਟ ਹੋ ਗਿਆ ਸਾਂ। ਮੈਂ ਉਨ੍ਹਾਂ ਨੂੰ ਖ਼ਤ ਲਿਖਿਆ ਪਰ ਉਨ੍ਹਾਂ ਨੇ ਕੋਈ ਜਵਾਬ ਨਹੀਂ ਸੀ ਦਿੱਤਾ। ਮੈਨੂੰ ਮੇਰੇ ਦੋਸਤ ਨੇ ਇਹ ਵੀ ਦੱਸਿਆ ਸੀ ਕਿ ਨੂਰ ਨੇ ਹੁਣ ਸਾਹਿਤ ਤੋਂ ਸੰਨਿਆਸ ਲੈ ਲਿਆ ਹੈ। ਪਹਿਲਾਂ ਹਿੰਦੀ ਜਾਂ ਉਰਦੂ ਸਾਹਿਤ ਦਾ ਕੋਈ ਵੀ ਸਮਾਗਮ ਹੋਵੇ, ਉਹ ਬਿਨਾਂ ਬੁਲਾਇਆਂ ਵੀ ਪਹੁੰਚ ਜਾਂਦੇ ਸਨ ਪਰ ਹੁਣ ਗ਼ਜ਼ਲ ਪੜ੍ਹਨ ਲਈ ਬੁਲਾਉਣ 'ਤੇ ਵੀ ਨਹੀਂ ਜਾਂਦੇ।

ਮੈਨੂੰ ਗੈਸ ਕਾਂਡ, ਮੁਆਵਜ਼ਿਆਂ ਲਈ ਹੋਈ ਮੁਕੱਦਮੇਬਾਜ਼ੀ, ਗੈਸ ਪੀੜਤਾਂ ਦੇ ਹਾਲਾਤ ਅਤੇ ਯੂਨੀਅਨ ਕਾਰਬਾਈਡ ਦੇ ਖ਼ਿਲਾਫ਼ ਕੀਤੇ ਜਾ ਰਹੇ ਅੰਦੋਲਨਾਂ ਬਾਰੇ ਲੇਖ ਜਾਂ ਸਮਾਚਾਰ ਪੜ੍ਹਨ-ਸੁਣਨ 'ਤੇ ਨੂਰ ਦੀ ਯਾਦ ਜ਼ਰੂਰ ਆਉਂਦੀ ਸੀ। ਇਸ ਲਈ ਗੈਸ ਕਾਂਡ ਤੋਂ ਕਰੀਬ 15 ਸਾਲ ਬਾਅਦ ਇਕ ਸਾਹਿਤਕ ਪ੍ਰੋਗਰਾਮ ਵਿਚ ਫਿਰ ਭੋਪਾਲ ਜਾਣਾ ਪਿਆ ਤਾਂ ਮੈਂ ਫ਼ੈਸਲਾ ਕੀਤਾ ਕਿ ਹੋਰ ਕਿਸੇ ਨੂੰ ਮਿਲਾਂ ਜਾਂ ਨਾ, ਨੂਰ ਨੂੰ ਜ਼ਰੂਰ ਮਿਲਾਂਗਾ। ਇਕ ਦਿਨ ਲਈ ਹੀ ਸਹੀ, ਉਨ੍ਹਾਂ ਨੇ ਜਿਹੜਾ ਪਿਆਰ ਅਤੇ ਅਪਣਾਪਨ ਮੈਨੂੰ ਦਿੱਤਾ ਸੀ, ਉਹਨੂੰ ਮੈਂ ਭੁੱਲਿਆ ਨਹੀਂ ਸਾਂ।

ਪ੍ਰੋਗਰਾਮ ਵਿਚ ਹਾਜ਼ਰ ਕੁਝ ਲੋਕਾਂ ਕੋਲੋਂ ਮੈਂ ਨੂਰ ਭੋਪਾਲੀ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਨਵੇਂ ਲੇਖਕ ਤਾਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਜਾਣਦੇ, ਪੁਰਾਣੇ ਲੇਖਕਾਂ ਨੂੰ ਵੀ ਉਨ੍ਹਾਂ ਬਾਰੇ ਕੋਈ ਖ਼ਾਸ ਪਤਾ ਨਹੀਂ ਸੀ। ਮੈਂ ਬੈਂਕ ਵਿਚ ਕੰਮ ਕਰਨ ਵਾਲੇ ਇਕ ਲੇਖਕ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਆਪਣੇ ਬਰਾਂਚ ਮੈਨੇਜਰ ਨੂਰ ਮੁਹੰਮਦ ਸਾਹਿਬ ਨੂੰ ਜਾਣਦਾ ਹੈ ਜਿਨ੍ਹਾਂ ਦਾ ਸਾਰਾ ਪਰਿਵਾਰ ਗੈਸ ਕਾਂਡ ਵਿਚ ਮਾਰਿਆ ਗਿਆ ਸੀ। ਵਿਜੇ ਪ੍ਰਤਾਪ ਨਾਂ ਦੇ ਉਸ ਲੇਖਕ ਨੇ ਨੂਰ ਦਾ ਹੁਲੀਆ ਦੱਸ ਕੇ ਪੁੱਛਿਆ, "ਕੀ ਓਹੋ ਨੂਰ ਭੋਪਾਲੀ ਹੈ?"

"ਜੀ ਹਾਂ, ਉਹੀ," ਮੈਂ ਆਖਿਆ- "ਮੈਂ ਉਨ੍ਹਾਂ ਨੂੰ ਮਿਲਣਾ ਹੈ।"

ਉਮਰ ਵਿਚ ਵਿਜੇ ਮੈਥੋਂ ਛੋਟਾ ਸੀ, ਪਹਿਲੀ ਵਾਰ ਹੀ ਮੈਨੂੰ ਮਿਲਿਆ ਸੀ ਪਰ ਮੈਨੂੰ ਜਾਣਦਾ ਸੀ। ਸ਼ਾਇਦ ਇਹ ਸੋਚ ਕੇ ਕਿ ਮੈਂ ਦਿੱਲੀਓਂ ਆਇਆ ਹਾਂ, ਦਿੱਲੀ ਦੇ ਸੰਪਾਦਕਾਂ ਅਤੇ ਪ੍ਰਕਾਸ਼ਕਾਂ ਨੂੰ ਜਾਣਦਾ ਹਾਂ ਅਤੇ ਜਾਣ-ਪਛਾਣ ਹੋ ਜਾਣ 'ਤੇ ਕਿਸੇ ਦਿਨ ਉਨ੍ਹਾਂ ਦੇ ਕੰਮ ਆ ਸਕਦਾ ਹਾਂ, ਉਹ ਮੇਰੇ ਲਈ ਕੁਝ ਜ਼ਿਆਦਾ ਹੀ ਅਪਣੱਤ ਪ੍ਰਗਟਾ ਰਿਹਾ ਸੀ। ਮੇਰੇ ਕਹਿਣ ਤੋਂ ਬਿਨਾਂ ਹੀ ਉਹ ਸ਼ਾਮ ਨੂੰ ਮੈਨੂੰ ਨੂਰ ਕੋਲ ਲੈ ਕੇ ਜਾਣ ਲਈ ਤਿਆਰ ਹੋ ਗਿਆ।

ਸ਼ਾਮ ਨੂੰ ਠੀਕ ਛੇ ਵਜੇ ਵਿਜੇ ਨੇ ਮੇਰੇ ਕਮਰੇ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਅਤੇ ਮੈਨੂੰ ਨਾਲ ਲੈ ਕੇ ਤੁਰ ਪਿਆ। ਆਪਣੀ ਮਾਰੂਤੀ ਕਾਰ ਵਿਚ ਬੈਠਦਿਆਂ ਬੈਠਦਿਆਂ ਉਹਨੇ ਇਹ ਵੀ ਦੱਸ ਦਿੱਤਾ ਕਿ ਉਹ ਬੈਂਕ ਵਿਚ ਸਹਾਇਕ ਮੈਨੇਜਰ ਹੈ ਅਤੇ ਕਾਰ ਉਹਨੇ ਕੁਝ ਮਹੀਨੇ ਪਹਿਲਾਂ ਹੀ ਖ਼ਰੀਦੀ ਹੈ। ਫਿਰ ਉਹ ਆਪਣੇ ਸਾਹਿਤਕ ਹਾਸਲ ਦੱਸਣ ਲੱਗ ਪਿਆ। ਮੱਧ ਪ੍ਰਦੇਸ਼ ਸਰਕਾਰ ਵੱਲੋਂ ਮਿਲੇ ਇਕ ਪੁਰਸਕਾਰ ਅਤੇ ਆਕਾਸ਼ਵਾਣੀ ਤੇ ਦੂਰਦਰਸ਼ਨ ਤੋਂ ਤਕਰੀਬਨ ਹਰ ਮਹੀਨੇ ਹੋਣ ਵਾਲੇ ਆਪਣੀਆਂ ਕਵਿਤਾਵਾਂ ਦੇ ਪ੍ਰਸਾਰਣ ਦਾ ਜ਼ਿਕਰ ਉਹਨੇ ਵਾਹਵਾ ਜ਼ੋਰਦਾਰ ਢੰਗ ਨਾਲ ਕੀਤਾ। ਮੈਂ 'ਹਾਂ-ਹੂੰ' ਕਰਦਾ ਰਿਹਾ ਤਾਂ ਉਹ ਸਮਝ ਗਿਆ ਕਿ ਮੈਂ ਉਸ ਤੋਂ ਪ੍ਰਭਾਵਿਤ ਨਹੀਂ ਹੋ ਰਿਹਾ। ਫਿਰ ਉਹਨੇ ਪ੍ਰਸੰਗ ਬਦਲਦਿਆਂ ਮੈਨੂੰ ਪੁੱਛਿਆ, "ਤੁਸੀਂ ਨੂਰ ਮੁਹੰਮਦ ਸਾਹਿਬ ਨੂੰ ਕਦੋਂ ਤੇ ਕਿਵੇਂ ਜਾਣਦੇ ਹੋ?"

ਮੈਂ ਆਪਣੀ ਪਿਛਲੀ ਭੋਪਾਲ ਯਾਤਰਾ ਅਤੇ ਨੂਰ ਭੋਪਾਲੀ ਨਾਲ ਹੋਈ ਮੁਲਾਕਾਤ ਬਾਰੇ ਦੱਸਿਆ।

"ਪਰ ਤੁਸੀਂ ਤਾਂ...ਸਰ, ਹਿੰਦੀ ਦੇ ਲੇਖਕ ਹੋ ਤੇ ਉਹ ਉਰਦੂ ਦੇ!"

"ਫਿਰ ਕੀ ਹੋਇਆ?" ਮੈਂ ਉਹਦੀ ਗੱਲ ਦਾ ਮਤਲਬ ਨਾ ਸਮਝਿਆ।

"ਉਂਜ ਮੇਰੇ ਵੀ ਕੋਈ ਦੋਸਤ-ਮਿੱਤਰ ਮੁਸਲਮਾਨ ਹਨ।"

"ਓਹ!" ਇਸ ਵਾਰ ਮੈਂ ਉਹਦੀ ਗੱਲ ਦਾ ਮਤਲਬ ਸਮਝ ਲਿਆ। ਮੈਂ ਜ਼ਰਾ ਤਲਖ਼ ਲਹਿਜੇ ਵਿਚ ਆਖਿਆ, "ਹਿੰਦੀ ਨੂੰ ਹਿੰਦੂਆਂ ਅਤੇ ਉਰਦੂ ਨੂੰ ਮੁਸਲਮਾਨਾਂ ਦੀ ਭਾਸ਼ਾ ਸਮਝਣਾ ਠੀਕ ਨਹੀਂ ਹੈ, ਵਿਜੇ ਜੀ! ਇਹ ਤਾਂ ਭਾਸ਼ਾ ਅਤੇ ਸਾਹਿਤ ਬਾਰੇ ਬੜਾ ਹੀ ਫ਼ਿਰਕੂ ਦ੍ਰਿਸ਼ਟੀਕੋਣ ਹੈ।"

"ਸੌਰੀ ਸਰ, ਮੇਰਾ ਮਤਲਬ ਇਹ ਨਹੀਂ ਸੀ," ਵਿਜੇ ਨੇ ਆਖਿਆ।

ਮੈਂ ਉਹਦੀ ਇਸ ਗੱਲ 'ਤੇ ਚੁੱਪ ਰਿਹਾ ਤਾਂ ਉਹ ਦੂਜੀਆਂ ਗੱਲਾਂ ਕਰਨ ਲੱਗ ਪਿਆ। "ਨੂਰ ਸਾਹਿਬ ਨਾਲ ਤੁਹਾਡੀ ਪਹਿਲੀ ਮੁਲਾਕਾਤ ਤੋਂ ਬਾਅਦ ਤੁਸੀਂ ਕਦੇ ਫਿਰ ਨਹੀਂ ਨਾ ਮਿਲੇ?"

"ਜੀ।"

"ਸੁਣਿਆ ਹੈ, ਉਹ ਚੰਗੇ ਸ਼ਾਇਰ ਹੁੰਦੇ ਸਨ। ਹਾਦਸੇ ਤੋਂ ਬਾਅਦ ਉਨ੍ਹਾਂ ਨੇ ਲਿਖਣਾ-ਪੜ੍ਹਨਾ ਛੱਡ ਦਿੱਤਾ। ਮੈਂ ਇਹ ਵੀ ਸੁਣਿਆ ਹੈ ਕਿ ਫਿਲਮ ਵਾਲੇ ਉਨ੍ਹਾਂ ਕੋਲੋਂ ਫਿਲਮਾਂ ਦੇ ਗਾਣੇ ਲਿਖਵਾਉਣਾ ਚਾਹੁੰਦੇ ਸਨ। ਕਾਫ਼ੀ ਵੱਡੇ ਆਫ਼ਰ ਸਨ। ਨੂਰ ਸਾਹਿਬ ਨੇ ਸਭ ਠੁਕਰਾ ਦਿੱਤੇ। ਤੁਸੀਂ ਕੀ ਸੋਚਦੇ ਹੋ? ਉਨ੍ਹਾਂ ਨੇ ਇੰਜ ਕਰਕੇ ਠੀਕ ਕੀਤਾ ਸੀ?"

"ਮੈਂ ਇਹ ਕਿਵੇਂ ਦੱਸ ਸਕਦਾ ਹਾਂ? ਪਤਾ ਨਹੀਂ, ਉਨ੍ਹਾਂ ਦੇ ਕਿਹੋ ਜਿਹੇ ਹਾਲਾਤ ਜਾਂ ਮਨੋ-ਅਵਸਥਾ ਹੋਵੇਗੀ।"

"ਮੈਂ ਮਨੋ-ਅਵਸਥਾ ਦੀ ਹੀ ਗੱਲ ਕਰ ਰਿਹਾ ਹਾਂ ਸਰ! ਸੁਣਿਆ ਹੈ, ਉਸ ਹਾਦਸੇ ਤੋਂ ਬਾਅਦ ਨੂਰ ਸਾਹਿਬ ਕੁਝ ਚਿਰ ਲਈ ਪਾਗਲ ਹੋ ਗਏ ਸਨ।"

"ਕਿਸੇ ਵੀ ਸੰਵੇਦਨਸ਼ੀਲ ਬੰਦੇ ਨਾਲ ਇੰਜ ਹੋ ਸਕਦਾ ਹੈ।"

"ਪਰ ਸਰ, ਨੂਰ ਸਾਹਿਬ ਨੂੰ ਜੇਕਰ ਫਿਲਮਾਂ ਵਿਚ ਏਨਾ ਵਧੀਆ ਮੌਕਾ ਮਿਲ ਰਿਹਾ ਸੀ ਤਾਂ ਉਨ੍ਹਾਂ ਨੂੰ ਛੱਡਣਾ ਨਹੀਂ ਸੀ ਚਾਹੀਦਾ। ਇੰਜ ਉਨ੍ਹਾਂ ਨੂੰ ਨਾਂ ਅਤੇ ਪੈਸਾ ਤਾਂ ਮਿਲਦਾ ਹੀ, ਹਾਦਸੇ ਨੂੰ ਭੁਲਾਉਣ ਵਿਚ ਮਦਦ ਵੀ ਮਿਲਦੀ। ਉਸ ਹਾਦਸੇ ਵਿਚ ਕਈ ਲੋਕਾਂ ਦੇ ਪਰਿਵਾਰ ਖ਼ਤਮ ਹੋ ਗਏ ਪਰ ਉਨ੍ਹਾਂ ਨੇ ਮੁੜ ਆਪਣੇ ਘਰ ਵਸਾ ਲਏ। ਲੋਕਾਂ ਨੂੰ ਜਿਉਂਦਾ ਤਾਂ ਰਹਿਣਾ ਹੀ ਪੈਂਦਾ ਹੈ ਸਰ।"

"ਹਾਂ, ਪਰ ਸਾਰੇ ਲੋਕ ਇਕੋ ਜਿਹੇ ਨਹੀਂ ਹੁੰਦੇ।"

"ਤੁਹਾਨੂੰ ਪਤਾ ਹੈ ਸਰ, ਨੂਰ ਸਾਹਿਬ ਨੇ ਮੁਆਵਜ਼ਾ ਵੀ ਨਹੀਂ ਮੰਗਿਆ। ਉਨ੍ਹਾਂ ਨੇ ਆਖਿਆ ਕਿ ਮੈਂ ਆਪਣੀ ਮਾਂ ਅਤੇ ਬੀਵੀ-ਬੱਚਿਆਂ ਦੀ ਜਾਨ ਦੇ ਬਦਲੇ ਚੰਦ ਸਿੱਕੇ ਨਹੀਂ ਲਵਾਂਗਾ। ਸੁਣਿਆ ਹੈ, ਉਨ੍ਹਾਂ ਦਾ ਇਹ ਬਿਆਨ ਅਖ਼ਬਾਰਾਂ ਵਿਚ ਵੀ ਛਪਿਆ ਸੀ ਪਰ ਸਰ, ਮੈਨੂੰ ਤਾਂ ਇਹ ਗੱਲ ਚੰਗੀ ਨਹੀਂ ਲੱਗੀ। ਯੂਨੀਅਨ ਕਾਰਬਾਈਡ ਨੇ ਜੋ ਕੀਤਾ, ਉਹਦੀ ਕੋਈ ਹੋਰ ਸਜ਼ਾ ਤਾਂ ਉਹਨੂੰ ਮਿਲਣੀ ਨਹੀਂ ਸੀ। ਮੁਆਵਜ਼ਾ ਲੈ ਕੇ ਤੁਸੀਂ ਏਨੀ ਜਿਹੀ ਸਜ਼ਾ ਵੀ ਨਹੀਂ ਦੇਣਾ ਚਾਹੁੰਦੇ, ਇਸ ਦਾ ਕੀ ਮਤਲਬ ਹੋਇਆ?"

ਮੈਨੂੰ ਵਿਜੇ ਦੀਆਂ ਗੱਲਾਂ ਚੰਗੀਆਂ ਨਹੀਂ ਸਨ ਲੱਗੀਆਂ। ਮੈਂ ਆਖਿਆ, "ਤੁਸੀਂ ਤਾਂ ਉਨ੍ਹਾਂ ਦੇ ਸਹਿਕਰਮੀ ਹੋ, ਉਨ੍ਹਾਂ ਕੋਲੋਂ ਹੀ ਪੁੱਛੋ ਤਾਂ ਚੰਗਾ ਰਹੇਗਾ।"

ਨੂਰ ਦਾ ਘਰ ਖੁੱਲ੍ਹੀ-ਡੁੱਲ੍ਹੀ ਤੇ ਸਾਫ਼-ਸੁਥਰੀ ਕਾਲੋਨੀ ਵਿਚ ਸੀ। ਮਕਾਨਾਂ ਦੇ ਸਾਹਮਣੇ ਸੜਕ ਦੇ ਕੰਢੇ ਗੁਲਮੋਹਰ ਦੇ ਦਰਖ਼ਤ ਲੱਗੇ ਹੋਏ ਸਨ ਅਤੇ ਇਹ ਲਾਲ ਫੁੱਲਾਂ ਨਾਲ ਲੱਦੇ ਪਏ ਸਨ। ਨੂਰ ਦਾ ਫਲੈਟ ਪਹਿਲੀ ਮੰਜ਼ਿਲ 'ਤੇ ਸੀ। ਪੌੜੀਆਂ ਚੜ੍ਹ ਕੇ ਮੈਂ ਘੰਟੀ ਵਜਾਈ ਤਾਂ ਸੋਲ੍ਹਾਂ-ਸਤਾਰਾਂ ਸਾਲ ਦੀ ਕੁੜੀ ਨੇ ਦਰਵਾਜ਼ਾ ਖੋਲ੍ਹਿਆ, ਤੇ ਇਹ ਜਾਣ ਕੇ ਕਿ ਮੈਂ ਨੂਰ ਸਾਹਿਬ ਨੂੰ ਮਿਲਣ ਆਇਆ ਹਾਂ, ਉਹਨੇ ਮੈਨੂੰ ਅੰਦਰ ਆਉਣ ਲਈ ਆਖਿਆ। ਕਮਰੇ ਵਿਚ ਖੁੱਲ੍ਹੇ ਦਰਵਾਜ਼ੇ ਕੋਲ ਪਹੁੰਚ ਕੇ ਉਹਨੇ ਜ਼ਰਾ ਉਚੀ ਆਵਾਜ਼ ਵਿਚ ਆਖਿਆ, "ਦਾਦੂ, ਤੁਹਾਨੂੰ ਕੋਈ ਮਿਲਣ ਆਇਆ ਹੈ।"

ਮੈਂ ਪਹਿਲੀ ਨਜ਼ਰੇ ਹੀ ਵੇਖ ਲਿਆ ਸੀ ਕਿ ਕਮਰਾ ਕਾਫ਼ੀ ਵੱਡਾ ਹੈ। ਇਕ ਪਾਸੇ ਸੋਫਾ ਸੈਟ ਹੈ, ਦੂਜੇ ਪਾਸੇ ਅਲਮਾਰੀਆਂ, ਤੀਸਰੇ ਪਾਸੇ ਬਾਹਰ ਬਾਲਕੋਨੀ ਵਿਚ ਖੁੱਲ੍ਹਣ ਵਾਲਾ ਬੂਹਾ ਅਤੇ ਚੌਥੇ ਪਾਸੇ ਮੰਜਾ, ਜਿਸ ਉਤੇ ਲੇਟੇ ਹੋਏ ਨੂਰ ਸਾਹਿਬ ਕੋਈ ਕਿਤਾਬ ਪੜ੍ਹ ਰਹੇ ਹਨ। ਨਜ਼ਰਾਂ ਤੋਂ ਓਹਲੇ ਕਿਸੇ ਮਿਊਜ਼ਿਕ ਸਿਸਟਮ 'ਤੇ ਬਹੁਤ ਹੀ ਧੀਮੀ ਆਵਾਜ਼ ਵਿਚ ਸਰੋਦ ਵੱਜ ਰਿਹਾ ਸੀ। ਨੂਰ ਕਿਤਾਬ ਇਕ ਪਾਸੇ ਰੱਖ ਕੇ ਉਠ ਖਲੋਤੇ। ਉਨ੍ਹਾਂ ਨੇ ਸ਼ਾਇਦ ਮੈਨੂੰ ਪਛਾਣਿਆ ਨਹੀਂ। ਇਸ ਲਈ ਵਿਜੇ ਨੂੰ ਆਖਿਆ, "ਆਓ ਆਓ... ਵਿਜੇ ਸਾਹਿਬ।"

"ਦੇਖੋ ਸਰ, ਮੇਰੇ ਨਾਲ ਕੌਣ ਆਏ ਨੇ," ਵਿਜੇ ਨੇ ਅੱਗੇ ਵਧ ਕੇ ਆਖਿਆ।

ਨੂਰ ਹੱਕੇ-ਬੱਕੇ ਹੋਏ ਮੇਰੇ ਵੱਲ ਵੇਖਣ ਲੱਗੇ ਤੇ ਪਛਾਣ ਲੈਣ 'ਤੇ "ਰਾਜਨ ਜੀ, ਤੁਸੀਂ!" ਕਹਿ ਕੇ ਮੇਰੇ ਨਾਲ ਚਿੰਬੜ ਗਏ। ਮੈਨੂੰ ਸਾਹਮਣੇ ਬਿਠਾ ਕੇ ਪੁੱਛਣ ਲੱਗੇ ਕਿ ਮੈਂ ਕਦੋਂ ਅਤੇ ਕਿਸ ਸਿਲਸਿਲੇ ਵਿਚ ਭੋਪਾਲ ਆਇਆ ਹਾਂ। ਮੈਂ ਦੱਸਿਆ ਤਾਂ ਕਹਿਣ ਲੱਗੇ, "ਤੁਸੀਂ ਸਵੇਰੇ ਹੀ ਕਿਸੇ ਕੋਲੋਂ ਫੋਨ ਕਰਵਾ ਦਿੰਦੇ, ਮੈਂ ਖ਼ੁਦ ਮਿਲਣ ਆ ਜਾਂਦਾ।"

ਮੈਂ ਤੱਕਿਆ-ਲੰਘ ਚੁੱਕੇ ਸਮੇਂ ਨੇ ਉਨ੍ਹਾਂ ਉਤੇ ਕਾਫ਼ੀ ਅਸਰ ਪਾਇਆ ਹੈ। ਜਦੋਂ ਪਹਿਲਾਂ ਮੈਂ ਉਨ੍ਹਾਂ ਨੂੰ ਮਿਲਿਆ ਸਾਂ, ਉਹ ਅੱਧਖੜ ਹੋਣ ਦੇ ਬਾਵਜੂਦ ਜਵਾਨ ਲੱਗਦੇ ਸਨ, ਹੁਣ ਬੁੱਢੇ ਨਜ਼ਰ ਆ ਰਹੇ ਸਨ, ਚਿੱਟੇ-ਲੰਮੇ ਅਤੇ ਖਿਲਰੇ ਵਾਲ, ਕਰੜ-ਬਰੜੀ ਦਾੜ੍ਹੀ ਅਤੇ ਅੱਖਾਂ 'ਤੇ ਮੋਟੇ ਕੱਚ ਦੀ ਐਨਕ। ਪਹਿਲਾਂ ਦਾੜ੍ਹੀ ਨਹੀਂ ਸਨ ਰੱਖਦੇ ਅਤੇ ਐਨਕ ਨਹੀਂ ਸਨ ਲਾਉਂਦੇ। ਜੇਕਰ ਮੈਨੂੰ ਪਹਿਲਾਂ ਇਨ੍ਹਾਂ ਗੱਲਾਂ ਦਾ ਪਤਾ ਨਾ ਹੁੰਦਾ ਤਾਂ ਸ਼ਾਇਦ ਮੈਂ ਉਨ੍ਹਾਂ ਨੂੰ ਪਛਾਣ ਨਾ ਸਕਦਾ।

ਵਿਜੇ ਨੂੰ ਵੀ ਬਹਿਣ ਲਈ ਕਹਿੰਦਿਆਂ ਹੋਇਆਂ ਉਨ੍ਹਾਂ ਆਖਿਆ, "ਬਹੁਤ ਬਹੁਤ ਸ਼ੁਕਰੀਆ ਵਿਜੇ ਸਾਹਿਬ, ਤੁਸੀਂ ਇਨ੍ਹਾਂ ਨੂੰ ਲੈ ਆਏ। ਅਸੀਂ ਦੂਜੀ ਵਾਰ ਮਿਲ ਰਹੇ ਹਾਂ, ਪਰ ਪੁਰਾਣੇ ਪ੍ਰੇਮੀ ਹਾਂ। ਲਵ ਐਟ ਫਸਟ ਸਾਈਟ ਵਾਲੇ," ਕਹਿ ਕੇ ਉਹ ਹੱਸੇ।

ਮੈਂ ਤੱਕਿਆ-ਬੱਲੇ ਖਲੋਤਾ ਗੁਲਮੋਹਰ ਦਾ ਦਰਖ਼ਤ ਉਨ੍ਹਾਂ ਦੀ ਬਾਲਕੋਨੀ ਤਕ ਆ ਗਿਆ ਹੈ ਅਤੇ ਉਹਦੇ ਲਾਲ ਫੁੱਲ ਬਿਲਕੁਲ ਨਜ਼ਦੀਕ ਨਜ਼ਰ ਆ ਰਹੇ ਹਨ। ਸ਼ਾਮ ਦੀ ਹਲਕੀ ਧੁੱਪ 'ਚ ਵਾਹਵਾ ਚਮਕਦੇ ਹੋਏ!

"ਕੱਲੇ ਹੀ ਆਏ ਹੋ ਜਾਂ ਪਰਿਵਾਰ ਦੇ ਨਾਲ?" ਨੂਰ ਸਾਹਿਬ ਨੇ ਪੁੱਛਿਆ-"ਪਿਛਲੀ ਵਾਰ ਜਦੋਂ ਤੁਸੀਂ ਆਏ ਸੀ, ਤੁਸੀਂ ਕਿਹਾ ਸੀ ਕਿ ਭੋਪਾਲ ਬਹੁਤ ਖ਼ੂਬਸੂਰਤ ਸ਼ਹਿਰ ਹੈ, ਅਗਲੀ ਵਾਰ ਆਵਾਂਗਾ ਤਾਂ ਪਰਿਵਾਰ ਨੂੰ ਨਾਲ ਲੈ ਕੇ ਆਵਾਂਗਾ।"

ਮੈਨੂੰ ਹੈਰਾਨੀ ਹੋਈ ਕਿ ਉਨ੍ਹਾਂ ਨੂੰ ਇਹ ਗੱਲ ਇੰਨੇ ਸਾਲ ਬਾਅਦ ਵੀ ਯਾਦ ਹੈ। ਮੈਂ ਆਖਿਆ, "ਹੁਣ ਪਰਿਵਾਰ ਨਾਲ ਨਿਕਲਣਾ ਮੁਸ਼ਕਲ ਹੈ। ਘਰਵਾਲੀ ਦੀ ਨੌਕਰੀ ਹੈ ਅਤੇ ਬੱਚੇ ਵੱਡੇ ਹੋ ਗਏ ਹਨ। ਸਭ ਦੀਆਂ ਆਪਣੀਆਂ ਮਸਰੂਫ਼ੀਅਤ ਹਨ।" ਕਹਿੰਦਿਆਂ-ਕਹਿੰਦਿਆਂ ਮੈਨੂੰ ਨੂਰ ਦੇ ਪਰਿਵਾਰ ਦੀ ਯਾਦ ਆ ਗਈ। ਮੈਂ ਦੁੱਖ ਪ੍ਰਗਟ ਕਰਨ ਲਈ ਆਖਿਆ, "ਤੁਹਾਡੇ ਪਰਿਵਾਰ ਨਾਲ ਜਿਹੜਾ ਹਾਦਸਾ ਹੋਇਆ, ਉਹਦੇ ਨਾਲ ਬੜਾ...।"

"ਹਾਦਸਾ?" ਨੂਰ ਇਕਦਮ ਤੜਫ਼ ਉਠੇ। ਉਨ੍ਹਾਂ ਨੇ ਮੇਰਾ ਵਾਕ ਵੀ ਪੂਰਾ ਨਹੀਂ ਸੀ ਹੋਣ ਦਿੱਤਾ। ਕਹਿਣ ਲੱਗੇ, "ਤੁਸੀਂ ਉਹਨੂੰ ਹਾਦਸਾ ਕਹਿੰਦੇ ਹੋ? ਉਹ ਤਾਂ ਹੱਤਿਆਕਾਂਡ ਸੀ। ਬਲੱਡੀ ਮੈਸੇਕਰ!"

ਮੈਂ ਸਹਿਮ ਕੇ ਖ਼ਾਮੋਸ਼ ਹੋ ਗਿਆ ਅਤੇ ਥੱਲੇ ਵੇਖਣ ਲੱਗਾ।

ਵਿਜੇ ਨੇ ਨੂਰ ਨੂੰ ਸ਼ਾਂਤ ਕਰਨ ਦੀ ਗ਼ਰਜ਼ ਨਾਲ ਆਖਿਆ, "ਹੁਣ ਉਨ੍ਹਾਂ ਪੁਰਾਣੇ ਜ਼ਖ਼ਮਾਂ ਨੂੰ ਕੁਰੇਦਨ ਨਾਲ ਕੀ ਫ਼ਾਇਦਾ ਹੈ, ਸਰ?"

"ਮੈਂ ਨਹੀਂ ਮੰਨਦਾ ਇਹ ਗੱਲ। ਸਾਨੂੰ ਅਜਿਹੇ ਜ਼ਖ਼ਮਾਂ ਨੂੰ ਉਦੋਂ ਤਕ ਕੁਰੇਦਦੇ ਰਹਿਣਾ ਚਾਹੀਦਾ ਹੈ ਜਦੋਂ ਤਕ ਦੁਨੀਆਂ ਵਿਚ ਅਜਿਹੇ ਹੱਤਿਆਕਾਂਡ ਬੰਦ ਨਹੀਂ ਹੋ ਜਾਂਦੇ," ਨੂਰ ਨੇ ਵਿਜੇ ਨੂੰ ਝਿੜਕਦਿਆਂ ਅਤੇ ਮੇਰੇ ਕੋਲੋਂ ਪੁੱਛਿਆ, "ਕੀ ਹਾਦਸੇ ਤੇ ਹੱਤਿਆਕਾਂਡ ਵਿਚ ਕੋਈ ਫ਼ਰਕ ਹੈ? ਹਾਦਸੇ ਅਚਾਨਕ ਹੋ ਜਾਂਦੇ ਹਨ, ਜਿਵੇਂ ਦੋ ਰੇਲਗੱਡੀਆਂ ਟਕਰਾ ਜਾਣ ਪਰ ਹੱਤਿਆਵਾਂ ਤਾਂ ਕੀਤੀਆਂ ਜਾਂਦੀਆਂ ਹਨ।"

ਇੰਨੇ ਚਿਰ ਨੂੰ ਉਹ ਕੁੜੀ ਜੀਹਨੇ ਬੂਹਾ ਖੋਲ੍ਹਿਆ ਸੀ, ਕੱਚ ਦੇ ਤਿੰਨ ਗਲਾਸਾਂ ਵਿਚ ਪਾਣੀ ਲੈ ਆਈ। ਟ੍ਰੇਅ ਨੂੰ ਸਲੀਕੇ ਨਾਲ ਮੇਜ਼ 'ਤੇ ਰੱਖ ਕੇ ਉਹਨੇ ਨੂਰ ਕੋਲੋਂ ਪੁੱਛਿਆ, "ਦਾਦੂ...ਚਾਹ ਜਾਂ ਸ਼ਰਬਤ?"

"ਪਹਿਲਾਂ ਸ਼ਰਬਤ, ਫਿਰ ਚਾਹ," ਕਹਿ ਕੇ ਨੂਰ ਨੇ ਹੱਸਦੇ ਹੋਏ ਮੈਨੂੰ ਪੁੱਛਿਆ, "ਤੁਹਾਨੂੰ ਸ਼ੂਗਰ ਵਗੈਰਾ ਤਾਂ ਨਹੀਂ ਹੈ ਨਾ?"

ਮੈਂ ਵੀ ਮੁਸਕਰਾ ਕੇ ਆਖਿਆ, "ਅਜੇ ਤਕ ਤਾਂ ਨਹੀਂ।"

ਕੁੜੀ ਜਾਣ ਲੱਗੀ ਤਾਂ ਨੂਰ ਸਾਹਿਬ ਨੇ ਉਹਨੂੰ ਵਾਪਸ ਬੁਲਾਇਆ, ਆਪਣੇ ਨੇੜੇ ਬਿਠਾਇਆ ਤੇ ਉਹਦੇ ਸਿਰ 'ਤੇ ਹੱਥ ਰੱਖ ਕੇ ਮੁਲਾਕਾਤ ਕਰਵਾਈ, "ਇਹ ਆਇਸ਼ਾ ਹੈ, ਮੇਰੇ ਭਤੀਜੇ ਦੀ ਧੀ। ਇਹ ਆਪਣੇ ਦਾਦੂ ਦਾ ਬਹੁਤ ਖ਼ਿਆਲ ਰੱਖਦੀ ਹੈ। ਬੀ.ਏ. ਵਿਚ ਪੜ੍ਹਦੀ ਹੈ। ਬਹੁਤ ਸਮਝਦਾਰ ਹੈ...ਤੇ ਆਇਸ਼ਾ, ਇਹ ਹਨ ਤੇਰੇ ਦਿੱਲੀ ਵਾਲੇ ਦਾਦੂ ਰਾਜਨ ਜੀ।"

ਆਇਸ਼ਾ ਨੇ ਮੈਨੂੰ ਸਲਾਮ ਕੀਤਾ ਤੇ ਮੈਂ ਉਹਨੂੰ ਆਸ਼ੀਰਵਾਦ ਦਿੱਤਾ ਪਰ ਮੈਨੂੰ ਥੋੜ੍ਹੀ ਹੈਰਾਨੀ ਹੋਈ ਕਿ ਨਾ ਤਾਂ ਨੂਰ ਨੇ ਵਿਜੇ ਨਾਲ ਉਹਦੀ ਜਾਣ-ਪਛਾਣ ਕਰਵਾਈ ਤੇ ਨਾ ਹੀ ਵਿਜੇ ਨੂੰ ਸਲਾਮ ਕੀਤਾ। ਉਹਨੇ ਵਿਜੇ ਵੱਲ ਵੇਖਿਆ ਵੀ ਨਹੀਂ। ਉਠ ਕੇ ਅੰਦਰ ਚਲੀ ਗਈ।

ਗੱਲਬਾਤ ਸ਼ੁਰੂ ਕਰਨ ਲਈ ਮੈਂ ਨੂਰ ਕੋਲੋਂ ਪੁੱਛਿਆ, "ਸੁਣਿਆ ਹੈ, ਤੁਸਾਂ ਸਾਹਿਤਕ ਸਮਾਗਮਾਂ ਵਿਚ ਜਾਣਾ ਬੰਦ ਕਰ ਦਿੱਤਾ ਹੈ? ਕੋਈ ਖ਼ਾਸ ਕਾਰਨ?"

ਨੂਰ ਨੇ ਇਕ ਵਾਰ ਵਿਜੇ ਵੱਲ ਵੇਖਿਆ ਤੇ ਮੈਨੂੰ ਕਹਿਣ ਲੱਗੇ, "ਉਥੇ ਸਾਹਿਤ ਨਹੀਂ ਹੁੰਦਾ, ਸਾਹਿਤ ਨਾਲ ਪੈਸਾ ਕਮਾਉਣ, ਪੁਰਸਕਾਰ ਹਾਸਲ ਕਰਨ ਅਤੇ ਖ਼ੁਦ ਨੂੰ ਮਹਾਨ ਸਾਹਿਤਕਾਰ ਮੰਨਵਾ ਲੈਣ ਦੀਆਂ ਤਿਕੜਮਾਂ ਹੁੰਦੀਆਂ ਹਨ। ਦੇਸ਼ ਅਤੇ



ਦੁਨੀਆਂ ਵਿਚ ਕੀ ਹੋ ਰਿਹਾ ਹੈ, ਇਹਦੀ ਜਾਣਕਾਰੀ ਤਾਂ ਸਾਰਿਆਂ ਨੂੰ ਹੈ ਪਰ ਦੇਸ਼-ਦੁਨੀਆਂ ਦੇ ਹਾਲਾਤ ਦਾ ਆਮ ਲੋਕਾਂ 'ਤੇ ਕੀ ਅਸਰ ਪੈ ਰਿਹਾ ਹੈ ਅਤੇ ਉਨ੍ਹਾਂ ਬਾਰੇ ਕੀ ਕੀਤਾ ਜਾ ਰਿਹਾ ਹੈ, ਇਸ ਦਾ ਫ਼ਿਕਰ ਕਿਸੇ ਨੂੰ ਵੀ ਨਹੀਂ ਹੈ। ਗ਼ਰੀਬੀ ਅਤੇ ਬੇਰੁਜ਼ਗਾਰੀ ਵਧ ਰਹੀ ਹੈ। ਸਮਾਜ ਵਿਚ ਹਿੰਸਾ ਵਧ ਰਹੀ ਹੈ। ਅਪਰਾਧ ਵਧ ਰਹੇ ਹਨ। ਲੋਕ ਮਰ ਰਹੇ ਹਨ ਅਤੇ ਮਾਰੇ ਜਾ ਰਹੇ ਹਨ। ਪਰ ਸਾਹਿਤਕਾਰ ਕੀ ਕਰ ਰਹੇ ਹਨ? ਉਹ ਫੁੱਲਾਂ ਅਤੇ ਚਿੜੀਆਂ 'ਤੇ ਕਵਿਤਾਵਾਂ ਲਿਖ ਰਹੇ ਹਨ। ਦਲਿਤਵਾਦ ਦੇ ਨਾਂ 'ਤੇ ਜਾਤੀਵਾਦ ਫੈਲਾ ਰਹੇ ਹਨ। ਨਾਰੀਵਾਦ ਦੇ ਨਾਂ 'ਤੇ ਸੈਕਸੀ ਕਹਾਣੀਆਂ ਲਿਖ ਰਹੇ ਹਨ। ਫ਼ਿਰਕਾਪ੍ਰਸਤੀ ਦੇ ਨਾਂ 'ਤੇ ਹਿੰਸਾ ਅਤੇ ਬਲਾਤਕਾਰ ਦੇ ਬਿਓਰੇ ਦੇ ਰਹੇ ਹਨ। ਭੋਪਾਲ ਤਾਂ ਸਾਹਿਤਕਾਰਾਂ ਦਾ ਗੜ੍ਹ ਹੈ ਪਰ ਚੁਰਾਸੀ ਵਿਚ ਯੂਨੀਅਨ ਕਾਰਬਾਈਡ ਨੇ ਇਕ ਹੀ ਝਟਕੇ ਵਿਚ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਹਜ਼ਾਰਾਂ ਲੋਕਾਂ ਨੂੰ ਅੰਨ੍ਹਾ ਅਤੇ ਅਪਾਹਜ ਬਣਾ ਦਿੱਤਾ। ਹਜ਼ਾਰਾਂ ਪਰਿਵਾਰਾਂ ਕੋਲੋਂ ਉਨ੍ਹਾਂ ਦੀ ਰੋਟੀ ਖੋਹ ਕੇ ਉਨ੍ਹਾਂ ਨੂੰ ਭੁੱਖਾ ਭਿਖਾਰੀ ਬਣਾ ਦਿੱਤਾ ਪਰ ਇਸ ਦੇ ਖ਼ਿਲਾਫ਼ ਇਥੋਂ ਦੇ ਸਾਹਿਤਕਾਰਾਂ ਨੇ ਕੀ ਕੀਤਾ? ਥੋੜ੍ਹੇ-ਬਹੁਤ ਬਿਆਨ ਦਿੱਤੇ, ਕੁਝ ਕਵਿਤਾਵਾਂ ਲਿਖੀਆਂ ਅਤੇ ਬਸ। ਦਿਨ-ਰਾਤ ਭਾਸ਼ਾ ਦੀਆਂ ਖੇਡਾਂ ਖੇਡਣ ਵਾਲਿਆਂ ਨੇ ਇਹ ਵੀ ਨਹੀਂ ਵੇਖਿਆ ਕਿ ਉਸ ਦਿਲ-ਕੰਬਾਊ ਹੱਤਿਆਕਾਂਡ ਨੂੰ 'ਭੋਪਾਲ ਗੈਸ ਤ੍ਰਾਸਦੀ' ਵਰਗਾ ਭਿਆਨਕ ਨਾਂ ਦੇ ਦਿੱਤਾ ਗਿਆ ਹੈ ਜਿਸ ਤੋਂ ਲੱਗੇ ਕਿ ਉਸ ਭਿਆਨਕ ਘਟਨਾ ਦਾ ਸਬੰਧ ਸਿਰਫ਼ ਗੈਸ ਨਾਲ ਹੈ। ਜਿਵੇਂ ਭੋਪਾਲ ਦੇ ਹਜ਼ਾਰਾਂ ਲੋਕਾਂ ਨੂੰ ਗੈਸ ਨੇ ਹੀ ਮਾਰਿਆ ਹੋਵੇ ਜਾਂ ਫਿਰ ਗੈਸ ਦਾ ਫੈਲਣਾ ਭੁਚਾਲ ਵਰਗੀ ਕੋਈ ਕੁਦਰਤੀ ਘਟਨਾ ਹੋਵੇ ਜੀਹਦੇ ਲਈ ਕਿਸੇ ਨੂੰ ਵੀ ਜ਼ਿੰਮੇਦਾਰ ਨਾ ਠਹਿਰਾਇਆ ਜਾ ਸਕਦਾ ਹੋਵੇ! ਤ੍ਰਾਸਦੀ...ਮਾਏ ਫੁਟ!"

ਨੂਰ ਨੇ ਹਿੰਦੀ ਵਿਚ ਹੌਲੀ-ਹੌਲੀ ਬੋਲਣਾ ਸ਼ੁਰੂ ਕੀਤਾ ਸੀ ਪਰ ਦੋ-ਚਾਰ ਸ਼ਬਦਾਂ ਤੋਂ ਬਾਅਦ ਹੀ ਉਹ ਉਤੇਜਿਤ ਹੋ ਕੇ ਅੰਗਰੇਜ਼ੀ ਵਿਚ ਤੇਜ਼-ਤੇਜ਼ ਤੇ ਉਚੀ-ਉਚੀ ਬੋਲਣ ਲੱਗ ਪਏ ਸਨ। ਅਖ਼ੀਰ ਉਨ੍ਹਾਂ ਦਾ ਸਾਹ ਫੁੱਲ ਗਿਆ ਤੇ ਉਹ ਚੁੱਪ ਹੋ ਗਏ।

ਮੇਰੇ ਨਾਲ ਆਏ ਵਿਜੇ ਨੂੰ ਸ਼ਾਇਦ ਇਹ ਜਾਪਿਆ ਕਿ ਨੂਰ ਨੇ ਭੋਪਾਲ ਦੇ ਸਾਹਿਤਕਾਰਾਂ ਦਾ ਅਤੇ ਨਿਜੀ ਰੂਪ ਵਿਚ ਉਹਦਾ ਅਪਮਾਨ ਕੀਤਾ ਹੈ। ਨੂਰ ਦੇ ਚੁੱਪ ਹੁੰਦਿਆਂ ਹੀ ਉਹਨੇ ਵਿਅੰਗ ਕੱਸਦਿਆਂ ਆਖਿਆ, "ਤੁਸੀਂ ਤਾਂ ਇਹ ਸਭ ਹੰਢਾਇਆ ਹੈ, ਤੁਸੀਂ ਕਿਉਂ ਨਹੀਂ ਇਸ ਬਾਰੇ ਕੁਝ ਲਿਖਿਆ?"

ਨੂਰ ਨੇ ਬਲ਼ਦੀਆਂ ਅੱਖਾਂ ਨਾਲ ਵਿਜੇ ਵੱਲ ਵੇਖਿਆ, ਪਰ ਤੁਰੰਤ ਹੀ ਖ਼ੁਦ ਨੂੰ ਬੰਨ੍ਹ ਲਿਆ। ਸਿਗਰਟ ਸੁਲਗਾਈ ਅਤੇ ਵੱਡਾ ਕਸ਼ ਭਰ ਕੇ ਢੇਰ ਸਾਰਾ ਧੂੰਆਂ ਛੱਡਣ ਤੋਂ ਬਾਅਦ ਸ਼ਾਂਤ ਆਵਾਜ਼ ਵਿਚ ਵਿਜੇ ਨੂੰ ਆਖਿਆ, "ਤੁਸੀਂ ਜਾਣਦੇ ਹੋ ਮੈਂ ਸ਼ਾਇਰ ਹਾਂ, ਗੱਦ ਨਹੀਂ ਲਿਖਦਾ। ਮੈਂ ਗ਼ਜ਼ਲ ਤੋਂ ਇਲਾਵਾ ਹੋਰ ਕੁਝ ਲਿਖਣਾ ਸਿਖਿਆ ਵੀ ਨਹੀਂ ਪਰ ਗ਼ਜ਼ਲ ਵਿਚ ਉਹ ਸਭ ਕੁਝ ਬਿਆਨ ਨਹੀਂ ਕੀਤਾ ਜਾ ਸਕਦਾ ਜੋ ਮੈਂ ਭੋਗਿਆ ਹੈ। ਮੈਂ ਗ਼ਜ਼ਲ ਵਿਚ ਉਹ ਸਭ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਅਤੇ ਸੈਂਕੜੇ ਸ਼ਿਅਰ ਲਿਖ ਦਿੱਤੇ ਪਰ ਮੈਨੂੰ ਲੱਗਾ, ਬੇਕਾਰ ਹੈ। ਫਿਰ ਮੈਂ ਗੱਦ ਵਿਚ ਲਿਖਣ ਦੀ ਕੋਸ਼ਿਸ਼ ਕੀਤੀ। ਆਤਮ-ਕਥਾ ਦੇ ਰੂਪ 'ਚ ਢੇਰਾਂ ਕਾਗ਼ਜ਼ ਕਾਲੇ ਕੀਤੇ ਪਰ ਗੱਲ ਨਹੀਂ ਬਣੀ। ਕਹਾਣੀ ਵੀ ਲਿਖਣ ਦੀ ਕੋਸ਼ਿਸ਼ ਕੀਤੀ ਪਰ ਕਹਾਣੀ ਵਿਚ ਉਹ ਸਭ ਨਹੀਂ ਕਿਹਾ ਜਾ ਸਕਦਾ ਜੋ ਮੈਂ ਕਹਿਣਾ ਚਾਹੁੰਦਾ ਹਾਂ। ਫਿਰ ਮੈਨੂੰ ਲੱਗਾ ਕਿ ਨਾਵਲ ਲਿਖਾਂ ਤਾਂ ਸ਼ਾਇਦ ਕੋਈ ਗੱਲ ਬਣੇ ਪਰ ਨਾਵਲ ਲਿਖਣਾ ਮੈਨੂੰ ਆਉਂਦਾ ਨਹੀਂ। ਕਦੇ ਉਹ ਲੇਖ ਵਰਗਾ ਬਣ ਜਾਂਦਾ ਹੈ ਤੇ ਕਦੇ ਭਾਸ਼ਣ ਵਰਗਾ। ਲਿਖਦਾ ਹਾਂ ਤੇ ਪਾੜ ਕੇ ਸੁੱਟ ਦਿੰਦਾ ਹਾਂ। ਕਦੇ ਕਾਗ਼ਜ਼-ਕਲਮ ਲੈ ਕੇ ਬਹਿੰਦਾ ਹਾਂ ਤੇ ਬੈਠਾ ਹੀ ਰਹਿੰਦਾ ਹਾਂ। ਸਾਹਮਣੇ ਪਿਆ ਕੋਰਾ ਕਾਗ਼ਜ਼ ਮੈਨੂੰ ਚਿੜਾਉਂਦਾ ਰਹਿੰਦਾ ਹੈ, ਮੇਰੇ ਵੱਲ ਚੁਣੌਤੀਆਂ ਸੁੱਟਦਾ ਰਹਿੰਦਾ ਹੈ ਪਰ ਮੇਰੇ ਕੋਲੋਂ ਉਹਦੇ 'ਤੇ ਇਕ ਵੀ ਸ਼ਬਦ ਨਹੀਂ ਲਿਖਿਆ ਜਾਂਦਾ। ਦਿਮਾਗ਼ ਵਿਚ ਇਕੋ ਸਮੇਂ ਏਨੀਆਂ ਗੱਲਾਂ ਇਕੱਠੀਆਂ ਆਉਂਦੀਆਂ ਹਨ ਕਿ ਮੈਨੂੰ ਸਮਝ ਨਹੀਂ ਲੱਗਦੀ ਕਿ ਮੈਂ ਕੀ ਲਿਖਾਂ ਤੇ ਕੀ ਨਾ ਲਿਖਾਂ। ਫਿਰ ਮੈਨੂੰ ਡਰ ਲੱਗਣ ਲੱਗਦਾ ਹੈ ਕਿ ਕਿਤੇ ਮੈਂ ਪਾਗ਼ਲ ਨਾ ਹੋ ਜਾਵਾਂ। ਪਾਗ਼ਲਪਣ ਦੇ ਇਕ ਦੌਰ ਵਿਚੋਂ ਲੰਘ ਚੁੱਕਿਆ ਹਾਂ, ਮੁੜ ਨਹੀਂ ਲੰਘਣਾ ਚਾਹੁੰਦਾ।"




ਇੰਨੇ ਨੂੰ ਆਇਸ਼ਾ ਸ਼ਰਬਤ ਲੈ ਆਈ। ਨਿੰਬੂ ਦੀਆਂ ਕੁਝ ਬੂੰਦਾਂ ਪਾ ਕੇ ਬਣਾਇਆ ਗਿਆ ਰੂਹ-ਅਫ਼ਜ਼ੇ ਦਾ ਲਾਲ ਸ਼ਰਬਤ।

"ਲਓ, ਸ਼ਰਬਤ ਲਓ," ਨੂਰ ਨੇ ਆਖਿਆ ਅਤੇ ਉਠ ਕੇ ਅਲਮਾਰੀ ਵਿਚੋਂ ਮੋਟੀਆਂ-ਮੋਟੀਆਂ ਫਾਈਲਾਂ ਦਾ ਢੇਰ ਚੁੱਕ ਲਿਆਏ। ਫਾਈਲਾਂ ਮੇਜ਼ 'ਤੇ ਰੱਖਦਿਆਂ ਬੋਲੇ, "ਲੋਕ ਕਹਿੰਦੇ ਹਨ ਕਿ ਮੈਂ ਲਿਖਣਾ-ਪੜ੍ਹਨਾ ਬੰਦ ਕਰ ਦਿੱਤਾ ਹੈ ਪਰ ਮੈਂ ਵਿਹਲਾ ਨਹੀਂ ਬੈਠਾ। ਮੈਂ ਇਨ੍ਹਾਂ ਸਾਲਾਂ ਵਿਚ ਇਸ ਹੱਤਿਆਕਾਂਡ ਬਾਰੇ ਕਈ ਤੱਥ ਲੱਭੇ ਹਨ। ਇਨ੍ਹਾਂ ਫਾਈਲਾਂ ਵਿਚ ਉਹ ਸਾਰੇ ਤੱਥ ਅਤੇ ਪ੍ਰਮਾਣ ਮੌਜੂਦ ਸਨ ਜਿਹੜੇ ਦੱਸਦੇ ਹਨ ਕਿ ਭੋਪਾਲ ਵਿਚ ਗੈਸ ਕਾਂਡ ਅਚਾਨਕ ਨਹੀਂ ਸੀ ਹੋ ਗਿਆ।"

ਉਨ੍ਹਾਂ ਸ਼ਰਬਤ ਦਾ ਘੁੱਟ ਭਰ ਕੇ ਗਲਾਸ ਰੱਖ ਦਿੱਤਾ ਅਤੇ ਇਕ ਫਾਈਲ ਖੋਲ੍ਹ ਕੇ ਦਿਖਾਉਂਦੇ ਹੋਏ ਆਖਿਆ, "ਆਹ ਦੇਖੋ, ਇਹ ਕਾਗ਼ਜ਼ ਦੱਸਦੇ ਹਨ ਕਿ ਜਦੋਂ ਯੂਨੀਅਨ ਕਾਰਬਾਈਡ ਨੇ ਆਪਣਾ ਕਾਰਖ਼ਾਨਾ ਇਥੇ ਲਾਉਣ ਦਾ ਫ਼ੈਸਲਾ ਕੀਤਾ ਸੀ ਤਾਂ ਕਈ ਲੋਕਾਂ ਨੇ ਸਾਡੀ ਸਰਕਾਰ ਦੇ ਕੁਝ ਸਮਝਦਾਰ ਅਤੇ ਜ਼ਿੰਮੇਵਾਰ ਅਧਿਕਾਰੀਆਂ ਨੇ ਇਸ ਦਾ ਵਿਰੋਧ ਵੀ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਅਜਿਹੀ ਸੰਘਣੀ ਆਬਾਦੀ ਦੇ ਕੋਲ ਏਨਾ ਖ਼ਤਰਨਾਕ ਕਾਰਖ਼ਾਨਾ ਨਹੀਂ ਲਾਇਆ ਜਾਣਾ ਚਾਹੀਦਾ।"

"ਕੀ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਇਹ ਕਾਰਖ਼ਾਨਾ ਖ਼ਤਰਨਾਕ ਹੋਵੇਗਾ?" ਵਿਜੇ ਨੇ ਮਜ਼ਾਕੀਆ ਆਵਾਜ਼ ਵਿਚ ਆਖਿਆ।

ਨੂਰ ਨੇ ਵਿਜੇ ਵੱਲ ਵੇਖਿਆ ਤੇ ਪੁੱਛਿਆ, "ਕੀ ਤੁਸੀਂ ਉਸ ਜ਼ਹਿਰੀਲੀ ਗੈਸ ਬਾਰੇ ਕੁਝ ਜਾਣਦੇ ਹੋ, ਜੀਹਨੇ ਹਜ਼ਾਰਾਂ ਲੋਕਾਂ ਦੀ ਜਾਨ ਲਈ ਅਤੇ ਹੁਣ ਤਕ ਵੀ ਲੈ ਰਹੀ ਹੈ!"

"ਜੀ ਸਰ, ਮੈਂ ਉਹਦੇ ਬਾਰੇ ਪੜ੍ਹਿਆ ਤਾਂ ਸੀ ਪਰ ਉਹਦਾ ਨਾਂ ਯਾਦ ਨਹੀਂ ਰਿਹਾ," ਵਿਜੇ ਰਤਾ ਕੁ ਹੌਲਾ ਹੋ ਗਿਆ।

ਨੂਰ ਵਿਅੰਗ ਨਾਲ ਮੁਸਕਰਾਏ ਪਰ ਅਗਲੇ ਹੀ ਪਲ ਗੰਭੀਰ ਹੋ ਕੇ ਦੱਸਣ ਲੱਗੇ, "ਉਹਨੂੰ ਮਿਕ ਕਹਿੰਦੇ ਹਨ। ਐਮ.ਆਈ.ਸੀ. ਮਿਕ। ਇਹ ਕੋਈ ਕੁਦਰਤੀ ਗੈਸ ਨਹੀਂ ਹੈ। ਇਹ ਪਿਛਲੀ ਹੀ ਸਦੀ ਵਿਚ ਕਾਰਖ਼ਾਨਿਆਂ ਵਿਚੋਂ ਨਿਕਲ ਕੇ ਪ੍ਰਿਥਵੀ ਦੇ ਵਾਤਾਵਰਣ ਵਿਚ ਸ਼ਾਮਲ ਹੋਈ ਹੈ। ਹੁਣ ਇਸ ਦਾ ਇਸਤੇਮਾਲ ਕੀਟਨਾਸ਼ਕ ਬਣਾਉਣ ਲਈ ਕੀਤਾ ਜਾਂਦਾ ਹੈ। ਮਿਕ ਜੀਉਂਦੀਆਂ ਚੀਜ਼ਾਂ 'ਤੇ, ਖ਼ਾਸ ਤੌਰ 'ਤੇ ਅਜਿਹੀਆਂ ਚੀਜ਼ਾਂ 'ਤੇ, ਜਿਨ੍ਹਾਂ ਵਿਚ ਪਾਣੀ ਦੀ ਮਾਤਰਾ ਹੋਵੇ, ਅਜਿਹੀ ਪ੍ਰਤੀਕਿਰਿਆ ਕਰਦੀ ਹੈ ਕਿ ਉਹ ਤੁਰੰਤ ਮਰ ਜਾਂਦੀ ਹੈ। ਸਮਝ ਗਏ ਤੁਸੀਂ? ਜਾਣਕਾਰ ਜਾਣਦੇ ਸਨ ਕਿ ਯੂਨੀਅਨ ਕਾਰਬਾਈਡ ਕੀਟਨਾਸ਼ਕ ਬਣਾਉਣ ਵਾਸਤੇ ਇਸ ਗੈਸ ਦੀ ਵਰਤੋਂ ਕਰਨ ਵਾਲੀ ਹੈ। ਇਹ ਗੈਸ ਇਥੇ ਵੱਡੇ-ਵੱਡੇ ਟੈਂਕਾਂ ਵਿਚ ਭਰ ਕੇ ਰੱਖੀ ਜਾਵੇਗੀ ਅਤੇ ਜੇਕਰ ਇਹ ਕਿਸੇ ਵੀ ਤਰ੍ਹਾਂ ਟੈਂਕਾਂ ਵਿਚੋਂ ਨਿਕਲ ਕੇ ਫੈਲ ਗਈ ਤਾਂ ਆਸੇ-ਪਾਸੇ ਦੀਆਂ ਆਬਾਦੀਆਂ ਲਈ ਬਹੁਤ ਹੀ ਖ਼ਤਰਨਾਕ ਹੋਵੇਗੀ।"

*(ਬਾਕੀ ਅਗਲੇ ਅੰਕ 'ਚ)*

# ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ

ਅਕਾਲ ਪੁਰਖ ਦੀ ਬਖਸ਼ਿਸ਼ ਹੋਵੇ। ਅਗਲੀਆਂ ਪੰਕਤੀਆਂ ਵਿਚ ਉਹ ਬਾਣੀ ਰਾਹੀਂ ਪਰਮਾਤਮਾ ਦੇ ਨਾਮ ਸਿਮਰਨ ਵਿਚ ਜੁੜੇ ਰਹਿਣ ਦੀ ਗੱਲ ਕਰਦੇ ਹਨ ਜਿਸ ਨਾਲ ਮਨੁੱਖ ਨੂੰ ਅਮਰ ਕਰ ਦੇਣ ਵਾਲਾ ਆਤਮਕ ਅਨੰਦ ਮਿਲਦਾ ਹੈ। ਗੁਰੂ ਪਾਤਿਸ਼ਾਹ ਸਿਰਫ ਸੱਚੀ ਬਾਣੀ ਦੀ ਹੀ ਗੱਲ ਨਹੀਂ ਕਰਦੇ, ਉਹ ਸੱਚੀ ਅਤੇ ਕੱਚੀ ਬਾਣੀ ਵਿਚ ਨਖੇੜ ਵੀ ਕਰਦੇ ਹਨ। ਉਹ ਅੱਗੇ ਫ਼ਰਮਾਉਂਦੇ ਹਨ, "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੁ ਬਾਝਹੁ ਹੋਰ ਕਚੀ ਬਾਣੀ॥ ਕਹਿਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥" (ਪੰ. 92) ਗੁਰੂ ਆਸ਼ੇ ਤੋਂ ਉਲਟ ਬਾਣੀ ਨੂੰ ਕੱਚੀ ਬਾਣੀ ਕਿਉਂ ਕਿਹਾ ਹੈ? ਉਹ ਇਸ ਲਈ ਕਿ ਉਹ ਬੰਦੇ ਨੂੰ ਥਿੜਕਾ ਦਿੰਦੀ ਹੈ ਅਤੇ ਉਸ ਨੂੰ ਕਹਿਣ (ਭਾਵ ਰਚਣ ਵਾਲੇ) ਵੀ। ਅਤੇ ਸੁਣਨ ਵਾਲੇ ਵੀ ਮਾਇਆ ਦੇ ਸਾਹਮਣੇ ਥਿੜਕ ਜਾਂਦੇ ਹਨ। ਅਜਿਹੇ ਬੰਦੇ ਭਾਵੇਂ ਮੂੰਹ ਤੋਂ ਹਰੀ ਹਰੀ ਬੋਲਣ ਪਰ ਉਨ੍ਹਾਂ ਦੀ ਉਸ ਨਾਲ ਡੂੰਘੀ ਸਾਂਝ ਨਹੀਂ ਪੈਂਦੀ ਕਿਉਂਕਿ ਉਨ੍ਹਾਂ ਦਾ ਮਨ ਤਾਂ ਮਾਇਆ ਨੇ ਮੋਹ ਰੱਖਿਆ ਹੁੰਦਾ ਹੈ। ਚੌਥੇ ਪਾਤਿਸ਼ਾਹ ਗੁਰੂ ਰਾਮਦਾਸ ਕਹਿੰਦੇ ਹਨ ਕਿ ਸਤਿਗੁਰੂ ਦੀ ਬਾਣੀ ਸਤਿਸਰੂਪ ਹੈ ਅਤੇ ਗੁਰਬਾਣੀ ਦੁਆਰਾ ਹੀ ਸਤਿ ਸਰੂਪ ਬਣੀਦਾ ਹੈ। ਉਹ ਵੀ ਫਰਮਾਉਂਦੇ ਹਨ ਕਿ ਸਤਿਗੁਰੂ ਦੀ ਰੀਸ ਕਰਕੇ ਹੋਰ ਲੋਕ ਵੀ ਬੋਲਦੇ ਹਨ ਪਰ ਉਨ੍ਹਾਂ ਦਾ ਬੋਲਿਆ ਕੱਚਾ-ਪਿੱਲਾ ਹੁੰਦਾ ਹੈ। ਅਰਥ ਇਥੇ ਵੀ ਕੱਚੀ ਬਾਣੀ ਹੀ ਬਣਦਾ ਹੈ। ਉਹ ਸਤਿਗੁਰ ਦੀ ਬਾਣੀ ਨੂੰ ਸਤਿ ਕਰਕੇ ਮੰਨਣ ਲਈ ਇਸ ਲਈ ਕਹਿੰਦੇ ਹਨ ਕਿਉਂਕਿ ਅਕਾਲ ਪੁਰਖ ਨੇ ਇਸ ਦਾ ਉਚਾਰਣ ਆਪ ਕਰਵਾਇਆ ਹੈ, "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥" (ਪੰ. 308) ਇਹੀ ਨਹੀਂ, ਚੌਥੇ ਪਾਤਿਸ਼ਾਹ ਹਜ਼ੂਰ ਨੇ ਬਾਣੀ ਨੂੰ ਗੁਰੂ ਦਾ ਦਰਜਾ ਦੇ ਦਿੱਤਾ, "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥" (ਪੰ. 982) ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਨੇ ਸਿਰਫ ਇਸ ਨੂੰ 'ਧੁਰਿ ਕੀ ਬਾਣੀ' ਹੀ ਨਹੀਂ ਕਿਹਾ ਸਗੋਂ ਇਸ ਦਾ ਕੱਚੀ ਬਾਣੀ ਤੋਂ ਨਿਖੇੜ ਕਰਕੇ, ਹੋਰ ਸੰਤਾਂ, ਭਗਤਾਂ, ਗੁਰੂ ਪ੍ਰੇਮੀਆਂ, ਭੱਟਾਂ ਦੀ ਬਾਣੀ ਜਿਹੜੀ ਗੁਰੂ-ਸਿਧਾਂਤਾਂ ਨਾਲ ਮੇਲ ਖਾਂਦੀ ਸੀ, ਨਾਲ ਮਿਲਾ ਕੇ ਇਸ ਨੂੰ 'ਗ੍ਰੰਥ' ਦਾ ਰੂਪ ਦਿੱਤਾ ਅਤੇ ਨਾਲ ਹੀ, "ਪੋਥੀ ਪਰਮੇਸਰੁ ਕਾ ਥਾਨੁ" ਕਿਹਾ।

ਦਸਵੀਂ ਨਾਨਕ ਜੋਤ ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ਼ ਬਹਾਦਰ ਦੀ ਬਾਣੀ ਸ਼ਾਮਲ ਕਰਕੇ ਗ੍ਰੰਥ ਸਾਹਿਬ ਨੂੰ ਬਾਕਾਇਦਾ ਪਰੰਪਰਾ ਅਨੁਸਾਰ ਗੁਰਗੱਦੀ ਦਿੱਤੀ ਅਤੇ ਖ਼ਾਲਸੇ ਨੂੰ, "ਗੁਰੂ ਮਾਨਿਓ ਗ੍ਰੰਥ" ਦਾ ਅਦੇਸ਼ ਕਰ ਦਿੱਤਾ।

ਬਲਵੀਰ ਸਿੰਘ ਕਾਲੇਕੇ ਨੇ ਪਿੱਛੇ ਜਿਹੇ ਪੰਜਾਬ ਟਾਈਮਜ਼ ਵਿਚ ਇੱਕ ਲੇਖ ਲਿਖ ਕੇ ਜਾਣਨਾ ਚਾਹਿਆ ਸੀ, 'ਧਾਰਨਾ ਗਾ ਕੇ ਗੁਰੂ ਉਪਮਾ ਕਿਉਂ ਮਾੜੀ ਹੈ?' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਾਗਾਂ ਵਿਚ ਹੈ ਅਤੇ ਇਹ ਰਾਗਾਂ ਵਿਚ ਇਸੇ ਲਈ ਹੈ ਕਿਉਂਕਿ ਇਸ ਨੂੰ ਜਿਸ ਰਾਗ ਵਿਚ ਰਚਿਆ ਗਿਆ ਹੈ ਉਸੇ ਵਿਚ ਗਾਉਣਾ ਹੈ। ਸੁਰ ਅਤੇ ਤਾਲ ਦਾ ਜੋ ਅਸਰ ਮਨੁੱਖੀ ਮਨ ਤੇ ਹੁੰਦਾ ਹੈ ਉਹ ਚਿਮਟਿਆਂ ਦੇ ਰੌਲੇ ਨਾਲ ਨਹੀਂ ਹੁੰਦਾ। ਰਾਗ ਦੀ ਮਹੱਤਤਾ ਨੂੰ ਗੁਰੂ ਮਹਾਰਾਜ ਭਲੀ ਭਾਂਤ ਸਮਝਦੇ ਸਨ, ਜਿਸ ਦਾ ਗਿਆਨ ਸ਼ਾਇਦ ਇਨ੍ਹਾਂ ਗੁਰੂ ਦੇ ਸੰਤ ਕਹਾਉਣ ਵਾਲਿਆਂ ਨੂੰ ਨਹੀਂ ਹੈ। ਇਹ ਸੰਤ ਦੋ-ਚਾਰ ਪੰਕਤੀਆਂ ਗੁਰਬਾਣੀ ਵਿਚੋਂ ਬੋਲ ਕੇ ਬਾਕੀ ਆਪਣੀਆਂ ਜਾਂ ਆਪਣੇ ਪੂਰਵ ਸੰਤਾਂ ਦੀਆਂ ਜੋੜੀਆਂ ਤੁਕਾਂ ਬੋਲ ਕੇ ਕੀਰਤਨ ਕਰਨ ਲੱਗ ਪੈਂਦੇ ਹਨ। ਇਹ ਸਰਾਸਰ ਮਨਮੱਤ ਹੈ। ਗੁਰੂ ਦਾ ਸਿੱਖ ਕਹਾਉਣ ਵਾਲੇ ਨੂੰ ਬਾਣੀ ਦੇ ਸਿਲਸਿਲੇ ਵਿਚ ਮਨਮੱਤ ਕਰਨ ਦੀ ਆਗਿਆ ਗੁਰੂ ਵੱਲੋਂ ਨਹੀਂ ਦਿੱਤੀ ਗਈ। ਇਹ ਉਪਰ ਦਿੱਤੀ ਵਿਚਾਰ ਚਰਚਾ ਤੋਂ ਸਪਸ਼ਟ ਹੋ ਗਿਆ ਹੋਣਾ ਹੈ। ਢਾਡੀ ਵਾਰਾਂ ਗਾਉਂਦੇ ਹਨ ਗੁਰੂ-ਇਤਿਹਾਸ ਦੀ ਜਾਣਕਾਰੀ ਦੇਣ ਲਈ ਜਾਂ ਸਿੱਖੀ ਨਾਲ ਜੋੜਨ ਲਈ ਆਮ ਲੋਕਾਈ ਨੂੰ ਸਿੱਖ ਧਰਮ ਪ੍ਰਤੀ ਜਾਣਕਾਰੀ ਦੇ ਕੇ। ਉਹ ਕੀਰਤਨ ਨਹੀਂ ਕਰਦੇ। ਸੱਚੀ ਅਤੇ ਕੱਚੀ ਬਾਣੀ ਦਾ ਨਖੇੜ ਗੁਰੂ ਸਾਹਿਬਾਨ ਨੇ ਆਪ ਕੀਤਾ ਹੋਇਆ ਹੈ। ਇਸ ਬਾਰੇ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ। ਗਾਇਕਾਂ ਵੱਲੋਂ ਜੋ ਗੀਤ ਗਾਏ ਜਾਂਦੇ ਹਨ, ਚੰਗੇ ਤੇ ਮਾੜੇ ਗੀਤ ਹੀ ਹਨ। ਉਨ੍ਹਾਂ ਨੂੰ ਕਿਸੇ ਕਿਸਮ ਦੀ ਵੀ ਬਾਣੀ (ਕੱਚੀ ਜਾਂ ਸੱਚੀ) ਕਹਿਣਾ ਉਚਿਤ ਨਹੀਂ ਹੈ।

ਸੰਤਾਂ ਦੇ ਡੇਰਿਆਂ ਤੇ ਸਿੱਖ ਧਰਮ ਵੱਲੋਂ ਪ੍ਰਵਾਨਤ ਅਰਦਾਸ ਨਹੀਂ ਕੀਤੀ ਜਾਂਦੀ। ਕਿਸੇ ਡੇਰੇ ਤੇ ਅਰਦਾਸ ਦੇ ਉਸ ਹਿੱਸੇ ਦਾ ਉਚਾਰਨ ਨਹੀਂ ਕੀਤਾ ਜਾਂਦਾ ਜਿਸ ਵਿਚ ਗੁਰਦਵਾਰਿਆਂ ਦੇ ਸੁਧਾਰ ਹਿੱਤ ਕੁਰਬਾਨੀਆਂ ਦੇਣ ਵਾਲਿਆਂ ਲਈ ਸ਼ਰਧਾ ਪਰਗਟਾਈ ਗਈ ਹੈ। ਕਿਉਂ? ਕਿਉਂਕਿ ਗੁਰਦਵਾਰੇ ਡੇਰੇਦਾਰ ਸਾਧਾਂ ਕੋਲੋਂ ਆਜ਼ਾਦ ਕਰਵਾਏ ਗਏ ਸਨ। ਬਾਕੀ ਰਹੀ ਗੱਲ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਦੀ। ਪੰਜਾਬ ਦੇ ਹਰ ਦਸ ਮੀਲ ਬਾਅਦ ਕਿਸੇ ਸੰਤ ਦਾ ਡੇਰਾ ਹੈ। ਪਹਿਲਾਂ ਇੱਕ ਸੰਤ ਈਸ਼ਰ ਸਿੰਘ ਰਾੜੇ ਵਾਲੇ ਸੀ, ਅੱਜ ਉਨ੍ਹਾਂ ਦੇ ਸਥਾਨ ਤੋਂ ਸਿਖਿਅਤ ਹੋ ਚੁੱਕੇ ਕਈ ਸੰਤਾਂ ਨੇ ਡੇਰੇ ਬਣਾ ਲਏ ਹਨ। ਇਹੀ ਹਾਲ ਸੰਤ ਅਤਰ ਸਿੰਘ ਦੇ ਸਥਾਨ ਤੋਂ ਪਰਵਾਨ ਚੜ੍ਹਨ ਵਾਲਿਆਂ ਦਾ ਹੈ। ਜੇ ਏਨੇ ਸੰਤ ਅੰਮ੍ਰਿਤ ਛਕਾ ਛਕਾ ਕੇ ਸਿੰਘ ਸਜਾ ਰਹੇ ਹਨ ਤਾਂ ਫਿਰ ਪੰਜਾਬ ਵਿਚ ਬਹੁ ਗਿਣਤੀ ਸਿੱਖ ਮੁੰਡੇ ਕੀ, ਕੁੜੀਆਂ ਨੇ ਵੀ ਵਾਲ ਕਿਉਂ ਕੱਟੇ ਹੋਏ ਹਨ? ਸਾਰਾ ਪੰਜਾਬ ਅੱਜ ਨਸ਼ਿਆਂ ਹੱਥੋਂ ਕਿਉਂ ਪੀੜਤ ਹੈ? "ਸਾਥੋਂ ਤਾਂ ਆਪਣੇ ਬੱਚੇ ਨਹੀਂ ਸੰਭਾਲੇ ਜਾਂਦੇ" ਮੈਨੂੰ ਇਸ ਗੱਲ ਨਾਲ ਕੋਈ ਕਿੰਤੂ ਨਹੀਂ ਹੈ ਪਰ ਸੰਤ ਕਿਹੜੇ ਸਿੰਘ ਸਜਾ ਰਹੇ ਹਨ? ਉਹ ਵੀ ਨਜ਼ਰ ਆਉਣੇ ਚਾਹੀਦੇ ਹਨ। ਇਹ ਸੰਤ ਤਾਂ ਸਗੋਂ ਸਿੱਖੀ ਨੂੰ ਮਿਲਗੋਭਾ ਬਣਾ ਰਹੇ ਹਨ ਕਿਉਂਕਿ ਇਹ ਗੁਰੂ ਨਾਨਕ ਦੇਵ ਜਿੰਨੀ ਹੀ ਪੂਜਾ ਬਾਬਾ ਸ੍ਰੀ ਚੰਦ ਦੀ ਕਰ ਰਹੇ ਹਨ। ਲੋਕਾਂ ਨੂੰ ਮੌਤ ਦਾ ਡਰ ਦਿਖਾ ਦਿਖਾ ਕੇ ਮਾਇਆ ਦਾ ਤਿਆਗ ਕਰਨ ਦੀ ਗੱਲ ਕਰਦੇ ਹਨ ਪਰ ਆਪ ਮਾਇਆ ਇਕੱਠੀ ਕਰਨ 'ਤੇ ਸਾਰਾ ਜ਼ੋਰ ਲਾਇਆ ਹੋਇਆ ਹੈ। ਇਨ੍ਹਾਂ ਦੇ ਬਹੁਤੇ ਸ਼ਰਧਾਲੂ ਸਿਰਫ ਅਮੀਰ ਲੋਕ ਹਨ ਜੋ ਕਿਸੇ ਲੋੜਵੰਦ ਦੀ ਸਹਾਇਤਾ ਕਰਨ ਦੀ ਥਾਂ ਇਨ੍ਹਾਂ ਦੇ ਦੀਵਾਨਾਂ 'ਤੇ ਸੱਤ-ਅੱਠ ਲੱਖ ਰੁਪਿਆ ਸਹਿਜੇ ਹੀ ਖਰਚ ਕਰ ਦਿੰਦੇ ਹਨ ਅਤੇ ਇਨ੍ਹਾਂ ਲਈ ਮਹਿੰਗੀਆਂ ਗੱਡੀਆਂ ਮਖ਼ਸੂਸ ਕਰਕੇ ਰੱਖਦੇ ਹਨ। ਇਨ੍ਹਾਂ ਸੰਤਾਂ ਨੂੰ ਅਜਿਹੇ ਤੋਹਫੇ ਲੈਣ ਵੇਲੇ ਇਹ ਗੱਲ ਕਿਉਂ ਭੁੱਲ ਜਾਂਦੀ ਹੈ, "ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ?"

ਸ਼ਿਕਾਗੋ ਨੇੜੇ ਰਹਿੰਦੇ ਮੇਰੇ ਇੱਕ ਰਿਸ਼ਤੇਦਾਰ ਲੜਕੇ ਜਗਬੀਰ ਸਿੰਘ ਨੇ ਇੱਕ ਵਾਰ ਮੈਨੂੰ ਪੁਛਿਆ ਸੀ, "ਭਾਬੀ ਜੀ ਮੈਨੂੰ ਇੱਕ ਗੱਲ ਦਸੋ, ਜਦੋਂ ਬਾਬਾ ਜੀ ਇੱਥੇ ਆਉਂਦੇ ਹਨ ਮੈਂ ਉਨ੍ਹਾਂ ਦੀ ਜੇਬ੍ਹ ਵਿਚ ਸੌ ਡਾਲਰ ਪਾ ਦੇਂਦਾ ਹਾਂ ਤਾਂ ਚੁੱਪਚਾਪ ਪੁਆ ਲੈਂਦੇ ਹਨ। ਮੈਨੂੰ ਮੋੜ ਕੇ ਇਹ ਕਿਉਂ ਨਹੀਂ ਕਹਿੰਦੇ ਕਿ ਜਗਬੀਰ ਮੈਂ ਤੇਰੇ ਘਰ ਅਗਲੀ ਵਾਰੀ ਤਾਂ ਆਵਾਂਗਾ ਜੇ ਤੂੰ ਸਿੱਖ ਸਜੇਂਗਾ?" ਉਸ ਦੇ ਘਰ ਦੇ ਕਿਸੇ ਸੰਤ ਦੇ ਸੇਵਕ ਹਨ ਅਤੇ ਆਪ ਉਸ ਨੇ ਵਾਲ ਕੱਟੇ ਹੋਏ ਹਨ। ਮੁੱਕਦੀ ਗੱਲ ਇਹ ਹੈ ਕਿ ਪਰਮੇਸ਼ਰ ਦੀ ਉਪਮਾ ਜਿਸ ਤਰ੍ਹਾਂ ਕੋਈ ਚਾਹੇ ਕਰ ਸਕਦਾ ਹੈ ਪਰ ਗੁਰੂ ਘਰ ਵਿਚ ਕੀਰਤਨ ਕੋਈ ਜਿਵੇਂ ਚਾਹੇ ਉਵੇਂ ਨਹੀਂ ਕਰ ਸਕਦਾ। ਗੁਰੂ ਘਰ ਵਿਚ ਕੀਰਤਨ ਸਿਰਫ, "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੁ ਗਾਵਹੁ ਸਚੀ ਬਾਣੀ" ਹੀ ਹੋ ਸਕਦਾ ਹੈ ਅਤੇ ਪ੍ਰਵਾਨਤ ਰਹਿਤ ਮਰਿਯਾਦਾ ਅਨੁਸਾਰ ਹੀ ਹੋਣਾ ਚਾਹੀਦਾ ਹੈ।"

## *ਨਵਾਂ ਸਾਲ*

ਉਹੀ ਧਰਤੀ, ਉਹੀ ਅਸਮਾਨ,
ਉਹੀ ਚੰਨ ਤੇ ਤਾਰੇ।
ਉਹੀ ਠਰਿਆ ਠਰਿਆ ਸੂਰਜ,
ਬੇਦਿਲ ਮੌਸਮ ਸਾਰੇ।
ਉਹੀ ਪੀਲੀਆਂ ਪੀਲੀਆਂ ਰੁੱਤਾਂ,
ਦਰਿਆ, ਸਮੁੰਦ ਵਿਚਾਰੇ।
ਉਹੀ ਥੱਕਿਆ, ਹਾਰਿਆ ਦਿਨ
ਰਾਤ ਦੇ ਕੱਢੇ ਹਾੜ੍ਹੇ।
ਉਹੀ ਨੇ ਧੂੰਆਂ ਧਾਰ ਫਿਜ਼ਾਵਾਂ,
ਜੰਗ ਦਾ ਜਿੰਨ ਦਹਾੜੇ।
ਉਹੀ ਬੱਚੇ, ਬੁੱਢੇ, ਵਿਧਵਾਵਾਂ,
ਪੈਂਦੇ ਚੀਕ-ਚਿਹਾੜੇ।
ਉਹੀ ਲੋਹਾ ਬੰਬਾਂ ਵਿਚ ਢਾਲਣ,
ਮੌਤਾਂ ਦੇ ਵਣਜਾਰੇ।
ਉਹੀ ਅੱਗ ਤੇ ਬੈਠੀ ਦੁਨੀਆਂ,
ਬੇਵਸੀ 'ਚ ਨਿਹਾਰੇ।
ਉਹੀ ਭੁੱਖ-ਨੰਗ, ਗ਼ਰੀਬੀ,
ਸਾਨੂੰ ਪਈ ਲਲਕਾਰੇ।
ਉਹੀ ਬੁੱਸ-ਬੁੱਸ ਰੋਂਵਨ ਬੱਚੇ,
ਬੁਰਕੀ ਨੂੰ ਵਿਚਾਰੇ।
ਇਕ ਡੰਗ ਰੋਟੀ ਦੋ ਡੰਗ ਫਾਕੇ,
ਖਾਲੀ ਕੰਨੀਆਂ ਚਾਰੇ।
ਉਹੀ ਵਿਹਲੜ ਅਯਾਸ਼ੀ ਮਾਨਣ,
ਮਾਰਨ ਬੈਠੇ ਧਾੜੇ।
ਉਹੀ ਮੇਹਨਤਕਸ਼ ਬੇਵਸੀ ਵਿਚ,
ਲਹੂ-ਪਸੀਨਾ ਸਾੜੇ।
ਦੂਜਿਆਂ ਦੇ ਹੱਕ ਖੋਹੀ ਜਾਵਨ,
ਹੱਕਾਂ ਦੇ ਰਖਵਾਲੇ।
ਉਹੀ ਚੋਰ ਤੇ ਮੁਨਸਫ ਰਲ ਕੇ,
ਜੁੜ ਬੈਠੇ ਇਕ ਵਾੜੇ।
ਉਹੀ ਢੀਠ ਬੇ-ਸ਼ਰਮ ਨੇ ਲੀਡਰ,
ਟਾਲਣ ਲਾ ਲਾ ਲਾਰੇ।
ਉਹੀ ਤਸਬੀ, ਤਿਲਕ, ਮਾਲਾ,
ਜ਼ਹਿਰਾਂ ਦੇ ਵਣਜਾਰੇ।
ਉਹੀ ਕਲਮ, ਦਵਾਤਾਂ ਗਹਿਣੇ,
ਬੁਧੀਜੀਵੀ ਵਿਚਾਰੇ।
ਧਰਮ, ਸ਼ਰਮ ਸਭ ਛੁਪ ਖਲੋਤੇ,
ਝੂਠ ਨੇ ਪੈਰ ਪਸਾਰੇ।
ਉਹੀ ਰਿਸ਼ਵਤ, ਕੁਨਬਾ ਪਰਵਰੀ,
ਸ਼ਰ੍ਹੇ-ਬਾਜ਼ਾਰ ਦਹਾੜੇ।
ਉਹੀ ਕਿਸਾਨ, ਮਜ਼ਦੂਰ ਬੇਵਸ,
ਲੁਟੀਂਦੇ ਦਿਨ ਦਿਹਾੜੇ।
ਉਹੀ ਵਿਹਲੜ ਬੇਕਾਰ ਜਵਾਨੀ,
ਨਸ਼ਿਆਂ ਲਾਈ ਆੜੇ
ਉਹੀ, ਲੁੱਚੇ, ਚੋਰ, ਸਮਗਲਰ,
ਬਣੇ ਸੱਚੇ ਸੁੱਚੇ ਸਾਰੇ।
ਉਹੀ ਨੈਤਿਕ ਕਦਰਾਂ-ਕੀਮਤਾਂ,
ਰੁਲਣ ਸ਼ਰ੍ਹੇ ਬਾਜ਼ਾਰੇ।
ਉਹੀ 'ਤੇਰ ਮੇਰ' ਦੀਆਂ ਵੰਡਾਂ,
ਧਰਮਾਂ ਦੇ ਵੱਖ-ਵਾੜੇ।
ਉਹੀ ਹਿੰਦੂ, ਸਿੱਖ, ਮੁਸਲਮਾਨ,
ਬੰਦੇ ਬਣੇ ਨਹੀਂ ਸਾਰੇ।
ਉਹੀ ਧਰਮੀਆਂ ਧਰਮ ਦੇ ਨਾਂ,
ਜਿਉਂਦੇ ਬੰਦੇ ਸਾੜੇ।
ਉਹੀ ਗੀਤਾ, ਗ੍ਰੰਥ, ਬਾਈਬਲਾਂ,
ਕੁਰਾਨ ਜਾਂਦੇ ਨੇ ਪਾੜੇ।
ਉਹੀ ਸਾਡੇ ਮਨਾਂ 'ਚ ਨਫਰਤ,
ਉਗੇ ਕਰ ਕਰ ਧਾੜੇ।
ਉਹੀ ਨੇ ਅਤਿਵਾਦ ਦੇ ਮਸਲੇ,
ਵਧਦੇ ਰੋਜ਼ ਦਿਹਾੜੇ।
ਉਹੀ ਪੁਰਾਣਾ ਸਾਲ ਨਵਾਂ ਬਣ,
ਸਾਨੂੰ ਪਿਆ ਲਲਕਾਰੇ।
ਨਵਾਂ ਸਾਲ ਤਾਂ ਉਦੋਂ ਆਉਣਾ,
ਜਾਗਾਂਗੇ ਜਦੋਂ ਸਾਰੇ।
ਸਾਂਝੇ ਹੱਕਾਂ ਲਈ ਡਟ ਜਾਵਾਂਗੇ,
ਫੜ ਕੇ ਕਹੀ, ਕੁਹਾੜੇ।
ਢਾਰੇ-ਛੰਨਾਂ 'ਚ ਨੱਚੀਆਂ ਖੁਸ਼ੀਆਂ,
ਵੇਖਣਗੇ ਚੰਨ ਤਾਰੇ।

***-ਚੰਨ, ਫੋਨ:908-788-8427***

# ਇੱਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ

ਲੇਖਕ ਨੇ ਇਨ੍ਹਾਂ ਸਵਾਲਾਂ ਨੂੰ ਛੂਹਣ ਦੀ ਖੇਚਲ ਨਹੀਂ ਕੀਤੀ। ਖ਼ੈਰ, ਆਪਾਂ ਵੀ ਇਸ ਸਵਾਲ ਨੂੰ ਹਾਲ ਦੀ ਘੜੀ ਛੱਡ ਦਿੰਦੇ ਹਾਂ। ਅਜਮੇਰ ਸਿੰਘ ਤਾਂ ਸਿੱਧਾ ਕੰਮ ਦੀ ਗੱਲ ਕਰਨ ਵਾਲਾ ਬੰਦਾ ਹੈ। "ਆਓ ਬਈ ਸਿੰਘੋ! ਬ੍ਰਾਹਮਣੀ ਹਿੰਦੂ ਹਾਕਮਾਂ ਦੇ ਗ਼ਲ 'ਗੂਠਾ ਦੇ ਕੇ ਰਾਜ ਖੋਹ ਲਈਏ! ਜੇਕਰ 1947 ਵਿਚ ਖੁੰਝ ਗਏ ਸੀ, ਤਾਂ ਕੀ ਹੋਇਆ? ਡੁੱਲੇ ਬੇਰਾਂ ਦਾ ਅਜੇ ਵੀ ਕੁੱਝ ਨਹੀਂ ਵਿਗੜਿਆ।" 1970ਵਿਆਂ ਦੇ ਅਖ਼ੀਰ ਵਿਚ ਲੇਖਕ ਵਰਗਿਆਂ ਦੀ ਢਾਕ 'ਤੇ ਚੜ੍ਹਕੇ "ਸਿੰਘਾਂ" ਨੇ ਮੋਰਚੇ ਵਿੱਢਣੇ ਸ਼ੁਰੂ ਕਰ ਦਿੱਤੇ ਅਤੇ ਇੰਦਰਾ ਗਾਂਧੀ ਸਮੇਤ ਉਸਦੇ "ਹਿੰਦੂ ਰਾਜ" ਦੇ ਗ਼ਲ 'ਗੂਠਾ ਦੇ ਦਿੱਤਾ। ਅਫ਼ਸੋਸ! ਕਿ ਦੋਸਤਾਂ ਅਤੇ ਦੁਸ਼ਮਣਾਂ ਦੀ ਦਰੁਸਤ ਪਛਾਣ ਕਰਨ ਅਤੇ ਆਧੁਨਿਕ ਦੌਰ ਦੀ ਢੁਕਵੀਂ ਰਾਜਨੀਤੀ ਦੇਣ ਤੋਂ ਬਿਨਾਂ 'ਗੂਠਾ ਮਚਕੋੜਿਆ ਗਿਆ। ਚੜ੍ਹ ਜਾ ਬੱਚਾ ਸੂਲੀ, ਰਾਮ ਭਲੀ ਕਰੂਗਾ! ਇਹ ਹੈ, ਲੇਖਕ ਕੋਲ ਸਿੱਖਾਂ ਲਈ "ਕੌਮੀ ਸਟੇਟ" ਹਾਸਲ ਕਰਨ ਦਾ ਗੁਰਮੰਤਰ!!

## ਗਾਇਕਾਂ-ਗੀਤਕਾਰਾਂ ਦੀ ਕਮਅਕਲੀ

# ਸਰੋਤਿਆਂ ਦਾ ਦੋਗਾਣਿਆਂ ਤੋਂ ਮੁੜ ਮੋਹ ਭੰਗ




*ਫੋਨ: 91-98141-78883

ਦੋਗਾਣਿਆਂ ਨੂੰ 'ਅਲਾਦੀਨ ਦਾ ਚਿਰਾਗ' ਸਮਝਣ ਵਾਲੇ ਬਹੁਤੇ ਗਾਇਕ, ਗੀਤਕਾਰ ਤੇ ਪੇਸ਼ਕਾਰ ਇਨ੍ਹੀਂ ਦਿਨੀਂ ਦੰਦਾਂ ਥੱਲੇ ਉਂਗਲਾਂ ਦੇ ਕੇ ਇਉਂ ਬੈਠੇ ਨੇ, ਜਿਵੇਂ ਵੋਟਾਂ ਵੇਲੇ ਵੱਖ-ਵੱਖ ਪਾਰਟੀਆਂ ਦੇ ਆਗੂ ਆਪਣੇ ਵਰਕਰਾਂ ਦੇ ਦਲ ਬਦਲਣ ਵਾਲੀਆਂ ਖ਼ਬਰਾਂ ਪੜ੍ਹ-ਸੁਣ ਬੈਠਦੇ ਨੇ। ਨਾ ਦੋਗਾਣੇ ਗਾਉਣ ਵਾਲਿਆਂ ਨੂੰ ਵਿਚਲੀ ਗੱਲ ਦੀ ਸਮਝ ਪੈ ਰਹੀ ਏ ਤੇ ਨਾ ਹੀ ਇਨ੍ਹਾਂ ਨੂੰ ਵੇਚ ਕੇ ਆਪਣੀਆਂ ਹੱਟੀਆਂ ਚਮਕਾਉਣ ਵਾਲਿਆਂ ਦੇ ਕਿ ਆਖਰ ਕਿਹੜੀ ਬਿੱਲੀ ਛਿੱਕ ਮਾਰ ਗਈ ਕਿ ਸਰੋਤਿਆਂ ਨੇ ਦੋਗਾਣੇ ਸੁਣ 'ਵਾਹ ਵਾਹ' ਕਰਦਿਆਂ ਇਕਦਮ 'ਜਾਹ ਜਾਹ' ਕਹਿਣਾ ਸ਼ੁਰੂ




ਕਰ ਦਿੱਤਾ। ਇਕਦਮ ਹੇਠਾਂ ਵੱਲ ਜਾ ਕੇ ਦੋਗਾਣੇ ਮੁੜ 2004 'ਚ ਪ੍ਰਵਾਨ ਚੜ੍ਹਨੇ ਸ਼ੁਰੂ ਹੋਏ ਸਨ ਤੇ ਨਵੇਂ-ਨਵੇਂ ਗੁੱਲ ਖਿੜਾਉਣ ਤੋਂ ਬਾਅਦ ਇਹ ਇਕਦਮ ਇਉਂ ਥੱਲੇ ਆ ਗਏ, ਜਿਵੇਂ ਉਡਦਾ ਜਹਾਜ਼ ਨੁਕਸ ਪੈਣ 'ਤੇ ਹੇਠਾਂ ਵੱਲ ਆਉਂਦੈ।

ਅਸੀਂ ਨਾ ਕੋਈ ਜੋਤਿਸ਼ੀ ਹਾਂ, ਜਿਹੜੇ ਪੰਜਾਬੀ ਗਾਇਕੀ ਦੇ ਭਵਿੱਖ ਬਾਰੇ ਅੰਦਾਜ਼ਾ ਲਗਾ ਸਕੀਏ ਤੇ ਨਾ ਹੀ ਮੱਥਾ ਪੜ੍ਹਨ ਵਾਲੇ ਉਹ ਪਾਂਡੇ, ਜਿਹੜੇ ਦੋਗਾਣਿਆਂ 'ਤੇ ਗ੍ਰਹਿਆਂ ਦਾ ਪ੍ਰਭਾਵ ਦੱਸ ਖੁਦ ਨੂੰ ਸਹੀ ਸਾਬਤ ਕਰਨ ਦਾ ਯਤਨ ਕਰੀਏ। ਮੋਟੀਆਂ ਜਿਹੀਆਂ ਗੱਲਾਂ ਨੇ, ਜੋ ਦਿਮਾਗ 'ਤੇ ਥੋੜ੍ਹਾ ਕੁ ਜ਼ੋਰ ਪਾਉਣ 'ਤੇ ਸਮਝ ਪੈ ਸਕਦੀਆਂ ਨੇ, ਪਰ ਕਿਉਂਕਿ ਕੁਝ ਕਲਾਕਾਰਾਂ ਨੇ ਦਿਮਾਗ਼ ਵਰਤਣ ਨੂੰ ਧਾਰਮਕ ਭਾਵਨਾਵਾਂ ਭੜਕਾਉਣ ਦੇ ਤੁਲ ਸਮਝਿਆ ਹੋਇਐ, ਇਸ ਕਰਕੇ ਉਨ੍ਹਾਂ ਪੱਲੇ ਇਹ ਪੈ ਵੀ ਨਹੀਂ ਸਕਦੀਆਂ। ਜਦੋਂ ਮਾਰਕੀਟ ਵਿਚ 'ਭੰਨ ਚੂੜੀਆਂ ਪਿਆਰ ਤੇਰਾ ਕੱਢਦੀ ਨੇ, ਹੱਥ 'ਚ ਮਰਾ'ਲੀ ਵੰਗ ਵੇ' ਤੇ ਇਸ ਵਰਗੇ ਹੋਰ ਦੋਗਾਣੇ ਮਕਬੂਲ ਹੋਏ ਸਨ, ਉਦੋਂ ਯਕੀਨ ਨਹੀਂ ਸੀ ਕਿ ਦੋਗਾਣਿਆਂ ਦੀ ਹਰਮਨਪਿਆਰਤਾ ਏਨੀ ਛੇਤੀ ਖੁੱਸ ਜਾਵੇਗੀ ਤੇ ਜਦੋਂ 'ਪੇਪਰਾਂ ਤੋਂ ਬਾਅਦ ਕਿਵੇਂ ਮਿਲਿਆ ਕਰਾਂਗੇ, ਏਸ ਗੱਲ ਦਾ ਵੀ ਫ਼ਿਕਰ ਪਿਆ' ਵਰਗੇ ਦੋਗਾਣੇ ਸ਼ੁਰੂ ਹੋਏ ਸਨ, ਉਦੋਂ ਯਕੀਨ ਬੱਝ ਗਿਆ ਸੀ ਕਿ ਹੁਣ ਇਨ੍ਹਾਂ ਨੂੰ ਨਿਵਾਣ ਵੱਲ ਜਾਣ ਤੋਂ ਬਚਾਉਣ ਲਈ ਸਿਰਫ਼ ਅਰਦਾਸ ਹੀ ਕੀਤੀ ਜਾ ਸਕਦੀ ਏ।

ਲੋਕ ਬੜੇ ਸਮਝਦਾਰ ਨੇ। ਇਨ੍ਹਾਂ ਨੂੰ ਪਤੈ ਕਿ ਕਿਹੜਾ ਕਲਾਕਾਰ ਆਪਣੀ ਗਾਇਕੀ ਨਾਲ ਮਾਂ ਬੋਲੀ ਦੀ ਕੇਹੀ ਸੇਵਾ ਕਰ ਰਿਹੈ। ਲੋਕ ਚੁੱਪ ਰਹਿੰਦੇ ਨੇ, ਨਾ ਚੰਗਾ ਕਹਿੰਦੇ ਨੇ, ਨਾ ਮਾੜਾ, ਬਸ ਅੱਖਾਂ ਫੇਰਨੀਆਂ ਸ਼ੁਰੂ ਕਰ ਦੇਂਦੇ ਨੇ ਤੇ ਕਲਾਕਾਰ ਧੜੰਮ ਕਰ ਇਉਂ ਡਿੱਗਦੈ, ਜਿਵੇਂ ਮੀਂਹ ਦੇ ਤਿਲਕਣ 'ਚ ਸਲਿੱਪ ਹੋਣ ਕਰਕੇ ਸਕੂਟਰ ਡਿੱਗਦੈ। ਪੰਜਾਬੀ ਦੋਗਾਣਿਆਂ ਦੇ ਵੀਡੀਓ ਦੇਖ ਗ਼ੈਰ ਪੰਜਾਬੀ ਲੋਕਾਂ ਦੇ ਮਨਾਂ 'ਤੇ ਪ੍ਰਭਾਵ ਬਣ ਚੁੱਕੈ ਕਿ ਪੰਜਾਬੀ ਅਜਿਹੀ ਕੌਮ ਹੈ, ਜਿਹੜੀ ਸਿਰਫ਼ ਗੰਡਾਸੇ ਤਿੱਖੇ ਕਰਨੇ ਜਾਣਦੀ ਏ, ਕੁੜੀਆਂ ਨੂੰ ਛੇੜਨਾ ਇਨ੍ਹਾਂ ਦਾ ਸੁਭਾਅ ਏ, ਸਕੂਲਾਂ-ਕਾਲਜਾਂ 'ਚ ਗੰਦ ਪਾਉਣ 'ਚ ਇਨ੍ਹਾਂ ਦਾ ਕੋਈ ਮੁਕਾਬਲਾ ਨਹੀਂ, ਟਰੈਕਟਰਾਂ-ਸਫ਼ਾਰੀਆਂ-ਮੋਟਰ ਸਾਈਕਲਾਂ, ਗੱਲ ਕੀ ਡੀਜ਼ਲ ਤੇ ਪੈਟਰੋਲ ਵਾਲੀਆਂ ਸਾਰੀਆਂ ਚੀਜ਼ਾਂ ਖਰੀਦਣ ਵੇਲੇ ਇਹ ਅਕਲ ਤੋਂ ਕੰਮ ਲੈਣਾ ਗੁਨਾਹ ਸਮਝਦੇ ਨੇ।

ਪੰਜਾਬੀ ਸੰਗੀਤ ਨਾਲ ਨਾਤਾ ਰੱਖਣ ਵਾਲਿਆਂ ਦਾ ਸਭ ਤੋਂ ਮਾੜਾ ਪੱਖ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤਿਆਂ ਦਾ ਪੜ੍ਹਾਈ-ਲਿਖਾਈ ਨਾਲ ਬਹੁਤਾ ਤਾਅਲੁਕ ਨਹੀਂ ਰਿਹਾ। ਇਨ੍ਹਾਂ ਵਿਚੋਂ 50% ਨੂੰ ਕਾਲਜ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਇਆ, ਸਕੂਲਾਂ 'ਚ ਇਨ੍ਹਾਂ ਨੇ ਕਦੇ ਮਾਅਰਕਾ ਨਹੀਂ ਮਾਰਿਆ ਤੇ ਜਦੋਂ ਇਨ੍ਹਾਂ ਨੇ ਸੱਭਿਆਚਾਰ ਦੇ ਦੂਤ ਬਣ ਕੇ ਵਿਚਰਨਾ ਸ਼ੁਰੂ ਕੀਤਾ, ਉਦੋਂ ਵੀ ਦੂਤਾਂ ਨਾਲੋਂ ਵੱਧ 'ਭੂਤਾਂ' ਵਾਲਾ ਫ਼ਰਜ਼ ਨਿਭਾਇਆ। ਜੋ ਮਨ ਆਇਆ, ਗਾਉਣਾ ਸ਼ੁਰੂ ਕਰ ਦਿੱਤਾ, ਮਨ ਆਇਆ ਫ਼ਿਲਮਾਉਣਾ ਸ਼ੁਰੂ ਕੀਤਾ ਤੇ ਜਦੋਂ ਸਰੋਤਿਆਂ ਦੇ ਨਾਲਾਇਕ ਹਿੱਸੇ ਨੇ ਇੱਕ ਜਣੇ ਨੂੰ ਪ੍ਰਵਾਨ ਕਰ ਲਿਆ ਤਾਂ ਵੀਹ ਜਣਿਆਂ ਨੇ ਉਹਦੇ ਵੱਲ ਦੇਖ ਆਪਣੇ ਗਾਇਕੀ ਦੇ ਘੋੜੇ ਦੀਆਂ ਲਗਾਮਾਂ ਉਹਦੇ ਪਿੱਛੇ ਖਿੱਚ ਲਈਆਂ।

ਅੱਜ ਕਈ ਜਣੇ ਇਸ ਗੱਲ ਦਾ ਝੋਰਾ ਤਾਂ ਕਰ ਰਹੇ ਨੇ ਕਿ ਜੋ ਗਾਇਕਾਵਾਂ ਗਾਉਣ ਦੇ ਲੱਖਾਂ ਰੁਪਏ ਲੈਣ ਦੇ ਨਾਲ ਨਾਲ ਵੀਡੀਓ 'ਚ ਆਉਣ ਦਾ ਵੀਹ-ਵੀਹ ਹਜ਼ਾਰ ਵੱਖਰਾ ਲੈਂਦੀਆਂ ਸਨ, ਉਨ੍ਹਾਂ ਨੂੰ ਸਰੋਤਿਆਂ ਦੀ ਬਦਲੀ ਨਿਗ੍ਹਾ ਨੇ ਵਿਹਲੇ ਕਰ ਛੱਡਿਆ। ਜਿਹੜੇ ਝੋਨਿਆਂ, ਕਣਕਾਂ ਤੇ ਕੰਬਾਈਨਾਂ ਦੀ ਗੱਲ ਕਰਕੇ ਹਰ ਡੀ.ਜੇ. 'ਤੇ ਭੰਗੜੇ ਪਵਾਉਂਦੇ ਸਨ, ਉਹ ਘਰ ਕਿਉਂ ਬੈਠ ਗਏ ਜਾਂ ਜਿਹੜੇ ਗੀਤਕਾਰ 'ਐਡਵਾਂਸ' ਲੈ ਕੇ ਕਾਲਜਾਂ ਬਾਰੇ ਗੀਤ ਲਿਖਦੇ ਸਨ, ਉਹ 'ਵਿਚਾਰੇ' ਵਿਹਲੜਾਂ ਦੇ ਵੱਗ 'ਚ ਸ਼ਾਮਲ ਹੋ ਰਹੇ ਨੇ ਪਰ ਇਸ ਗੱਲ ਵੱਲ ਕੋਈ ਗ਼ੌਰ ਨਹੀਂ ਕਰ ਰਿਹਾ ਕਿ ਇਸ ਭਾਣੇ ਦਾ ਕਾਰਨ ਕੀ ਹੋਇਆ? ਜਿਹੋ ਗੀਤ ਉਹ ਗਾ ਰਹੇ ਸਨ, ਕੀ ਉਨ੍ਹਾਂ ਨੂੰ ਸੱਚੀਂ ਪਿਆਰ ਮਿਲਣਾ ਚਾਹੀਦਾ ਸੀ? ਜੋ-ਜੋ ਕੁੱਝ ਦੋਗਾਣਿਆਂ ਜ਼ਰੀਏ ਪੇਸ਼ ਕੀਤਾ, ਕੀ ਸੱਚਮੁੱਚ ਪੰਜਾਬ ਉਹੋ ਜਿਹਾ ਹੀ ਹੈ? ਜੇ ਇਨ੍ਹਾਂ ਸਾਰੀਆਂ ਗੱਲਾਂ ਦੇ ਜਵਾਬ 'ਨਾਂਹ' ਵਿਚ ਨੇ ਤਾਂ ਯਕੀਨਨ ਹੀ ਦੋਗਾਣਾ ਗਾਇਕਾਂ 'ਤੇ ਅੱਜ ਵਾਲੀ ਸਾੜਸਤੀ ਆਉਣੀ ਸੀ। ਅੱਜ ਭਾਗਾਂ ਨੂੰ ਨਿੰਦਣ ਦੀ ਥਾਂ ਜੇ ਲੰਘੇ ਕੱਲ੍ਹ ਵਿਚ ਉਹ ਅਕਲ ਦੀ ਗੱਲ ਕਰਦੇ ਤਾਂ ਉਨ੍ਹਾਂ ਦਾ ਤੋਰੀ-ਫੁਲਕਾ ਜ਼ਰੂਰ ਚੱਲਦਾ ਰਹਿੰਦਾ।

ਦੋਗਾਣਾ ਗਾਇਕਾਂ ਦਾ ਵੱਡਾ ਟੋਲਾ ਮੁਹੰਮਦ ਸਦੀਕ ਵੱਲ ਦੇਖ-ਦੇਖ ਝੂਰਦਾ ਰਹਿੰਦੈ, ਅਖੇ ਚਾਰ ਦਹਾਕਿਆਂ ਤੋਂ ਇੱਕੋ ਜਿੰਨਾ ਕਾਮਯਾਬ ਐ ਇਹ ਬੰਦਾ, ਪਤਾ ਨਹੀਂ ਇਹਨੇ ਕੀ ਮੋਤੀ ਪੁੰਨ ਕੀਤੇ ਨੇ। ਸੁਰਿੰਦਰ ਸ਼ਿੰਦੇ ਦੀ ਚੜ੍ਹਤ ਵੀ ਪਹਿਲਾਂ ਵਾਂਗ ਬਰਕਰਾਰ ਏ, ਪਤਾ ਨਹੀਂ ਉਹ ਰੱਬ ਨੂੰ ਕੀ ਦਾਨ ਕਰਕੇ ਆਇਐ, ਪਰ ਇਹ ਕਦੇ ਨਹੀਂ ਸੋਚਿਆ ਗਿਆ ਕਿ ਉਨ੍ਹਾਂ ਦੇ ਦੋਗਾਣਿਆਂ ਨਾਲ ਅੱਜ ਦੇ ਵਿਸ਼ੇ ਕਿੰਨੇ ਕੁ ਮਿਲਦੇ ਨੇ। 'ਲਾਈਟਾਂ ਵਾਲੇ ਚੌਂਕ ਵਿਚ ਕੱਲ੍ਹ ਤੜਕੇ, ਤੈਨੂੰ ਮਿਲੂੰਗੀ ਸੋਹਣਿਆ', 'ਤੂੰ ਸੋਹਣੀ ਫੇਰ ਵੀ ਲੱਗਦੀ ਨਾ', 'ਪੈਟਰੋਲ ਫੂਕ ਕੇ', 'ਪੱਟ ਕੇ ਬੇਗਾਨਾ ਪੁੱਤ ਸੋਹਣੀਏ ਤੂੰ ਪੀ ਜੀ ਵਿਚ ਰਹਿਣ ਲੱਗ ਗਈ' ਸਮੇਤ ਪਤਾ ਨਹੀਂ ਕਿੰਨੇ ਕੁ ਸੈਂਕੜੇ ਉਦਾਹਰਣਾਂ ਸਿਰਫ਼ ਇਹ ਸਾਬਤ ਕਰਨ ਲਈ ਦਿੱਤੀਆਂ ਜਾ ਸਕਦੀਆਂ ਨੇ ਕਿ ਦੋਗਾਣਿਆਂ ਨੇ ਇੱਕ ਵਾਰ ਮੁੜ ਲੋਕ ਮਨਾਂ ਤੋਂ ਉਤਰਨਾ ਹੀ ਉਤਰਨਾ ਸੀ।

ਦੋਗਾਣਿਆਂ ਨੂੰ ਪਰਿਭਾਸ਼ਤ ਕਰਦਿਆਂ ਕਈ ਸਮਝਦਾਰਾਂ ਦਾ ਆਖਣਾ ਏ ਕਿ ਪੇਂਡੂ ਜੀਵਨ ਨਾਲ ਜੁੜੇ ਮਸਲਿਆਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਰਿਸ਼ਤਿਆਂ ਵਿਚਲੀ ਨੋਕ-ਝੋਕ, ਪਾਕੀਜ਼ਗੀ, ਨਖਰੇ, ਸਾੜੇ ਅਤੇ ਹੋਰ ਭਾਵਾਂ ਨੂੰ ਪੇਸ਼ ਕਰਨਾ ਇਸ ਸਿਨਫ਼ ਦੀ ਖਾਸੀਅਤ ਹੈ, ਪਰ ਇਸ ਪਰਿਭਾਸ਼ਾ ਨੂੰ ਅੱਜ ਦੇ ਦੋਗਾਣਿਆਂ ਨਾਲ ਮੇਲ ਕੇ ਦੇਖੋ, ਅਰਥ ਕੀ ਨਿਕਲਦੇ ਨੇ ਇਸਦੇ?

ਜਿਹੜੇ ਗਾਇਕ ਕੱਲ੍ਹ ਤੱਕ ਮਿਸ ਪੂਜਾ ਨਾਲ ਗਾਉਣ ਨੂੰ 'ਦੀਵਾਲੀ ਬੰਪਰ' ਨਿਕਲਣ ਵਾਂਗ ਸਮਝਦੇ ਸਨ, ਅੱਜ ਉਹ ਸਮਝ ਗਏ ਨੇ ਕਿ ਇਹ ਪੱਤਾ ਵੀ ਫਲਾਪ ਹੋ ਚੁੱਕੈ। ਗਾਇਕੀ ਦਾ ਭੇਡਚਾਲ ਨਾਲ ਚਿਰੋਕਣਾ ਰਿਸ਼ਤਾ ਏ, ਜਦੋਂ ਦਰਸ਼ਨ ਖੇਲਾ ਨਾਲ ਪੂਜਾ ਦੇ ਗਾਏ ਗੀਤ ਕਾਮਯਾਬ ਹੋਏ ਸਨ, ਉਦੋਂ ਹਰ ਕਲਾਕਾਰ ਨੂੰ ਲੱਗਣ ਲੱਗਾ ਕਿ ਪੂਜਾ 'ਲੱਕੀ' ਏ, ਫੇਰ ਸੈਂਕੜਿਆਂ ਨੇ ਉਹਦੇ ਨਾਲ ਉਹਦੀਆਂ ਹੀ ਸ਼ਰਤਾਂ 'ਤੇ ਗਾਇਆ। ਜਦੋਂ ਪੈਸੇ ਲਾਉਣ ਵਾਲੇ ਨੂੰ ਅਕਲ ਨਾ ਹੋਵੇ ਕਿ ਉਹਨੇ ਗਾਉਣਾ ਕੀ ਏ ਤਾਂ ਪੂਜਾ ਨੂੰ ਵੀ ਕੀ ਜ਼ਰੂਰਤ ਕਿ ਗੀਤਾਂ ਵਿਚ ਨੁਕਸ ਕੱਢੇ। ਜਦੋਂ ਸੌ ਪਿੱਛੇ ਪਚਾਨਵੇਂ ਕੈਸਿਟਾਂ ਪੂਜਾ ਨਾਲ ਆਉਣਗੀਆਂ ਤਾਂ ਫ਼ਾਇਦਾ ਭਲਾ ਕਿਸਦਾ ਹੋਵੇਗਾ? ਪਹਿਲਾਂ ਪਹਿਲ ਲੋਕ ਪ੍ਰਵਾਨ ਕਰਦੇ ਗਏ, ਪੂਜਾ ਨਾਲ ਗਾਉਣ ਵਾਲਿਆਂ ਦੀ ਕਦਰ ਵਧਾਉਂਦੇ ਗਏ, ਪਰ ਜਦੋਂ ਹਾਲਾਤ ਟੁੱਟੇ ਛਿੱਤਰ ਨਾਲੋਂ ਭੈੜੇ ਹੋ ਗਏ ਤਾਂ ਇਕਦਮ ਪੂਜਾ ਵੱਲ ਵਧਾਇਆ ਪਿਆਰ ਦਾ ਗੱਫ਼ਾ ਵਾਪਸ ਲੈ ਲਿਆ ਗਿਆ, ਸਿੱਟੇ ਵਜੋਂ ਬੇਗਾਨੀ ਸ਼ਹਿ 'ਤੇ ਮੁੱਛਾਂ ਮੁਨਵਾਉਣ ਵਾਲੇ ਕਲਾਕਾਰਾਂ ਨੂੰ ਮੂੰਹ ਦੀ ਖਾਣੀ ਪਈ। ਅੱਜ ਦੋਗਾਣੇ ਗਾਉਣ ਵਾਲੇ ਕਹਿ ਰਹੇ ਨੇ, 'ਸਾਡੇ ਪੈਸਿਆਂ, ਸਾਡੇ ਵੀਡੀਓਜ਼ ਨਾਲ ਪੂਜਾ ਦੀ ਸਰਦਾਰੀ ਬਣ ਗਈ...ਉਹ ਅਮੀਰ ਹੋ ਗਈ...ਪਰ ਅਸੀਂ ਕਰਜ਼ਿਆਂ ਹੇਠ ਆ ਗਏ।'

ਪੰਜਾਬ ਵਿਚ ਦੋਗਾਣੇ ਗਾਉਣ ਵਾਲੀਆਂ ਕੁੜੀਆਂ ਦੀ ਘਾਟ ਸੁਰਿੰਦਰ ਕੌਰ, ਜਗਮੋਹਣ ਕੌਰ ਵੇਲੇ ਤੋਂ ਹੀ ਹੈ। ਸਾਲ ਕੁ ਬਾਅਦ ਇੱਕ-ਦੋ ਕੁੜੀਆਂ ਗਾਇਕੀ ਦੇ ਪਿੜ 'ਚ ਨਿੱਤਰਦੀਆਂ ਨੇ ਤੇ ਉਨ੍ਹਾਂ ਨੂੰ ਢਾਲ ਬਣਾਉਣ ਲਈ ਗਾਇਕ ਕਮਰ ਕੱਸ ਲੈਂਦੇ ਨੇ। ਹੌਲੀ-ਹੌਲੀ ਕੁੜੀ ਦੇ ਗਾਉਣ ਦਾ ਮੁੱਲ ਵਧਦਾ ਜਾਂਦਾ ਹੈ ਤੇ ਪੱਲਿਓਂ ਪੈਸੇ ਖਰਚਣ ਵਾਲੇ ਉਸ ਦੇ ਗੁਲਾਮ ਹੁੰਦੇ ਜਾਂਦੇ ਨੇ, ਫੇਰ ਕਠਪੁਤਲੀ ਵਾਲੀ ਖੇਡ ਸ਼ੁਰੂ ਹੁੰਦੀ ਏ, ਗਾਉਣ ਵਾਲੀ ਤੁਣਕਾ ਮਾਰਦੀ ਏ ਤੇ ਝੋਨਿਆਂ, ਸਫ਼ਾਰੀਆਂ ਵਾਲੇ ਕਲਾਕਾਰ ਨੱਚਦੇ ਨੇ। ਅਖੀਰ ਤੁਣਕਾ ਮਾਰਨ ਵਾਲੀ ਬਾਜ਼ੀ ਮਾਰ ਜਾਂਦੀ ਏ ਤੇ ਨੱਚਣ ਵਾਲੇ ਹੰਭ ਕੇ ਡਿੱਗ ਪੈਂਦੇ ਨੇ।

ਪੰਜਾਬੀ ਸਰੋਤਿਆਂ ਦਾ ਸੁਭਾਅ ਹੈ ਕਿ ਇਹ ਕਿਸੇ ਨੂੰ ਵੀ 'ਮਸ਼ਹੂਰ' ਬਿਨਾਂ ਸੋਚੇ ਸਮਝੇ ਕਰ ਸਕਦੇ ਨੇ, ਪਰ 'ਮਹਾਨਤਾ' ਦਾ ਰੁਤਬਾ ਛੇਤੀ ਕਿਤੇ ਨਹੀਂ ਦਿੰਦੇ। ਦੂਜੇ ਪਾਸੇ ਮਸ਼ਹੂਰੀ ਨੂੰ ਹੀ ਮਹਾਨਤਾ ਸਮਝਣ ਵਾਲੇ ਕਲਾਕਾਰ ਸਰੋਤਿਆਂ ਦੀ ਇਸ ਅਦਾ ਤੋਂ ਵਾਕਫ਼ ਨਹੀਂ ਹੋ ਸਕੇ। ਜਦੋਂ ਕਾਲਜਾਂ ਤੇ ਸਕੂਲਾਂ ਨੂੰ ਆਸ਼ਕੀ ਦੇ ਅੱਡੇ ਬਣਾਉਣ ਵਾਲੀ ਗਾਇਕੀ ਨੂੰ ਹੁੰਗਾਰਾ ਮਿਲ ਰਿਹਾ ਸੀ, ਉਦੋਂ ਕਿਸੇ ਨਾ ਸੋਚਿਆ ਕਿ ਇਹ ਸਭ ਕੁੱਝ ਵਕਤੀ ਹੈ। ਭਗਤੇ ਵਾਲੇ ਤੋਂ 'ਸਾਈ' ਦੇ ਦੇ ਕੇ ਗੀਤ ਲਿਖਵਾਏ ਗਏ ਕਿ 'ਪੈਟਰੌਲ' ਸਟਾਈਲ ਗੀਤ ਹੀ ਲਿਖਿਓ, 'ਮੋਟਰ' ਬਾਰੇ ਹੀ ਲਿਖਣਾ ਤਾਂ ਜੁ ਸਾਡਾ ਵੀ ਜੁਗਾੜ ਲੱਗ ਸਕੇ, ਪਰ ਕਮਾਲ ਦੀ ਗੱਲ ਹੈ ਕਿ ਅੱਜ ਨਾ 'ਭਗਤੇ' ਦਾ ਜਾਦੂ ਚੱਲ ਰਿਹੈ ਤੇ ਨਾ ਹੀ ਪੰਜਾਬ ਦੇ ਕਿਸੇ ਹੋਰ ਸ਼ਹਿਰ ਵਾਲੇ ਗੀਤਕਾਰ ਦਾ।

ਪੰਜਾਬੀਆਂ ਦੀ ਇੱਕ ਹੋਰ ਖਾਸੀਅਤ ਹੈ ਕਿ ਲੰਘਣ ਨੂੰ ਭਾਵੇਂ ਇਹ ਹਾਥੀ ਲੰਘਾ ਦੇਣ, ਪਰ ਜਦੋਂ ਆਈ 'ਤੇ ਆ ਜਾਣ ਤਾਂ ਪੂਛ ਖਾਤਰ ਅੜੀ ਕਰ ਲੈਂਦੇ ਨੇ। ਬਿਲਕੁਲ ਇਵੇਂ ਪਹਿਲਾਂ ਤਾਂ ਸਭ ਖੇਹ ਸੁਆਹ ਪ੍ਰਵਾਨ ਕੀਤਾ ਜਾਂਦਾ ਰਿਹਾ, ਪਰ ਫੇਰ 'ਪਾਰਲੀਮੈਂਟ ਤੱਕ ਪਹੁੰਚ ਬੱਲੀਏ ਨੀ ਤੇਰੇ ਵੈਲੀ ਯਾਰ ਦੀ', 'ਛਾਲ ਮਾਰ ਕੇ ਕੰਧ ਓਹਲੇ ਹੋਜਾ ਨਹੀਂ ਰੰਗੇ ਹੱਥੀਂ ਫੜੇ ਜਾਵਾਂਗੇ', 'ਪ੍ਰੇਮੀ ਜੋੜਾ ਪਿੰਡ 'ਚੋਂ ਫ਼ਰਾਰ ਹੋ ਗਿਆ' ਗੀਤਾਂ ਦਾ ਇਕਦਮ ਨੋਟਿਸ ਲਿਆ ਗਿਆ, ਸਿੱਟੇ ਵਜੋਂ ਮਨਾਂ ਦੇ ਮਹਿਰਮ ਬਣ ਬੈਠਣ ਵਾਲੇ ਇਕਦਮ ਮੁਜਰਮ ਬਣ ਗਏ। ਉਰਦੂ ਦੇ ਇੱਕ ਸ਼ਾਇਰ ਨੇ ਕਿੰਨਾ

> ***ਪੰਜਾਬੀ ਸਰੋਤਿਆਂ ਦਾ ਸੁਭਾਅ ਹੈ ਕਿ ਇਹ ਕਿਸੇ ਨੂੰ ਵੀ 'ਮਸ਼ਹੂਰ' ਬਿਨਾਂ ਸੋਚੇ ਸਮਝੇ ਕਰ ਸਕਦੇ ਨੇ, ਪਰ 'ਮਹਾਨਤਾ' ਦਾ ਰੁਤਬਾ ਛੇਤੀ ਕਿਤੇ ਨਹੀਂ ਦਿੰਦੇ। ਦੂਜੇ ਪਾਸੇ ਮਸ਼ਹੂਰੀ ਨੂੰ ਹੀ ਮਹਾਨਤਾ ਸਮਝਣ ਵਾਲੇ ਕਲਾਕਾਰ ਸਰੋਤਿਆਂ ਦੀ ਇਸ ਅਦਾ ਤੋਂ ਵਾਕਫ਼ ਨਹੀਂ ਹੋ ਸਕੇ। ਜਦੋਂ ਕਾਲਜਾਂ ਤੇ ਸਕੂਲਾਂ ਨੂੰ ਆਸ਼ਕੀ ਦੇ ਅੱਡੇ ਬਣਾਉਣ ਵਾਲੀ ਗਾਇਕੀ ਨੂੰ ਹੁੰਗਾਰਾ ਮਿਲ ਰਿਹਾ ਸੀ, ਉਦੋਂ ਕਿਸੇ ਨਾ ਸੋਚਿਆ ਕਿ ਇਹ ਸਭ ਕੁੱਝ ਵਕਤੀ ਹੈ।***

ਖੂਬ ਲਿਖਿਆ ਹੈ:

ਹਮ ਵਫ਼ਾ ਲਿਖਤੇ ਰਹੇ,
ਵੋ ਦਗਾ ਪੜ੍ਹਤੇ ਰਹੇ,
ਏਕ ਨੁਕਤੇ ਨੇ ਮਹਿਰਮ ਸੇ
ਮੁਜਰਮ ਬਨਾ ਦੀਆ।

ਇਹ ਨਹੀਂ ਕਿ ਅੱਜ ਦੋਗਾਣਿਆਂ ਦਾ ਪੱਕਾ ਭੋਗ ਪੈ ਚੁੱਕੈ, ਸਗੋਂ ਅਸਲੀਅਤ ਇਹ ਹੈ ਕਿ ਸੁਰਜੀਤ ਭੁੱਲਰ ਵਰਗੇ ਵਿਰਲੇ-ਟਾਂਵੇਂ ਗਾਇਕ ਅੱਜ ਵੀ 'ਅੰਬਰਾਂ ਦਾ ਚੰਨ' ਜ਼ਰੀਏ ਦੋਗਾਣਿਆਂ ਦਾ ਚੰਨ ਬਣੇ ਹੋਏ ਨੇ, ਕਿਉਂਕਿ ਗਾਇਕੀ ਜ਼ਰੀਏ ਹੁੜਦੰਗ ਮਚਾਉਣ ਨਾਲੋਂ ਉਹ ਬੋਲ ਸੁਣਾਉਣ ਨੂੰ ਪਹਿਲ ਦਿੰਦੇ ਨੇ ਤੇ ਸਭ ਜਾਣਦੇ ਨੇ ਕਿ ਹਰ ਵਾਰ ਉਹ ਬਾਜ਼ੀ ਮਾਰਨ 'ਚ ਸਫ਼ਲ ਹੁੰਦੇ ਨੇ। ਭੁਪਿੰਦਰ ਗਿੱਲ, ਜਿਸ ਨੇ ਨੀਲਮ ਨਾਲ ਦੋਗਾਣਾ ਗਾਇਕੀ ਦੀ ਲੰਮੀ ਪਾਰੀ ਖੇਡੀ, ਤੋਂ ਅੱਜ ਵੀ ਚੰਗੀ ਗਾਇਕੀ ਦੀ ਹੀ ਉਮੀਦ ਕੀਤੀ ਜਾ ਰਹੀ ਹੈ। ਭਾਵੇਂ ਉਹ ਨੀਲਮ ਨਾਲੋਂ ਟੁੱਟ ਹੁਣ ਪੰਮੀ ਢਿੱਲੋਂ ਨਾਲ ਗਾਉਣਾ ਸ਼ੁਰੂ ਕਰ ਚੁੱਕੈ।

ਇੱਕ ਹੋਰ ਮੋਟੀ ਜਿਹੀ ਉਦਾਹਰਣ ਹੈ, ਮਾਲਵੇ 'ਚ ਮਨਜੀਤ ਸੰਧੂ ਤੇ ਕੁਲਵੰਤ ਕੌਰ ਦੀ ਜੋੜੀ ਦੀ ਹੈ। ਦੋਹਾਂ ਦੀਆਂ ਕਈ ਕੈਸਿਟਾਂ ਆਈਆਂ ਨੇ, ਪਰ ਚੈਨਲ ਇਸ਼ਤਿਹਾਰਬਾਜ਼ੀ ਅੱਜ ਤੱਕ ਨਹੀਂ ਹੋਈ। ਫਿਰ ਵੀ ਇਸ ਜੋੜੀ ਕੋਲ ਮਾਲਵੇ ਵਿਚ ਕਈਆਂ ਨਾਲੋਂ ਵੱਧ ਪ੍ਰੋਗਰਾਮ ਨੇ, ਕਾਰਨ ਇਹੀ ਕਿ ਉਨ੍ਹਾਂ ਜੋ ਗਾਇਆ, ਲੋਕ ਭਾਵਨਾਵਾਂ ਨਾਲ ਜੁੜਿਆ ਗਾਇਆ। ਗੁਰਵਿੰਦਰ ਬਰਾੜ, ਜਿਸ ਨੇ 'ਗੁੱਡ ਮਾਰਨਿੰਗ' ਤੋਂ ਸ਼ੁਰੂ ਹੋ ਕੇ ਕਈ ਕੁੱਝ ਪੇਸ਼ ਕੀਤਾ, ਨੇ ਜਦੋਂ 'ਪਿਸਤੌਲ ਬੰਦੂਕਾਂ ਦੇ ਕਲਚਰ ਤੋਂ ਤੰਗ ਆ ਗਏ ਆਂ ਡਾਢੇ' ਗਾਇਆ ਤਾਂ ਉਸ ਦੀ ਸੋਹਣੀ ਚਰਚਾ ਹੋਈ ਕਿਉਂਕਿ ਉਹ ਮੰਡੀ ਨਾਲ ਜੁੜਿਆ ਗਾਉਣ ਦੇ ਨਾਲ ਨਾਲ ਸੁਥਰਾ ਵੀ ਗਾਉਂਦੈ।

ਇਹ ਸੱਚ ਹੈ ਕਿ ਜਦੋਂ ਵੀ ਦੋਗਾਣਾ ਗਾਇਕੀ ਦਾ ਗ੍ਰਾਫ਼ ਹੇਠਾਂ ਗਿਆ ਹੈ, ਉਸ ਦਾ ਕਾਰਨ ਖੁਦ ਗਵੱਈਏ ਹੀ ਬਣੇ ਨੇ। ਜਦੋਂ ਗੀਤਾਂ ਜ਼ਰੀਏ ਪਿਸਤੌਲਾਂ, ਬੰਦੂਕਾਂ ਤੇ ਵੱਧ ਵਦਾਂਗੇ ਦੀਆਂ ਗੱਲਾਂ ਕੀਤੀਆਂ ਜਾਣਗੀਆਂ ਤਾਂ ਸਰੋਤੇ ਮੂਰਖ ਨਹੀਂ, ਜੋ ਇਨ੍ਹਾਂ ਦੀਆਂ ਝੱਲ ਬਲੱਲੀਆਂ 'ਤੇ ਝੂਮਣ ਲੱਗਣਗੇ। ਕਦੇ 'ਬੇਬੇ ਲਿੱਬੜੀ ਤਿੱਬੜੀ ਜਿਹੀ ਗੱਲ ਨਾਲ ਲਾਉਂਦੀ ਏ' ਗਾਉਣ ਵਾਲਾ ਗਵੱਈਆ ਅੱਜ 'ਗੱਡੀ ਨੱਚੀ ਸਭ ਨੂੰ ਸੋਹਣੀ ਚੰਗੀ ਲੱਗਦੀ ਆ' ਗਾ ਪਤਾ ਨਹੀਂ ਕੀ ਸਾਬਤ ਕਰਨ 'ਤੇ ਤੁਲਿਆ ਏ। ਸੁਥਰੇ ਬੋਲਾਂ ਵਾਲੇ ਗੀਤਾਂ ਦੀ ਥਾਂ ਪਤਾ ਨਹੀਂ ਗੱਡੀਆਂ ਤੇ ਨੱਢੀਆਂ ਦੀ ਤੁਲਨਾ ਕਿਉਂ ਕੀਤੀ ਜਾ ਰਹੀ ਏ?

ਸਰੋਤਿਆਂ ਦਾ ਮਨ ਦੋਗਾਣਿਆਂ ਤੋਂ ਇੰਜ ਅੱਕ ਚੁੱਕੈ, ਜਿਵੇਂ ਸਰਕਾਰ ਦੇ ਜਬਰ ਤੋਂ ਅੱਕ ਜਾਂਦੇ। ਹੁਣ ਸਰੋਤਿਆਂ ਸੋਲੋ ਨਾਲ ਰਿਸ਼ਤਾ ਗੰਢਣਾ ਸ਼ੁਰੂ ਕਰ ਦਿੱਤਾ ਏ, ਸਿੱਟੇ ਵਜੋਂ ਮੁੜ ਸੋਲੋ ਗਾਉਣਾ ਸ਼ੁਰੂ ਹੋ ਗਿਐ। ਹੋ ਸਕਦੈ ਕੱਲ੍ਹ ਨੂੰ ਸੋਲੋ ਵਿਚ ਵੀ ਦੋਗਾਣਿਆਂ ਵਾਲਾ ਕੜਾਹ ਬਣਨਾ ਸ਼ੁਰੂ ਹੋ ਜਾਵੇ ਤੇ ਸਰੋਤੇ ਮੁੜ ਦੋਗਾਣਿਆਂ ਨਾਲ ਨੇੜ ਬਣਾ ਲੈਣ। ਇਹ ਸਭ ਪੰਜ-ਪੰਜ ਸਾਲਾ 'ਨੀਲੀਆਂ', 'ਚਿੱਟੀਆਂ' ਵਾਲਿਆਂ ਦੇ ਰਾਜ ਵਾਂਗ ਹੋ ਚੁੱਕੈ।

ਅਸੀਂ ਚਾਹੁੰਦੇ ਹਾਂ ਕਿ ਦੋਗਾਣਾ ਗਾਇਕੀ ਵੀ ਲੋਕ ਮਨਾਂ ਦੀ ਮਹਿਰਮ ਬਣੀ ਰਹੀ ਤੇ ਸੋਲੋ ਵੀ, ਪਰ ਦੋਵੇਂ ਸਿਨਫ਼ਾਂ ਵਾਲੇ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀਆਂ ਵੱਲ ਜ਼ਰੂਰ ਧਿਆਨ ਦੇਣ। ਜੇ ਸਿਰਫ਼ ਚਰਚਾ 'ਚ ਆਉਣ ਲਈ ਹੀ ਗਾਉਣੈ ਤਾਂ ਮੀਕੇ ਵਾਂਗ ਕਿਸੇ ਨਾਲ ਵੀ ਬਦਤਮੀਜ਼ੀ ਕਰਕੇ ਨਕਲੀ ਮਸ਼ਹੂਰੀ ਖੱਟੀ ਜਾ ਸਕਦੀ ਏ, ਪਰ ਜੇ ਹਰਚਰਨ ਗਰੇਵਾਲ, ਦੀਦਾਰ ਸੰਧੂ, ਗੁਰਚਰਨ ਪੋਹਲੀ, ਸੁਰਿੰਦਰ ਸ਼ਿੰਦਾ ਤੇ ਇਨ੍ਹਾਂ ਵਰਗੇ ਹੋਰ ਫ਼ਨਕਾਰਾਂ ਵਾਂਗ ਨਾਂ ਕਮਾਉਣੈ ਤਾਂ ਗੀਤ ਚੋਣ ਤੋਂ ਲੈ ਕੇ ਦਰਸ਼ਕਾਂ ਸਾਹਵੇਂ ਜਾਣ ਤੱਕ ਬਹੁਤ ਸਾਰੇ ਪਹਿਲੂਆਂ ਵੱਲ ਧਿਆਨ ਦੇਣਾ ਪਵੇਗਾ।




# ਬਾਲੀਵੁੱਡ ਦਾ 'ਹੀ ਮੈਨ' ਧਰਮਿੰਦਰ

ਬਾਲੀਵੁੱਡ 'ਚ ਅਜਿਹੇ ਬਹੁਤ ਘੱਟ ਅਦਾਕਾਰ ਹੋਏ ਹਨ ਜਿਨ੍ਹਾਂ ਨੇ ਨਾ ਸਿਰਫ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਿਆ ਸਗੋਂ ਆਪਣੀ ਅਦਾਕਾਰੀ ਦੀ ਖਾਸ ਸ਼ੈਲੀ ਵਿਕਸਿਤ ਕਰਦਿਆਂ ਫਿਲਮਾਂ 'ਚ ਇਕ ਲੰਬੀ ਪਾਰੀ ਵੀ ਜਾਰੀ ਰੱਖੀ। ਬਾਲੀਵੁੱਡ ਦੇ 'ਹੀ-ਮੈਨ' ਧਰਮਿੰਦਰ ਇਕ ਅਜਿਹੇ ਹੀ ਕਲਾਕਾਰ ਹਨ। ਹੁਣੇ ਜਿਹੇ ਆਪਣੀ ਹੋਮ ਪ੍ਰੋਡਕਸ਼ਨ ਦੀ ਫਿਲਮ 'ਯਮਲਾ ਪਗਲਾ ਦੀਵਾਨਾ' ਦੇ ਰਿਲੀਜ਼ ਸਮਾਰੋਹ ਮੌਕੇ ਧਰਮਿੰਦਰ ਨੇ ਫਿਲਮ ਨਗਰੀ 'ਚ ਆਪਣੇ ਕੈਰੀਅਰ ਦੇ ਪੰਜ ਦਹਾਕੇ ਪੂਰੇ ਹੋਣ ਦਾ ਜਸ਼ਨ ਮਨਾਇਆ। 75 ਵਰ੍ਹਿਆਂ ਦੇ ਹੋ ਚੁੱਕੇ ਧਰਮਿੰਦਰ ਅਜੇ ਵੀ ਫਿਲਮਾਂ 'ਚ ਉਸੇ ਜੋਸ਼ ਨਾਲ ਸਰਗਰਮ ਹਨ ਜਿਵੇਂ ਉਹ ਸ਼ੁਰੂਆਤ 'ਚ ਸਨ।

ਸਿਨੇਮਾ ਨੂੰ ਆਪਣਾ ਪੇਸ਼ਾ ਨਹੀਂ ਸਗੋਂ 'ਪ੍ਰੇਮਿਕਾ' ਮੰਨਣ ਵਾਲੇ ਧਰਮਿੰਦਰ ਨੇ ਇਸ ਮੌਕੇ ਭਾਵੁਕ ਹੁੰਦਿਆਂ ਕਿਹਾ ਕਿ ਉਨ੍ਹਾਂ ਫਿਲਮ ਨਗਰੀ 'ਚ 50 ਵਰ੍ਹੇ ਪੂਰੇ ਕਰ ਲਏ ਹਨ। ਇਹ ਸਭ ਦਰਸ਼ਕਾਂ ਦੇ ਪਿਆਰ ਨਾਲ ਹੀ ਸੰਭਵ ਹੋਇਆ ਹੈ।

ਇਕ ਟੌਪ ਸਟਾਰ ਤੇ 'ਹੀ-ਮੈਨ' ਦੇ ਰੂਪ 'ਚ ਧਰਮਿੰਦਰ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ 1960 ਦੇ ਦਹਾਕੇ 'ਚ 'ਦੇਵਰ', 'ਫੂਲ ਔਰ ਪੱਥਰ', 'ਸ਼ਿਕਾਰ', 'ਦਿਲ ਨੇ ਫਿਰ ਯਾਦ ਕੀਆ', 'ਆਏ ਦਿਨ ਬਹਾਰ ਕੇ', 'ਅਨੁਪਮਾ', 'ਮੇਰੇ ਹਮਦਮ ਮੇਰੇ ਦੋਸਤ', 'ਆਂਖੇਂ', 'ਆਯਾ ਸਾਵਨ ਝੂਮ ਕੇ' ਤੇ 'ਇੱਜ਼ਤ' ਵਰਗੀਆਂ ਵੱਡੀਆਂ ਹਿੱਟ ਫਿਲਮਾਂ ਦਿੱਤੀਆਂ। 1970 ਤੇ 1980 ਦੇ ਦਹਾਕਿਆਂ 'ਚ ਉਨ੍ਹਾਂ ਨੇ 'ਰਾਜਾ ਜਾਨੀ', 'ਮੇਰਾ ਗਾਂਵ ਮੇਰਾ ਦੇਸ਼', 'ਲੋਫਰ', 'ਕਹਾਨੀ ਕਿਸਮਤ ਕੀ', 'ਜੁਗਨੂੰ', 'ਯਾਦੋਂ ਕੀ ਬਾਰਾਤ', 'ਦੋਸਤ', 'ਪ੍ਰਤਿੱਗਿਆ', 'ਚੁਪਕੇ-ਚੁਪਕੇ', 'ਸ਼ੋਲੇ', 'ਧਰਮਵੀਰ', 'ਹਕੂਮਤ', 'ਗੁਲਾਮੀ', 'ਨੌਕਰ ਬੀਵੀ ਕਾ', 'ਆਗ ਹੀ ਆਗ', 'ਇਨਸਾਨੀਅਤ ਕੇ ਦੁਸ਼ਮਨ' ਤੇ 'ਲੋਹਾ' ਵਰਗੀਆਂ ਫਿਲਮਾਂ ਦਿੱਤੀਆਂ।

'ਗਰਮ ਧਰਮ' ਦੇ ਨਾਂ ਨਾਲ ਪ੍ਰਸਿੱਧ ਧਰਮਿੰਦਰ ਨੇ ਆਪਣੇ ਸਮੇਂ ਦੀਆਂ ਸਾਰੀਆਂ ਟੌਪ ਅਭਿਨੇਤਰੀਆਂ ਦੇ ਇਲਾਵਾ ਆਪਣੇ ਪੁੱਤਰ ਸੰਨੀ ਦਿਓਲ ਦੀਆਂ ਸਮਕਾਲੀ ਹੀਰੋਇਨਾਂ ਨਾਲ ਵੀ ਕੰਮ ਕੀਤਾ ਜਿਨ੍ਹਾਂ 'ਚ ਡਿੰਪਲ ਕਪਾਡੀਆ, ਸ੍ਰੀਦੇਵੀ, ਜਯਾ ਪ੍ਰਦਾ, ਅੰਮ੍ਰਿਤਾ ਸਿੰਘ, ਪੂਨਮ ਢਿੱਲੋਂ ਤੇ ਫਰਹਾ ਸ਼ਾਮਲ ਹਨ।

ਧਰਮਿੰਦਰ ਨੇ 1960 'ਚ ਫਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਨਾਲ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਵੇਲੇ ਉਹ ਆਪਣੀ ਇਸ ਫਿਲਮ ਦਾ ਪ੍ਰੀਮੀਅਰ ਦੇਖਣ ਲਈ ਮੁੰਬਈ ਦੇ ਵਰਸੋਵਾ ਤੋਂ ਅੰਧੇਰੀ ਸਟੇਸ਼ਨ ਤੱਕ ਪੈਦਲ ਤੁਰ ਕੇ ਆਏ ਸਨ ਤੇ ਉਥੋਂ ਰੇਲ ਗੱਡੀ ਰਾਹੀਂ 25 ਕਿਲੋਮੀਟਰ ਦਾ ਸਫਰ ਤੈਅ ਕਰਕੇ ਚਰਨੀ ਰੋਡ ਸਥਿਤ ਸੈਂਟਰਲ ਸਿਨੇਮਾ 'ਚ ਪਹੁੰਚੇ ਸਨ। ਇਸ ਫਿਲਮ ਪਿੱਛੋਂ ਧਰਮਿੰਦਰ ਨੇ ਆਪਣੇ ਤੋਂ ਸੀਨੀਅਰ ਹੀਰੋਇਨਾਂ ਨਾਲ ਸਾਈਡ ਜਾਂ ਪੈਰੇਲਲ ਰੋਲ ਕਰਨੇ ਸ਼ੁਰੂ ਕਰ ਦਿੱਤੇ ਤੇ ਉਸ ਦੌਰ ਦੀਆਂ ਫਿਲਮਾਂ 'ਚ 'ਕਾਜਲ', 'ਬੁਆਏਫ੍ਰੈਂਡ', 'ਆਈ ਮਿਲਨ ਕੀ ਬੇਲਾ', 'ਬੰਦਿਨੀ' ਤੇ 'ਅਨਪੜ੍ਹ' ਸ਼ਾਮਲ ਹਨ। ਇਸੇ ਦੌਰਾਨ ਭਾਰਤੀ ਸਿਨੇਮਾ ਦੀ ਮਹਾਨ ਅਦਾਕਾਰਾ ਮੀਨਾ ਕੁਮਾਰੀ ਨੇ ਉਨ੍ਹਾਂ ਦੀ ਪ੍ਰਤਿਭਾ ਨੂੰ ਪਛਾਣਿਆ ਤੇ ਉਨ੍ਹਾਂ ਨਾਲ ਓ.ਪੀ. ਰਲਹਨ ਦੀ ਫਿਲਮ 'ਫੂਲ ਔਰ ਪੱਥਰ' ਕੀਤੀ। ਇਸ ਫਿਲਮ 'ਚ ਧਰਮਿੰਦਰ ਨੇ ਇਕ ਮਸਤ ਪਰ ਨਰਮ ਦਿਲ ਗੁੰਡੇ ਦਾ ਕਿਰਦਾਰ ਇੰਨੀ ਸ਼ਿੱਦਤ ਨਾਲ ਨਿਭਾਇਆ ਕਿ ਉਹ ਰਾਤੋ-ਰਾਤ ਸਟਾਰ ਦਾ ਦਰਜਾ ਹਾਸਲ ਕਰ ਗਏ।

ਉਸ ਪਿੱਛੋਂ ਉਨ੍ਹਾਂ ਨੇ ਆਸ਼ਾ ਪਾਰੇਖ ਨਾਲ ਕਈ ਫਿਲਮਾਂ ਕੀਤੀਆਂ। ਫਿਰ ਉਨ੍ਹਾਂ ਨੇ 'ਡ੍ਰੀਮ ਗਰਲ' ਹੇਮਾ ਮਾਲਿਨੀ ਨਾਲ ਕਈ ਫਿਲਮਾਂ ਕੀਤੀਆਂ ਤੇ ਉਨ੍ਹਾਂ ਨਾਲ ਵਿਆਹ ਕਰ ਲਿਆ। ਇਸ ਤੋਂ ਪਹਿਲਾਂ ਉਨ੍ਹਾਂ ਦਾ ਵਿਆਹ ਪ੍ਰਕਾਸ਼ ਕੌਰ ਨਾਲ ਹੋਇਆ ਸੀ ਜਿਸ ਤੋਂ ਉਨ੍ਹਾਂ ਦੇ ਦੋ ਪੁੱਤਰ ਸੰਨੀ ਤੇ ਬੌਬੀ ਦਿਓਲ ਹਨ। ਹੇਮਾ ਮਾਲਿਨੀ ਨਾਲ ਉਨ੍ਹਾਂ ਨੇ ਰਿਕਾਰਡ 27 ਫਿਲਮਾਂ ਕੀਤੀਆਂ ਜਿਨ੍ਹਾਂ 'ਚ 'ਸ਼ਰਾਫਤ' (1970) ਤੋਂ 'ਆਤੰਕ' (1996) ਤੱਕ 11 ਲਗਾਤਾਰ ਸੁਪਰਹਿੱਟ ਫਿਲਮਾਂ ਸ਼ਾਮਲ ਹਨ।

ਜਿੱਥੇ ਇਕ ਪਾਸੇ ਧਰਮਿੰਦਰ ਨੇ ਰਿਸ਼ੀਕੇਸ਼ ਮੁਖਰਜੀ ਨਾਲ 'ਸਤਿਆਕਾਮ' ਵਰਗੀ ਸੰਵੇਦਨਸ਼ੀਲ ਫਿਲਮ ਕੀਤੀ ਉਥੇ ਹੀ ਦੂਜੇ ਪਾਸੇ 'ਚੁਪਕੇ-ਚੁਪਕੇ', 'ਸੀਤਾ ਔਰ ਗੀਤਾ', 'ਪ੍ਰਤਿੱਗਿਆ' ਤੇ 'ਸ਼ੋਲੇ' ਵਰਗੀਆਂ ਫਿਲਮਾਂ 'ਚ ਕਾਮੇਡੀ ਕਿਰਦਾਰ ਵੀ ਉਨ੍ਹਾਂ ਨੇ ਬਾਖੂਬੀ ਨਿਭਾਏ।

ਧਰਮਿੰਦਰ ਦਾ ਅੱਜਕਲ੍ਹ ਦੀਆਂ ਫਿਲਮਾਂ 'ਚ ਸਰਗਰਮ ਹੋਣਾ ਨਾ ਸਿਰਫ ਉਨ੍ਹਾਂ ਦੇ ਸਟਾਰਡਮ ਦਾ ਪ੍ਰਤੀਕ ਹੈ ਸਗੋਂ ਸਰਵੋਤਮ ਅਦਾਕਾਰ ਹੋਣ ਦੀ ਗਵਾਹੀ ਵੀ ਹੈ। ਉਨ੍ਹਾਂ ਦੇ ਚਾਹੁਣ ਵਾਲੇ ਅਜੇ ਹੋਰ ਲੰਬੇ ਸਮੇਂ ਤੱਕ ਫਿਲਮਾਂ 'ਚ ਉਨ੍ਹਾਂ ਦੀ ਮੌਜੂਦਗੀ ਦੇਖਣ ਦੇ ਚਾਹਵਾਨ ਹਨ। ਉਨ੍ਹਾਂ ਦੀ ਤਾਜ਼ਾ ਫਿਲਮ 'ਯਮਲਾ ਪਗਲਾ ਦੀਵਾਨਾ' ਦਾ ਟਾਈਟਲ 1973 'ਚ ਆਈ ਉਨ੍ਹਾਂ ਦੀ ਸੁਪਰਹਿੱਟ ਫਿਲਮ 'ਪ੍ਰਤਿੱਗਿਆ' ਦੇ ਗੀਤ ਤੋਂ ਲਿਆ ਗਿਆ ਹੈ। ਇਸ 'ਚ ਧਰਮਿੰਦਰ ਦੇ ਨਾਲ-ਨਾਲ ਉਨ੍ਹਾਂ ਦੇ ਦੋਵੇਂ ਪੁੱਤਰ ਸੰਨੀ ਤੇ ਬੌਬੀ ਦਿਓਲ ਮੁੱਖ ਕਿਰਦਾਰਾਂ 'ਚ ਹਨ।




*ਫਿਲਮ ਯਮਲਾ ਪਗਲਾ ਦੀਵਾਨਾ 'ਚ ਧਰਮਿੰਦਰ, ਸੰਨੀ ਦਿਓਲ ਤੇ ਬੌਬੀ ਦਿਓਲ*

# ਨੌਕਰੀ ਤੋਂ ਅੱਕੀ ਸੋਹਾ ਫਿਲਮਾਂ 'ਚ ਆਈ

ਆਪਣੇ ਸਮੇਂ ਦੇ ਪ੍ਰਸਿੱਧ ਕ੍ਰਿਕਟ ਖਿਡਾਰੀ ਨਵਾਬ ਮਨਸੂਰ ਅਲੀ ਖਾਨ ਪਟੌਦੀ ਤੇ ਅਦਾਕਾਰਾ ਸ਼ਰਮੀਲਾ ਟੈਗੋਰ ਦੀ ਧੀ ਤੇ ਅਦਾਕਾਰ ਸੈਫ ਅਲੀ ਖਾਨ ਦੀ ਭੈਣ ਸੋਹਾ ਅਲੀ ਖਾਨ ਨੇ ਫਿਲਮ ਨਗਰੀ 'ਚ ਚੰਗਾ ਨਾਂ ਬਣਾ ਲਿਆ ਹੈ। ਉਸ ਦਾ ਪੂਰਾ ਨਾਂ ਹੈ ਸੋਹਾ ਸੁਲਤਾਨਾ ਖਾਨ। ਉਸ ਦੀ ਭੈਣ ਸਬਾ ਜਿਊਲਰੀ ਡਿਜ਼ਾਈਨਰ ਹੈ। ਸੋਹਾ ਨੇ ਅਦਾਕਾਰੀ ਦੀ ਸ਼ੁਰੂਆਤ ਸਾਲ 2004 'ਚ ਫਿਲਮ 'ਦਿਲ ਮਾਂਗੇ ਮੋਰ' ਨਾਲ ਕੀਤੀ ਸੀ ਤੇ ਉਸ ਪਿੱਛੋਂ ਤਕਰੀਬਨ ਇਕ ਦਰਜਨ ਬੰਗਾਲੀ ਫਿਲਮਾਂ ਕਰ ਚੁੱਕੀ ਹੈ। ਉਸ ਦੀ ਸਭ ਤੋਂ ਪ੍ਰਸਿੱਧ ਫਿਲਮ ਸਾਲ 2006 'ਚ ਆਈ 'ਰੰਗ ਦੇ ਬਸੰਤੀ' ਹੈ ਜਿਸ 'ਚ ਉਸ ਨੂੰ ਸਰਵੋਤਮ ਸਹਾਇਕ ਅਦਾਕਾਰਾ ਦਾ ਆਈਫਾ ਐਵਾਰਡ ਮਿਲਿਆ ਸੀ। ਸੋਹਾ ਅਲੀ ਖਾਨ ਅੱਜ ਕਲ੍ਹ ਸੁਧੀਰ ਮਿਸ਼ਰਾ ਦੀ ਫਿਲਮ 'ਤੇਰਾ ਕਯਾ ਹੋਗਾ ਜਾਨੀ' ਲਈ ਚਰਚਿਤ ਹੈ।

ਸੋਹਾ ਨੇ ਫਿਲਮਾਂ 'ਚ ਆਉਣ ਤੋਂ ਪਹਿਲਾਂ ਫੋਰਡ ਫਾਊਂਡੇਸ਼ਨ ਤੇ ਸਿਟੀ ਬੈਂਕ 'ਚ ਨਿਵੇਸ਼ ਸਲਾਹਕਾਰ ਨੌਕਰੀ ਕੀਤੀ। ਉਨ੍ਹਾਂ ਦਿਨਾਂ 'ਚ ਅਮੋਲ ਪਾਲੇਕਰ 'ਪਹੇਲੀ' ਫਿਲਮ ਬਣਾ ਰਹੇ ਸਨ। ਉਨ੍ਹਾਂ ਨੇ ਸੋਹਾ ਨੂੰ ਇਸ ਫਿਲਮ 'ਚ ਅਦਾਕਾਰੀ ਕਰਨ ਲਈ ਕਿਹਾ ਪਰ ਗੱਲ ਨਹੀਂ ਬਣ ਸਕੀ। ਬਾਅਦ 'ਚ ਅਨੰਤ ਮਹਾਦੇਵਨ ਨੇ ਉਸ ਨੂੰ ਫਿਲਮ 'ਦਿਲ ਮਾਂਗੇ ਮੋਰ' ਦੀ ਪੇਸ਼ਕਸ਼ ਕੀਤੀ ਤੇ ਬੈਂਕ ਦੀ ਨੌਕਰੀ ਤੋਂ ਅੱਕੀ ਉਹ ਅਦਾਕਾਰੀ ਦੇ ਮੈਦਾਨ 'ਚ ਆ ਗਈ।

ਸੋਹਾ 'ਖੋਇਆ-ਖੋਇਆ ਚਾਂਦ' ਤੋਂ ਬਾਅਦ ਨਿਰਦੇਸ਼ਕ ਸੁਧੀਰ ਮਿਸ਼ਰਾ ਨਾਲ 'ਤੇਰਾ ਕਯਾ ਹੋਗਾ ਜਾਨੀ' ਦੂਜੀ ਫਿਲਮ 'ਚ ਕੰਮ ਕਰ ਰਹੀ ਹੈ। ਇਸ ਫਿਲਮ 'ਚ ਉਸ ਦਾ ਕਿਰਦਾਰ ਇਕ ਛੋਟੇ ਸ਼ਹਿਰ ਤੋਂ ਮੁੰਬਈ 'ਚ ਮਾਡਲ ਬਣਨ ਲਈ ਆਈ ਕੁੜੀ ਦਾ ਹੈ ਜਿਸ ਨੂੰ ਇਕ ਡਰੱਗ ਐਡਿਕਟ ਨਾਲ ਪਿਆਰ ਹੋ ਜਾਂਦਾ ਹੈ। ਇਸ ਫਿਲਮ 'ਚ ਆਪਣਾ ਕੈਰੀਅਰ ਬਣਾਉਣ ਦੇ ਨਾਲ-ਨਾਲ ਉਹ ਆਪਣੇ ਪ੍ਰੇਮੀ ਦੀ ਜ਼ਿੰਦਗੀ ਨੂੰ ਵੀ ਪਟੜੀ 'ਤੇ ਲਿਆਉਣ ਦੀ ਕੋਸ਼ਿਸ਼ ਕਰਦੀ ਹਾਂ। ਸੋਹਾ ਦੀ ਮਾਂ ਸ਼ਰਮੀਲਾ ਦਾ ਕਹਿਣਾ ਹੈ ਕਿ ਕਿਸੇ ਵੀ ਫਿਲਮ ਦਾ ਨਿਰਦੇਸ਼ਕ ਹੀ ਕਲਾਕਾਰਾਂ ਦਾ ਅਸਲੀ ਟਰੇਨਰ ਹੁੰਦਾ ਹੈ। ਉਹ ਸੋਹਾ ਦੀਆਂ ਫਿਲਮਾਂ ਦੇਖ ਕੇ ਦੱਸਦੀ ਹੈ ਕਿ ਉਸ ਨੇ ਉਨ੍ਹਾਂ 'ਚ ਕਿਸ ਤਰ੍ਹਾਂ ਦੀ ਅਦਾਕਾਰੀ ਕੀਤੀ ਹੈ। ਉਂਜ ਫਿਲਮ ਦੇ ਨਿਰਮਾਣ ਦੌਰਾਨ ਉਹ ਕੋਈ ਟੀਕਾ-ਟਿੱਪਣੀ ਨਹੀਂ ਕਰਦੀ। ਦੂਜੇ ਪਾਸੇ ਸੋਹਾ ਦਾ ਭਰਾ ਸੈਫ ਅਲੀ ਖਾਨ ਵੱਖਰੀ ਕਿਸਮ ਦਾ ਇਨਸਾਨ ਹੈ। ਉਸ ਨੇ ਸੋਹਾ ਦੀ ਸਿਰਫ ਇਕੋ ਫਿਲਮ 'ਰੰਗ ਦੇ ਬਸੰਤੀ' ਦੇਖੀ ਹੈ। ਫਿਲਮਾਂ ਨਾਲ ਸਬੰਧਤ ਹੁੰਦਿਆਂ ਵੀ ਉਸ ਨੂੰ ਫਿਲਮਾਂ ਦੇਖਣ ਦਾ ਸ਼ੌਕ ਨਹੀਂ ਹੈ ਤੇ ਆਪਣੀ ਆਜ਼ਾਦ ਜ਼ਿੰਦਗੀ ਬਿਤਾਉਂਦਾ ਹੈ। ਜਿਥੋਂ ਤੱਕ ਸੋਹਾ ਦੇ ਅੱਬਾ ਮਨਸੂਰ ਅਲੀ ਖਾਨ ਪਟੌਦੀ ਦਾ ਸਵਾਲ ਹੈ ਉਹ ਫਿਲਮਾਂ ਦੇਖਦੇ ਹੀ ਨਹੀਂ।



ਸੋਹਾ ਭਵਿੱਖ 'ਚ ਸ਼੍ਰੇਅਸ ਤਲਪੜੇ ਨਾਲ ਕਾਮੇਡੀ ਫਿਲਮ 'ਕੈਮਿਸਟਰੀ' ਕਰ ਰਹੀ ਹੈ। ਇਸ ਤੋਂ ਇਲਾਵਾ ਰਾਜੀਵ ਖੰਡੇਲਵਾਲ ਨਾਲ 'ਸਾਊਂਡ ਟ੍ਰੈਕ' ਨਾਮੀ ਫਿਲਮ ਹੈ। ਇਸ ਫਿਲਮ 'ਚ ਰਾਜੀਵ ਖੰਡੇਲਵਾਲ ਇਕ ਡੀ.ਜੇ. ਬਣੇ ਹਨ ਤੇ ਸੋਹਾ ਇਕ ਬੋਲੀ ਕੁੜੀ ਦਾ ਕਿਰਦਾਰ ਨਿਭਾਅ ਰਹੀ ਹੈ ਜਿਸ ਲਈ ਉਸ ਨੂੰ ਇਸ਼ਾਰਿਆਂ ਦੀ ਬੋਲੀ ਸਿੱਖਣੀ ਪਈ। ਸੋਹਾ ਨੇ ਆਪਣੀ ਅੰਮਾ ਸ਼ਰਮੀਲਾ ਟੈਗੋਰ ਨਾਲ ਫਿਲਮ 'ਲਾਈਫ ਗੋਜ਼ ਆਨ' ਕੀਤੀ ਹੈ। ਸੰਗੀਤਾ ਦੱਤ ਦੀ ਇਸ ਫਿਲਮ 'ਚ ਉਹ ਸ਼ਰਮੀਲਾ ਦੀ ਅਸਲ ਬੇਟੀ ਦੇ ਕਿਰਦਾਰ 'ਚ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਨਾਲ ਕੰਮ ਕਰਦਿਆਂ ਸੋਹਾ ਬੇਹੱਦ ਘਬਰਾਈ ਹੋਈ ਸੀ।

# ਧਰਮਿੰਦਰ:ਯਾਦਾਂ ਦੇ ਝਰੋਖੇ 'ਚੋਂ

ਧਰਮਿੰਦਰ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਸ ਦਾ ਅਸਲੀ ਪਿੰਡ ਸਾਹਨੇਵਾਲ ਨਹੀਂ ਬਲਕਿ ਡਾਂਗੋ ਹੈ। ਸਾਹਨੇਵਾਲ (ਲੁਧਿਆਣਾ) ਵਿਚ ਤਾਂ ਉਸ ਦੇ ਪਿਤਾ ਜੀ ਸਰਕਾਰੀ ਸਕੂਲ ਵਿਚ ਅਧਿਆਪਕ ਸਨ ਜਿਨ੍ਹਾਂ ਦੀ ਇਕ ਅੱਖ ਵਿਚ ਨੁਕਸ ਸੀ ਪਰ ਉਨ੍ਹਾਂ ਦਾ ਰੋਅਬ-ਦਾਬ ਮਹਾਰਾਜਾ ਰਣਜੀਤ ਸਿੰਘ ਵਾਂਗ ਹੀ ਸੀ। ਧਰਮਿੰਦਰ ਨੂੰ ਉਹ ਮੁੰਬਈ ਫਿਲਮੀ ਦੁਨੀਆਂ ਵਿਚ ਜਾਣ 'ਤੇ ਇਹ ਆਖ ਕੇ ਰੋਕਦੇ ਰਹਿੰਦੇ ਸਨ ਕਿ ਇਹ ਤਾਂ ਕੰਜਰਾਂ-ਨਚਾਰਾਂ ਦਾ ਕੰਮ ਹੈ।

ਸ਼ੁਰੂ ਵਿਚ ਉਸ ਨੇ ਟਿਊਬਵੈਲ ਅਪਰੇਟਰ ਤੇ ਰੀਡਰ ਦੀ ਨੌਕਰੀ ਵੀ ਕੀਤੀ ਅਤੇ ਲੁਧਿਆਣਾ, ਸਰਹਿੰਦ ਅਤੇ ਮਾਲੇਰਕੋਟਲਾ ਖਰਾਦ ਦਾ ਕੰਮ ਸਿਖਿਆ ਅਤੇ ਬਾਅਦ ਵਿਚ ਕੀਤਾ। ਸਾਹਨੇਵਾਲ ਦੇ ਸ਼ਰਾਬ ਦਾ ਠੇਕੇਦਾਰ ਭਗਵੰਤ ਸਿੰਘ ਸੰਧੂ ਜੋ ਬਾਅਦ ਵਿਚ ਧਰਮਿੰਦਰ ਦੀਆਂ ਫਿਲਮਾਂ 'ਸਮਾਧੀ' ਅਤੇ 'ਚੋਰੋਂ ਕਾ ਰਾਜਾ' ਦਾ ਨਿਰਮਾਤਾ ਵੀ ਬਣਿਆ, ਨੂੰ 'ਸਮਾਧੀ' ਵਿਚੋਂ 14 ਲੱਖ ਰੁਪਏ ਦਾ ਲਾਭ ਹੋਇਆ ਤਾਂ ਉਦੋਂ ਉਸ ਨੇ ਮੁੰਬਈ ਵਿਚ ਕੋਠੀ ਤੇ ਕਾਰ, ਉਦੋਂ ਇਕ ਲੱਖ ਰੁਪਏ ਵਿਚ ਹੀ ਖਰੀਦੀ ਸੀ ਜੋ ਅੱਜ ਕਰੋੜਾਂ ਰੁਪਏ ਮੁੱਲ ਦੀ ਹੈ। ਭਗਵੰਤ ਸਿੰਘ ਸੰਧੂ ਦਾ ਇਸ਼ਕ ਪਿੰਡ ਦੀ ਹੀ ਇਕ ਕੁੜੀ ਨਾਲ ਹੋ ਗਿਆ ਅਤੇ ਕੁੜੀ ਨੂੰ ਮਿਲਣ ਜਦੋਂ ਉਸ ਦੇ ਘਰ ਗਿਆ ਤਾਂ ਕੁੜੀ ਦੀ ਭਰਜਾਈ ਨੇ ਆਪਣੇ ਪਤੀ ਤੇ ਕੁੜੀ ਦੇ ਭਰਾ ਨੂੰ ਸੱਦ ਕੇ ਮੌਕੇ 'ਤੇ ਫੜਾ ਕੇ ਮਰਵਾ ਦੇਣਾ ਚਾਹਿਆ ਪਰ ਭਗਵੰਤ ਸੰਧੂ ਰਾਤ ਨੂੰ ਘਰ ਦੇ ਪਿਛਵਾੜੇ ਦੀ ਕੰਧ ਟੱਪ ਕੇ ਟੋਬੇ ਵਿਚ ਛਾਲ ਮਾਰ ਕੇ ਭੱਜ ਗਿਆ। ਭੱਜੇ ਜਾਂਦੇ ਦੇ ਉਸ ਉਪਰ ਕੁੜੀ ਦੇ ਭਰਾ ਨੇ ਆਪਣੀ ਬੰਦੂਕ ਨਾਲ ਫਾਇਰ ਵੀ ਕੀਤੇ। ਸੋ, ਉਹ ਸਾਹਨੇਵਾਲ ਤੋਂ ਗੱਡੀ ਫੜ ਕੇ ਮੁੰਬਈ ਭੱਜ ਗਿਆ ਅਤੇ ਰਾਤ ਨੂੰ ਕਦੇ-ਕਦਾਈਂ ਵਾਪਸ ਆ ਕੇ ਤੁਰੰਤ ਮੁੰਬਈ ਵਾਪਸ ਦੌੜ ਜਾਂਦਾ ਰਿਹਾ। ਇਸੇ ਦੌਰਾਨ ਉਸ ਨੇ ਧਰਮਿੰਦਰ ਨੂੰ ਮੁੰਬਈ ਚੱਲ ਕੇ ਫਿਲਮਾਂ ਵਿਚ ਕਿਸਮਤ ਅਜ਼ਮਾਉਣ ਲਈ ਕਿਹਾ। ਫਿਰ ਇਹ ਜੋੜੀ ਚਾਂਦ ਸੁਸਾਇਟੀ ਵਿਚਲੇ ਇਕ ਹੋਸਟਲ ਵਿਚ ਤਿੰਨ ਰੁਪਏ ਪ੍ਰਤੀ ਦਿਨ ਕਿਰਾਏ 'ਤੇ ਕਮਰਾ ਲੈ ਕੇ ਰਹਿਣ ਲੱਗੀ। ਹੋਸਟਲ ਨੇੜੇ ਰੁਕਨਾ ਬਾਈ ਦੀ ਛੋਟੀ ਜਿਹੀ ਦੁਕਾਨ ਸੀ ਜਿਸ ਨਾਲ ਇਸ ਜੋੜੀ ਦੀ ਨੇੜਤਾ ਕਾਫ਼ੀ ਵਧ ਗਈ। ਰੁਕਨਾ ਬਾਈ ਨੇ ਉਨ੍ਹਾਂ ਨੂੰ ਦੇਸੀ ਸ਼ਰਾਬ ਦੇ ਠੇਕੇ ਤੋਂ 4 ਰੁਪਏ ਬੋਤਲ ਖਰੀਦ ਕੇ ਅੱਗੇ ਪਰਚੂਨ ਗਾਹਕਾਂ ਨੂੰ ਡਬਲ ਰੇਟ (ਪ੍ਰਤੀ ਪੈੱਗ ਇਕ ਰੁਪਿਆ) ਵੇਚਣ ਲਗਾ ਲਿਆ। ਉਹ ਇਸ ਵਿਚੋਂ ਆਪਣਾ ਹਿੱਸਾ ਲੈ ਕੇ ਗੁਜ਼ਾਰਾ ਕਰਦੇ ਅਤੇ ਹੋਟਲ ਤੋਂ ਸਸਤੀ ਦਾਲ-ਰੋਟੀ ਖਾਂਦੇ, ਕਦੇ-ਕਦੇ ਭੁੱਖੇ ਵੀ ਸੌਂ ਜਾਂਦੇ ਰਹੇ। ਤਦ ਆਮ ਚਾਹ ਦਾ ਕੱਪ ਇਕ ਰੁਪਏ ਦਾ ਬਾਹਰੋਂ ਅਤੇ ਤਾਜ ਹੋਟਲ ਵਿਚੋਂ 7 ਰੁਪਏ ਦਾ ਮਿਲਦਾ ਸੀ।



*ਧਰਮਿੰਦਰ ਅਤੇ ਹੇਮਾ ਮਾਲਿਨੀ*

ਧਰਮਿੰਦਰ ਦੇ ਘਰ ਲਗਾਤਾਰ 21 ਦਿਨ ਰਹਿ ਕੇ ਰੋਜ਼ਾਨਾ ਮੀਟ-ਸ਼ਰਾਬ ਖਾ-ਪੀ ਕੇ ਅਤੇ ਕਈ ਫਿਲਮਾਂ ਦੀਆਂ ਸ਼ੂਟਿੰਗਾਂ ਦੇਖ ਕੇ ਪਰਤੇ ਮੇਰੇ ਇਕ ਜਾਣਕਾਰ ਮਹਿੰਦਰ ਸਿੰਘ ਨੇ ਯਾਦਾਂ ਫਰੋਲੀਆਂ ਅਤੇ ਧਰਮਿੰਦਰ ਬਾਰੇ ਗੱਲਾਂ ਦੱਸੀਆਂ। ਮਹਿੰਦਰ ਸਿੰਘ ਵੀ ਸਾਹਨੇਵਾਲ ਦਾ ਹੀ ਜੰਮਪਲ ਹੈ ਅਤੇ ਜਵਾਨੀ ਸਮੇਂ ਰੱਤਾ ਟਿੱਬਾ ਤੇ ਫੇਰ ਅਬੋਹਰ ਆ ਕੇ ਵਸ ਗਿਆ ਸੀ। ਉਸ ਨੇ ਦੱਸਿਆ ਕਿ ਧਰਮਿੰਦਰ ਅਤੇ ਉਸ ਦਾ ਪਹਿਲਵਾਨੀ ਵਿਚ ਇਕੋ ਹੀ ਗੁਰੂ ਸੀ ਜਿਸ ਦਾ ਨਾਂ ਵੀ ਮਹਿੰਦਰ ਸਿੰਘ 'ਪਹਿਲਵਾਨ' ਹੀ ਹੈ। ਉਹ (ਪਹਿਲਵਾਨ) ਰੇਲਵੇ ਸਟੇਸ਼ਨ, ਸਾਹਨੇਵਾਲ ਨੇੜਲੇ ਅਖਾੜੇ ਵਿਚ ਭਗਵੰਤ ਸੰਧੂ, ਧਰਮਿੰਦਰ, ਮਹਿੰਦਰ ਸਿੰਘ ਅਤੇ ਇਨ੍ਹਾਂ ਦੇ ਬਾਕੀ ਸਾਥੀ ਪਹਿਲਵਾਨਾਂ ਨੂੰ ਪਹਿਲਵਾਨੀ ਦੇ ਗੁਰ ਅਤੇ ਕਸਰਤ ਦੇ ਤਰੀਕੇ ਸਿਖਾਉਂਦਾ ਸੀ।

ਧਰਮਿੰਦਰ ਦੇ ਸਫਲ ਅਤੇ ਅਮੀਰ ਹੋਣ ਤੋਂ ਬਾਅਦ ਉਹ ਉਸ ਦੇ ਨਾਲ ਮੁੰਬਈ ਵਿਚਲੇ ਘਰ ਹੀ ਰਹਿਣ ਲੱਗਾ, ਜਿਥੇ ਬਾਅਦ ਵਿਚ ਧਰਮਿੰਦਰ ਦੀ ਪਹਿਲੀ ਪਤਨੀ ਬੀਬੀ ਪ੍ਰਕਾਸ਼ ਕੌਰ, ਭਰਾ ਅਜੀਤ ਸਿੰਘ ਦਿਓਲ (ਕਵੀ ਤੇ ਲੇਖਕ), ਭਰਾ ਰਣਜੀਤ ਸਿੰਘ ਅਤੇ ਜੀਜਾ ਅਜੀਤ ਸਿੰਘ 'ਪੰਛੀ' ਵੀ ਰਹਿਣ ਲੱਗੇ। ਬਾਅਦ ਵਿਚ ਇਸੇ ਘਰ 'ਚ ਹੀ ਸੰਨੀ ਦਿਓਲ, ਬੌਬੀ ਦਿਓਲ ਅਤੇ ਦੋ ਹੋਰ ਬੇਟੀਆਂ ਦਾ ਜਨਮ ਹੋਇਆ। ਧਰਮਿੰਦਰ ਦੇ ਦੋ ਭਰਾ ਤੇ ਦੋ ਭੈਣਾਂ ਹਨ ਜਿਨ੍ਹਾਂ ਵਿਚੋਂ ਇਕ ਜੈਪੁਰ ਵਿਆਹੀ ਹੋਈ ਹੈ। ਇਥੇ ਧਰਮਿੰਦਰ ਦਾ ਮਹਿੰਗਾ ਅਤੇ ਸੁੰਦਰ ਸਿਨੇਮਾ ਵੀ ਹੈ। ਹੇਮਾ ਮਾਲਿਨੀ ਆਪਣੀਆਂ ਦੋਵਾਂ ਬੇਟੀਆਂ ਈਸ਼ਾ ਦਿਓਲ (ਹੀਰੋਇਨ) ਤੇ ਆਹਨਾ (ਨਰਤਕੀ ਤੇ ਮਾਡਲ) ਨਾਲ ਅਲੱਗ ਆਪਣੇ ਬੰਗਲੇ ਵਿਚ ਰਹਿੰਦੀ ਹੈ। ਧਰਮਿੰਦਰ ਦਾ ਮੁੰਬਈ ਦੀ ਬੰਦਰਗਾਹ ਦੇ ਨੇੜੇ ਪੈਟਰੋਲ ਪੰਪ ਤੇ ਹੋਟਲ ਵੀ ਹੈ ਜਿਥੇ ਜਾ ਕੇ ਪੰਜਾਬੀ ਟਰੱਕ ਡਰਾਈਵਰ ਠਹਿਰਦੇ ਤੇ ਡੀਜ਼ਲ ਭਰਵਾਉਂਦੇ ਹਨ। ਮਲੋਟ ਨੇੜਲੇ ਪਿੰਡਾਂ ਦਾ ਅਤੇ ਸ੍ਰੀ ਗੰਗਾਨਗਰ ਦੇ ਟਰੱਕ ਮਾਲਕ ਰਾਜਾ ਜਦੋਂ ਉਥੇ ਆਪਣੇ ਟਰੱਕ ਵਿਚ ਡੀਜ਼ਲ ਭਰਵਾ ਕੇ ਤੇ ਰੋਟੀ ਖਾ ਕੇ ਬਿੱਲ ਦੇਣ ਲੱਗਾ ਤਾਂ ਉਥੇ ਧਰਮਿੰਦਰ ਮਿਲ ਗਿਆ ਜਿਸ ਨੂੰ ਉਸ ਨੇ ਦੱਸਿਆ ਕਿ ਉਸ ਦੇ ਸਹੁਰਾ ਸਾਹਿਬ (ਵਾਸੀ ਗੋਬਿੰਦਗੜ੍ਹ, ਅਬੋਹਰ) ਦਾ ਦੋਸਤ ਮਹਿੰਦਰ ਸਿੰਘ ਹੈ ਤਾਂ ਧਰਮਿੰਦਰ ਨੇ ਆਪਣੇ ਮੈਨੇਜਰਾਂ ਨੂੰ ਹੁਕਮ ਦਿੱਤਾ, "ਰਾਜਾ ਸਾਡੇ ਵੀ ਜਵਾਈਆਂ ਵਾਂਗ ਹੀ ਹੈ। ਇਸ ਤੋਂ ਬਿੱਲ ਦਾ ਕੋਈ ਪੈਸਾ ਨਹੀਂ ਲੈਣਾ ਤੇ ਇਸ ਦੇ ਟਰੱਕ ਦੀ ਕੁਝ ਹੋਰ ਖਾਲੀ ਰਹਿੰਦੀ ਟੈਂਕੀ ਵੀ ਮੁਫ਼ਤ ਫੁੱਲ ਕਰ ਦਿਓ। ਸੋ, ਪੰਜਾਬੀਆਂ ਦੀ ਸਭ ਤੋਂ ਵੱਧ ਆਓ-ਭਗਤ ਮੁੰਬਈ ਵਿਚ ਧਰਮਿੰਦਰ ਪਰਿਵਾਰ ਹੀ ਕਰਦਾ ਹੈ!

*-ਜੁਗਰਾਜ ਗਿੱਲ, ਸ਼ਰਲਟ (ਅਮਰੀਕਾ)*

## ਐਸ਼ਵਰਿਆ ਵੱਲੋਂ 'ਦੇਵੀ ਚੌਧਰਾਣੀ' ਦੀ ਤਿਆਰੀ

ਛੇਤੀ ਹੀ ਐਸ਼ਵਰਿਆ ਰਾਏ ਬੱਚਨ ਬੰਕਿਮ ਚੰਦਰ ਚੈਟਰਜੀ ਦੇ ਨਾਵਲ 'ਦੇਵੀ ਚੌਧਰਾਣੀ' 'ਤੇ ਆਧਾਰਤ ਫਿਲਮ 'ਚ ਅਦਾਕਾਰੀ ਕਰਦੀ ਨਜ਼ਰ ਆਏਗੀ। ਬੰਗਾਲੀ ਤੇ ਹਿੰਦੀ ਦੋਵਾਂ ਭਾਸ਼ਾਵਾਂ 'ਚ ਬਨਣ ਵਾਲੀ ਇਸ ਫਿਲਮ ਨੂੰ ਰਿਤੁਪਰਣੋ ਘੋਸ਼ ਨਿਰਦੇਸ਼ਿਤ ਕਰਨਗੇ। ਰਿਤੁਪਰਣੋ ਦੇ ਨਾਲ ਐਸ਼ਵਰਿਆ ਦੀ ਇਹ ਤੀਜੀ ਫਿਲਮ ਹੋਵੇਗੀ। ਇਸ ਤੋਂ ਪਹਿਲਾਂ ਉਹ 'ਚੋਖੇਰ ਬਾਲੀ' ਤੇ 'ਰੇਨਕੋਟ' 'ਚ ਵੀ ਰਿਤੁਪਰਣੋ ਨਾਲ ਕੰਮ ਕਰ ਚੁੱਕੀ ਹੈ। ਇਹ ਦੋਵੇਂ ਫਿਲਮਾਂ ਵੀ ਰਬਿੰਦਰ ਨਾਥ ਟੈਗੋਰ ਦਾ 'ਬਿਨੋਦਿਨੀ' ਤੇ ਓ. ਹੈਨਰੀ ਦਾ 'ਰੇਨਕੋਟ' ਦੇ ਆਧਾਰਤ ਸਨ।

ਕਿਹਾ ਜਾਂਦੈ ਕਿ 'ਦੇਵੀ ਚੌਧਰਾਣੀ' ਦਾ ਰੋਲ ਐਸ਼ਵਰਿਆ ਲਈ ਹੁਣ ਤੱਕ ਨਿਭਾਇਆ ਗਿਆ ਸਭ ਤੋਂ ਵਧੇਰੇ ਚੁਣੌਤੀ ਭਰਪੂਰ ਰੋਲ ਹੋਵੇਗਾ। ਇਸ ਬਾਰੇ ਐਸ਼ਵਰਿਆ ਦਾ ਕਹਿਣੈ ਕਿ 'ਚੋਖੇਰ ਬਾਲੀ' ਤੇ 'ਰੇਨਕੋਟ' ਤੋਂ ਬਾਅਦ ਤੋਂ ਹੀ ਰਿਤੁਪਰਣੋ ਘੋਸ਼ ਉਨ੍ਹਾਂ ਕੋਲ ਵਧੀਆ-ਵਧੀਆ ਪੇਸ਼ਕਸ਼ਾਂ ਲੈ ਕੇ ਆਉਂਦੇ ਰਹੇ ਹਨ ਅਜਿਹੇ 'ਚ ਉਨ੍ਹਾਂ ਫਿਰ ਇਕੱਠੇ ਕੰਮ ਕਰਨਾ ਇਕ ਤਰ੍ਹਾਂ ਤੈਅ ਹੀ ਸੀ। ਕੋਲਕਾਤਾ 'ਚ ਕੰਮ ਕਰਨ ਬਾਰੇ ਐਸ਼ਵਰਿਆ ਦਾ ਕਹਿਣਾ ਹੈ ਕਿ ਇਸ ਸ਼ਹਿਰ ਨੇ ਹਮੇਸ਼ਾ ਤੋਂ ਹੀ ਉਸ ਦਾ ਸਵਾਗਤ ਕੀਤਾ ਹੈ ਤੇ ਉਥੇ ਮੁੜ ਕੰਮ ਕਰਕੇ ਉਸ ਨੂੰ ਖੁਸ਼ੀ ਹੋਵੇਗੀ।

Big Apple Brokerage Inc.

ਤੀਹ ਸਾਲ ਤੋਂ ਪੰਜਾਬੀ ਭਾਈਚਾਰੇ ਦੀ ਸੇਵਾ ਵਿਚ

ਅਰੁਨ ਅਗਰਵਾਲ ਵਲੋਂ
ਸਮੂਹ ਪੰਜਾਬੀਆਂ ਨੂੰ

ਸਾਲ 2011 ਮੁਬਾਰਕ!

ਸ਼ਾਲਾ! ਇਹ ਵਰ੍ਹਾ ਸਭਨਾਂ ਲਈ ਖੁਸ਼ੀਆਂ
ਖੇੜਿਆਂ ਅਤੇ ਖੁਸ਼ਹਾਲੀ ਭਰਿਆ ਚੜ੍ਹੇ।

ਨੰਨ੍ਹੇ ਨੰਨ੍ਹੇ ਬੱਚਿਆਂ
ਲਈ ਵਿਸ਼ੇਸ਼

ਸ਼ੁਭਕਾਮਨਾਵਾਂ






ਨਵੇਂ ਅਤੇ ਪੁਰਾਣੇ ਮਡਾਲੀਅਨ ਵੇਚਣ ਅਤੇ
ਖਰੀਦਣ ਲਈ ਹਰ ਵੇਲੇ ਤੁਹਾਡੀ ਸੇਵਾ ਵਿਚ

55-10-37 Ave., Woodside, NY 11377

Ph:718-397-0504

ਦੇਸ਼-ਵਿਦੇਸ਼ 'ਚ ਵੱਸਦੇ ਸਮੂਹ ਪੰਜਾਬੀ ਭਾਈਚਾਰੇ
ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

ਨਵਾਂ ਸਾਲ ਬਹੁਤ ਬਹੁਤ ਮੁਬਾਰਕ!



ਰੇਸ਼ਮ ਸਿੰਘ ਅਤੇ ਉਹਦੀ ਘਰ ਵਾਲੀ ਬਲਵੀਰ ਕੌਰ

ਵਲੋਂ
ਰੇਸ਼ਮ ਸਿੰਘ ਰੇਸ਼ਮ
ਬੰਗਿਆਂ ਵਾਲਾ
ਅਤੇ ਪਰਿਵਾਰ
ਫੋਨ 732-925-3444



# ਨਵਾਂ ਸਾਲ ਮੁਬਾਰਕ !



"ਖੇਡਾਂ ਖੇਡੋ ਤੇ ਖਿਡਾਓ ਪੰਜਾਬੀਓ, ਰਲ ਮਿਲ ਖੇਡ ਮੇਲੇ ਕਰਾਓ ਨਿਊ ਯਾਰਕ ਵਾਸੀਓ।"

ਵਿਦੇਸ਼ੀ ਧਰਤੀ 'ਤੇ ਮਾਂ-ਖੇਡ ਕਬੱਡੀ ਨੂੰ ਉਚਾ ਚੁੱਕਣ ਵਾਲੇ

## ਪੰਜਾਬੀ ਵਿਰਸਾ ਕਬੱਡੀ ਕਲੱਬ ਨਿਊ ਯਾਰਕ

ਦੇ ਸਮੂਹ ਅਹੁਦੇਦਾਰਾਂ, ਮੈਂਬਰਾਂ ਅਤ ਸਪਾਂਸਰਾਂ ਵਲੋਂ

ਖੇਡ ਪ੍ਰੇਮੀਆਂ, ਨਿਊ ਯਾਰਕ ਵਾਸੀਆਂ ਅਤੇ ਸਮੁੱਚੀ ਮਾਨਵਤਾ ਨੂੰ



ਮਹਿੰਦਰ ਸਿੰਘ ਸਿੱਧੂ

## ਨਵੇਂ ਸਾਲ 2011 ਦੀ ਲੱਖ ਲੱਖ ਵਧਾਈ

ਬੱਚਿਆਂ ਅਤੇ ਨੌਜਵਾਨਾਂ ਲਈ ਨਸ਼ਿਆਂ ਤੋਂ ਰਹਿਤ ਸਮਾਜ ਦੀ ਸਿਰਜਣਾ ਅਤੇ ਹੋਰ ਬੁਰੀਆਂ ਅਲਾਮਤਾਂ ਦੂਰ ਕਰਨ ਲਈ ਕਲੱਬ ਵਲੋਂ ਹਰ ਸਾਲ ਵਧੀਆ ਅਤੇ ਸ਼ਲਾਘਾਯੋਗ ਕਦਮ ਚੁੱਕੇ ਜਾਂਦੇ ਹਨ।

ਤਿੰਨ ਕਬੱਡੀ ਕੱਪਾਂ ਦੀ ਸਫਲਤਾਪੂਰਬਕ ਕਾਮਯਾਬੀ ਤੋਂ ਬਾਅਦ ਕਲੱਬ ਵਲੋਂ "ਚੌਥਾ ਵਿਰਸਾ ਕਬੱਡੀ ਕੱਪ" ਵੀ ਬੜੀ ਧੂਮ ਧਾਮ ਨਾਲ ਕਰਵਾਇਆ ਜਾਵੇਗਾ। ਆਪ ਸਭ ਦੇ ਸਹਿਯੋਗ ਨਾਲ ਅਗਲੇ ਸਾਲ ਹੋਰ ਵੀ ਵਧੀਆ ਕਬੱਡੀ ਕੱਪ ਕਰਾਉਣ ਦੇ ਵਚਨਬੱਧ।

ਸੇਵਾਦਾਰ: ਮਹਿੰਦਰ ਸਿੰਘ ਸਿੱਧੂ, ਫੋਨ:516-503-9641



ਸ਼੍ਰੋ.ਅਕਾਲੀ ਦਲ ਅੰਮ੍ਰਿਤਸਰ
ਭਾਰਤ ਆਜ਼ਾਦ
ਸਿੱਖ ਗੁਲਾਮ
SIKH GENOCIDE SOVEREIGNTY
International Sikh Conference
January 8th 2011, 9:30am - 2:30pm
Sikh Genocide
ਸਮੂਹ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਵਲੋਂ ਨਿਊਜਰਸੀ ਵਿਖੇ
ਸਿੱਖ ਕਾਨਫਰੰਸ
ਗੁਲਾਮੀ ਤੋਂ ਆਜ਼ਾਦੀ ਤੱਕ
Baba Banda Singh Bahadur
Maharaja Ranjit Singh
Sirdar Kapur Singh Jee
Shaheed Sant Jarnail Singh Bhindranwala
(1710) ਪਹਿਲੀ ਆਜ਼ਾਦ ਸਿੱਖ ਬਾਦਸ਼ਾਹੀ
ਖਾਲਿਸਤਾਨ ਦੀ ਸਥਾਪਨਾ
ਬਾਬਾ ਬੰਦਾ ਸਿੰਘ ਬਹਾਦਰ
(1799) ਦੂਜੀ ਆਜ਼ਾਦ ਸਿੱਖ ਬਾਦਸ਼ਾਹੀ
ਖਾਲਿਸਤਾਨ ਦੀ ਕਾਇਮੀ
ਮਹਾਰਾਜਾ ਰਣਜੀਤ ਸਿੰਘ
(1973) ਆਜ਼ਾਦ ਸਿੱਖ ਰਾਜ
(ਖਾਲਿਸਤਾਨ) ਲਈ ਯਤਨ
ਸਿਰਦਾਰ ਕਪੂਰ ਸਿੰਘ
(1984) ਆਜ਼ਾਦ ਸਿੱਖ ਰਾਜ
(ਖਾਲਿਸਤਾਨ) ਲਈ ਸ਼ਹਾਦਤ
ਸ਼ਹੀਦ ਸੰਤ ਜਰਨੈਲ ਸਿੰਘ
ROYAL ALBERT'S PALACE
Royal Albert Palace
1050 King Georges Post Road
Fords, New Jersey 08863
Telephone: 732-661-1070
ਸਿੱਖ ਕੌਮ ਦੇ ਗਲੋਂ ਗੁਲਾਮੀ ਦਾ ਜੂਲ੍ਹਾ ਲਾਹੁਣ ਲਈ ਸੰਘਰਸ਼ਸ਼ੀਲ ਸ਼੍ਰੋਮਣੀ ਅਕਾਲੀ
ਦਲ ਅੰਮ੍ਰਿਤਸਰ ਦੇ ਹੱਥ ਮਜਬੂਤ ਕਰੋ। ਆਓ ਇਸ
ਕਾਨਫਰੰਸ ਵਿੱਚ ਸ਼ਾਮਲ ਹੋ ਕੇ ਸਿੱਖ ਕੌਮ ਦੇ ਆਜ਼ਾਦ ਰਾਜ
ਖਾਲਿਸਤਾਨ ਦੀ ਆਜ਼ਾਦੀ ਲਈ ਸਿਰ ਜੋੜ ਕੇ ਵਿਚਾਰਾਂ ਕਰੀਏ।
Speakers
1. Emann Singh Mann, s/o Simranjit Singh Mann
2. Sukhminder Singh Hansra, Canada
3. Dr. Paramjit Singh Ajrawat, Washington D.C.
4. Bhai Chain Singh, France
5. Dr. Gurmit Singh Aulakh, Washington D.C.
6. Jaspal Singh Bains, U.K.
7. Bhai Ram Singh, California
8. Jit Singh Aloarkh, California
9. Resham Singh, California
10. Sohan Singh Kang, Germany
Event Committee
Boota Singh Kharoudh 609-351-0321
Surjit Singh Kulhar 917-434-2483
Avtar Singh Heir 609-354-8709,
Ranjit Singh Dhaliwal 609-335-1166
Pritam Singh Joga Nangal 510-224-0421
Tarsem Singh Khalsa 559-331-1326,
Makhan Singh Kaler 630-827-9752
Inderpal Singh 206-499-2665
Harpal Singh 917-915-3013
Avtar Singh Minhas 609-271-8609
Rupinder Singh Bath 937-467-3012
Paramjit Singh 206-331-7566
ਖਾਲਿਸਤਾਨ ਲਈ ਜੂਝ ਰਿਹਾ
ਸ੍ਰ.ਸਿਮਰਨਜੀਤ ਸਿੰਘ ਮਾਨ